ਕੁਲ ਸੰਸਾਰ ਇਕ ਪਰਿਵਾਰ....

ਨਵੀਂ ਦੁਨੀਆ
Nawi Dunia

Free

15 ਅਗਸਤ, ਕੌਮੀ ਆਜ਼ਾਦੀ ਦਿਹਾੜਾ

ਸਾਲ : 3 ਅੰਕ : 8 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਅਗਸਤ 2012

ਐਡਮਿੰਟਨ ਦੀ ਆਬਾਦੀ 817,000 'ਤੇ ਪਹੁੰਚੀ ਪੰਨਾ-3

ਪਾਣੀਆਂ ਦਾ ਜ਼ਹਿਰ ਪੰਨਾ-9



ਹਬੀਬ ਤਨਵੀਰ ਨਾਲ ਗੁਫ਼ਤਗੂ ਪੰਨਾ-28

ਦਾਰਾ ਸਿੰਘ : ਇਕ ਮਿੱਥ ਦਾ ਵਿਕਾਸ ਪੰਨਾ-46



ਅਮਰੀਕਾ ਦੇ ਗੁਰੂਘਰ 'ਤੇ ਹਮਲਾ, ਸੰਸਾਰ ਭਰ 'ਚ ਝੁਕੇ ਰਹੇ ਅਮਰੀਕੀ ਝੰਡੇ

ਨਵੀਂ ਦਿੱਲੀ, (ਨਦਬ) : ਅਮਰੀਕਾ ਦੇ ਓਕ ਕ੍ਰੀਕ ਗੁਰਦੁਆਰੇ 'ਤੇ ਹੋਏ ਹਮਲੇ ਖਿਲਾਫ਼ ਸਿੱਖ ਭਾਈਚਾਰੇ ਵਿਚ ਭਾਰੀ ਰੋਸ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕਈ ਸਿੱਖ ਸੰਗਠਨਾਂ ਨੇ ਇਸ ਦੇ ਵਿਰੋਧ ਵਿਚ ਰੋਸ ਮਾਰਚ ਕੀਤੇ। ਚੰਡੀਗੜ੍ਹ ਵਿਚ ਕੈਂਡਲ ਮਾਰਚ ਕੱਢ ਕੇ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਹਮਲੇ ਵਿਚ ਸਿੱਖ ਭਾਈਚਾਰੇ ਦੇ 6 ਲੋਕਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਵਿਚ ਦੋ ਲੋਕ ਸੀਤਾ ਸਿੰਘ ਅਤੇ ਰੰਜੀਤਾ ਸਿੰਘ ਦਿੱਲੀ ਦੇ ਰਹਿਣ ਵਾਲੇ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਵਿਚ ਪੀੜਤ ਪਰਿਵਾਰ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਪ੍ਰਭਾਵਿਤਾਂ ਨੂੰ ਇਕ-ਇਕ ਲੱਖ ਰੁਪਏ, ਜਦੋਂ ਕਿ ਐਸ.ਜੀ.ਪੀ.ਸੀ ਨੇ ਦੋ-ਦੋ ਲੱਖ ਰੁਪਏ ਦੀ ਰਾਹਤ ਰਾਸ਼ੀ ਦੇਣ ਦਾ ਐਲਾਨ ਕੀਤਾ। ਬਾਦਲ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਚਿੱਠੀ ਲਿਖ ਕੇ ਅਮਰੀਕਾ ਵਿਚ ਰਹਿ ਰਹੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਵੀ ਕੀਤੀ ਹੈ।

ਹਮਲੇ ਦੀ ਨਿਖੇਧੀ

ਐਡਮਿੰਟਨ ਦੇ ਗੁਰਦਵਾਰਿਆਂ ਵਲੋਂ ਜਾਰੀ ਸਾਂਝੇ ਬਿਆਨ 'ਚ ਬੀਤੇ ਦਿਨੀਂ ਅਮਰੀਕਾ ਦੇ ਓਕ ਕ੍ਰੀਕ ਵਿਖੇ ਗੁਰਦਵਾਰੇ 'ਚ ਵਾਪਰੀ ਮੰਦ ਭਾਗੀ ਘਟਨਾ ਦੀ ਨਿਖੇਧੀ ਕਰਦਿਆਂ ਇਸ ਨੂੰ ਨਸਲੀ ਹਿੰਸਾ ਕਰਾਰ ਦਿੱਤਾ ਹੈ। ਬਿਆਨ 'ਚ ਚੇਅਰਮੈਨ ਬਲਬੀਰ ਸਿੰਘ ਚਾਨਾ ਅਤੇ

ਬਾਕੀ ਸਫ਼ਾ 7 'ਤੇ

10 ਅਗਸਤ ਤੱਕ ਝੁਕਿਆ ਰਿਹਾ ਝੰਡਾ

ਵਾਸ਼ਿੰਗਟਨ : ਮਿਲਵਾਕੀ ਸ਼ਹਿਰ ਵਿਚ ਐਤਵਾਰ ਨੂੰ ਗੁਰਦੁਆਰੇ 'ਚ ਗੋਲੀਬਾਰੀ ਵਿਚ ਮਰਨ ਵਾਲਿਆਂ ਦੇ ਸਨਮਾਨ ਵਿਚ ਅਮਰੀਕੀ ਝੰਡੇ 10 ਅਗਸਤ ਤੱਕ ਝੁਕੇ ਰਹੇ। ਓਬਾਮਾ ਨੇ ਵ੍ਹਾਈਟ ਹਾਊਸ, ਸਰਕਾਰੀ ਇਮਾਰਤਾਂ, ਫੌਜੀ ਚੌਕੀਆਂ ਅਤੇ ਦੇਸ਼ ਦੇ ਹੋਰ ਸਥਾਨਾਂ 'ਤੇ ਅਮਰੀਕੀ ਝੰਡਾ 10 ਅਗਸਤ ਤੱਕ ਅੱਧਾ ਝੁਕਾਉਣ ਦਾ ਆਦੇਸ਼ ਦਿੱਤਾ। ਇਸ ਤੋਂ ਇਲਾਵਾ ਸੰਸਾਰ ਭਰ ਵਿਚ ਅਮਰੀਕੀ ਅੰਬੈਸੀਆਂ ਵਿਚ ਵੀ ਝੰਡਾ ਝੁਕਿਆ ਰਿਹਾ।

ਟਰੈਮਪੋਲੀਨ 'ਚ ਕਨੇਡਾ ਨੂੰ ਸੋਨ ਤੇ ਭਾਰਤ ਨੂੰ ਨਿਸ਼ਾਨੇਬਾਜ਼ੀ 'ਚ ਚਾਂਦੀ

ਲੰਡਨ : ਸੋਨ ਤਮਗੇ ਲਈ ਕਨੇਡਾ ਦੀ ਇੱਛਾ ਹੁਣ ਸ਼ਾਂਤ ਹੋ ਗਈ ਹੈ। ਰੋਸਾਨਾਅ ਮੈਕਲੇਨਨ ਨੇ ਔਰਤਾਂ ਦੇ ਟਰੈਮਪੋਲੀਨ ਮੁਕਾਬਲੇ ਵਿੱਚ ਆਪਣੀਆਂ ਵਿਰੋਧੀ ਖਿਡਾਰਨਾਂ ਨੂੰ ਜ਼ਬਰਦਸਤ ਟੱਕਰ ਦੇ ਕੇ ਬਾਜ਼ੀ ਸਰ ਕਰ ਲਈ। ਵੈਸੇ ਇਸ ਮੁਕਾਬਲੇ ਦੀਆਂ ਮੁੱਖ ਦਾਅਵੇਦਾਰ ਚੀਨੀ ਖਿਡਾਰਨਾਂ ਨੂੰ ਮੰਨਿਆ ਜਾ ਰਿਹਾ ਸੀ। ਮੈਕਲੇਨਨ ਨੇ ਸੋਨ ਤਮਗਾ

ਬਾਕੀ ਸਫ਼ਾ 35 'ਤੇ

ਭਾਰਤੀ ਨਿਸ਼ਾਨੇਬਾਜ਼ ਵਿਜੇ ਕੁਮਾਰ ਨੇ ਇਥੇ ਪੁਰਸ਼ਾਂ ਦੀ 25 ਮੀਟਰ ਰੈਪਿਡ ਫਾਇਰ ਪਿਸਟਲ ਵਿਚ ਚਾਂਦੀ ਦਾ ਤਮਗਾ ਜਿੱਤ ਕੇ ਲੰਡਨ ਓਲੰਪਿਕ ਵਿਚ ਭਾਰਤ ਨੂੰ ਦੂਜਾ ਤਮਗਾ ਦਿਵਾਇਆ ਵਿਜੇ ਕੁਮਾਰ ਨੇ ਨਿਸ਼ਾਨੇਬਾਜ਼ੀ ਦੇ ਫਾਈਨਲ ਮੁਕਾਬਲੇ ਵਿਚ 30 ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ ਕਿਊਬਾ ਦੇ ਲਿਊਰਿਸ ਪੁਪੋ ਨੇ 34 ਅੰਕ ਬਣਾ ਕੇ ਸੋਨ ਤਮਗਾ ਅਤੇ ਚੀਨ ਦੇ ਡਿੰਗ ਫੇਂਗ ਨੇ 27 ਅੰਕ ਬਣਾ ਕੇ ਤਾਂਬੇ ਦਾ ਤਮਗਾ ਹਾਸਲ ਕੀਤਾ।

ਓਲੰਪਿਕ ਸਬੰਧੀ ਬਾਕੀ ਖ਼ਬਰਾਂ ਸਫ਼ਾ 35 'ਤੇ

Roof Trusses
Floor Systems
Lumber - Stairs

ZyTech
BUILDING SYSTEMS INC.

ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।

High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter

ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

ALL INDIA
RESTAURANT & SWEETS

Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
We also provide Notary and Commissioner of Oaths Services (Appointments Only)
Our office is also accepting Food Bank Donations. Please drop by and support the Edmonton Food Bank.
101 9807 -34 Ave Edmonton AB T6E 5X9
(780)414-1000 (780)850- 4080

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance
ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh

Best Wishes to all Albertans on the ocassion of Independence day of India and Pakistan.
We are proud of our heritage.
Mike Shaikh
Senator Elect - Alberta
mike.shaikh@shaikh.ca





Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

780 485 1213 or 780 485 1231

Try Us Tonight For Best Deal In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche

Kuldip S. Powar

Fax: 780-406-6797
Email: ranjit_pawar@hotmail.com

POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Ranjit S. Powar

Contact At:
Ph: 780-695-6595

A & K INSULATION & DRYWALL LTD.

Best Quailty at Reasonable Rates

ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੰਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

Rana : 780-245-5191 Joga : 780-245-5192

EXCEL TAX & BUSINESS SOLUTIONS

Our Goal : Client Satisfaction | **Net Filling, Quick Refund**

Specializing:
Trucking, Real Estate, Gas Station, Hotel, Motel & Franchise Business Accounting

- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

Call: Pritpal Kooner

Ph: 780-469-4985 Fax: 780-469-4926 Cell: 780-952-2860
exceltax@yahoo.ca
Unit# 207 9254 - 34A Ave, Edmonton AB T6E 5P4
(Above Sabji Mandi)
Evening & Weekend with Appointments only

EAGLEROCK GOLF COURSE
50549, RANGE ROAD 234 EDMONTON, AB

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet



ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

ADVANCE DRIVING SCHOOL LTD.

www.advancedrivingschool.ca

2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

780 660 4090

ALPHA
Tent Rentals
All Events Big or Small

We are in this Business Since 2001

Ladies Sangeet Jago Equipment

Tents All Size and Different Colours
Tables Rectangular & Round **Chairs** All Colours
Lights, Dance Floor, Heaters, Fans,
Catering Equipment, Coffee Brewers,
Big Burners, Big Pots (Patila), Cutlery and Plates,
Portable Bars Beer Tubs Ice Boxes
Carpet, Stantions, Linens and Clips.

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354

ਐਡਮਿੰਟਨ ਦੀ ਆਬਾਦੀ 817,000 'ਤੇ ਪਹੁੰਚੀ

ਐਡਮਿੰਟਨ, (ਨਦਬ): ਹਾਲ ਹੀ ਵਿਖੇ ਨਗਰ ਨਿਗਮ ਵਲੋਂ ਕੀਤੀ ਜਨਗਣਨਾ ਦੇ ਅਧਾਰ 'ਤੇ ਐਡਮਿੰਟਨ ਦੀ ਜਵਾਨ ਅਤੇ ਫੁਰਤੀਲੀ ਆਬਾਦੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਬੀਤੇ ਦਿਨੀਂ ਨਗਰ ਨਿਗਮ ਵਲੋਂ ਜਾਰੀ ਕੀਤੇ ਸਰਕਾਰੀ ਅੰਕੜਿਆਂ ਮੁਤਾਬਕ ਸ਼ਹਿਰ ਦੀ ਆਬਾਦੀ ਪਹਿਲੀ ਅਪ੍ਰੈਲ ਤਕ 817,498 'ਤੇ ਪਹੁੰਚ ਗਈ ਸੀ। 2011 'ਚ ਫੈਡਰਲ/ਕੇਂਦਰ ਸਰਕਾਰ ਵਲੋਂ ਕੀਤੀ ਜਨਗਣਨਾ ਦੇ ਮੁਕਾਬਲੇ ਆਬਾਦੀ ਦੀ ਇਸ ਗਿਣਤੀ ਵਿਚ 5,300 ਲੋਕਾਂ ਦਾ ਹੋਰ ਇਜ਼ਾਫ਼ਾ ਹੋਇਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ 2001 'ਚ ਨਗਰ ਨਿਗਮ ਵਲੋਂ ਕੀਤੀ ਪਿਛਲੀ ਜਣਗਣਨਾ ਮੁਤਾਬਕ ਸਾਲਾਨਾ ਔਸਤਨ ਆਬਾਦੀ 'ਚ ਸਾਲ ਵਿਚ 12000 ਲੋਕਾਂ ਦਾ ਇਜ਼ਾਫ਼ਾ ਹੁੰਦਾ ਹੈ। ਸ਼ਹਿਰ ਦੇ ਮੁੱਖ ਅਰਥ ਸ਼ਾਸਤਰੀ ਜੌਨ ਰੋਸ ਦਾ ਕਹਿਣਾ ਹੈ ਕਿ ਦੂਜੇ ਦੇਸ਼ਾਂ ਤੋਂ ਇਥੇ ਆ ਕੇ ਵੱਸਣ ਵਾਲੇ ਨਵੇਂ ਲੋਕਾਂ ਦੀ ਲਗਾਤਾਰ ਵੱਧਦੀ ਸੰਖਿਆ ਸਦਕਾ ਆਬਾਦੀ ਦੀ ਗਿਣਤੀ 'ਚ ਐਨੀ ਤੇਜ਼ੀ ਆਈ ਹੈ। ਪਿਛਲੇ ਸਾਲ ਕੀਤੇ ਗਈ ਜਣਗਣਨਾ 'ਚੋਂ 8000 ਇਹੋ ਜਿਹੇ ਲੋਕ ਸ਼ਾਮਲ ਹਨ, ਜਿਨ੍ਹਾਂ ਨੇ ਜਨਗਣਨਾ ਵੇਲੇ ਕੈਨੇਡਾ ਤੋਂ ਬਾਹਰ ਦੇ ਜਿਹੜੇ ਪਤੇ ਲਿਖਵਾਏ ਸਨ, ਹੁਣ ਉਨ੍ਹਾਂ ਪਤਿਆਂ ਤੋਂ ਆਪਣੀ ਰਿਹਾਇਸ਼ ਬਦਲ ਕੇ ਐਡਮਿੰਟਨ 'ਚ ਆਪਣੀ ਰਿਹਾਇਸ਼ ਬਣਾ ਲਈ ਹੈ। ਜੌਨ ਦਾ ਕਹਿਣਾ ਹੈ ਕਿ ਕਾਮਿਆਂ ਅਤੇ ਮਜ਼ਦੂਰਾਂ ਦੀ ਕਮੀ ਨੂੰ ਪੂਰਾ ਕਰਨ ਲਈ ਐਡਮਿੰਟਨ 'ਚ ਪ੍ਰਵਾਸੀਆਂ ਨੂੰ ਇਥੇ ਆਉਣ ਲਈ ਉਤੁਸ਼ਾਹਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਪ੍ਰਵਾਸੀਆਂ ਦੀ ਵੱਧਦੀ ਗਿਣਤੀ ਸਾਡੀਆਂ ਲੋੜਾਂ ਤਾਂ ਪੂਰਾ ਕਰ ਰਹੀ ਹੈ ਪਰ ਇਸ ਨਾਲ ਕੁਝ ਹੋਰ ਚੁਣੌਤੀਆਂ ਵੀ ਦਰਪੇਸ਼ ਆ ਰਹੀਆਂ ਹਨ। ਅਸੀਂ ਇਹੋ ਜਿਹੇ ਹਾਲਾਤ ਪੈਦਾ ਨਹੀਂ ਕਰਨਾ ਚਾਹੁੰਦੇ ਕਿ ਪਹਿਲਾਂ ਅਸੀਂ ਪ੍ਰਵਾਸੀਆਂ ਨੂੰ ਇਥੇ ਆਉਣ ਲਈ ਉਤਸ਼ਾਹਤ ਕਰੀਏ ਤੇ ਬਾਅਦ ਵਿਚ ਉਨ੍ਹਾਂ ਨੂੰ ਕੋਈ ਕੰਮ ਹੀ ਨਾ ਦੇਈਏ।

ਕੇਂਦਰ ਦੇ ਇਕ ਸਰਕਾਰੀ ਅਧਿਕਾਰੀ ਐਰਿਕ ਐਂਬਟਮੈਨ ਦਾ ਕਹਿਣਾ ਹੈ ਕਿ ਕੈਨੇਡਾ ਦੇ ਹੋਰ ਸ਼ਹਿਰਾਂ ਦੇ ਮੁਕਾਬਲੇ ਐਡਮਿੰਟਨ 'ਚ ਘੱਟ ਬੇਰੁਜ਼ਗਾਰੀ ਹੋਣ ਸਦਕਾ ਹੀ ਦੱਖਣੀ ਏਸ਼ੀਆ ਅਤੇ ਅਫ਼ਰੀਕਾ ਤੋਂ ਗੈਰ ਹੁਨਰਮੰਦ ਅਤੇ ਹੁਨਰਮੰਦ ਲੋਕ ਇਥੇ ਆ ਕੇ ਵੱਸਣ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਨਤੀਜੇ ਵਜੋਂ ਇਥੋਂ ਦੀ ਆਬਾਦੀ ਦੀ ਗਿਣਤੀ 'ਚ ਐਨੀ ਤੇਜ਼ੀ ਆਈ ਹੈ।

ਪ੍ਰਧਾਨ ਮੰਤਰੀ ਦੇ ਭਾਸ਼ਣ ਦੌਰਾਨ ਸਵਾਲ ਪੁੱਛਣ ਵਾਲੇ ਨੌਜਵਾਨ ਨੂੰ ਹਟਾਇਆ

ਐਡਮਿੰਟਨ (ਨਦਬ): ਬੀਤੇ ਦਿਨੀਂ ਇਥੇ ਕੰਜ਼ਰਵੇਟਿਵ ਪਾਰਟੀ ਦੇ ਸਮਾਗਮ ਦੌਰਾਨ ਇਕ ਪ੍ਰਦਰਸ਼ਨਕਾਰੀ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਇਮੀਗ੍ਰੇਸ਼ਨ ਮੰਤਰੀ ਜੇਸਨ ਕੇਨੀ ਦੇ ਭਾਸ਼ਣ 'ਚ ਉਸ ਨੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ।

17 ਸਾਲ ਦੇ ਬਸ਼ੀਰ ਮੁਹੰਮਦ ਨਾਂ ਦੇ ਨੌਜਵਾਨ ਦਾ ਕਹਿਣਾ ਸੀ ਕਿ ਉਹ ਤਾਂ ਸਰਕਾਰ ਵਲੋਂ ਰਿਫ਼ੀਊਜੀਆਂ ਦੀਆਂ ਸਿਹਤ ਸੇਵਾਵਾਂ 'ਚ ਕੀਤੀਆਂ ਕਟੌਤੀਆਂ ਸਬੰਧੀ ਕੇਨੀ ਤੋਂ ਕੁਝ ਸਵਾਲ ਹੀ ਪੁੱਛਣੇ ਚਾਹੁੰਦਾ ਸੀ। ਮੁਹੰਮਦ ਦਾ ਕਹਿਣਾ ਹੈ ਕਿ ਉਹ ਕੀਨੀਆ ਦੇ ਰਿਫ਼ੀਊਜੀ ਕੈਂਪ 'ਚ ਪੈਦਾ ਹੋਇਆ ਸੀ ਅਤੇ ਜਦੋਂ ਉਹ ਤਿੰਨ ਸਾਲ ਦਾ ਸੀ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਕੈਨੇਡਾ ਆ ਗਿਆ ਸੀ। ਉਸ ਨੇ ਦੱਸਿਆ ਕਿ ਸਮਾਗਮ ਦੌਰਾਨ ਉਹ ਸਵਾਲ ਕਰਨ ਲਈ ਅਜੇ ਉੱਠ ਕੇ ਐਨਾ ਹੀ ਬੋਲਿਆ ਸੀ ਕਿ ਸ਼ਰਨਾਰਥੀ ਵਜੋਂ ਕੈਨੇਡਾ ਆਇਆ ਸੀ ਕਿ ਫਟਾਫਟ ਚਾਰ ਵਿਅਕਤੀ ਉਸ ਨੂੰ ਫੜ੍ਹ ਕੇ ਬਾਹਰ ਲੈ ਗਏ। ਉਸ ਨੇ ਚੀਖ ਕੇ ਕਿਹਾ ਸੀ ਕਿ ਜੇਸਨ ਕੇਨੀ ਤੁਸੀਂ ਲੋਕਾਂ ਦੀਆਂ ਸਿਹਤ ਸੇਵਾਵਾਂ 'ਚ ਕਟੌਤੀ ਕਰ ਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਸ ਨੇ ਕਿਹਾ ਕਿ ਪੁਲਿਸ ਨੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਸੀ ਅਤੇ

ਬਾਅਦ 'ਚ ਬਿਨਾਂ ਕੋਈ ਦੋਸ਼ ਲਾਏ ਮੈਨੂੰ ਛੱਡ ਦਿੱਤਾ। ਉਸ ਨੇ ਕਿਹਾ ਕਿ ਮੈਨੂੰ ਪੁਲਿਸ ਨਾਲ ਕੋਈ ਸ਼ਿਕਾਇਤ ਨਹੀਂ ਹੈ। ਉਹ ਤਾਂ ਸਿਰਫ਼ ਇਹ ਜਾਣਨਾ ਚਾਹੁੰਦੇ ਸਨ ਕਿ ਮਸਲਾ ਕੀ ਹੈ। ਉਹ ਤਾਂ ਆਪਣਾ ਫਰਜ਼ ਨਿਭਾ ਰਹੇ ਸਨ। ਉਸ ਨੇ ਕਿਹਾ ਕਿ ਉਸ ਨੇ ਕੋਈ ਹਮਲਾ ਨਹੀਂ ਸੀ ਕੀਤਾ।

ਦੂਜੇ ਪਾਸੇ ਐਡਮਿੰਟਨ ਸੈਂਟਰ ਕੰਜ਼ਰਵੇਟਿਵ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਇਸ ਸਮਾਗਮ ਦੇ ਪ੍ਰਬੰਧਕ ਸਟੀਵਨ ਡੋਲੈਨਸਕੀ ਦਾ ਕਹਿਣਾ ਸੀ ਕਿ ਉਕਤ ਪ੍ਰਦਰਸ਼ਨਕਾਰੀ ਨੂੰ ਇਸ ਕਰਕੇ ਹਟਾ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਰੌਲਾ ਪਾ ਕੇ ਮੰਤਰੀ ਦੇ ਭਾਸ਼ਣ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਜ਼ਿਕਰਯੋਗ ਹੈ ਕਿ ਅਲਬਰਟਾ ਏਵੀਏਸ਼ਨ ਮਿਊਜ਼ੀਅਮ 'ਚ ਹੋਏ ਇਸ ਸਮਾਗਮ 'ਚ ਤਕਰੀਬਨ 400 ਲੋਕਾਂ ਦਾ ਇੱਕਠ ਸੀ।

ਸ਼ਿਕੰਜਵੀਂ ਵੇਚ ਕੇ ਰੋਸ ਪ੍ਰਦਰਸ਼ਨ

ਇਸੇ ਦੌਰਾਨ ਸਰਕਾਰ ਵਲੋਂ ਸ਼ਰਨਾਰਥੀਆਂ ਦੀਆਂ ਸਿਹਤ ਸੇਵਾਵਾਂ 'ਤੇ ਲਾਈਆਂ ਕਟੌਤੀਆਂ ਦੇ ਵਿਰੋਧ 'ਚ 20 ਪ੍ਰਦਰਸ਼ਨਕਾਰੀਆਂ ਨੇ ਇਸ ਸਮਾਗਮ ਵਾਲੀ ਥਾਂ ਤੋਂ ਥੋੜ੍ਹੀ ਦੂਰੀ 'ਤੇ ਸ਼ਿਕੰਜਵੀਂ ਦੀ ਰੇਹੜੀ ਲਾ ਕੇ 59 ਸੇਂਟ ਇਕ ਗਿਲਾਸ ਵੇਚ ਕੇ ਆਪਣਾ ਵਿਰੋਧ ਜਤਾਇਆ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਹਰ ਕੈਨੇਡਿਆਈ ਵਾਸੀ ਆਪਣੀ ਜੇਬ ਵਿਚੋਂ ਐਨੀ ਰਕਮ ਪਾਏਗਾ ਤਾਂ ਐਨਟ੍ਰਿਮ ਫੈਡਰਲ ਹੈਲਥ ਪ੍ਰੋਗ੍ਰਾਮ 'ਚ ਲਾਏ 20 ਮਿਲੀਅਨ ਡਾਲਰ ਦੀ ਕਟੌਤੀ ਨੂੰ ਪੂਰਿਆ ਜਾ ਸਕੇਗਾ। ਉਨ੍ਹਾਂ ਦੇ ਇਸ ਪ੍ਰਦਰਸ਼ਨ ਨਾਲ ਸਮਾਗਮ 'ਚ ਕੋਈ ਵਿਘਨ ਪੈਦਾ ਨਹੀਂ ਸੀ ਹੋਇਆ।

ਅਗਸਤ ਤੋਂ ਐਤਵਾਰ ਨੂੰ ਲੰਬੇ ਸਮੇਂ ਤਕ ਕੀਤੀ ਜਾ ਸਕੇਗੀ ਸ਼ਾਪਿੰਗ

ਵਿਨੀਪੈਗ (ਨਦਬ): ਅਗਲੇ ਮਹੀਨੇ ਤੋਂ ਵਪਾਰਕ ਛੁੱਟੀਆਂ ਸਬੰਧੀ ਐਕਟ ਦੇ ਲਾਗੂ ਹੋਣ ਨਾਲ ਹੁਣ ਮੈਨੀਟੋਬਾ ਦੇ ਲੋਕ ਐਤਵਾਰ ਵਾਲੇ ਦਿਨ ਤਿੰਨ ਘੰਟੇ ਪਹਿਲਾਂ ਖਰੀਦਾਰੀ ਸ਼ੁਰੂ ਕਰ ਸਕਣਗੇ। ਇਹ ਐਲਾਨ ਬੀਤੇ ਦਿਨੀਂ ਪਰਿਵਾਰਕ ਸੇਵਾਵਾਂ ਅਤੇ ਕਿਰਤ ਮੰਤਰੀ ਜ਼ੈਨੀਫਰ ਹਾਵਰਡ ਨੇ ਕੀਤਾ।

ਇਹ ਨਵੀਂ ਤਬਦੀਲੀ ਅਗਸਤ ਤੋਂ ਲਾਗੂ ਕਰ ਦਿੱਤੀ ਜਾਵੇਗੀ ਜਿਸ ਤਹਿਤ ਐਤਵਾਰ ਵਾਲੇ ਦਿਨ ਖਰੀਦਦਾਰੀ ਦੇ ਸਮੇਂ ਨੂੰ ਹੋਰ ਵਧਾਉਣ ਦਾ ਨਿਯਮ ਲਾਗੂ ਕਰ ਚੁੱਕੀਆਂ ਨਗਰ ਨਿਗਮਾਂ 'ਚ ਮੈਨੀਟੋਬਾ ਨਿਵਾਸੀ ਐਤਵਾਰ ਨੂੰ ਸਵੇਰ ਤੋਂ ਹੀ ਸ਼ਾਪਿੰਗ ਕਰ ਸਕਣਗੇ। ਪਿੱਛੇ ਜਿਹੇ ਸਰਕਾਰ ਨੇ ਇਸ ਐਕਟ 'ਚ ਸੋਧ ਲਈ ਬਿਲ ਪਾਸ ਕੀਤਾ ਸੀ।

ਇਸ ਬਿਲ ਤਹਿਤ:

ਨਗਰ ਨਿਗਮ ਦੇ ਕਾਨੂੰਨਾਂ ਤਹਿਤ ਵਪਾਰਕ ਤਬਕਾ ਹੁਣ ਐਤਵਾਰ ਨੂੰ ਸਵੇਰ ਤਿੰਨ ਘੰਟੇ ਹੋਰ ਦੁਕਾਨਾਂ ਖੋਲ੍ਹ ਸਕੇਗਾ, ਜਿਸ ਨਾਲ ਇਹ ਸਮਾਂ ਸਵੇਰੇ 9ਵਜੇ ਤੋਂ ਲੈ ਕੇ ਸ਼ਾਮ 6 ਵਜੇ ਤਕ ਹੋ ਗਿਆ ਹੈ। ਇਹ ਖਰੀਦਾਰੀ ਲਈ ਸਮੇਂ 'ਚ ਹੋਏ ਇਜ਼ਾਫੇ ਦਾ ਕਾਨੂੰਨ ਲੁਇਸ ਰਾਇਲ ਦਿਵਸ, ਵਿਕਟੋਰੀਆ ਦਿਵਸ ਅਤੇ ਥੈਂਕਸ ਗਿਵਿੰਗ ਵਾਲੇ ਦਿਨ ਵੀ ਲਾਗੂ ਹੋਏਗਾ।

ਐਤਵਾਰ ਵਾਲੇ ਦਿਨ ਕੰਮ ਤੋਂ ਇਨਕਾਰ ਕਰਨ ਵਾਲੇ ਮੁਲਾਜ਼ਮਾਂ ਨੂੰ ਮੁੜ ਬਹਾਲ ਕਰਨ ਵਾਸਤੇ ਪ੍ਰਸ਼ਾਸਨ ਨੇ ਇੰਪਲਾਇਮੈਂਟ ਸਟੈਂਡਰਡਸ ਆਫਿਸਰਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਹਨ। ਇਸ ਕਾਨੂੰਨ ਤਹਿਤ ਮੁਲਾਜ਼ਮ ਐਤਵਾਰ ਨੂੰ ਕੰਮ 'ਤੇ ਨਾ ਆਉਣ ਦੇ ਮੱਦੇਨਜ਼ਰ ਆਪਣੇ ਮਾਲਕ ਨੂੰ 14 ਦਿਨ ਪਹਿਲਾਂ ਨੋਟਿਸ ਦਏਗਾ। ਭਾਵੇਂ ਅਗਸਤ ਮਹੀਨੇ ਦੇ ਪਹਿਲੇ ਦੋ ਐਤਵਾਰਾਂ ਲਈ 14 ਦਿਨ ਦੇ ਨੋਟਿਸ ਦੀ ਜ਼ਰੂਰਤ ਨਹੀਂ ਹੈ ਪਰ ਫੇਰ ਵੀ ਮੁਲਾਜ਼ਮਾਂ ਨੂੰ ਆਪਣੇ ਮਾਲਕ ਨੂੰ ਵਾਜਬ ਸਮੇਂ 'ਤੇ ਨੋਟਿਸ ਦੇਣਾ ਪਵੇਗਾ ਤਾਂ ਜੋ ਉਹ ਉਨ੍ਹਾਂ ਦਾ ਬਦਲ ਲੱਭ ਸਕੇ।

ਟੋਰਾਂਟੋ 'ਚ ਲੱਗਣਗੀਆਂ ਚਾਹ, ਕੌਫੀ, ਸਲਾਦ ਦੀਆਂ ਰੇਹੜੀਆਂ

ਟੋਰਾਂਟੋ, (ਨਦਬ)- ਟੋਰਾਂਟੋ ਵਿਚ ਹੁਣ ਰੇਹੜੀਆਂ ਉੱਤੇ ਹੌਟ ਡੌਗ ਤੇ ਸਾਸੇਜ਼ਿਸ ਹੀ ਨਹੀਂ ਮਿਲਿਆ ਕਰਨਗੇ ਸਗੋਂ ਇਸ ਮੈਨਿਊ ਵਿਚ ਚਾਹ, ਕੌਫੀ ਤੇ ਸਲਾਦ ਆਦਿ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਵੀਰਵਾਰ ਨੂੰ ਸਿਟੀ ਕੌਂਸਲ ਵਲੋਂ ਮਤਾ ਪੁਗਾ ਕੇ ਇਨ੍ਹਾਂ ਨਵੀਆਂ ਚੀਜ਼ਾਂ ਨੂੰ ਰੇਹੜੀਆਂ ਉੱਤੇ ਵੇਚਣ ਦਾ ਰਾਹ ਪੱਧਰਾ ਕਰ ਦਿੱਤਾ ਗਿਆ। ਕੌਂਸਲ ਵਲੋਂ ਪਾਸ ਕੀਤੇ ਗਏ ਇਸ ਮਤੇ ਰਾਹੀਂ ਰੇਹੜੀਆਂ ਵਾਲਿਆਂ ਨੂੰ ਹੁਣ ਕਈ ਤਰ੍ਹਾਂ ਦਾ ਖਾਣ-ਪੀਣ ਦਾ ਸਾਮਾਨ ਰੱਖਣ ਦੀ ਇਜਾਜ਼ਤ ਮਿਲ ਜਾਵੇਗੀ। ਰੇਹੜੀ ਵਾਲੇ ਜਿਹੜੀਆਂ ਚੀਜ਼ਾਂ ਵੇਚ ਸਕਣਗੇ ਉਨ੍ਹਾਂ ਵਿਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹਨ:

- ਪਹਿਲਾਂ ਤੋਂ ਹੀ ਕੱਟੇ ਤੇ ਪੈਕ ਕੀਤੇ ਹੋਏ ਫਲ ਤੇ ਸਬਜ਼ੀਆਂ, ਫਰੂਟ ਸਲਾਦ, ਨਟਸ ਤੇ ਸੀਡਜ਼
- ਸਾਬਤ ਫਲ ਤੇ ਸਬਜ਼ੀਆਂ, ਜਿਨ੍ਹਾਂ ਵਿਚ ਛੱਲੀ ਵੀ ਸ਼ਾਮਲ ਹੋਵੇਗੀ
- ਬੈਜਲ ਬਰੈਂਡ ਮੱਖਣ, ਮਾਰਗੇਰੀਨ ਤੇ ਜੈਮ ਨਾਲ
- ਸੂਪ, ਕੌਫੀ ਤੇ ਚਾਹ
- ਪਹਿਲਾਂ ਤੋਂ ਹੀ ਤਿਆਰ ਵੈਜੀ ਬਰਗਰ।

ਹੋਰ ਜਿਹੜੀਆਂ ਚੀਜ਼ਾਂ ਸੂਚੀ ਵਿਚ ਸ਼ਾਮਲ ਨਹੀਂ ਹਨ ਪਰ ਕੋਈ ਉਨ੍ਹਾਂ ਨੂੰ ਵੇਚਣਾ ਚਾਹੁੰਦਾ ਹੈ ਤਾਂ ਉਸ ਨੂੰ ਮੈਡੀਕਲ ਆਫਿਸਰ ਆਫ ਹੈਲਥ ਤੋਂ ਮਨਜ਼ੂਰੀ ਲੈਣੀ ਹੋਵੇਗੀ। ਇਹ ਤਬਦੀਲੀਆਂ ਵੀਰਵਾਰ ਤੋਂ ਹੀ ਲਾਗੂ ਮੰਨੀਆਂ ਜਾਣਗੀਆਂ ਤੇ ਮੌਜੂਦਾ ਰਿਹੜੀ ਵਾਲਿਆਂ ਲਈ ਢੁਕਵੀਆਂ ਹੋਣਗੀਆਂ।

ਹਾਕਿੰਗ ਦਾ ਸੁਪਰ ਕੰਪਿਊਟਰ

ਲੰਡਨ (ਨਦਬ) ਪ੍ਰਸਿੱਧ ਸਿਧਾਂਤਕ ਵਿਗਿਆਨੀ ਸਟੀਫਨ ਹਾਕਿੰਗ ਨੇ ਯੂਰਪ 'ਚ ਇਹੋ ਜਿਹਾ ਕੰਪਿਊਟਰ ਪੇਸ਼ ਕੀਤਾ ਹੈ, ਜਿਸ ਦੀ ਮੈਮਰੀ ਬਹੁਤ ਤੇਜ਼ ਹੈ। ਕੈਂਬ੍ਰਿਜ ਯੂਨੀਵਰਸਿਟੀ ਦੀ ਪ੍ਰੈਸ ਰਿਲੀਜ਼ 'ਚ ਕਿਹਾ ਗਿਆ ਕਿ ਹਾਕਿੰਗ ਨੂੰ ਉਮੀਦ ਹੈ ਕਿ 'ਕਾਸਮਾਸ ਸੁਪਰ ਕੰਪਿਊਟਰ' ਬ੍ਰਹਿਮੰਡ ਦੇ ਰਹੱਸਾਂ ਨੂੰ ਸੁਲਝਾਉਣ ਲਈ ਕਾਫ਼ੀ ਮਦਦਗਾਰ ਸਾਬਤ ਹੋਏਗਾ। ਆਪਣੇ ਤਰੀਕੇ ਦੇ ਇਸ ਪਹਿਲੇ ਕੰਪਿਊਟਰ ਨੂੰ ਐਸ.ਜੀ.ਆਈ. ਨੇ ਤਿਆਰ ਕੀਤਾ ਹੈ।

Maple
DENTAL CLINIC
Dr. Sandeep Dhaliwal
(DMD)
ACCEPTING NEW PATIENTS
Take Home Whitening Kits
with new patient exams & cleaning !
4444-36 Ave NW Ed, AB T6L 3S1
Services Provided:
Cosmetic and preventive Dentistry including:
» Cleaning
» Invisaling
» Fillings
» Root Canals
» TMJ
» Crowns & Bridges
» Partial & Full Dentures
» Sports & Night Guards
» Teeth Whitening
» Extractions
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ਼
Book your appointments now:
780-440-5001
Office Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm

ਹਰਪ੍ਰੀਤ ਸੇਖਾ ਦੀ ਪੁਸਤਕ 'ਟੈਕਸੀ ਨਾਮਾ' ਗ਼ਦਰੀ ਬਾਬਿਆਂ ਦੇ ਮੇਲੇ 'ਚ ਲੋਕ ਅਰਪਣ

ਸਰੀ, (ਨਦ) ਕਹਾਣੀ ਲੇਖਕ ਵਜੋਂ ਹਰਪ੍ਰੀਤ ਸਿੰਘ ਸੇਖਾ ਨੇ ਪੰਜਾਬੀ ਸਾਹਿਤ ਵਿਚ ਆਪਣਾ ਚੰਗਾ ਨਾਮ ਬਣਾਇਆ ਹੈ।ਹੁਣ ਉਸ ਨੇ ਇਕ ਵੱਖਰੇ ਸਾਹਿਤਕ ਰੂਪ ਦੀ ਪੁਸਤਕ 'ਟੈਕਸੀ ਨਾਮਾ' ਲਿਖੀ ਹੈ। ਉਹ ਕੁਝ ਸਮਾਂ ਟੈਕਸੀ ਚਲਾਉਂਦਾ ਰਿਹਾ ਹੈ ਇਸੇ ਕਰਕੇ ਉਸ ਨੇ ਆਪਣੇ ਅਨੁਭਵ ਵਿਚੋਂ ਪ੍ਰਾਪਤ ਕੀਤੀਆਂ ਕੁਝ ਹੱਡ-ਬੀਤੀਆਂ ਅਤੇ ਕੁਝ ਜੱਗ-ਬੀਤੀਆਂ ਨੂੰ ਇਸ ਪੁਸਤਕ ਦਾ ਆਧਾਰ ਬਣਾਇਆ ਹੈ। ਇਸ ਪੁਸਤਕ ਵਿਚ ਕੁਝ ਟੈਕਸੀ ਚਾਲਕਾਂ ਦੀਆਂ ਇੰਟਰਵਿਊਆਂ ਵੀ ਹਨ ਅਤੇ ਵੈਨਕੂਵਰ ਵਿਚ ਟੈਕਸੀ ਕਿੱਤੇ ਦੇ ਇਤਿਹਾਸ ਨੂੰ ਦਰਸਾਉਂਦਾ ਇਕ ਲੇਖ ਵੀ ਹੈ। ਪੁਸਤਕ ਪੜ੍ਹ ਕੇ ਟੈਕਸੀ ਚਾਲਕਾਂ ਦੀਆਂ ਔਕੜਾਂ, ਮਸੀਬਤਾਂ ਦੀ ਭਰਪੂਰ ਜਾਣਕਾਰੀ ਮਿਲਦੀ ਹੈ।ਇਹ ਪੁਸਤਕ ਪੰਜ ਅਗਸਤ ਨੂੰ ਬੀਅਰ ਕਰੀਕ ਪਾਰਕ ਸਰੀ ਵਿਖੇ ਹੋਏ ਗਦਰੀ ਬਾਬਿਆਂ ਦੇ ਮੇਲੇ ਦੀ ਸਟੇਜ ਤੋਂ, ਭਰਵੇਂ ਇਕੱਠ ਸਾਹਮਣੇ, ਜਸਬੀਰ ਸਿੰਘ ਸੰਧੂ ਐਮ.ਪੀ. ਜਿਹੜੇ ਆਪ ਵੀ ਟੈਕਸੀ ਕਿੱਤੇ ਨਾਲ ਜੁੜੇ ਰਹੇ ਹਨ ਵੱਲੋਂ ਲੋਕ ਅਰਪਨ ਕੀਤੀ ਗਈ। ਪੁਸਤਕ ਨੂੰ ਲੋਕ ਅਰਪਨ ਕਰਨ ਵਾਲਿਆਂ ਵਿਚ, ਮੇਲੇ ਦੇ ਸੰਚਾਲਕ ਸਾਹਬ ਬਿੰਦ, ਜਗਰੂਪ ਬਰਾੜ ਐਮ.ਐਲ.ਏ., ਸਾਬਕਾ ਐਮ.ਪੀ. ਸੁਖ ਧਾਲੀਵਾਲ, ਮਿਸਟਰ ਜਾਨ ਯਾਪ, ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ. ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ, ਨਾਵਲਕਾਰ ਜਰਨੈਲ ਸਿੰਘ ਸੇਖਾ, ਨਿਊਯਾਰਕ ਤੋਂ ਰਵਿੰਦਰ ਸਿੰਘ ਰਿਆੜ, ਮਸ਼ਹੂਰ ਕੈਨੇਡੀਅਨ ਭੰਡ ਲਖਵਿੰਦਰ ਸੰਧੂ ਤੇ ਬਲਜਿੰਦਰ ਸੇਖਾ ਅਤੇ ਕਈ ਹੋਰ ਉੱਘੀਆਂ ਸ਼ਖਸੀਅਤਾਂ ਸਨ। 'ਟੈਕਸੀ ਨਾਮਾ' ਪੁਸਤਕ 8910 ਸਕਾਟ ਰੋਡ ਸਰੀ ਵਿਚ ਲੱਗੇ ਪੁਸਤਕ ਮੇਲੇ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਿਜ਼ਨ 20-20 ਪ੍ਰਾਜੈਕਟ ਨੂੰ ਸਿਟੀ ਕੌਂਸਲ ਵਲੋਂ ਮਨਜ਼ੂਰੀ

ਐਡਮਿੰਟਨ (ਅਲਬਰਟਾ) (ਨਦਬ): ਪੰਜਾਬ ਯੂਨਾਇਟਡ ਸਪੋਰਟਸ ਐਂਡ ਹੈਰੀਟੇਜ ਐਸੋਸੀਏਸ਼ਨ (ਪੀ.ਯੂ.ਐਸ.ਐਚ.ਏ.) ਨੇ ਬੀਤੇ ਦਿਨੀਂ ਇਹ ਜਾਣਕਾਰੀ ਦਿੱਤੀ ਕਿ ਇੰਡੋ-ਕੈਨੇਡੀਅਨ ਭਾਈਚਾਰੇ ਦੇ ਖੇਡ ਅਤੇ ਸਭਿਆਚਾਰ ਸਬੰਧੀ ਪ੍ਰਾਜੈਕਟ-ਵਿਜ਼ਨ 2020 ਨੂੰ ਸਿਟੀ ਕੌਂਸਲ ਵਲੋਂ ਮਨਜ਼ੂਰੀ ਮਿਲ ਗਈ ਹੈ। ਚੇਤੇ ਰਹੇ ਕਿ ਦੱਖਣੀ ਐਡਮਿੰਟਨ 'ਚ 22 ਏਕੜ ਦੀ ਥਾਂ 'ਤੇ ਬਣਨ ਵਾਲੇ ਬਹੁ-ਪੱਖੀ ਖੇਡ ਮੈਦਾਨ ਅਤੇ ਇਕ ਕਮਿਊਨਟੀ ਇਨਡੋਰ ਰੀਕ੍ਰਿਏਸ਼ਨ ਸੈਂਟਰ ਨੂੰ ਬਣਾਉਣ ਲਈ ਕਈ ਮਹੀਨਿਆਂ ਲੰਬੀ ਚਲੀ ਗੱਲਬਾਤ ਤੋਂ ਬਾਅਦ ਸ਼ਹਿਰੀ ਕੌਂਸਲ ਨੇ ਪੀ.ਯੂ.ਐਸ.ਐਚ.ਏ. ਬਿਜ਼ਨਸ ਪਲਾਨ ਦੀ ਸਮੀਖਿਆ ਕਰਕੇ ਇਸ ਨੂੰ ਮਨਜ਼ੂਰੀ ਦੇ ਦਿੱਤੀ।

ਪੀ.ਯੂ.ਐਸ.ਐਚ.ਏ. ਦੇ ਪ੍ਰਧਾਨ ਮਹਿੰਦਰ ਬੈਂਗਾ ਨੇ ਇਸ ਸਬੰਧੀ ਕਿਹਾ ਕਿ 'ਐਡਮਿੰਟਨ ਦੇ ਨਿਵਾਸੀਆਂ ਅਤੇ ਭਾਈਚਾਰੇ ਲਈ ਇਹ ਬਹੁਤ ਵਧੀਆ ਖਬਰ ਹੈ।' ਸਿਟੀ ਹਾਲ ਵਿਖੇ ਹੋਈ ਮੀਟਿੰਗ, ਜਿਸ ਵਿਚ ਇਹ ਫੈਸਲਾ ਲਿਆ ਗਿਆ, ਤੋਂ ਬਾਅਦ ਬਾਹਰ ਆਉਂਦਿਆਂ ਪੀ.ਯੂ.ਐਸ.ਐਚ.ਏ. ਦੇ ਸਕੱਤਰ ਇਕਬਾਲ ਮਹੱਲ ਨੇ ਕਿਹਾ, 'ਅਸੀਂ ਇਸ ਪ੍ਰਾਜੈਕਟ ਪ੍ਰਤੀ ਐਡਮਿੰਟਨ ਸ਼ਹਿਰ ਦੇ ਦ੍ਰਿਸ਼ਟੀਕੋਣ ਦਾ ਧੰਨਵਾਦ ਕਰਦੇ ਹਾਂ।' ਉਨ੍ਹਾਂ ਕਿਹਾ ਕਿ 'ਇਹ ਪ੍ਰਾਜੈਕਟ ਨਾ ਸਿਰਫ਼ ਭਾਈਚਾਰੇ ਦੀਆਂ ਜ਼ਰੂਰਤਾਂ ਬਲਕਿ ਇਹ ਖੇਡ ਅਤੇ ਸਭਿਆਚਾਰ ਰਾਹੀਂ ਬਹੁ-ਪੱਖੀ ਸਭਿਆਚਾਰ ਨੂੰ ਵੀ ਉਤਸ਼ਾਹਤ ਕਰੇਗਾ। ਅਸੀਂ ਸਾਰੇ ਇਸ ਪ੍ਰਾਜੈਕਟ ਨੂੰ ਲੈ ਕੇ ਬਹੁਤ ਉਤਸ਼ਾਹਤ ਹਾਂ ਅਤੇ ਮੈਂ ਇਹ ਖਬਰ ਫਟਾਫਟ ਆਪਣੇ ਭਾਰੀਚਾਰੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ।' ਸਿਟੀ ਕੌਂਸਲ ਦੇ ਕਮਿਊਨਿਟੀ ਸਰਵਿਸਿਜ਼ ਕਮੇਟੀ ਦੇ ਵਾਈਸ ਚੇਅਰਮੈਨ ਅਤੇ ਕੌਂਸਲਰ ਅਮਰਜੀਤ ਸੋਹੀ ਨੇ ਕਿਹਾ ਕਿ ਐਡਮਿੰਟਨ ਸ਼ਹਿਰ ਲਈ ਇਸ ਪ੍ਰਾਜੈਕਟ ਦੀ ਹਮਾਇਤ ਕਰਨਾ ਮਾਣ ਵਾਲੀ ਗੱਲ ਹੈ। ਇਹ ਪ੍ਰਾਜੈਕਟ ਸਾਡੀ ਨੌਜਵਾਨ ਪੀੜ੍ਹੀ ਅਤੇ ਹੋਰ ਕਮਿਊਨਿਟੀ ਮੈਂਬਰਾਂ ਨੂੰ ਖੇਡ ਅਤੇ ਹੋਰ ਸਭਿਆਚਾਰਕ ਸਰਗਰਮੀਆਂ ਲਈ ਉਤਸ਼ਾਹਤ ਕਰੇਗਾ। ਮੈਂ ਵਿਅਕਤੀਗਤ ਤੌਰ 'ਤੇ ਇਸ ਪ੍ਰਾਜੈਕਟ ਦੀ ਹਮਾਇਤ ਲਈ ਖੁਸ਼ੀ ਮਹਿਸੂਸ ਕਰਦਾ ਹਾਂ।'

ਵਿਜ਼ਨ 2020 ਪ੍ਰਾਜੈਕਟ ਸ਼ਹਿਰ ਦੇ ਮਲਟੀ ਸਪੋਰਟਸ ਟੂਰਨਾਮੈਂਟ ਐਂਡ ਰੀਕ੍ਰਿਏਸ਼ਨ ਸਾਈਟ ਐਂਥਨੀ ਹੈਨਡੇਅ ਡਰਾਈਵ ਅਤੇ ਅਰਲਸਲਾਈ ਰੋਡ ਵਿਚਾਲੇ 50 ਸਟ੍ਰੀਟ ਵਿਖੇ ਸਥਾਪਤ ਕੀਤਾ ਜਾਵੇਗਾ। ਇਸ ਥਾਂ 'ਤੇ ਸਾਰਿਆਂ ਵਲੋਂ ਆਸਾਨੀ ਨਾਲ ਪਹੁੰਚ ਕੀਤੀ ਜਾ ਸਕਦੀ ਹੈ ਭਾਵੇਂ ਕੋਈ ਗ੍ਰੇਟਰ ਐਡਮਿੰਟਨ ਦੇ ਕਿਸੇ ਵੀ ਖੇਤਰ 'ਚ ਰਹਿੰਦੇ ਹੋਣ। ਇਸ ਬਹੁ-ਵਿਆਪੀ ਕੰਪਲੈਕਸ ਨੂੰ ਭਾਈਚਾਰੇ ਦੀਆਂ ਮਸ਼ਹੂਰ ਏਸ਼ਿਆਈ ਖੇਡਾਂ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਜਾਵੇਗਾ, ਜਿਥੇ ਭਾਈਚਾਰੇ ਦੇ ਲੋਕ ਕੱਬਡੀ, ਕ੍ਰਿਕਟ, ਹਾਕੀ, ਵਾਲੀਬਾਲ ਅਤੇ ਸਾਕਰ ਵਰਗੀਆਂ ਖੇਡਾਂ ਦੇ ਆਪਣੇ ਟੂਰਨਾਮੈਂਟ ਕਰਵਾ ਸਕਣਗੀਆਂ।

ਪੀ.ਯੂ.ਐਸ.ਐਚ.ਏ.ਨੇ ਬੀਤੇ ਸਾਲ ਭਾਈਚਾਰੇ 'ਚ ਜਾਗਰੂਕਤਾ ਲਈ ਅਤੇ ਫੰਡ 'ਕੱਠੇ ਕਰਨ ਲਈ ਕਈ ਪ੍ਰੋਗਰਾਮ ਕੀਤੇ ਸਨ। ਇਸ ਰਾਹੀ ਉਨ੍ਹਾਂ ਨੇ ਵੀਜ਼ਨ-2020 ਲਈ 400,000 ਡਾਲਰ ਤੋਂ ਵੱਧ ਦੀ ਰਕਮ ਇੱਕਠੀ ਕੀਤੀ। ਜ਼ਿਕਰਯੋਗ ਹੈ ਕਿ ਇਸ ਪ੍ਰਾਜੈਕਟ 'ਤੇ ਅਗਲੇ 8 ਸਾਲਾਂ 'ਚ 10 ਮਿਲੀਅਨ ਡਾਲਰ ਦਾ ਖਰਚਾ ਆਵੇਗਾ।

ਅਲਬਰਟਾ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ

ਐਡਮਿੰਟਨ, (ਨਦਬ) ਅਲਬਰਟਾ ਪੰਜਾਬੀ ਸਪੋਰਟਸ ਕਲੱਬ ਐਂਡ ਕਲਚਰਲ ਐਸੋਸੀਏਸ਼ਨ ਵਲੋਂ ਪਲੇਠਾ ਕਬੱਡੀ ਕੱਪ ਲੰਡਨ ਡਾਇਰੀ, ਰਿੱਕ ਸੈਂਟਰ ਦੀਆਂ ਗਰਾਊਂਡਾਂ ਵਿਚ ਕਰਵਾਇਆ ਗਿਆ। ਇਸ ਵਿਚ ਬੀ.ਸੀ. ਕਬੱਡੀ ਫੈਡਰੇਸ਼ਨ ਦੀਆਂ ਟੀਮਾਂ ਨੇ ਭਾਗ ਲਿਆ। ਕਬੱਡੀ ਦੇ ਸਾਰੇ ਹੀ ਮੈਚ ਬੜੇ ਫਸਵੇਂ ਸਨ। ਇਨ੍ਹਾਂ ਮੈਚਾਂ ਦੌਰਾਨ ਅੰਤਰਰਾਸ਼ਟਰੀ ਖਿਡਾਰੀਆਂ ਨੇ ਆਪਣੀ ਟੀਮ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਪਰ ਫਾਈਨਲ ਮੈਚ ਦੌਰਾਨ ਯੰਗ ਕਬੱਡੀ ਕਲੱਬ ਨੇ ਆਜ਼ਾਦ ਕਬੱਡੀ ਕਲੱਬ ਐਬਟਸਫੋਰਡ ਨੂੰ ਹਰਾ ਕੇ ਗੋਲਡ ਕੱਪ 'ਤੇ ਕਬਜ਼ਾ ਕਰ ਲਿਆ। ਸਾਰੇ ਮੈਚਾਂ ਵਿਚੋਂ ਜੌਨੀ ਕੈਲੇਫੋਰਨੀਆਂ ਨੂੰ ਵਧੀਆ ਧਾਵੀ ਅਤੇ ਮੰਗੀ ਬੱਗਾ ਪਿੰਡ ਨੂੰ ਵਧੀਆ ਜਾਫ਼ੀ ਐਲਾਨਿਆ ਗਿਆ। ਟੂਰਨਾਮੈਂਟ ਦੌਰਾਨ ਕੁਸ਼ਤੀਆਂ ਦੇ ਮੁਕਾਬਲੇ ਵੀ ਦੇਖਣਯੋਗ ਸਨ। ਖੇਡ ਮੇਲੇ 'ਤੇ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਪੁੱਜੇ ਕੈਨੇਡਾ ਦੇ ਮੰਤਰੀ ਟਿੰਮ ਉੱਪਲ, ਵਿਧਾਇਕ ਨਰੇਸ਼ ਭਾਰਦਵਾਜ ਤੇ ਪੀਟਰ ਸੰਧੂ ਨੇ ਕਿਹਾ ਕਿ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਅਜਿਹੇ ਟੂਰਨਾਮੈਂਟ ਕਾਰਗਰ ਸਿੱਧ ਹੋ ਰਹੇ ਹਨ। ਕਬੱਡੀ ਮੈਚਾਂ ਦੀ ਕੁਮੈਂਟਰੀ ਉੱਘੇ ਨੌਜਵਾਨ ਰਿੰਕਾ ਮੋਂ ਸਾਹਿਬ, ਰੁਪਿੰਦਰ ਜਲਾਲ, ਕਾਲਾਰਛੀਨ ਅਤੇ ਜੀਤ ਕਕਰਾਲਾ ਨੇ ਕੀਤੀ। ਇਸ ਮੌਕੇ ਚੇਅਰਮੈਨ ਪਾਲ ਬੋਪਾਰਾਏ, ਪ੍ਰਧਾਨ ਬਲਦੇਵ ਸਿੰਘ ਤੇ ਵਾਈਸ ਚੇਅਰਮੈਨ ਲਖਵੀਰ ਔਜਲਾ ਨੇ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪ੍ਰਸਤ ਰਾਣਾ ਧਾਲੀਵਾਲ, ਕਨਵੀਨਰ ਨਿਰਭੈ ਸਿੰਘ ਗਰੇਵਾਲ, ਵਾਈਸ ਪ੍ਰਧਾਨ ਜਗਦੀਸ਼ ਰਾਏ, ਡਾਇਰੈਕਟਰ ਹਾਕਮ ਸਿੰਘ ਔਲਖ, ਅਲਬਰਟਾ ਕਬੱਡੀ ਪੀ.ਐਸ.ਸੀ. ਫੈਡਰੇਸ਼ਨ ਦੇ ਪ੍ਰਧਾਨ ਮੇਜਰ ਸਿੰਘ ਬਰਾੜ, ਬੀ.ਸੀ. ਫੈਡਰੇਸ਼ਨ ਦੇ ਪ੍ਰਧਾਨ ਨੀਟੂ ਕੰਗ, ਉੱਘੇ ਖੇਡ ਪ੍ਰਮੋਟਰ ਜਲੰਧਰ ਸਿੰਘ ਸਿੱਧੂ ਤੋਂ ਇਲਾਵਾ ਸੁੱਖ ਪੰਧੇਰ ਦੀ ਅਗਵਾਈ ਵਾਲੀ ਫੈਡਰੇਸ਼ਨ ਦੇ ਅਹੁਦੇਦਾਰ ਤੇ ਖਿਡਾਰੀ ਵੀ ਹਾਜ਼ਰ ਸਨ।

ਇਸ ਦੇ ਨਾਲ ਹੀ ਐਸੋਸੀਏਸ਼ਨ ਵਲੋਂ 'ਮੇਲਾ ਮੁਟਿਆਰਾਂ ਦਾ' ਸੱਭਿਆਚਾਰਕ ਮੇਲਾ ਵੀ ਕਰਵਾਇਆ ਗਿਆ, ਜਿਸ ਵਿਚ ਮੁਹੰਮਦ ਇਰਸ਼ਾਦ, ਤਰੰਨਮਪ੍ਰੀਤ ਕੌਰ, ਕਮਲਜੀਤ ਕੋਮਲ ਤੇ ਸੁਰਿੰਦਰ ਲਾਡੀ ਨੇ ਆਪਣੇ ਗੀਤਾਂ ਰਾਹੀਂ ਖੂਬ ਰੰਗ ਬੰਨ੍ਹਿਆ। ਸ਼ੋਅ ਪ੍ਰਮੋਟਰ ਇੰਦਰਜੀਤ ਬੈਂਸ, ਵੀਡੀਓ ਡਾਇਰੈਕਟਰ ਰਵਿੰਦਰ ਰੰਗੂਵਾਲ, ਗੀਤਕਾਰ ਗੁਰਮਿੰਦਰ ਕੈਡੋਂ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਪ੍ਰਬੰਧਕ ਮੈਡਮ ਜਗਦੀਸ਼ ਬੋਪਾਰਾਏ ਤੇ ਅਮਨ ਗਿੱਲ ਨੇ ਮੇਲੇ ਵਿਚ ਸ਼ਾਮਲ ਔਰਤਾਂ ਦਾ ਧੰਨਵਾਦ ਕੀਤਾ।

ਪੂਰੀ ਦੁਨੀਆ 'ਚ 32 ਲੱਖ ਕਰੋੜ ਡਾਲਰ ਕਾਲਾ ਧਨ

ਲੰਡਨ (ਨਦਬ) : ਦੁਨੀਆ ਭਰ ਦੇ ਅਮੀਰਾਂ ਨੇ ਟੈਕਸ ਹੈਵਨ ਦੇਸ਼ਾਂ 'ਚ 32 ਲੱਖ ਕਰੋੜ ਡਾਲਰ (ਤਕਰੀਬਨ 1,760 ਲੱਖ ਕਰੋੜ ਰੁਪਏ) ਕਾਲਾ ਧਨ ਲੁਕਾ ਕੇ ਰੱਖਿਆ ਹੈ। ਇਸ ਨਾਲ ਵੱਖ-ਵੱਖ ਦੇਸ਼ਾਂ ਦੇ ਇਨਕਮ ਟੈਕਸ ਦੇ ਖਜ਼ਾਨੇ 'ਚ 280 ਅਰਬ ਡਾਲਰ (ਤਕਰੀਬਨ 15,400 ਅਰਬ ਰੁਪਏ) ਦਾ ਨੁਕਸਾਨ ਹੋਇਆ ਹੈ। ਹਾਲ ਹੀ ਵਿਖੇ ਜਾਰੀ ਕੀਤੀ ਗਈ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ।

'ਟੈਕਸ ਜਸਟਿਸ ਨੈਟਵਰਕ' ਨਾਮ ਦੀ ਸੰਸਥਾ ਲਈ ਇਹ ਅਧਿਐਨ ਮੈਕੇਂਜ਼ੀ ਐਂਡ ਕੰਪਨੀ ਦੇ ਸਾਬਕਾ ਮੁੱਖ ਅਰਥ ਸ਼ਾਸਤਰੀ ਜੇਮਜ਼ ਹੈਨਰੀ ਨੇ ਕੀਤਾ ਹੈ। ਇਹ ਸੰਸਥਾ ਟੈਕਸ ਚੋਰੀ ਦੇ ਸੁਰੱਖਿਅਤ ਟਿਕਾਣਿਆਂ ਵਿਰੁੱਧ ਮੁਹਿੰਮ ਚਲਾਉਂਦੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਕਾਲੇ ਧਨ ਦੀ ਰਕਮ ਦੇ ਵਿਸ਼ਲੇਸ਼ਣ 'ਚ ਰਿਅਲ ਅਸਟੇਟ, ਸੋਨਾ, ਯਾਟ ਵਰਗੀਆਂ ਮਲਕੀਅਤਾਂ ਸ਼ਾਮਲ ਨਹੀਂ ਹਨ।

ਹੈਨਰੀ ਨੇ ਅਧਿਐਨ 'ਚ ਵਿਸ਼ਵ ਬੈਂਕ, ਆਈ.ਐਮ.ਐਫ., ਸੰਯੁਕਤ ਰਾਸ਼ਟਰ ਅਤੇ ਵੱਖ-ਵੱਖ ਕੇਂਦਰੀ ਬੈਂਕਾਂ ਦੇ ਅੰਕੜਿਆਂ ਦੀ ਵਰਤੋਂ ਕੀਤੀ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਕਾਲੇ ਧਨ ਕਰਕੇ 139 ਵਿਕਾਸਸ਼ੀਲ ਦੇਸ਼ਾਂ ਦੀ ਆਰਥਕ ਸਿਹਤ 'ਤੇ ਵੀ ਫਰਕ ਪੈ ਰਿਹਾ ਹੈ।

ਰਿਪੋਰਟ 'ਤੇ ਕੁਝ ਰੋਚਕ ਤੱਥ:

- ਕਈ ਵਿਕਾਸਸ਼ੀਲ ਦੇਸ਼ਾਂ 'ਚ 1970 ਤੋਂ ਬਾਅਦ ਜਿੰਨਾ ਵੀ ਪੈਸਾ ਦੇਸ਼ ਤੋਂ ਬਾਹਰ ਗਿਆ ਹੈ, ਉਹ ਉਨ੍ਹਾਂ ਦੇ ਸਾਰੇ ਕਰਜ਼ਿਆਂ ਦੀ ਅਦਾਇਗੀ ਲਈ ਕਾਫ਼ੀ ਹੋਏਗਾ।
- ਮੁਸ਼ਕਲ ਇਹ ਹੈ ਕਿ ਇਨ੍ਹਾਂ ਦੇਸ਼ਾਂ 'ਚ ਜਾਇਦਾਦਾਂ ਬਸ ਕੁਝ ਲੋਕਾਂ ਦੇ ਹੱਥਾਂ 'ਚ ਕੇਂਦਰਤ ਹੁੰਦੀਆਂ ਹਨ ਜਦੋਂਕਿ ਕਰਜ਼ ਦਾ ਭਾਰ ਉਨ੍ਹਾਂ ਦੀਆਂ ਸਰਕਾਰਾਂ ਆਮ ਜਨਤਾ ਦੇ ਮੋਢਿਆਂ 'ਤੇ ਪਾ ਦਿੰਦਿਆਂ ਹਨ।
- ਦੁਨੀਆ 'ਚ ਤਕਰੀਬਨ 10 ਲੱਖ ਕਰੋੜ ਡਾਲਰ (ਤਕਰੀਬਨ 550 ਲੱਖ ਕਰੋੜ ਰੁਪਏ) ਦੀ ਜਾਇਦਾਦ ਸਿਰਫ਼ 92,000 ਲੋਕਾਂ ਦੇ ਹੱਥਾਂ 'ਚ ਹੀ ਹੈ।

ਪਰਿਹਾਰ ਪਰਿਵਾਰ ਨੂੰ ਸਦਮਾ

ਲੰਘੀ 8 ਅਗਸਤ 2012 ਨੂੰ ਲੰਮੇ ਸਮੇਂ ਤੋਂ ਐਡਮਿੰਟਨ ਰਹਿ ਰਹੇ ਪਰਿਹਾਰ ਪਰਿਵਾਰ ਨੂੰ ਸ: ਗੁਰਦਿਆਲ ਸਿੰਘ ਪਰਿਹਾਰ ਦੇ ਅਕਾਲ ਚਲਾਣੇ ਨਾਲ ਡੂੰਘਾ ਸਦਮਾ ਲੱਗਾ। 89 ਸਾਲਾਂ ਦੇ ਸ: ਗੁਰਦਿਆਲ ਸਿੰਘ ਪਰਿਹਾਰ ਦਾ ਪਿਛਲਾ ਪਿੰਡ ਭੁੰਗਰਨੀ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਸੀ ਅਤੇ ਉਹ ਆਪਣੀ ਪਤਨੀ ਜੋਗਿੰਦਰ ਕੌਰ ਪਰਿਹਾਰ ਸਮੇਤ 1978 ਤੋਂ ਆਪਣੇ ਬੇਟੇ ਸਤਰਜੀਤ ਪਰਿਹਾਰ ਕੋਲ ਐਡਮਿੰਟਨ ਰਹਿ ਰਹੇ ਸਨ। ਸ: ਗੁਰਦਿਆਲ ਸਿੰਘ ਦੇ ਪਰਿਵਾਰ 'ਚ ਬੇਟਾ ਸਤਰਜੀਤ,ਨੂੰਹ ਨਰਿੰਦਰ ਪਰਿਹਾਰ ਅਤੇ ਬੀ.ਸੀ. ਰਹਿੰਦੀਆਂ ਬੇਟੀਆਂ ਨਿਰਮਲਜੀਤ, ਜਨਕਜੀਤ ਜਸਵਾਲ ਅਤੇ ਜਸਬੀਰ ਸ਼ਾਮਲ ਹਨ। ਸਤਰਜੀਤ ਪਰਿਹਾਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਦਾ ਅੰਤਿਮ ਸਸਕਾਰ ਪਾਰਕ ਮੈਮੋਰੀਅਲ ਫਿਊਨਰਲ ਹੋਮ, 9708-111 ਐਵਿਨਿਊ ਐਡਮਿੰਟਨ 'ਚ 12 ਅਗਸਤ 2012 (ਐਤਵਾਰ) ਨੂੰ 1.30 ਵਜੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਐਡਮਿੰਟਨ ਵਿਖੇ 4.30 ਵਜੇ ਹੋਵੇਗੀ। ਹੋਰ ਜਾਣਕਾਰੀ ਅਤੇ ਪਰਿਹਾਰ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 780-988-6386 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਨਵੀਂ ਦੁਨੀਆ' ਇਸ ਸੋਗ ਦੀ ਘੜੀ ਵਿਚ ਪਰਿਹਾਰ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੁੰਦਾ ਹੈ।

Now More Locations To Serve You Better

Preparing you for a safe & healthy journey

Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

Atlas Immunization Services

Phone: 780 465 5150

www.atlasimmunization.com

Suite 104, 7633-50 St. Edmonton (Meridian Place)

ਨਿੱਜੀ ਸਿਹਤ ਸੇਵਾਵਾਂ 'ਤੇ ਲੱਗੀ ਰੋਕ ਨੂੰ ਅਦਾਲਤੀ ਚੁਣੌਤੀ

ਕੈਲਗਰੀ (ਨਦਬ) : ਸੂਬੇ ਵਲੋਂ ਅਹਿਮ ਸਿਹਤ ਸੇਵਾਵਾਂ ਲਈ ਨਿੱਜੀ ਮੈਡੀਕਲ ਇੰਸ਼ੋਅਰੈਂਸ 'ਤੇ ਲਗਾਈ ਰੋਕ ਨੂੰ ਅਲਬਰਟਾ ਦੇ ਦੋ ਨਿਵਾਸੀਆਂ ਨੇ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਇਸ ਪਾਬੰਦੀ ਦੇ ਕਾਨੂੰਨੀ ਦਾਇਰੇ 'ਤੇ ਸਵਾਲ ਕੀਤਾ ਹੈ। ਜ਼ਿਕਰਯੋਗ ਹੈ ਕਿ ਅਲਬਰਟਾ 'ਚ ਸਬੰਧਤ ਮੈਡੀਕਲ ਸਹੂਲਤ ਲਈ ਇਨਸ਼ੋਰੈਂਸ ਦੀ ਬਹੁਤ ਲੰਮੀ ਉਡੀਕ ਦੀ ਕਤਾਰ ਹੋਣ ਕਾਰਨ ਦੋਨਾਂ ਵਿਅਕਤੀਆਂ ਨੇ ਅਮਰੀਕਾ 'ਚ ਆਪਣੇ ਆਪਰੇਸ਼ਨ ਲਈ ਹਜ਼ਾਰਾਂ ਡਾਲਰ ਖਰਚ ਕੀਤੇ ਸਨ। ਹੁਣ ਇਲਾਜ 'ਤੇ ਆਏ ਉਸ ਖਰਚੇ ਦੇ ਮੁਆਵਜ਼ੇ ਤੋਂ ਸੂਬੇ ਵਲੋਂ ਇਨਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਆਪਣੇ ਦੇਸ਼ 'ਚ ਉਨ੍ਹਾਂ ਦੀ ਬਿਮਾਰੀ ਦਾ ਇਲਾਜ ਸੰਭਵ ਸੀ ਤਾਂ ਫੇਰ ਉਨ੍ਹਾਂ ਨੇ ਦੂਸਰੇ ਦੇਸ਼ 'ਚ ਮਹਿੰਗਾ ਇਲਾਜ ਕਿਉਂ ਕਰਵਾਇਆ ਜਿਸ ਕਰਕੇ ਉਹ ਉਸ ਇਲਾਜ 'ਚ ਆਏ ਖਰਚੇ ਦਾ ਮੁਅਵਜ਼ੇ ਦੇ ਹੱਕਦਾਰ ਨਹੀਂ ਹਨ।

ਉਕਤ ਵਿਅਕਤੀਆਂ ਦੇ ਵਕੀਲ ਅਤੇ ਜਸਟਿਸ ਸੈਂਟਰ ਫਾਰ ਕਾਂਸਟੀਚਿਊਸ਼ਨਲ ਫ੍ਰੀਡਮ ਦੇ ਸਥਾਪਕ ਜਾਨ ਕਾਰਪੇ ਨੇ ਤਰਕ ਪੇਸ਼ ਕੀਤਾ ਕਿ ਉਸ ਬਿਮਾਰੀ ਦੇ ਇਲਾਜ ਲਈ ਦੇਸ਼ 'ਚ ਮੌਜੂਦ ਇਲਾਜ ਸਬੰਧੀ ਸਰਕਾਰੀ ਢਾਂਚੇ ਕਾਰਨ ਲੋਕਾਂ ਨੂੰ ਬਹੁਤ ਤਕਲੀਫ਼ ਸਹਿਣੀ ਪੈਂਦੀ ਹੈ ਤੇ ਕਈ ਵਾਰੀ ਤਾਂ ਇਲਾਜ ਦੀ ਸਹੂਲਤ ਦੀ ਉਡੀਕ 'ਚ ਮਰੀਜ਼ ਮੌਤ ਦੇ ਆਗੋਸ਼ 'ਚ ਵੀ ਚਲਾ ਜਾਂਦਾ ਹੈ। ਇਹ ਮਾਮਲਾ ਕਿਊਬੇਕ ਦੇ ਉਸ ਇਤਿਹਾਸਕ ਫੈਸਲੇ ਨਾਲ ਸਬੰਧਤ ਹੈ। 2005 'ਚ ਕੈਨੇਡਾ ਦੀ ਸੁਪਰੀਮ ਕੋਰਟ ਵਲੋਂ ਚਾਓਲੀ(5) ਕਿਊਬੇਕ ਦੇ ਫੈਸਲੇ ਮੁਤਾਬਕ ਜੇਕਰ ਸਰਕਾਰੀ ਸਿਹਤ ਪ੍ਰਣਾਲੀ ਇਲਾਜ ਲਈ ਲੰਬੀ ਉਡੀਕ ਨੂੰ ਖ਼ਤਮ ਨਹੀਂ ਕਰ ਪਾਉਂਦੀ ਤਾਂ ਸੂਬੇ ਨੂੰ ਨਿੱਜੀ ਸਿਹਤ ਸੇਵਾ ਲੈਣ ਦੀ ਆਪਣੇ ਨਾਗਰਿਕਾਂ ਦੀ ਜ਼ਰੂਰਤ ਨੂੰ ਮਾਨਤਾ ਦੇਣੀ ਹੀ ਪਵੇਗੀ। ਜ਼ਿਕਰਯੋਗ ਹੈ ਕਿ ਹਰ ਸਾਲ 40,000 ਤੋਂ ਵੱਧ ਕੈਨੇਡੀਅਨ ਲੋਕ ਆਪਣੇ ਇਲਾਜ ਲਈ ਵਿਦੇਸ਼ਾਂ 'ਚ ਪੈਸਾ ਖਰਚ ਕਰਦੇ ਹਨ। ਜਦੋਂ ਕਿ ਆਪਣੇ ਦੇਸ਼ 'ਚ ਹੀ ਸਮੇਂ ਸਿਰ ਲੋਕਾਂ ਦਾ ਇਲਾਜ ਹੋਣ 'ਤੇ ਇਹ ਪੈਸਾ ਆਪਣੇ ਹੀ ਦੇਸ਼ 'ਚ ਰਹਿੰਦਾ ਹੈ ਅਤੇ ਸਸਤਾ ਇਲਾਜ ਵੀ ਹੋ ਜਾਂਦਾ ਹੈ।

ਸ੍ਰੀ ਕਾਰਪੇ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਸੂਬਾ ਸਰਕਾਰਾਂ ਨੂੰ ਦੋ ਰਾਹ ਦਿੱਤੇ ਸਨ। ਪਹਿਲਾ ਕਿ ਜਾਂ ਤਾਂ ਕਿਸੇ ਤਰੀਕੇ ਨਾਲ ਲੋਕਾਂ ਦੀ ਇਲਾਜ ਲਈ ਲੰਬੀ ਉਡੀਕ ਨੂੰ ਖਤਮ ਕੀਤਾ ਜਾਵੇ ਜਾਂ ਫੇਰ ਲੋਕਾਂ ਨੂੰ ਨਿੱਜੀ ਸੇਵਾ ਲੈਣ ਦੀ ਇਜਾਜ਼ਤ ਦਿੱਤੀ ਜਾਵੇ। ।

ਅਦਾਲਤ ਦਾ ਇਹ ਫੈਸਲਾ ਕਿਊਬੈਕ ਦੀ ਹੱਦ ਤਕ ਹੀ ਸੀਮਤ ਰਿਹਾ, ਜਿਸ ਦਾ ਮਤਲਬ ਹੋਇਆ ਕਿ ਹਰ ਸੂਬੇ ਦੇ ਲੋਕਾਂ ਨੂੰ ਇਸ ਸਰਕਾਰੀ ਪ੍ਰਣਾਲੀ ਨੂੰ ਚੁਣੌਤੀ ਦੇਣੀ ਪਵੇਗੀ।

ਕਿਊਬੈਕ 'ਚ ਇਹ ਫੈਸਲਾ ਲਾਗੂ ਹੋਣ ਤੋਂ ਬਾਅਦ ਥੋੜ੍ਹਾ ਬਹੁਤ ਸੁਧਾਰ ਹੋਇਆ ਹੈ। ਕੁਝ ਨਿੱਜੀ ਇੰਸ਼ੋਰੈਂਸ ਕੰਪਨੀਆਂ ਵੀ ਹੁਣ ਜਨਤਕ ਸਿਹਤ ਪ੍ਰਣਾਲੀ ਦੀਆਂ ਸੇਵਾਵਾਂ ਲਈ ਮੁਆਵਜ਼ਾ ਦੇਣ ਲਈ ਤਿਆਰ ਹਨ।

ਕੈਲਗਰੀ ਯੂਨੀਵਰਸਿਟੀ ਵਿਖੇ ਹੈਲਥ ਪਾਲਸੀ ਅਤੇ ਮੈਨੇਜਮੈਂਟ ਦੇ ਪ੍ਰੋਫੈਸਰ ਡਾ.ਟਾਮ ਨੋਜ਼ਵਰਦੀ ਦਾ ਕਹਿਣਾ ਹੈ ਕਿ ਸਬੂਤ ਉਨ੍ਹਾਂ ਦਾਅਵਿਆਂ ਦੇ ਉਲਟ ਹਨ। ਜਿਨ੍ਹਾਂ ਥਾਵਾਂ 'ਤੇ ਨਿੱਜੀ ਇੰਸ਼ੋਰੈਂਸ ਹੈ, ਉਥੇ ਲੋਕਾਂ ਨੂੰ ਸਗੋਂ ਜ਼ਿਆਦਾ ਲੰਬੀ ਉਡੀਕ ਕਰਨੀ ਪੈਂਦੀ ਹੈ। ਨਿੱਜੀ ਇੰਸ਼ੋਰੈਂਸ ਦੇ ਪਸਾਰੇ ਨਾਲ ਜਨਤਕ ਉਡੀਕ 'ਚ ਕੋਈ ਫਰਕ ਨਹੀਂ ਪੈਂਦਾ ਇਹ ਗੱਲ ਯੂ.ਕੇ ਅਤੇ ਆਸਟ੍ਰੇਲੀਆ 'ਚ ਸਾਫ਼ ਹੋ ਚੁੱਕੀ ਹੈ ਜਿਥੇ ਜ਼ਿਆਦਾ ਨਿੱਜੀ ਇੰਸ਼ੋਰੈਂਸ ਕੰਪਨੀਆਂ ਹਨ। ਉਨ੍ਹਾਂ ਨੇ ਇਸ ਸੰਵਿਧਾਨਕ ਚੁਣੌਤੀ ਨੂੰ ਸਾਜ਼ਿਸ਼ ਕਰਾਰ ਦਿੰਦਿਆਂ ਨਿੱਜੀ ਕੰਪਨੀਆਂ ਦੀ ਪੈਰਵੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਆਪਣੀਆਂ ਸਿਹਤ ਸੰਭਾਲ ਸਬੰਧੀ ਸੇਵਾਵਾਂ ਖੁਦ ਖਰੀਦਣਾ ਚਾਹੁੰਦਾ ਹੈ ਤਾਂ ਠੀਕ ਹੈ, ਪਰ ਉਹ ਜਨਤਕ ਸਿਹਤ ਪ੍ਰਣਾਲੀ ਵਿਚ ਨਹੀਂ ਗਿਣੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਕਈ ਵਾਰੀ ਨਿੱਜੀ ਹਸਪਤਾਲਾਂ ਦੀ ਵਰਤੋਂ ਕਰਦੀ ਹੈ ਪਰ ਮਾਲੀ ਮਦਦ ਹਮੇਸ਼ਾਂ ਸਰਕਾਰੀ ਹੋਣੀ ਚਾਹੀਦੀ ਹੈ। ਨਿੱਜੀ ਮੈਡੀਕਲ ਇੰਸ਼ੋਰੈਂਸ ਨੂੰ ਇਜਾਜ਼ਤ ਦੇਣ ਨਾਲ ਕੈਨੇਡੀਅਨ ਸਿਹਤ ਸਹੂਲਤ ਢਾਂਚੇ 'ਚ ਕੁਝ ਤਬਦੀਲੀਆਂ ਕਰਨੀਆਂ ਪੈਣਗੀਆਂ ਜਿਸ ਨਾਲ ਹੋ ਸਕਦਾ ਹੈ ਕਿ ਮਾਲੀ ਮਦਦ ਅਤੇ ਡਾਕਟਰ ਦੋਨੋਂ ਜਨਤਕ ਪ੍ਰਣਾਲੀ ਤੋਂ ਦੂਰ ਹੋ ਜਾਣ।

ਹਾਲ ਹੀ ਵਿਖੇ ਚੁਣੇ ਗਏ ਐਨ.ਡੀ.ਪੀ. ਦੇ ਵਿਧਾਇਕ ਅਤੇ ਫ੍ਰੈਂਡਸ ਆਫ਼ ਮੈਡੀਕੇਅਰ, ਜੋ ਐਡਵੋਕੇਸੀ ਗਰੁੱਪ ਹੈ, ਦੇ ਮੈਂਬਰ ਡੇਵਿਡ ਐਗੱਨ ਦਾ ਕਹਿਣਾ ਹੈ ਕਿ ਸੂਬੇ ਦੀ ਸਿਹਤ ਪ੍ਰਣਾਲੀ 'ਚ ਬਦਲਾਅ ਲਈ ਸਿਆਸਤ ਅਤੇ ਲੋਕਾਂ 'ਚ ਅਜੇ ਕੋਈ ਐਨੀ ਤਾਂਘ ਪੈਦਾ ਨਹੀਂ ਹੋਈ ਹੈ।

ਅਦਾਲਤ 'ਚ ਇਹ ਮੁਕੱਦਮਾ ਡਾਰਸੀ ਐਲਨ ਵਲੋਂ ਦਾਇਰ ਕੀਤਾ ਗਿਆ, ਜੋ ਪੇਸ਼ੇ ਵਜੋਂ ਦੰਦਾਂ ਦੇ ਡਾਕਟਰ ਵਜੋਂ ਓਕੋਟੋਕਸ 'ਚ ਸਥਾਪਤ ਹਨ। ਉਹ ਹਾਕੀ ਖੇਡਦਿਆਂ ਦੌਰਾਨ ਲੱਗੀ ਗੰਭੀਰ ਸੱਟ ਦੀ ਦਰਦ ਤੋਂ ਜੂਝ ਰਹੇ ਸਨ। ਉਨ੍ਹਾਂ ਨੇ ਆਪਣੇ ਇਲਾਜ ਲਈ ਦੋ ਸਾਲ ਲੰਬੀ ਉਡੀਕ ਕੀਤੀ ਪਰ ਜਦੋਂ ਉਨ੍ਹਾਂ ਨੂੰ ਕੁਝ ਹੁੰਦਾ ਨਜ਼ਰ ਨਾ ਆਇਆ ਤਾਂ ਉਨ੍ਹਾਂ ਨੇ ਮੌਨਟਾਨਾ ਵਿਖੇ 77,503 ਡਾਲਰ ਦੇ ਖਰਚ ਨਾਲ ਆਪਣਾ ਆਪਰੇਸ਼ਨ ਕਰਵਾਇਆ। ਅਲਬਰਟਾ ਸਰਕਾਰ ਨੇ ਉਸ ਵਲੋਂ ਨਿੱਜੀ ਤੌਰ 'ਤੇ ਖਰਚੇ ਪੈਸਿਆਂ ਦਾ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਸਿਹਤ ਸਹੂਲਤ ਆਪਣੇ ਦੇਸ਼ 'ਚੋਂ ਕਿਉਂ ਪ੍ਰਾਪਤ ਨਹੀਂ ਕੀਤੀ ਜਿਸ ਕਰਕੇ ਉਹ ਸਰਕਾਰੀ ਮੁਆਵਜ਼ੇ ਦੇ ਦਾਅਰੇ 'ਚੋਂ ਬਾਹਰ ਹੋ ਜਾਂਦੇ ਹਨ।

ਦੂਜੀ ਪਟਿਸਨ ਕੈਲਗਰੀ ਦੇ ਇਕ ਉਦਯੋਗਪਤੀ ਰਿਚਰਡ ਕ੍ਰੌਸ ਨੇ ਦਰਜ ਕੀਤੀ ਸੀ। ਉਨ੍ਹਾਂ ਨੇ ਵੀ ਐਰੀਜ਼ੋਨਾ ਵਿਖੇ ਆਪਣੀ ਪਿੱਠ ਦੇ ਇਲਾਜ ਲਈ 24,236 ਡਾਲਰ ਖਰਚ ਕਰਕੇ ਆਪਰੇਸ਼ਨ ਕਰਵਾਇਆ ਸੀ।

ਸਾਹਿਤਕਾਰਾਂ ਵਲੋਂ ਰਚਨਾਵਾਂ ਪੇਸ਼

ਕੈਲਗਰੀ (ਨਦਬ) ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕੌਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਹੋਈ। ਫੋਰਮ ਦੇ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਿਆ। ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਤੇ ਜਨਾਬ ਸਬ੍ਹਾ ਸ਼ੇਖ ਹੋਰਾਂ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ। ਪਿਛਲੀ ਇਕੱਤਰਤਾ ਦੀ ਰਿਪੋਰਟ ਸਭਾ ਵਲੋਂ ਪਰਵਾਨ ਕੀਤੀ ਗਈ। ਪ੍ਰੋ. ਸੰਧੂ ਨੇ ਪੰਜਾਬੀ ਗ਼ਜ਼ਲਗੋ ਅਜਾਇਬ ਚਿੱਤਰਕਾਰ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਦੇ ਸਾਹਿਤਕ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ। ਸਭਾ ਵਲੋਂ ਇਕ ਮਿੰਟ ਦਾ ਮੋਨ ਰੱਖ ਕੇ ਅਜਾਇਬ ਚਿੱਤਰਕਾਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮਗਰੋਂ ਅਜਾਇਬ ਸਿੰਘ ਸੇਖੋਂ ਨੇ ਕਹਾਣੀ 'ਬੁਢਾਪੇ ਦਾ ਸੰਤਾਪ' ਪੜ੍ਹ ਕੇ ਸੁਣਾਈ। ਸੁਰਿੰਦਰ ਸਿੰਘ ਢਿੱਲੋਂ ਨੇ ਗਾਇਕ ਮਹਿਦੀ ਹਸਨ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ। ਸਰਬਨ ਸਿੰਘ ਸੰਧੂ, ਜਸਵੀਰ ਸਿੰਘ ਸਿਹੋਤਾ, ਬੀਜਾ ਰਾਮ, ਭਗਵੰਤ ਸਿੰਘ ਰੰਧਾਵਾ, ਸੁਰਜੀਤ ਸਿੰਘ ਪੰਨੂੰ, ਅਮਰੀਕ ਸਿੰਘ ਸਰੋਆ, ਜਸਵੰਤ ਸਿੰਘ ਸੇਖੋਂ, ਜਨਾਬ ਸਬ੍ਹਾ ਸ਼ੇਖ, ਸੁਰਜੀਤ ਸਿੰਘ ਰੰਧਾਵਾ, ਮੋਹਨ ਸਿੰਘ ਮਿਨਹਾਸ, ਕੇ. ਐਨ. ਮਹਿਰੋਤਰਾ ਨੇ ਆਪਣੀਆਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਹਰਬੰਸ ਬੁੱਟਰ, ਜਰਨੈਲ ਸਿੰਘ ਤੱਗੜ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਬੀਬੀ ਗੁਰਚਰਨ ਕੌਰ ਬਿੰਦ ਨੇ ਆਪਣਾ ਕਹਾਣੀ ਸੰਗ੍ਰਹ 'ਸਾਡੇ ਪਿਪਲਾਂ ਦੀ ਠੰਢੀ-ਠੰਢੀ ਛਾਂ' ਪ੍ਰੋ. ਸੰਧੂ ਨੂੰ ਭੇਟ ਕੀਤੀ ਅਤੇ ਆਪਣੀ ਕਵਿਤਾ ਸਾਂਝੀ ਕੀਤੀ।

ਡਾ. ਮਨਮੋਹਨ ਸਿੰਘ ਬਾਠ, ਬੀਬੀ ਕਮਿਲਾ ਪ੍ਰਸਾਦ ਨੇ ਤਰੱਨੁਮ ਵਿਚ ਗੀਤ ਗਾਏ। ਜਗੀਰ ਸਿੰਘ ਘੁੰਮਣ ਨੇ ਵੀ ਸਭਾ ਦੀ ਰੌਣਕ ਵਧਾਈ। ਰਾਈਟਰਜ਼ ਫੋਰਮ ਕੈਲਗਰੀ ਦੀ ਅਗਲੀ ਇਕੱਤਰਤਾ 4 ਅਗਸਤ ਨੂੰ ਕੋਸੋ ਹਾਲ 102-3208, 8 ਐਵੇਨਿਊ ਵਿਚ ਹੋਵੇਗੀ।

"ਸਿੱਧੂ-ਬਰਾੜਾਂ ਦਾ ਨਿਕਾਸ ਅਤੇ ਵਿਕਾਸ(ਗਜਨੀ ਤੋਂ ਮਾਲਵਾ ਤੱਕ)" ਪੁਸਤਕ ਕੈਲਗਰੀ ਵਿਖੇ ਰਿਲੀਜ਼

ਪੁਸਤਕ ਨੂੰ ਰਿਲੀਜ਼ ਕਰਦਿਆਂ ਮੈਂਬਰ ਪਾਰਲੀਮੈਂਟ ਦਵਿੰਦਰ ਸ਼ੋਰੀ ਅਤੇ ਸਿੱਧੂ ਬਰਾੜ ਭਾਈਚਾਰੇ ਦੇ ਪਰਵਾਸੀ ਪੰਜਾਬੀ

ਕੈਲਗਰੀ, (ਨਦਬ) : ਗਲੋਬਲ ਪਰਵਾਸੀ ਸੀਨੀਅਰਜ਼ ਸੋਸਾਇਟੀ ਕੈਲਗਰੀ ਵਲੋਂ ਕੈਨੇਡਾ ਦਿਵਸ ਮੌਕੇ ਪੰਜਾਬੀ ਲੇਖਕ ਨਾਮਦੇਵ ਸਿੰਘ ਸਿੱਧੂ ਦੀ ਖੋਜ ਭਰਪੂਰ ਇਤਿਹਾਸਕ ਪੁਸਤਕ "ਸਿੱਧੂ -ਬਰਾੜਾਂ ਦਾ ਨਿਕਾਸ ਅਤੇ ਵਿਕਾਸ (ਗਜਨੀ ਤੋਂ ਮਾਲਵਾ ਤੱਕ)" ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਕਰਨ ਦੀ ਰਸਮ ਦਵਿੰਦਰ ਸ਼ੋਰੀ ਮੈਂਬਰ ਪਾਰਲੀਮੈਂਟ ਕੈਨੇਡਾ ਨੇ ਨਿਭਾਈ। ਸਮਾਗਮ ਦੀ ਕਾਰਵਾਈ ਦਾ ਆਰੰਭ ਦਵਿੰਦਰ ਸ਼ੋਰੀ ਮੈਂਬਰ ਪਾਰਲੀਮੈਂਟ ਦੇ ਸਹਾਇਕ ਕੈਨਟਨ ਡਿਊਕ ਵਲੋਂ ਕੈਨੇਡਾ ਰਾਸ਼ਟਰੀ ਗੀਤ "ਓ ਕੈਨੇਡਾ" ਨਾਲ ਹੋਇਆ। ਗਲੋਬਲ ਪਰਵਾਸੀ ਸੀਨੀਅਰਜ਼ ਸੋਸਾਇਟੀ ਕੈਲਗਰੀ ਦੇ ਪ੍ਰਧਾਨ ਪ੍ਰਿੰਸੀਪਲ ਸੱਤ ਪਾਲ ਕੌਸਲ ਨੇ ਸਭ ਨੂੰ ਜੀ ਆਇਆਂ ਆਖਿਆ। ਸਭਾ ਦੇ ਨੁਮਾਇੰਦੇ ਗੋਰਾ ਰਕਵੇ ਵਾਲਾ ਦੇ ਗੀਤ ਪਿੱਛੋਂ ਕੈਲਗਰੀ ਦੇ ਐਲਡਰਮੈਨ ਰੇਅ ਜੋਹਨ ਅਤੇ ਜਿੰਮ ਸਟੀਵਨਸਨ ਨੇ ਕੈਨੇਡਾ ਦਿਵਸ ਮਨਾਉਣ ਅਤੇ ਇਤਿਹਾਸਕ ਪੁਸਤਕ ਨੂੰ ਮੁਬਾਰਕਬਾਦ ਕਿਹਾ। ਦਵਿੰਦਰ ਸ਼ੋਰੀ ਨੇ ਪੁਸਤਕ ਰਿਲੀਜ਼ ਕਰਦਿਆਂ ਸਿੱਧੂ-ਬਰਾੜ ਭਾਈਚਾਰੇ ਅਤੇ ਸਮੁੱਚੇ ਪਰਵਾਸੀ ਪੰਜਾਬੀਆਂ ਨੂੰ ਵਧਾਈ ਦਿੱਤੀ। ਮਹਿੰਦਰ ਕੌਰ ਸਿੱਧੂ ਅਤੇ ਜਗਵਿੰਦਰ ਸਿੱਧੂ ਨੇ ਇਸ ਇਤਿਹਾਸਕ ਪੁਸਤਕ ਲਈ ਸਹਾਇਤਾ ਵਜੋਂ ਲੇਖਕ ਨੂੰ 50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਭੋਲਾ ਸਿੰਘ ਚੌਹਾਨ ਨੇ ਕਿਹਾ ਕਿ ਨਾਮਦੇਵ ਸਿੰਘ ਸਿੱਧੂ ਦੀ ਚੋਣ ਵਿਭਾਗ ਅਤੇ ਸੂਬੇ ਦੇ ਪ੍ਰਸ਼ਾਸਕੀ ਅਧਿਕਾਰੀਆਂ ਵਿਚ ਉੱਤਮ ਅਧਿਕਾਰੀ ਵਜੋਂ ਪਛਾਣ ਹੈ। ਪੁਸਤਕ ਦਾ ਅੰਗਰੇਜ਼ੀ ਤਰਜ਼ਮਾ ਸਰਕਾਰੀ ਕਾਲਜ ਮੁਕਤਸਰ ਦੇ ਪ੍ਰਿੰਸੀਪਲ ਪ੍ਰੋ. ਗੋਪਾਲ ਸਿੰਘ ਵਲੋਂ ਕੀਤਾ ਗਿਆ ਅਤੇ ਇਸ ਦੇ ਅਧਾਰ 'ਤੇ ਉਨ੍ਹਾਂ ਨੂੰ ਮਦੁਰਾਈ ਕਾਮਰਾਜ ਯੂਨੀਵਰਸਿਟੀ ਮਦੁਰਾਈ ਵਲੋਂ ਐਮ.ਫਿਲ ਦੀ ਡਿਗਰੀ ਪ੍ਰਦਾਨ ਕੀਤੀ ਗਈ। ਸ੍ਰੀ ਸਿੱਧੂ ਦੀ ਇੱਕ ਹੋਰ ਖੋਜ ਭਰਪੂਰ ਪੁਸਤਕ "ਮੁਕਤੇ, ਮੁਕਤੀਸਰ ਅਤੇ ਮੁਕਤਸਰ ਦੇ ਸ਼ਹੀਦ" ਦੇ ਅਧਾਰ 'ਤੇ ਸਾਲ 2005 ਵਿਚ ਉਸ ਵੇਲੇ ਦੇ ਮੁੱਖ ਮੰਤਰੀ ਵਲੋਂ ਰਾਜ ਪੱਧਰੀ ਸਮਾਗਮ ਮੁਕਤਸਰ ਵਿਖੇ ਕਰਵਾਏ ਗਏ। ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪ੍ਰੋ. ਓਮ ਪ੍ਰਕਾਸ ਗਾਸੋ ਵਲੋਂ ਪੁਸਤਕ ਦੀ ਸ਼ਲਾਘਾ ਸਬੰਧੀ ਲਿਖੇ ਆਰੰਭਿਕ ਸ਼ਬਦ ਗੋਰਾ ਰਕਵੇ ਵਾਲਾ ਨੇ ਪੜ੍ਹੇ। ਪ੍ਰੋ. ਮਨਜੀਤ ਸਿੰਘ ਸਿੱਧੂ ਅਤੇ ਡਾ. ਬਲਵਿੰਦਰ ਕੌਰ ਬਰਾੜ ਨੇ ਪੁਸਤਕ ਬਾਰੇ ਆਪਣੇ ਵਿਚਾਰ ਰੱਖੇ। ਸ੍ਰੀ ਨਾਮਦੇਵ ਸਿੰਘ ਸਿੱਧੂ ਨੇ ਬੁਲਾਰਿਆਂ ਵਲੋਂ ਉਠਾਏ ਨੁਕਤਿਆਂ ਦੇ ਜਵਾਬ ਦਿੱਤੀ। ਸਮਾਗਮ ਵਿਚ ਪਹੁੰਚੇ 1500 ਦੇ ਕਰੀਬ ਕੈਲਗਰੀ ਨਿਵਾਸੀਆਂ ਵਿਚੋਂ ਹਾਲ ਵਿਚ ਸਮਰੱਥਾ ਦੀ ਘਾਟ ਕਾਰਨ 500 ਦੇ ਕਰੀਬ ਵਿਅਕਤੀ ਹੀ ਅੰਦਰ ਜਾ ਸਕੇ। ਸਮਾਗਮ ਵਿਚ ਨਾਰਥ ਕਲਚਰਲ ਸੋਸਾਇਟੀ ਕੈਲਗਰੀ ਦੇ ਸੁਰਿੰਦਰ ਪਲਾਹਾ, ਦਸਮੇਸ਼ ਕਲਚਰਲ ਸੀਨੀਅਰਜ਼ ਸੋਸਾਇਟੀ ਵਲੋਂ ਸੁਖਦੇਵ ਸਿੰਘ ਖੈਰਾ, ਇੰਕਾ ਸੀਨੀਅਰ ਸੋਸਾਇਟੀ ਵਲੋਂ ਨੈਬ ਸਿੰਘ ਸੰਧੂ, ਰਾਇਲ ਵੋਮੈਨ ਸੋਸਾਇਟੀ ਵਲੋਂ ਗੁਰਮੀਤ ਸਰਪਾਲ, ਅਰਪਨ ਲਿਖਾਰੀ ਸਭਾ ਵਲੋਂ ਸਤਨਾਮ ਸਿੰਘ ਢਾਹ, ਪੰਜਾਬੀ ਸਾਹਿਤ ਸਭਾ ਵਲੋਂ ਜਸਵੀਰ ਸਹੋਤਾ ਮੌਜੂਦ ਸਨ। ਬਾਰ-ਬੀ-ਕਿਊ ਦਾ ਪ੍ਰਬੰਧ ਰੋਮੀ ਸਿੱਧੂ ਸਟੇਟ ਫਾਰਮ ਇੰਸੋਂ:, ਸੈਚਰੀ ਟਵੰਟੀ ਵਨ ਦੇ ਸੁੱਖ ਬਰਾੜ ਅਤੇ ਗੁਰਪ੍ਰੀਤ ਰਾਣਾ ਸਿੱਧੂ ਦੇ ਸਹਿਯੋਗ ਨਾਲ ਅਤੇ ਚਾਹ ਪਾਣੀ ਦਾ ਪ੍ਰਬੰਧ ਮਹਿੰਦਰ ਕੌਰ ਸਿੱਧੂ, ਹਰਬੰਸ ਸਿੰਘ ਸਿੱਧੂ, ਬਲਦੇਵ ਸਿੰਘ ਸਿੱਧੂ, ਦਰਸ਼ਨ ਸਿੱਧੂ, ਜਗਵਿੰਦਰ ਸਿੱਧੂ, ਗੁਰਮੇਲ ਸਿੱਧੂ, ਜਗਦੇਵ ਸਿੱਧੂ, ਬਿਕਰਮਜੀਤ ਸਿੱਧੂ, (ਸਾਰੇ ਲਹਿਰਾ ਮੁਹੱਬਤ ਨਿਵਾਸੀ) ਨੇ ਕੀਤਾ।

Emergency Service 24x7
Free Estimate with Treatment
GOLDEN ARROW PEST CONTROL INC.
CALL @ 780 462 6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ ਗੋਲਡਨ ਐਰੋ ਪੈਸਟ ਕੰਟਰੋਲ ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

ਸੁਪਰੀਮ ਕੋਰਟ ਵੱਲੋਂ ਮਿਊਜ਼ਿਕ, ਵੀਡੀਓ ਬਾਰੇ ਕਾਪੀਰਾਈਟ ਫੀਸਾਂ ਖ਼ਤਮ

ਓਟਵਾ, (ਨਦਬ)- ਸੁਪਰੀਮ ਕੋਰਟ ਆਫ ਕੈਨੇਡਾ ਨੇ ਅਹਿਮ ਫੈਸਲਾ ਸੁਣਾਉਂਦਿਆਂ ਆਖਿਆ ਹੈ ਕਿ ਇੰਟਰਨੈੱਟ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਨੂੰ ਉਸ ਸਮੇਂ ਕਾਪੀਰਾਈਟ ਫੀਸ ਨਹੀਂ ਦੇਣੀ ਹੋਵੇਗੀ ਜਦੋਂ ਉਨ੍ਹਾਂ ਦੇ ਖਪਤਕਾਰ ਸੰਗੀਤ ਡਾਊਨਲੋਡ ਜਾਂ ਉਸ ਦਾ ਪ੍ਰੀਵਿਊ ਕਰਨਗੇ। ਇਸ ਦੇ ਨਾਲ ਹੀ ਅਧਿਆਪਕਾਂ ਨੂੰ ਵੀ ਉਦੋਂ ਫੀਸ ਨਹੀਂ ਦੇਣੀ ਹੋਵੇਗੀ, ਜਦੋਂ ਉਹ ਆਪਣੇ ਵਿਦਿਆਰਥੀਆਂ ਲਈ ਕਾਪੀਰਾਈਟ ਸਮੱਗਰੀ ਦੀ ਫੋਟੋਕਾਪੀ ਕਰਨਗੇ। ਕਾਪੀਰਾਈਟ ਬੋਰਡ ਵਲੋਂ ਤੈਅ ਕੀਤੀ ਫੀਸ ਨਾਲ ਸਬੰਧਤ ਪੰਜ ਮਾਮਲਿਆਂ ਦੇ ਅਧਾਰ ਉੱਤੇ ਸੁਪਰੀਮ ਕੋਰਟ ਆਫ ਕੈਨੇਡਾ ਨੇ ਇਹ ਫੈਸਲਾ ਸੁਣਾਇਆ। ਪਿਛਲੇ ਸਾਲ ਅਦਾਲਤ ਨੇ ਇਨ੍ਹਾਂ ਪੰਜਾਂ ਮਾਮਲਿਆਂ ਉੱਤੇ ਇੱਕਠੀ ਨਜ਼ਰਸਾਨੀ ਦੀ ਗੱਲ ਆਖੀ ਸੀ ਕਿਉਂਕਿ ਇਹ ਪਾਇਆ ਗਿਆ ਸੀ ਕਿ ਸਾਰੇ ਮਾਮਲੇ ਇੱਕੋ ਜਿਹੇ ਸਿਧਾਂਤਾਂ ਉੱਤੇ ਆਧਾਰਤ ਸਨ। ਵੀਰਵਾਰ ਨੂੰ ਹਰੇਕ ਅਪੀਲ ਉੱਤੇ ਵੱਖਰੇ ਤੌਰ ਉੱਤੇ ਪ੍ਰਤੀਕਿਰਿਆ ਦੇਣ ਦਾ ਫੈਸਲਾ ਕੀਤਾ ਗਿਆ। ਇੱਕ ਫੈਸਲੇ ਵਿਚ ਅਦਾਲਤ ਨੇ ਆਖਿਆ ਕਿ ਇੰਟਰਨੈੱਟ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਉੱਤੇ ਉਦੋਂ ਕੋਈ ਫੀਸ ਨਹੀਂ ਲਗਾਈ ਜਾਵੇਗੀ, ਜਦੋਂ ਉਨ੍ਹਾਂ ਦੇ ਖਪਤਾਕਾਰਾਂ ਨੇ ਸੰਗੀਤ ਡਾਊਨਲੋਡ ਕਰਨਾ ਹੋਵੇਗਾ। ਇਸ ਮਾਮਲੇ ਵਿਚ ਕੈਨੇਡਾ ਦੇ ਕਈ ਵੱਡੇ ਆਈ.ਐਸ.ਪੀਜ਼. ਨੇ ਇਹ ਤਰਕ ਦਿੱਤਾ ਸੀ ਕਿ ਕਾਪੀਰਾਈਟ ਐਕਟ ਦੀ ਪਰਿਭਾਸ਼ਾ ਇਸ ਲਈ ਅਸਪਸ਼ਟ ਹੈ ਕਿਉਂਕਿ ਟੈਲੀਕਮਿਊਨਿਕੇਸ਼ਨ ਟੂ ਦ ਪਬਲਿਕ ਤੋਂ ਭਾਵ ਹੀ ਸਪਸ਼ਟ ਨਹੀਂ ਹੁੰਦਾ ਤੇ ਨਾ ਹੀ ਇਹ ਸਪਸ਼ਟ ਹੁੰਦਾ ਹੈ ਕਿ ਇਹ ਕਿਸ ਕਿਸ ਸੰਦਰਭ ਵਿਚ ਆਖਿਆ ਗਿਆ ਹੈ। ਇਸ ਖ਼ਿਲਾਫ਼ ਸੁਸਾਇਟੀ ਆਫ ਕੰਪੋਜ਼ਰਜ਼, ਆਥਰਜ਼ ਤੇ ਮਿਊਜ਼ਿਕ ਪਬਲਿਸ਼ਰਜ਼ ਆਫ ਕੈਨੇਡਾ ਵਲੋਂ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਗਈ। ਪਰ ਸੁਪਰੀਮ ਕੋਰਟ ਨੇ ਵੀ ਇਹੋ ਆਖਿਆ ਹੈ ਕਿ ਪ੍ਰੀਵਿਊ ਕਾਪੀਰਾਈਟ ਨਿਯਮਾਂ ਦੀ ਉਲੰਘਣਾ ਨਹੀਂ ਹੈ।

ਪੋਸਟਮੀਡੀਆ ਗਰੁੱਪ ਦਾ ਘਾਟਾ 12 ਮਿਲੀਅਨ ਤਕ ਜਾ ਪੁੱਜਾ

ਕੈਲਗਰੀ (ਨਦਬ)- ਪੋਸਟਮੀਡੀਆ ਗਰੁੱਪ ਨੂੰ ਪੈਣ ਵਾਲਾ ਘਾਟਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। ਗਰੁੱਪ ਨੂੰ ਜਿੱਥੇ 2011 ਵਿਚ ਦੂਜੀ ਤਿਮਾਹੀ ਵਿਚ 2.7 ਮਿਲੀਅਨ ਡਾਲਰ ਦਾ ਘਾਟਾ ਪਿਆ ਸੀ, ਉੱਥੇ ਹੀ ਇਸ ਸਾਲ ਦੂਜੀ ਤਿਮਾਹੀ ਦੌਰਾਨ ਇਹ ਘਾਟਾ ਵੱਧ ਕੇ 12.1 ਮਿਲੀਅਨ ਡਾਲਰ ਹੋ ਗਿਆ ਹੈ। ਮੀਡੀਆ ਕੰਪਨੀ ਨੇ ਇਹ ਐਲਾਨ ਵੀ ਕੀਤਾ ਹੈ ਕਿ ਉਸ ਵਲੋਂ ਤਿੰਨ ਸਾਲਾਂ ਦੇ ਅਰਸੇ ਦੌਰਾਨ 15 ਤੋਂ 20 ਫੀ ਸਦੀ ਦੇ ਹਿਸਾਬ ਨਾਲ ਆਪਰੇਟਿੰਗ ਲਾਗਤ ਵਿਚ ਵੀ ਕਟੌਤੀ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੰਪਨੀ 28 ਮਈ ਨੂੰ ਆਪਣੇ ਕਾਮਿਆਂ ਦੀ ਛਾਂਟੀ ਦਾ ਐਲਾਨ ਵੀ ਕਰ ਚੁੱਕੀ ਹੈ। ਇਸ ਤੋਂ ਇਲਾਵਾ ਇਸ ਗਰੁੱਪ ਦੇ ਤਿੰਨ ਵੱਡੇ ਅਖਬਾਰਾਂ, ਜਿਨ੍ਹਾਂ ਵਿਚ ਐਡਮਿੰਟਨ ਜਰਨਲ, ਕੈਲਗਰੀ ਹੈਰਾਲਡ ਤੇ ਓਟਵਾ ਸਿਟੀਜ਼ਨ ਸ਼ਾਮਲ ਹਨ, ਦੇ ਐਤਵਾਰੀ ਅੰਕਾਂ ਨੂੰ ਨਾ ਪ੍ਰਕਾਸ਼ਤ ਕਰਨ ਦੀ ਯੋਜਨਾ ਉੱਤੇ ਵੀ ਕੰਮ ਕੀਤਾ ਜਾ ਰਿਹਾ ਹੈ। ਬੀਤੇ ਦਿਨੀਂ ਕੰਪਨੀ ਵਲੋਂ ਇਹ ਆਖਿਆ ਗਿਆ ਕਿ ਇਸ ਤਰ੍ਹਾਂ ਦੀਆਂ ਤੇ ਬਚਤ ਸਬੰਧੀ ਹੋਰ ਯੋਜਨਾਵਾਂ ਇਸ ਸਾਲ ਦੇ ਅੰਤ ਤਕ ਤੇ 2013 ਦੇ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ ਤਕ ਅਮਲ ਵਿਚ ਲਿਆਂਦੀਆਂ ਜਾਣਗੀਆਂ। ਇਸ ਨਾਲ ਕੰਪਨੀ ਨੂੰ ਸਾਲ ਵਿਚ 35 ਮਿਲੀਅਨ ਤੋਂ 40 ਮਿਲੀਅਨ ਤਕ ਬਚਤ ਹੋਣ ਦੀ ਆਸ ਹੈ। ਪੋਸਟਮੀਡੀਆ ਦਾ ਕਹਿਣਾ ਹੈ ਕਿ 31 ਮਈ ਨੂੰ ਮੁੱਕੀ ਤਿਮਾਹੀ ਵਿਚ ਆਪਰੇਟਿੰਗ ਆਮਦਨ 23 ਮਿਲੀਅਨ ਡਾਲਰ ਤੋਂ ਘੱਟ ਕੇ 4.1 ਮਿਲੀਅਨ ਡਾਲਰ ਰਹਿ ਗਈ। ਇਹ ਸਭ ਮੁੜ ਉਸਾਰੀ ਉੱਤੇ ਆਉਣ ਵਾਲੇ ਖਰਚੇ ਤੇ ਆਮਦਨ ਘਟਨ ਕਾਰਨ ਹੋਇਆ ਹੈ। ਪ੍ਰਕਾਸ਼ਤ ਇਸ਼ਤਿਹਾਰਾਂ ਰਾਹੀਂ ਹੋਣ ਵਾਲੀ ਆਮਦਨ 10 ਫੀ ਸਦੀ ਘੱਟ ਕੇ 14.5 ਮਿਲੀਅਨ ਡਾਲਰ ਰਹਿ ਗਈ ਹੈ। ਅਖ਼ਬਾਰ ਦੀ ਸਰਕੂਲੇਸ਼ਨ ਤੋਂ ਹੋਣ ਵਾਲੀ ਆਮਦਨ ਵੀ 5.1 ਫੀ ਸਦੀ ਘੱਟ ਕੇ 2.8 ਮਿਲੀਅਨ ਡਾਲਰ ਰਹਿ ਗਈ ਹੈ ਜਦਕਿ ਆਨਲਾਈਨ ਆਮਦਨ ਵਿਚ 6.8 ਫੀ ਸਦੀ ਵਾਧਾ ਰਿਕਾਰਡ ਕੀਤਾ ਗਿਆ ਹੈ ਤੇ ਇਹ 1.5 ਮਿਲੀਅਨ ਤਕ ਅੱਪੜ ਗਈ ਹੈ।

ਬਰੈਂਪਟਨ ਦੇ ਸਿੱਖ ਐਲੀਮੈਂਟਰੀ ਸਕੂਲ ਦੀਆਂ ਕੰਧਾਂ 'ਤੇ ਨਸਲੀਆਂ ਵਲੋਂ ਹਮਲਾ

ਬਰੈਂਪਟਨ, (ਨਦਬ)- ਰਿਪਸੋਧਕ ਸਿੰਘ ਗਰੇਵਾਲ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਕੁੱਝ ਹੁੱਲੜਬਾਜ਼ਾਂ ਨੇ ਬਰੈਂਪਟਨ ਦੇ ਸਿੱਖ ਐਲੀਮੈਂਟਰੀ ਸਕੂਲ ਦੀਆਂ ਕੰਧਾਂ ਉੱਤੇ ਸਵਾਸਤਿਕ ਦੇ ਨਿਸ਼ਾਨ ਕਿਉਂ ਬਣਾਏ ਹਨ ਤੇ ਕੇ.ਕੇ.ਕੇ. ਕਿਉਂ ਲਿਖਿਆ ਹੈ। ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਬਰੈਂਪਟਨ ਦੀ ਆਬੋ ਹਵਾ ਵਿਚ ਕੋਈ ਫ਼ਰਕ ਤਾਂ ਜ਼ਰੂਰ ਪਿਆ ਹੈ, ਜਿਹੜਾ ਪਿਛਲੇ ਮਹੀਨਿਆਂ ਵਿਚ ਦੋ ਨਸਲੀ ਘਟਨਾਵਾਂ ਇੱਥੇ ਵਾਪਰ ਚੁੱਕੀਆਂ ਹਨ। ਉਨ੍ਹਾਂ ਆਖਿਆ ਕਿ ਇਹ ਯਕੀਨ ਕਰਨਾ ਔਖਾ ਹੋਇਆ ਪਿਆ ਹੈ ਕਿ ਇਹ ਸਭ 21ਵੀਂ ਸਦੀ ਵਿਚ ਹੋ ਰਿਹਾ ਹੈ। ਇਹ ਸਮਝ ਨਹੀਂ ਆ ਰਿਹਾ ਕਿ ਨਿੱਕੇ ਬੱਚਿਆਂ ਨੂੰ ਪੜ੍ਹਾਉਂਦੇ ਸਮੇਂ ਕੀ ਸਮਝਾਉਣਾ ਰਹਿ ਜਾਂਦਾ ਹੈ। ਗਰੇਵਾਲ, ਖਾਲਸਾ ਕਮਿਊਨਿਟੀ ਸਕੂਲ, ਜੋ ਕਿ ਪ੍ਰੋਵਿੰਸ ਦਾ ਸਭ ਤੋਂ ਵੱਡਾ ਪ੍ਰਾਈਵੇਟ ਸਿੱਖ ਐਲੀਮੈਂਟਰੀ ਸਕੂਲ ਹੈ, ਦੇ ਪ੍ਰਿੰਸੀਪਲ ਹਨ। ਗੁਆਂਢੀਆਂ ਵਲੋਂ ਪੁਲਿਸ ਨੂੰ ਇਸ ਬਾਰੇ ਰਿਪੋਰਟ ਕੀਤੀ ਗਈ ਸੀ। ਸਕਿਊਰਿਟੀ ਵੀਡੀਓ ਵਿਚ ਤਿੰਨ ਲੜਕੇ, ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ, ਜਿਮਨੇਜ਼ੀਅਮ ਵਾਲ ਦੇ ਪਿਛਲੇ ਪਾਸੇ ਇਹ ਸਭ ਸਪਰੇਅ ਪੇਂਟਿੰਗ ਕਰ ਰਹੇ ਸਨ। ਕੈਨੇਡਾ ਵਿਚ ਬਰੈਂਪਟਨ ਹੀ ਅਜਿਹੀ ਥਾਂ ਹੈ, ਜਿੱਥੇ ਸਾਊਥ ਏਸ਼ਿਆਈ ਭਾਈਚਾਰਾ ਸਭ ਤੋਂ ਵੱਡੀ ਗਿਣਤੀ ਵਿਚ ਵੱਸਿਆ ਹੋਇਆ ਹੈ। ਇੱਥੇ ਸਾਊਥ ਏਸ਼ਿਆਈ ਭਾਈਚਾਰੇ ਦੀ ਆਬਾਦੀ 31.7 ਫੀ ਸਦੀ ਹੈ। ਇਹ ਘਟਨਾ ਅਜਿਹੀ ਘਟਨਾ ਤੋਂ ਕੁੱਝ ਮਹੀਨੇ ਬਾਅਦ ਹੀ ਵਾਪਰੀ ਹੈ ਜਿਸ ਵਿਚ ਯੂ ਟਿਊਬ ਉੱਤੇ ਪਾਏ ਇੱਕ ਨਸਲੀ ਵੀਡੀਓ ਵਿਚ 16 ਸਾਲਾ ਬਰੈਂਪਟਨ ਲੜਕੀ ਪੱਗਾਂ ਨੂੰ ਅਤਿਵਾਦੀਆਂ ਨਾਲ ਜੋੜਦੀ ਵਿਖਾਇਆ ਗਿਆ ਹੈ ਤੇ ਉਹ ਇਹ ਸ਼ਿਕਾਇਤ ਵੀ ਕਰ ਰਹੀ ਹੈ ਕਿ ਉਸ ਦਾ ਸਾਰਾ ਸਕੂਲ ਹੀ ਭੂਰੀ ਨਸਲ ਵਾਲਿਆਂ ਦਾ ਹੈ। ਖਾਲਸਾ ਸਕੂਲ ਨੂੰ ਪਿਛਲੇ ਮਹੀਨੇ ਜੂਨ ਵਿਚ ਹੀ ਮਾਲਟਨ ਦੀ ਸਿੱਖ ਭਾਈਚਾਰੇ ਦੀ ਬਹੁਤਾਤ ਵਾਲੇ ਇਲਾਕੇ ਵਿਚੋਂ ਬਰੈਂਪਟਨ ਦੇ ਰਲਵੇਂ ਮਿਲਵੇਂ ਭਾਈਚਾਰੇ ਵਿਚ ਪੁਰਾਣੇ ਕੈਥੋਲਿਕ ਸਕੂਲ ਦੀ ਇਮਾਰਤ, ਜੋ ਕਿ ਹੁਣ ਖਾਲਸਾ ਸਕੂਲ ਵਲੋਂ ਖਰੀਦੀ ਜਾ ਚੁੱਕੀ ਹੈ, ਵਿਚ ਤਬਦੀਲ ਕੀਤਾ ਗਿਆ ਸੀ। ਜ਼ਾਹਰਾ ਤੌਰ ਉੱਤੇ ਇਹ ਪਹਿਲਾ ਨਸਲੀ ਹਮਲਾ ਮੰਨਿਆ ਜਾ ਰਿਹਾ ਹੈ। ਸਕੂਲ ਇਸ ਇਲਾਕੇ ਵਿਚ ਬਦਲੀ ਕੀਤੇ ਜਾਣ ਮਗਰੋਂ ਪਹਿਲੀ ਵਾਰੀ ਕੁੱਝ ਸਿਰਫਿਰਿਆਂ ਨੇ ਸਕੂਲ ਬੱਸ ਦੀਆਂ ਖਿੜਕੀਆਂ ਦੇ ਸ਼ੀਸ਼ੇ ਤੋੜ ਦਿੱਤੇ ਸਨ, ਜਿਸ ਕਾਰਨ ਗਰੇਵਾਲ ਨੂੰ ਸਕਿਊਰਿਟੀ ਕੈਮਰੇ ਲਵਾਉਣੇ ਪਏ ਸਨ। ਪੀਲ ਰੀਜ਼ਨਲ ਪੁਲਿਸ ਦੇ ਬੁਲਾਰੇ ਪੀਟਰ ਬਰੈਂਡਵੁੱਡ ਨੇ ਆਖਿਆ ਕਿ ਪੁਲਿਸ ਅਜੇ ਕਿਸੇ ਉੱਤੇ ਸ਼ੱਕ ਨਹੀਂ ਕਰ ਰਹੀ ਪਰ ਇਲਾਕੇ ਵਿਚ ਪੁਲਿਸ ਵਲੋਂ ਗਸ਼ਤ ਵਧਾ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ ਅਸੀਂ ਨਫ਼ਰਤ ਤੋਂ ਉਪਜਣ ਵਾਲੇ ਜੁਰਮ ਨਾਲ ਨਜਿੱਠਣ ਨੂੰ ਹਮੇਸ਼ਾਂ ਅਹਿਮੀਅਤ ਦਿੰਦੇ ਹਾਂ। 2010 ਵਿਚ ਇਸ ਇਲਾਕੇ ਵਿਚ ਹੇਟ ਕ੍ਰਾਈਮ ਦੇ 76 ਮਾਮਲੇ ਸਾਹਮਣੇ ਆਏ ਸਨ ਜੋ ਕਿ 2009 ਵਿਚ ਸਾਹਮਣੇ ਆਏ 95 ਮਾਮਲਿਆਂ ਨਾਲੋਂ ਘੱਟ ਸਨ। ਇਸੇ ਦੌਰਾਨ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵਲੋਂ ਖਾਲਸਾ ਸਕੂਲ ਵਿਚ ਵਾਪਰੀ ਇਸ ਘਟਨਾ ਦੀ ਨਿਖੇਧੀ ਕੀਤੀ ਗਈ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਦੇ ਕਾਰਜਕਾਰੀ ਐਗਜ਼ੈਕਟਿਵ ਡਾਇਰੈਕਟਰ ਬਲਪ੍ਰੀਤ ਸਿੰਘ ਨੇ ਆਖਿਆ ਕਿ ਇਸ ਤਰ੍ਹਾਂ ਕੰਧ ਚਿੱਤਰਾਂ ਰਾਹੀਂ ਸਿੱਖਾਂ ਦੀਆਂ ਭਾਵਨਾਂਵਾਂ ਉੱਤੇ ਹਮਲਾ ਕਰਨਾ ਕੋਈ ਨਵੀਂ ਗੱਲ ਨਹੀਂ ਹੈ। ਉਨ੍ਹਾਂ ਆਖਿਆ ਕਿ ਦੇਸ਼ ਭਰ ਵਿਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਤੋਂ ਅਸੀਂ ਕਾਫੀ ਚਿੰਤਤ ਹਾਂ। ਮੌਂਟਰੀਅਲ ਦੇ ਇੱਕ ਗੁਰਦੁਆਰੇ ਦੀ ਕੰਧ ਉੱਤੇ ਦਸੰਬਰ ਵਿਚ ਭਾਰਤੀਆਂ ਲਈ ਬਹੁਤ ਹੀ ਮੰਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਸੀ। ਅਪਰੈਲ ਵਿਚ ਵੀ ਹੁੱਲੜਬਾਜ਼ਾਂ ਨੇ ਸਰ੍ਹੀ, ਬੀ.ਸੀ. ਵਿਚ ਵਿਸਾਖੀ ਪਰੇਡ ਦੇ ਪੋਸਟਰਾਂ ਉੱਤੇ ਅਤਿਵਾਦੀ ਲਿਖ ਦਿੱਤਾ ਸੀ। ਡਬਲਿਊ.ਐਸ.ਓ. ਓਨਟਾਰੀਓ ਦੇ ਵਾਈਸ ਪ੍ਰੈਜ਼ੀਡੈਂਟ ਰਣਜੀਤ ਸਿੰਘ ਦੁਲੇ ਨੇ ਆਖਿਆ ਕਿ ਕੈਨੇਡਾ ਵਿਚ ਸਿੱਖ ਪਿਛਲੇ 100 ਸਾਲਾਂ ਤੋਂ ਰਹਿ ਰਹੇ ਹਨ ਤੇ ਪੀਲ ਇਲਾਕੇ ਦਾ ਤਾਂ ਇਹ ਅਨਿੱਖੜਵਾਂ ਅੰਗ ਬਣ ਚੁੱਕੇ ਹਨ। ਬੜੇ ਅਫਸੋਸ ਦੀ ਗੱਲ ਹੈ ਕਿ ਇਹ ਸਭ ਕੁੱਝ ਅੱਜ ਦੇ ਜ਼ਮਾਨੇ ਵਿਚ ਵਾਪਰ ਰਿਹਾ ਹੈ। ਡਬਲਿਊ.ਐਸ.ਓ. ਨੇ ਇਸ ਮਾਮਲੇ ਨੂੰ ਹੇਟ ਕ੍ਰਾਈਮ ਮੰਨ ਕੇ ਇਸ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪਰਮਿੰਦਰ ਸੇਖੋਂ ਦੇ ਦੋ ਬੱਚੇ ਖਾਲਸਾ ਸਕੂਲ ਵਿਚ ਪੜ੍ਹਦੇ ਹਨ। ਉਨ੍ਹਾਂ ਆਖਿਆ ਕਿ ਟੀਨੇਜਰਜ਼ ਵਲੋਂ ਉਨ੍ਹਾਂ ਨੇ ਸ਼ਾਇਦ ਹੀ ਕਦੇ ਇਸ ਤਰ੍ਹਾਂ ਦੀਆਂ ਨਸਲੀ ਟਿੱਪਣੀਆਂ ਸੁਣੀਆਂ ਹੋਣ।

ਉਨ੍ਹਾਂ ਆਖਿਆ ਕਿ ਇੱਥੋਂ ਦਾ ਗੁਆਂਢ ਬਹੁਤ ਚੰਗਾ ਹੈ ਤੇ ਸੁਰੱਖਿਅਤ ਵੀ ਹੈ। ਉਨ੍ਹਾਂ ਆਖਿਆ ਕਿ ਕੁੱਝ ਕੁ ਮੂੜਮੱਤ ਵਾਲੇ ਨੌਜਵਾਨਾਂ ਨੂੰ ਹੀ ਇਸ ਤਰ੍ਹਾਂ ਦੀ ਸਮੱਸਿਆ ਹੈ। ਪਰ ਜੇ ਕਦੇ ਉਨ੍ਹਾਂ ਨਾਲ ਵੀ ਟਾਕਰਾ ਹੁੰਦਾ ਹੈ ਤਾਂ ਉਹ ਉਨ੍ਹਾਂ ਲਈ ਸਜ਼ਾ ਦੀ ਮੰਗ ਨਹੀਂ ਕਰਨਗੇ ਸਗੋਂ ਉਨ੍ਹਾਂ ਨੂੰ ਤਾਂ ਕਾਊਂਸਲਿੰਗ ਦੀ ਲੋੜ ਹੈ।

ਟੋਰਾਂਟੋ ਇਲਾਕੇ 'ਚ ਡੇਂਗੂ ਮੱਛਰ

ਟੋਰਾਂਟੋ (ਨਦਬ)-ਕੈਨੇਡਾ ਦੇ ਓਨਟਾਰੀਓ ਸੂਬੇ ਵਿਚ ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਪੀਲ ਖੇਤਰ ਵਿਚ ਸਿਹਤ ਦੇ ਮਾਹਰਾਂ ਦਾ ਕਹਿਣਾ ਹੈ ਕਿ ਮਿਸੀਸਾਗਾ ਅਤੇ ਬਰੈਂਪਟਨ ਸ਼ਹਿਰਾਂ ਅੰਦਰ ਵੈਸਟ ਨਾਇਲ ਭਾਵ ਡੇਂਗੂ ਦੇ ਵਾਇਰਸ ਵਾਲਾ ਮੱਛਰ ਮੌਜੂਦ ਹੈ। ਬਰੈਂਪਟਨ 'ਚ ਹਾਈਵੇ 407 ਅਤੇ ਹੁਰਨਓਂਟੇਰੀਓ ਲਾਗੇ ਇਹ ਮੱਛਰ ਜ਼ਿਆਦਾ ਹੈ। ਮਿਸੀਸਾਗਾ ਵਿਚ ਬਰਿਸਟਲ ਰੋਡ ਅਤੇ ਮਕਲੌਗਲਿਨ ਰੋਡ ਏਰੀਆ ਵਿਚ ਜ਼ਿਆਦਾ ਮੱਛਰ ਪਾਇਆ ਗਿਆ ਹੈ। ਟੋਰਾਂਟੋ, ਓਕਵਿਲ ਅਤੇ ਮਿਲਟਨ ਵਿਚ ਵੀ ਡੇਂਗੂ ਵਾਲਾ ਮੱਛਰ ਮਿਲਿਆ ਹੈ। ਮਾਹਰਾਂ ਅਨੁਸਾਰ ਡੇਂਗੂ ਤੋਂ ਬਚਣ ਲਈ ਘਰਾਂ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਕਿਉਂਕਿ ਡੇਂਗੂ ਵਾਲਾ ਮੱਛਰ ਸਿੱਲ੍ਹੀਆਂ ਪਰ ਸਾਫ ਥਾਵਾਂ 'ਤੇ ਵਿਚਰਨ ਦਾ ਆਦੀ ਹੁੰਦਾ ਹੈ। ਡੇਂਗੂ ਹੋਣ ਨਾਲ ਬੁਖਾਰ ਅਤੇ ਤਿੱਖਾ ਸਿਰ ਦਰਦ ਹੁੰਦਾ ਹੈ ਜਿਸ ਦਾ ਸਮੇਂ ਸਿਰ ਪਤਾ ਨਾ ਲੱਗਣ 'ਤੇ ਅਕਸਰ ਮਰੀਜ਼ ਦੀ ਮੌਤ ਵੀ ਹੋ ਜਾਂਦੀ ਹੈ।

Naresh Bhardwaj, MLA Edmonton Ellerslie
Chair, Capital Region Caucus

Help create Alberta's Social Policy Framework

I invite my constituents, and all Albertans, to share your ideas about how social policy can achieve better outcomes for Alberta's children, families, individuals and communities. Through the *Speak Share Thrive* interactive public engagement, your input will help create a social policy framework to guide the future of Alberta's social policies and programs.

The framework will support the ongoing work of individuals, communities, business groups, government, non-profit and voluntary sectors that help ensure all Albertans, regardless of their circumstances, have the opportunity to participate fully in Alberta's economy, communities and cultural life. It will also provide the foundation to achieve the Premier's commitment to eliminate child poverty and reduce overall poverty in Alberta.

Click on the **Social Policy Framework** link on my website to join this important conversation: type your ideas in the wiki, take the survey, or respond to a blog. The site also includes a discussion toolkit that helps individuals to hold a community discussion.

For our society and economy to thrive – every child must have the chance to grow up in a nurturing home and vibrant community, and all Albertans must have opportunity to live in dignity and contribute to our province's success. Your ideas will help create positive change in Alberta, and shape an even brighter future for our children and grandchildren.

For information about programs and services, help with other levels of government and free notary, please visit my website
www.nareshbhardwaj.com
or call my office at 780-414-2000. Find me on Facebook and Twitter

Always there for you.

WISHING YOU A HAPPY INDEPENDENCE DAY!

As the elected representative for Edmonton-Ellerslie, I am always happy to receive input from my constituents. If you have any feedback about these or other government activities, please contact my constituency office at (780) 414-2000 or by email at edmonton.ellerslie@assembly.ab.ca

ਸਫ਼ਾ ਇਕ ਦੀ ਬਾਕੀ

ਅਮਰੀਕਾ ਦੇ ਗੁਰੂਘਰ 'ਤੇ ਹਮਲਾ...

ਓਬਾਮਾ ਨੇ ਕੀਤੀ ਉਚ ਪੱਧਰੀ ਸਮੀਖਿਆ : ਰਾਸ਼ਟਰਪਤੀ ਬਰਾਕ ਓਬਾਮਾ ਨੇ ਉਚ ਪੱਧਰੀ ਬੈਠਕ ਵਿਚ ਸਥਿਤੀ ਦੀ ਸਮੀਖਿਆ ਕੀਤੀ। ਉਸ ਦੇ ਨਾਲ ਐਫ.ਬੀ.ਆਈ ਡਾਇਰੈਕਟਰ ਰਾਬਰਟ ਮੁਲਰ, ਚੀਫ ਆਫ ਸਟਾਫ ਚੈਕ ਲਿਊ ਅਤੇ ਅੰਦਰੂਨੀ ਸੁਰੱਖਿਆ ਸਲਾਹਕਾਰ ਜਾਨ ਬ੍ਰੇਨਨ ਮੌਜੂਦ ਸਨ। ਅਮਰੀਕੀ ਅਧਿਕਾਰੀਆਂ ਨੇ ਘਟਨਾ ਦੀ ਨਿਖੇਧੀ ਕੀਤੀ ਅਤੇ ਜ਼ਰੂਰੀ ਕਾਰਵਾਈ ਦਾ ਭਰੋਸਾ ਦਿਵਾਇਆ।

ਘਟਨਾ ਅਮਰੀਕੀ ਨੀਤੀ ਦੇ ਖਿਲਾਫ਼ : ਕ੍ਰਿਸ਼ਨਾ : ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਇਸ ਘਟਨਾ ਨੂੰ ਅਮਰੀਕੀ ਨੀਤੀ ਖਿਲਾਫ਼ ਦੱਸਿਆ ਹੈ। ਉਨ੍ਹਾਂ ਨੇ ਸਖਤ ਸ਼ਬਦਾਂ ਵਿਚ ਇਸ ਦੀ ਨਿਖੇਧੀ ਕੀਤੀ ਹੈ। ਅਮਰੀਕਾ ਵਿਚ ਖੁੱਲ੍ਹੇਆਮ ਗੋਲੀਬਾਰੀ ਦੀਆਂ ਵਧਦੀਆਂ ਘਟਨਾਵਾਂ 'ਤੇ ਉਨ੍ਹਾਂ ਨੇ ਕਿਹਾ ਕਿ ਉਥੋਂ ਦੇ ਪ੍ਰਸ਼ਾਸਨ ਨੂੰ ਇਨ੍ਹਾਂ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ।

ਹਮਲਾਵਰ ਦੀ ਬਾਂਹ 'ਤੇ 9/11 ਦਾ ਟੈਟੂ

ਅਮਰੀਕਾ ਵਿਚ ਗੁਰਦੁਆਰੇ 'ਤੇ ਹਮਲਾ ਕਰਨ ਵਾਲਾ ਗੋਰਿਆਂ ਨੂੰ ਮਹਾਨ ਮੰਨਦਾ ਸੀ। ਇਸ ਲਈ ਉਸ ਨੇ ਹਮਲਾ ਕੀਤਾ। ਇਸ ਲਈ ਉਸ ਨੇ ਹਮਲਾ ਕੀਤਾ। ਉਹ ਅਮਰੀਕੀ ਸੈਨਿਕ ਰਹਿ ਚੁੱਕਾ ਸੀ। 40 ਸਾਲ ਦੇ ਉਸ ਵਿਅਕਤੀ ਦਾ ਨਾਮ ਵੈਡ ਮਾਈਕਲ ਪੇਜ ਦੱਸਿਆ ਜਾ ਰਿਹਾ ਹੈ। ਏ.ਬੀ.ਸੀ ਨਿਊਜ਼ ਅਤੇ ਲਾਸ ਐਂਜਲਿਸ ਟਾਈਮਜ਼ ਦੀਆਂ ਖ਼ਬਰਾਂ ਅਨੁਸਾਰ ਪੇਜ ਦੀ ਬਾਂਹ 'ਤੇ 9/11 ਦਾ ਟੈਟੂ ਸੀ। ਫੌਜ ਵਿਚ ਉਸ ਦੀ ਪੋਸਟਿੰਗ ਨਾਰਥ ਕੈਰੋਲੀਨਾ ਵਿਚ ਹੋਇਆ ਕਰਦੀ ਸੀ।

ਅਮਰੀਕੀ ਮੀਡੀਆ ਨੇ ਦਿੱਤਾ 'ਰੀਅਲ ਹੀਰੋ' ਦਾ ਦਰਜਾ

ਸਿਆਟਲ : ਕੱਲ੍ਹ ਇੱਥੇ ਹੋਏ ਮਿਲਵਾਕੀ ਗੁਰਦਵਾਰਾ ਸਾਹਿਬ ਵਿਖੇ ਗੋਲੀ ਕਾਂਡ ਦੌਰਾਨ ਹੋਈਆਂ ਮੌਤਾਂ ਵਿਚ ਗੁਰੂ ਘਰ ਦੇ ਪ੍ਰਧਾਨ ਸ: ਸਤਵੰਤ ਸਿੰਘ ਕਾਲੇਕੇ ਦੇ ਨਾਂਅ ਦੀ ਵੀ ਪੁਸ਼ਟੀ ਕਰ ਦਿੱਤੀ ਹੈ, ਜੋ ਕਿ ਕੈਬਨਿਟ ਮੰਤਰੀ ਸ: ਸੁਰਜੀਤ ਸਿੰਘ ਰੱਖੜਾ ਦੇ ਸਕੇ ਸਾਲਾ ਸਾਹਿਬ ਸਨ। ਪੁਲਿਸ ਮੁਤਾਬਕ ਉਨ੍ਹਾਂ ਦੀ ਮੌਤ ਸਿਰ ਵਿਚ ਗੋਲੀ ਲੱਗਣ ਕਰਕੇ ਹੋਈ ਹੈ, ਕਿਉਂਕਿ ਉਨ੍ਹਾਂ ਨੇ ਬਹੁਤ ਹੀ ਦਲੇਰੀ ਕਰਕੇ ਕਾਤਲ ਨੂੰ ਆਪਣੇ ਜੱਫੇ ਵਿਚ ਲੈ ਲਿਆ ਸੀ, ਪਰ ਅਚਾਨਕ ਕਾਤਲ ਉਨ੍ਹਾਂ ਦੇ ਜੱਫੇ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਗਿਆ ਅਤੇ ਜਾਂਦਾ-ਜਾਂਦਾ ਉਨ੍ਹਾਂ ਦੇ ਸਿਰ ਵਿਚ ਗੋਲੀ ਮਾਰ ਗਿਆ। ਪਰ ਉਨ੍ਹਾਂ ਦੇ ਇਸ ਦਲੇਰਾਨਾ ਕਦਮ ਸਦਕਾ ਹੋਰ ਕਈਆਂ ਦੀ ਜਾਨਾਂ ਬਚ ਗਈਆਂ, ਕਿਉਂਕਿ ਕਾਤਲ ਘਬਰਾ ਕੇ ਬਾਹਰ ਦੌੜ ਗਿਆ, ਜਿਥੇ ਉਸ ਨੇ ਦੋ ਹੋਰ ਵਿਅਕਤੀਆ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਸ: ਸਤਵੰਤ ਸਿੰਘ ਕਾਲੇਕੇ ਨੂੰ ਅਮਰੀਕਨ ਮੀਡੀਏ ਨੇ ਆਪਣੇ ਸਮਾਚਾਰ ਬੁਲਿਟਨ ਦੌਰਾਨ ਰੀਅਲ ਹੀਰੋ ਦਾ ਦਰਜਾ ਦਿੱਤਾ ਹੈ। ਪੰਜਾਬ ਦੇ ਕੈਬਨਿਟ ਮੰਤਰੀ ਸ: ਸੁਰਜੀਤ ਸਿੰਘ ਰੱਖੜਾ ਦਾ ਵੀ ਇਸ ਗੁਰੂ ਘਰ ਆਉਣ ਦਾ ਪ੍ਰੋਗਰਾਮ ਸੀ । ਪਰ ਉਹ ਆਪਣੇ ਕਿਸੇ ਰਿਸ਼ਤੇਦਾਰ ਦੇ ਸਮਾਗਮ 'ਤੇ ਮਿਲਵਾਕੀ ਦੇ ਦੂਸਰੇ ਗੁਰੂ ਘਰ ਵਿਖੇ ਚਲੇ ਗਏ, ਜਿੱਥੇ ਉਨ੍ਹਾਂ ਨੂੰ ਕੁਝ ਜ਼ਿਆਦਾ ਸਮਾ ਲੱਗ ਗਿਆ ਅਤੇ ਇਸ ਗੁਰੂ ਘਰ ਆਉਣ ਵਿਚ ਦੇਰ ਹੋ ਗਈ। ਕੈਬਨਿਟ ਮੰਤਰੀ ਸ: ਸੁਰਜੀਤ ਸਿੰਘ ਰੱਖੜਾ ਆਪਣੇ ਵੱਡੇ ਭਰਾ ਸ: ਦਰਸ਼ਨ ਸਿੰਘ ਧਾਲੀਵਾਲ ਦੀ ਬੇਟੀ ਦੇ ਵਿਆਹ ਦੇ ਸਬੰਧ ਵਿਚ ਅੱਜਕੱਲ੍ਹ ਅਮਰੀਕਾ ਆਏ ਹੋਏ ਹਨ।



ਅਮਰੀਕੀ ਗੁਰਦਵਾਰੇ 'ਚ ਹੋਏ ਹਮਲੇ ਦੀ ਨਿਖੇਧੀ
ਸਿੱਖ ਭਾਈਚਾਰੇ ਨੂੰ ਇਸ ਹਮਲੇ ਪ੍ਰਤੀ ਨਾਂਹ ਪੱਖੀ ਸੋਚ ਤੋਂ ਗੁਰੇਜ਼ ਕਰਨ ਦੀ ਅਪੀਲ

ਸਾਂਝੀ ਕਮੇਟੀ ਦੇ ਸਕੱਤਰ ਪਾਲ ਸਿੰਘ ਪੂਰੇਵਾਲ ਨੇ ਕਿਹਾ ਕਿ 'ਹੇਟ ਗਰੁਪ' ਦੇ ਇਕ ਹਮਲਾਵਰ ਵਲੋਂ ਗੁਰਦਵਾਰੇ 'ਚ ਕੀਤੀ ਅੰਨ੍ਹੇਵਾਹ ਗੋਲੀਬਾਰੀ ਕਾਰਨ 6 ਮਾਸੂਮ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਜਦੋਂ ਕਿ ਕੁਝ ਪੁਲਿਸ ਅਧਿਕਾਰੀਆਂ ਸਮੇਤ ਕਈ ਹੋਰ ਜ਼ਖ਼ਮੀ ਹੋ ਗਏ। ਬਿਆਨ 'ਚ ਕਿਹਾ ਗਿਆ ਕਿ ਇਸ ਮੰਦਭਾਗੇ ਹਾਦਸੇ ਦੇ ਦਰਦ ਨੂੰ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਹਾਦਸੇ 'ਚ ਮਰਨ ਵਾਲਿਆਂ ਦੇ ਪਰਿਵਾਰਾਂ ਅਤੇ ਜ਼ਖ਼ਮੀਆਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਪੁਲਿਸ ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਮੌਕੇ 'ਤੇ ਪਹੁੰਚ ਕੇ ਬੜੀ ਬਹਾਦਰੀ ਨਾਲ ਲੋਕਾਂ ਦੀ ਜਾਨ ਬਚਾਈ ਅਤੇ ਹਮਲਾਵਰ ਨੂੰ ਥਾਂ 'ਤੇ ਢੇਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਸਿੱਖ ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਰਹਿ ਰਹੇ ਹਨ। ਸਾਡਾ ਮੰਨਣਾ ਹੈ ਕਿ ਇਹ ਹਾਦਸਾ ਗਲਤ ਪਛਾਣ ਦਾ ਨਤੀਜਾ ਨਹੀਂ ਹੈ ਜਿਸ 'ਚ 9/11 ਦੇ ਹਮਲੇ ਲਈ ਜ਼ਿੰਮੇਵਾਰ ਮੁਸਲਮਾਨ ਅੱਤਵਾਦੀਆਂ ਦੇ ਭੁਲੇਖੇ ਸਦਕਾ, ਜਿਥੇ ਸਿੱਖਾਂ ਦੀਆਂ ਖੁਲ੍ਹੀਆਂ ਦਾਹੜੀਆਂ ਅਤੇ ਪਗੜੀ ਬੰਨ੍ਹਣ ਦੇ ਭੁਲੇਖਾ 'ਚ ਇਹ ਹਮਲਾ ਕੀਤਾ ਗਿਆ ਹੋਵੇ। ਇਹ ਹਮਲਾ ਤਾਂ ਘੱਟ ਗਿਣਤੀ ਦੇ ਵਰਗ ਵਿਰੁਧ ਸੋਚੀ ਸਮਝੀ ਚਾਲ ਹੈ। ਇਸ ਗੱਲ 'ਤੇ ਬਿਲਕੁਲ ਵੀ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਅਮਰੀਕੀ ਫੌਜ ਵਿਚ ਸੇਵਾ ਨਿਭਾਅ ਚੁੱਕਾ ਉਕਤ 40 ਸਾਲਾ ਅਮਰੀਕੀ ਹਮਲਾਵਰ ਸਿੱਖਾਂ ਦੀ ਪਛਾਣ ਨਾ ਕਰ ਸਕਿਆ ਹੋਵੇ। ਉਨ੍ਹਾਂ ਬਿਆਨ 'ਚ ਅਗੇ ਕਿਹਾ ਕਿ ਭੱਵਿਖ 'ਚ ਇਹੋ ਜਿਹੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਪੁਲਿਸ ਨੂੰ ਘੱਟ ਗਿਣਤੀ ਵਰਗ ਦੇ ਧਾਰਮਿਕ ਸਥਾਨਾਂ 'ਤੇ ਆਪਣੀ ਗਸ਼ਤ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਨ੍ਹਾਂ ਨਸਲੀ ਨਫ਼ਰਤ ਸਬੰਧੀ ਧੜਿਆਂ 'ਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ ਤਾਂ ਜੋ ਭਵਿੱਖ 'ਚ ਇਹੋ ਜਿਹੇ ਮੰਦਭਾਗੇ ਹਾਦਸੇ ਨਾ ਵਾਪਰ ਸਕਣ। ਉਨ੍ਹਾਂ ਆਪਣੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਿੱਖ ਭਾਈਚਾਰਾ ਇਸ ਹਾਦਸੇ ਨੂੰ ਨਾਂਹ ਪੱਖੀ ਨਜ਼ਰੀਏ ਨਾਲ ਨਾ ਵੇਖੇ ਸਗੋਂ ਆਪਣੇ ਆਪ ਨੂੰ ਉਹ ਸ਼ਾਂਤੀ ਪਸੰਦ ਭਾਈਚਾਰੇ ਵਜੋਂ ਸਾਹਮਣੇ ਆਉਣ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਸਿੱਖ ਭਾਈਚਾਰਾ ਸ਼ਾਂਤੀ ਪਸੰਦ ਭਾਈਚਾਰਾ ਇਸ ਕਰਕੇ ਇਸ ਨੂੰ ਦੂਜੇ ਭਾਈਚਾਰਿਆਂ ਵਿਚ ਸਿੱਖੀ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਜੋ ਲੋਕ ਉਨ੍ਹਾਂ ਬਾਰੇ ਵੱਧ ਤੋਂ ਵੱਧ ਜਾਣ ਸਕਣ।

ਵਿਸਕਾਨਸਿਨ ਗੁਰਦਵਾਰੇ ਵਿਚ ਗੋਲੀਬਾਰੀ ਦਾ ਸ਼ਿਕਾਰ ਹੋਏ ਸਿੱਖਾਂ ਨੂੰ ਫ਼ਾਈਵ ਰਿਵਰਜ਼ ਯੂਥ ਐਡਮਿੰਟਨ ਵਲੋਂ ਆਯੋਜਤ ਸਰਧਾਜ਼ਲੀ ਸਮਾਗਮ ਮੌਕੇ ਚਰਚਹਿੱਲ ਸਕੇਅਰ ਵਿੱਖੇ ਇਕੱਤਰ ਐਡਮਿੰਟਨ ਵਾਸੀ ।

ਸਿੱਖਜ਼ ਫ਼ਾਰ ਜਸਟਿਸ ਵਲੋਂ ਬਹਾਦਰ ਪੁਲਿਸ ਅਫ਼ਸਰ ਲਈ 10 ਹਜ਼ਾਰ ਡਾਲਰ ਦਾ ਇਨਾਮ

ਚੰਡੀਗੜ੍ਹ : ਵਿਸਕਾਨਸਿਨ ਗੁਰਦਵਾਰੇ ਵਿਚ ਗੋਲੀਬਾਰੀ ਦੌਰਾਨ ਇਕ ਪੁਲਿਸ ਅਫ਼ਸਰ ਵਲੋਂ, ਅਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ, ਸਿੱਖਾਂ ਨੂੰ ਬਚਾਉਣ ਲਈ ਕੀਤੀ ਗਈ ਸਮੇਂ ਸਿਰ ਤੇ ਦਲੇਰਾਨਾ ਕਾਰਵਾਈ ਦੀ ਸ਼ਲਾਘਾ ਕਰਦਿਆਂ ਅਮਰੀਕੀ ਮਨੁੱਖੀ ਅਧਿਕਾਰ ਸੰਸਥਾ ਸਿੱਖਜ਼ ਫ਼ਾਰ ਜਸਟਿਸ ਨੇ ਉਸ ਨੂੰ 10,000 ਡਾਲਰ ਦਾ ਬਹਾਦਰੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ। ਇਹ ਐਲਾਨ ਕਰਦਿਆਂ ਜਥੇਬੰਦੀ ਦੇ ਨੁਮਾਇੰਦੇ ਨੇ ਕਿਹਾ ਕਿ ਅਮਰੀਕਾ, ਪੂਰੀ ਦੁਨੀਆਂ ਵਿਚ ਘੱਟ ਗਿਣਤੀ ਧਰਮ ਅਸਥਾਨਾਂ ਦੀ ਰਾਖੀ ਕਰਨ ਦਾ ਦਾਅਵਾ ਕਰਦਾ ਹੈ ਪਰ ਅਪਣੇ ਘਰ ਵਿਚ ਧਾਰਮਕ ਘੱਟ ਗਿਣਤੀਆਂ ਦੀ ਰਾਖੀ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ। 11 ਸਤੰਬਰ, 2001 ਤੋਂ ਲੈ ਕੇ, ਸਿੱਖਾਂ ਅਤੇ ਹੋਰ ਧਾਰਮਕ ਘੱਟ ਗਿਣਤੀਆਂ ਵਿਰੁਧ ਹੋਏ ਸੈਂਕੜੇ ਹਮਲਿਆਂ ਦਾ ਜ਼ਿਕਰ ਕਰਦਿਆਂ ਸਿੱਖਜ਼ ਫਾਰ ਜਸਟਿਸ ਨੇ ਅਮਰੀਕਾ ਵਿਚ ਧਾਰਮਕ ਘੱਟ ਗਿਣਤੀਆਂ ਦੀ ਰਾਖੀ ਕਰਨ ਵਿਚ ਨਾਕਾਮ ਰਹਿਣ ਲਈ ਓਬਾਮਾ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

100 ਕਰੋੜ ਰੁਪਏ ਦੀ ਜ਼ਮੀਨ 'ਤੇ ਬਣਨਗੀਆਂ ਮੰਤਰੀਆਂ ਦੀਆਂ ਕੋਠੀਆਂ

ਚੰਡੀਗੜ੍ਹ (ਨਦਬ): ਪੰਜਾਬ-ਹਰਿਆਣਾ ਦੇ ਮੰਤਰੀਆਂ ਅਤੇ ਸੀਨੀਅਰ ਅਫ਼ਸਰਾਂ ਦੀਆਂ ਕੋਠੀਆਂ ਬਣਾਉਣ ਲਈ ਚੰਡੀਗੜ੍ਹ ਪ੍ਰਸ਼ਾਸਨ ਨੂੰ ਤਕਰੀਬਨ ਸੌ ਕਰੋੜ ਰੁਪਏ ਦੀ ਜ਼ਮੀਨ ਦਾਅ 'ਤੇ ਲਗਾਉਣੀ ਪਵੇਗੀ। ਭਾਵੇਂ ਕਿ ਬਾਜ਼ਾਰ ਦੀ ਕੀਮਤ ਇਸ ਜ਼ਮੀਨ ਦੀ ਕੀਮਤ ਤੋਂ ਬਹੁਤ ਜ਼ਿਆਦਾ ਹੈ, ਪਰ 2002 'ਚ ਸਰਕਾਰੀ ਸੰਸਥਾਵਾਂ ਨੂੰ ਦਿੱਤੀ ਜਾਣ ਵਾਲੀ ਜ਼ਮੀਨ ਦੇ ਰੇਟ ਦੇ ਹਿਸਾਬ ਨਾਲ ਵੀ ਦੇਖਿਆ ਜਾਵੇ ਤਾਂ ਇਸ ਦੀ ਕੀਮਤ 87 ਕਰੋੜ 30 ਲੱਖ ਰੁਪਏ ਤੋਂ ਹੇਠਾਂ ਨਹੀਂ ਹੈ।

ਪੰਜਾਬ ਨੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਇਥੇ ਤਕਰੀਬਨ 100 ਏਕੜ ਜ਼ਮੀਨ ਮੰਗੀ ਸੀ। ਇਨ੍ਹਾਂ ਮੰਤਰੀਆਂ ਅਤੇ ਅਫ਼ਸਰਾਂ ਦੇ ਨਾਲ-ਨਾਲ ਮੁਲਾਜ਼ਮਾਂ ਨੇ ਹਾਊਸਿੰਗ ਸਕੀਮ ਲਈ ਵੀ ਥਾਂ ਮੰਗੀ ਸੀ। ਹਰਿਆਣਾ ਨੇ ਵੀ ਆਪਣੇ ਵਿਧਾਇਕਾਂ ਦੇ ਫਲੈਟਸ ਅਤੇ ਹਾਸਟਲ 'ਚ ਥਾਂ ਘੱਟ ਹੋਣ ਦੀ ਗੱਲ ਕਹਿ ਕੇ ਪ੍ਰਸ਼ਾਸਨ ਨੂੰ ਜ਼ਮੀਨ ਅਲਾਟ ਕਰਨ ਲਈ ਕਿਹਾ ਸੀ। ਪ੍ਰਸ਼ਾਸਕ ਸ਼ਿਵਰਾਜ ਪਾਟਿਲ ਵਲੋਂ ਪੰਜਾਬ-ਹਰਿਆਣਾ ਦੇ ਮੰਤਰੀਆਂ ਅਤੇ ਅਫ਼ਸਰਾਂ ਦੀਆਂ ਕੋਠੀਆਂ ਲਈ ਜ਼ਮੀਨ ਦਾ ਭਰੋਸਾ ਦੇਣ ਤੋਂ ਬਾਅਦ ਪ੍ਰਸ਼ਾਸਨ ਨੂੰ 25 ਏਕੜ ਤੋਂ ਜ਼ਿਆਦਾ ਜ਼ਮੀਨ ਦਾ ਇੰਤਜ਼ਾਮ ਕਰਨਾ ਪਵੇਗਾ। ਪੰਜਾਬ-ਹਰਿਆਣਾ ਦੇ ਮੰਤਰੀਆਂ ਅਤੇ ਅਫ਼ਸਰਾਂ ਦੀਆਂ ਕੋਠੀਆਂ ਲਈ ਜ਼ਮੀਨ ਦੇਣ ਦਾ ਪ੍ਰਸ਼ਾਸਨ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਵਿਰੋਧ ਸ਼ੁਰੂ ਕਰ ਦਿੱਤਾ ਹੈ।

ਮੁਲਾਜ਼ਮਾਂ ਨੂੰ ਫਲੈਟ ਨਹੀਂ ਮੁਲਾਜ਼ਮ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਕ ਪਾਸੇ ਪ੍ਰਸ਼ਾਸਨ ਕੋਲ ਆਪਣੇ ਮੁਲਾਜ਼ਮਾਂ ਨੂੰ ਦੇਣ ਲਈ ਜ਼ਮੀਨ ਨਹੀਂ ਹੈ, ਉਥੇ ਹੀ ਦੂਜੇ ਪਾਸੇ ਪੰਜਾਬ-ਹਰਿਆਣਾ ਦੇ ਮੰਤਰੀਆਂ ਅਤੇ ਅਫ਼ਸਰਾਂ 'ਤੇ ਦਰਿਆਦਿਲੀ ਵਿਖਾਈ ਜਾ ਰਹੀ ਹੈ। ਪ੍ਰਸ਼ਾਸਨ ਨੇ 7 ਹਜ਼ਾਰ ਤੋਂ ਜ਼ਿਆਦਾ ਮੁਲਾਜ਼ਮ ਸ਼ਹਿਰ 'ਚ ਲੰਬੇ ਸਮੇਂ ਤੋਂ ਆਪਣੇ ਫਲੈਟ ਦਾ ਇੰਤਜ਼ਾਰ ਕਰ ਰਹੇ ਹਨ। ਸਾਲ 2008 'ਚ ਮੁਲਾਜ਼ਮਾਂ ਲਈ ਲਾਂਚ ਕੀਤੀ ਗਈ ਹਾਊਸਿੰਗ ਸਕੀਮ ਲਈ ਅਜੇ ਤਕ ਹਾਊਸਿੰਗ ਬੋਰਡ ਨੂੰ ਜ਼ਮੀਨ ਮਿਲ ਨਹੀਂ ਸਕੀ ਹੈ।ਪ੍ਰਸ਼ਾਸਨ ਅਤੇ ਨਿਗਮ ਦੇ ਮੁਲਾਜ਼ਮਾਂ ਦੀ ਤਾਲਮੇਲ ਕਮੇਟੀ ਦੇ ਕਨਵੀਨਰ ਰਕੇਸ਼ ਕੁਮਾਰ ਮੁਤਾਬਕ ਪ੍ਰਸ਼ਾਸਨ ਦਾ ਇਹ ਰਵੱਈਆ ਬਿਲਕੁਲ ਗਲਤ ਹੈ। ਉਸ ਨੂੰ ਪਹਿਲਾਂ ਆਪਣੇ ਮੁਲਾਜ਼ਮਾਂ ਦੇ ਮਕਾਨਾਂ ਲਈ ਜ਼ਮੀਨ ਅਲਾਟ ਕਰਨੀ ਚਾਹੀਦੀ ਹੈ। ਮੁਲਾਜ਼ਮਾਂ ਦੇ ਮਕਾਨਾਂ ਲਈ ਸੰਘਰਸ਼ ਕਰ ਰਹੀ ਸਾਂਝੀ ਐਕਸ਼ਨ ਕਮੇਟੀ ਦੇ ਚੇਅਰਮੈਨ ਰਣਜੀਤ ਸਿੰਘ ਮੁਤਾਬਕ ਜੇਕਰ ਪ੍ਰਸ਼ਾਸਨ ਪੰਜਾਬ ਅਤੇ ਹਰਿਆਣਾ ਦੇ ਅਫ਼ਸਰਾਂ, ਮੰਤਰੀਆਂ ਨੂੰ ਜ਼ਮੀਨ ਅਲਾਟ ਕਰ ਸਕਦਾ ਹੈ ਤਾਂ ਆਪਣੇ ਮੁਲਾਜ਼ਮਾਂ ਨੂੰ ਕਿਉਂ ਨਹੀਂ? ਚੰਡੀਗੜ੍ਹ ਪ੍ਰਸ਼ਾਸਨ ਨੂੰ ਆਪਣੇ ਉਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਫਲੈਟ ਅਲਾਟ ਕਰਨੇ ਚਾਹੀਦੇ ਹਨ, ਜਿਨ੍ਹਾਂ ਨੇ ਹਾਊਸਿੰਗ ਸਕੀਮ 'ਚ ਅਰਜ਼ੀਆਂ ਦਿੱਤੀਆਂ ਹੋਈਆਂ ਹਨ।

ਸ਼ਹਿਰੀ ਯੋਜਨਾ ਵਿਭਾਗ ਦੇਖੇਗਾ ਜ਼ਮੀਨ – ਪੰਜਾਬ ਅਤੇ ਹਰਿਆਣਾ ਦੇ ਮੰਤਰੀਆਂ ਅਤੇ ਅਫ਼ਸਰਾਂ ਦੀਆਂ ਕੋਠੀਆਂ ਲਈ ਜ਼ਮੀਨ ਦੀ ਭਾਲ ਲਈ ਸ਼ਹਿਰੀ ਯੋਜਨਾ ਵਿਭਾਗ ਨੂੰ ਲਗਾ ਦਿੱਤਾ ਗਿਆ ਹੈ। ਵਿਭਾਗ ਨੂੰ ਇਹੋ ਜਿਹੀ ਜ਼ਮੀਨ ਦੇਖਣ ਲਈ ਕਿਹਾ ਗਿਆ ਹੈ ਜਿਥੇ ਪੰਜਾਬ ਅਤੇ ਹਰਿਆਣਾ ਨੂੰ ਇਕੱਠਿਆਂ ਜ਼ਮੀਨ ਦਿੱਤੀ ਜਾ ਸਕੇ। ਪ੍ਰਸ਼ਾਸਨ ਪੰਜਾਬ ਅਤੇ ਹਰਿਆਣਾ ਤੋਂ ਪੁੱਛੇਗਾ ਕਿ ਉਨ੍ਹਾਂ ਦੇ ਕਿੰਨੇ ਮੰਤਰੀਆਂ ਅਤੇ ਅਫ਼ਸਰਾਂ ਲਈ ਚੰਡੀਗੜ੍ਹ 'ਚ ਜ਼ਮੀਨ ਚਾਹੀਦੀ ਹੈ। ਮੌਜੂਦਾ ਸਮੇਂ 'ਚ ਪੰਜਾਬ ਅਤੇ ਹਰਿਆਣਾ ਦੇ ਜ਼ਿਆਦਾਤਰ ਸੀਨੀਅਰ ਮੰਤਰੀਆਂ ਕੋਲ ਚੰਡੀਗੜ੍ਹ 'ਚ ਮਕਾਨ ਹਨ। ਪੰਜਾਬ ਅਤੇ ਹਰਿਆਣਾ 'ਚ ਕਈ ਨਵੇਂ ਨਿਗਮਾਂ ਅਤੇ ਅਹੁਦਿਆਂ ਦੇ ਗਠਨ ਤੋਂ ਬਾਅਦ ਸਰਕਾਰੀ ਰਿਹਾਇਸ਼ ਸਹੂਲਤ ਸਬੰਧੀ ਔਕੜਾਂ ਪੇਸ਼ ਆ ਰਹੀਆਂ ਹਨ।

ਪੰਜਾਬ ਅਤੇ ਹਰਿਆਣਾ ਨੇ ਪ੍ਰਸ਼ਾਸਨ ਤੋਂ ਜ਼ਮੀਨ ਮੰਗੀ ਹੈ। ਪੰਜਾਬ ਦੀ ਸੌ ਏਕੜ ਦੀ ਮੰਗ ਹੈ। ਅਜੇ ਇੰਜਨੀਅਰਿੰਗ ਵਿਭਾਗ ਨੂੰ ਪਤਾ ਲਗਾਉਣ ਲਈ ਕਿਹਾ ਗਿਆ ਹੈ ਕਿ ਸ਼ਹਿਰ 'ਚ ਕਿਥੇ ਅਤੇ ਕਿੰਨੀ ਜ਼ਮੀਨ ਮਿਲ ਸਕਦੀ ਹੈ। ਇਸ ਤੋਂ ਬਾਅਦ ਹੀ ਪਤਾ ਚਲ ਸਕੇਗਾ ਕਿ ਪੰਜਾਬ ਅਤੇ ਹਰਿਆਣਾ ਨੂੰ ਕਿੰਨੀ ਜ਼ਮੀਨ ਦਿੱਤੀ ਜਾਵੇ।

ਮੰਤਰੀਆਂ ਦੇ ਰਿਸ਼ਤੇਦਾਰਾਂ ਨੂੰ ਬਣਾਇਆ ਪ੍ਰਿੰਸੀਪਲ

ਚੰਡੀਗੜ੍ਹ (ਨਦਬ): ਪੰਜਾਬ 'ਚ ਜਿਨ੍ਹਾਂ 258 ਵੋਕੇਸ਼ਨਲ ਟੀਚਰਜ਼ ਨੂੰ ਪ੍ਰਿੰਸੀਪਲ ਬਣਾਇਆ ਗਿਆ, ਉਨ੍ਹਾਂ 'ਚ ਜ਼ਿਆਦਾਤਰ ਇਹੋ ਜਿਹੇ ਹਨ, ਜੋ ਯੋਗ ਹੀ ਨਹੀਂ ਸਨ। ਕਈ ਇਹੋ ਜਿਹੇ ਵੀ ਹਨ, ਜੋ ਮੰਤਰੀਆਂ ਦੇ ਰਿਸ਼ਤੇਦਾਰ ਹਨ।

ਜ਼ਿਕਰਯੋਗ ਹੈ ਕਿ ਇਹ ਪ੍ਰਮੋਸ਼ਨਾਂ ਨਿਯਮਾਂ ਅਤੇ ਸੀਨੀਆਰਤਾ ਸੂਚੀ ਨੂੰ ਛਿੱਕੇ ਟੰਗ ਕੇ ਕੀਤੀਆਂ ਗਈਆਂ ਹਨ।

ਸਿੱਖਿਆ ਵਿਭਾਗ ਨੇ 22 ਦਸੰਬਰ, 2010 ਨੂੰ 183 ਵੋਕੇਸ਼ਨਲ ਟੀਚਰਜ਼ ਨੂੰ ਪ੍ਰਿੰਸੀਪਲ ਬਣਾਇਆ। ਇਸ ਤੋਂ ਬਾਅਦ 29 ਅਪ੍ਰੈਲ 2011 ਨੂੰ 14 ਅਤੇ ਤੀਸਰੀ ਵਾਰ 17 ਫਰਵਰੀ 2012 ਨੂੰ 61 ਪ੍ਰਮੋਸ਼ਨਾਂ ਹੋਈਆਂ। ਤਿੰਨੇ ਵਾਰੀ ਹੀ ਸੀਨੀਆਰਤਾ ਸੂਚੀ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਟੀਚਰਜ਼ ਯੂਨੀਅਨ ਦੇ ਵਿਰੋਧ ਤੋਂ ਬਾਅਦ ਸਰਕਾਰ ਨੇ 4 ਮਾਰਚ 2012 ਨੂੰ ਇਸ ਦੀ ਜਾਂਚ ਪੀ.ਸੀ.ਐਸ. ਅਧਿਕਾਰੀ ਸੰਜੇ ਪੋਪਲੀ ਨੂੰ ਦਿੱਤੀ। ਉਨ੍ਹਾਂ ਨੇ 11 ਅਪ੍ਰੈਲ 2012 ਨੂੰ ਇਹ ਜਾਂਚ ਰਿਪੋਰਟ ਸਰਕਾਰ ਦੇ ਹਵਾਲੇ ਕੀਤੀ।

ਨਿਯਮਾਂ ਵਿਰੁੱਧ ਜਾ ਕੇ 258 ਨੂੰ ਕੀਤਾ ਪ੍ਰਮੋਟ

ਇਸ ਤਰ੍ਹਾਂ ਹੋਇਆ ਖੁਲਾਸਾ: 4 ਮਾਰਚ, 2011 ਨੂੰ ਪ੍ਰਮੋਸ਼ਨ ਤੋਂ ਵਾਂਝੇ ਟੀਚਰਜ਼ ਨੇ ਉਦੋਂ ਦੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਨੂੰ ਸ਼ਿਕਾਇਤ ਕੀਤੀ ਸੀ। ਐਡੀਸ਼ਨਲ ਸਕੂਲ ਐਜੂਕੇਸ਼ਨ ਸੈਕਟਰੀ ਸੰਜੇ ਪੋਪਲੀ ਨੂੰ ਜਾਂਚ ਦੀ ਜ਼ਿੰਮੇਵਾਰੀ ਦਿੱਤੀ ਗਈ। ਪ੍ਰਭਾਵਤ ਵੋਕੇਸ਼ਨਲ ਟੀਚਰਜ਼ ਦੇ ਬਿਆਨ ਲਏ ਗਏ। ਕਈ ਮਹੀਨਿਆਂ ਦੀ ਜਾਂਚ ਤੋਂ ਇਹ ਸਾਬਤ ਹੋਇਆ ਕਿ ਮੰਤਰੀਆਂ ਦੇ ਖਾਸ ਟੀਚਰਜ਼ ਨੂੰ ਹੀ ਪ੍ਰਮੋਸ਼ਨ ਦਿੱਤੀ ਗਈ ਸੀ।

ਸਿੱਖਿਆ ਵਿਭਾਗ ਨਹੀਂ ਮੰਨਿਆ

ਪੀ.ਸੀ.ਐਸ. ਅਧਿਕਾਰੀ ਸੰਜੇ ਪੋਪਲੀ ਨੇ ਜਾਂਚ ਰਿਪੋਰਟ 'ਚ 197 ਪ੍ਰਮੋਸ਼ਨਾਂ ਰੱਦ ਕਰਨ ਦੀ ਸਿਫਾਰਸ਼ ਕੀਤੀ, ਪਰ ਸਿੱਖਿਆ ਵਿਭਾਗ ਨੇ ਇਸ ਰਿਪੋਰਟ ਨੂੰ ਅਣਦੇਖਿਆ ਕਰ ਦਿੱਤਾ। 61 ਹੋਰ ਵੋਕੇਸ਼ਨਲ ਟੀਚਰਜ਼ ਨੂੰ ਪ੍ਰਿੰਸੀਪਲ ਬਣਾ ਦਿੱਤਾ ਗਿਆ। ਉਹ ਵੀ ਉਦੋਂ ਜਦੋਂ ਚੋਣਾਂ ਸਿਰ 'ਤੇ ਸਨ ਅਤੇ ਕੋਡ ਆਫ਼ ਕੰਡਕਟ ਲਾਗੂ ਹੋ ਗਿਆ ਸੀ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਨਿਯਮਾਂ ਨੂੰ ਅਣਦੇਖਿਆ ਕੀਤਾ ਗਿਆ।

ਇਨ੍ਹਾਂ 'ਤੇ ਕੀਤੀਆਂ ਮਿਹਰਬਾਨੀਆਂ

ਮੁੱਖ ਮੰਤਰੀ ਦੇ ਚਹੇਤੇ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੇ ਸਾਲੇ ਜਸਵੰਤ ਸਿੰਘ ਨੂੰ ਪ੍ਰਿੰਸੀਪਲ ਬਣਾਇਆ ਗਿਆ। ਬਾਅਦ 'ਚ ਸਰਵੇਖਣ ਅਧਿਕਾਰੀ ਵਜੋਂ ਤਾਇਨਾਤ ਕੀਤਾ ਗਿਆ।

ਸਾਬਕਾ ਮੁੱਖ ਸੱਕਤਰ ਦਰਬਾਰਾ ਸਿੰਘ ਗੁਰੂ ਦੇ ਰਿਸ਼ਤੇਦਾਰ ਮੇਜਰ ਸਿੰਘ ਨੂੰ ਪ੍ਰਮੋਸ਼ਨ ਤੋਂ ਬਾਅਦ ਸਿੱਖਿਆ ਅਧਿਕਾਰੀ ਬਣਾਇਆ ਗਿਆ।

ਪੰਜਾਬ ਵਿੱਚ ਹਜ਼ਾਰ ਕਰੋੜ ਦੇ ਨਵੇਂ ਟੈਕਸਾਂ ਨੂੰ ਹਰੀ ਝੰਡੀ

ਚੰਡੀਗੜ੍ਹ, (ਨਦਬ) : ਪੰਜਾਬ ਸਰਕਾਰ ਵੱਲੋਂ ਵਿੱਤੀ ਸੰਕਟ 'ਚੋਂ ਨਿਕਲਣ ਲਈ ਨਵੇਂ ਕਰ ਲਗਾਉਣ ਅਤੇ ਹੋਰਨਾਂ ਪ੍ਰਸਤਾਵਾਂ ਨੂੰ ਅਕਾਲੀ-ਭਾਜਪਾ ਆਗੂਆਂ ਨੇ ਸਹਿਮਤੀ ਦੇ ਦਿੱਤੀ ਹੈ ਜਿਸ ਨਾਲ ਸੂਬੇ ਦੀ ਜਨਤਾ 'ਤੇ 1 ਹਜ਼ਾਰ ਕਰੋੜ ਰੁਪਏ ਦੇ ਸਿੱਧੇ ਕਰਾਂ ਦਾ ਬੋਝ ਲੱਦਣ ਦਾ ਮੁੱਢ ਬੱਝ ਗਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਕਿਸਾਨਾਂ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਨੂੰ ਤਰਕਸੰਗਤ ਬਣਾਉਣ ਲਈ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਤੇ ਸਿਹਤ ਮੰਤਰੀ ਮਦਨ ਮੋਹਨ ਮਿੱਤਲ 'ਤੇ ਅਧਾਰਿਤ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਹਾਕਮ ਪਾਰਟੀਆਂ ਦੇ ਆਗੂਆਂ ਨੇ ਸ਼ਹਿਰੀ ਸੁਧਾਰਾਂ ਤਹਿਤ ਹਾਊਸ ਟੈਕਸ ਦੀ ਥਾਂ ਜਾਇਦਾਦ ਟੈਕਸ ਲਗਾਉਣ, ਅੱਧਾ ਫੀਸਦੀ ਵੈਟ ਵਧਾਉਣ, ਟਰਾਂਸਪੋਰਟ, ਪ੍ਰੋਫੈਸ਼ਨਲ, ਮਹਿੰਗੀਆਂ ਕਾਰਾਂ 'ਤੇ ਵਧੇਰੇ ਕਰ ਲਗਾਉਣ, ਡੀਲਕਸ ਬੱਸਾਂ 'ਤੇ ਟੈਕਸ ਲਗਾਉਣ ਅਤੇ ਮੁਲਾਜ਼ਮਾਂ ਦੀ ਸੇਵਾ ਮੁਕਤੀ ਉਮਰ ਵਿੱਚ ਦੋ ਸਾਲ ਦਾ ਵਾਧਾ ਕਰਨ 'ਤੇ ਵੀ ਸਹਿਮਤੀ ਦੇ ਦਿੱਤੀ ਹੈ। ਅਕਾਲੀ-ਭਾਜਪਾ ਆਗੂਆਂ ਵੱਲੋਂ ਜਿਨ੍ਹਾਂ ਪ੍ਰਸਤਾਵਾਂ 'ਤੇ ਸਹਿਮਤੀ ਦਿੱਤੀ ਗਈ ਹੈ ਉਨ੍ਹਾਂ ਉਪਰ ਪੰਜਾਬ ਮੰਤਰੀ ਮੰਡਲ ਦੀ 5 ਅਗਸਤ ਨੂੰ ਹੋਣ ਵਾਲੀ ਮੀਟਿੰਗ ਵਿੱਚ ਚਰਚਾ ਹੋਣ ਦੀ ਸੰਭਾਵਨਾ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਮੰਤਰੀ ਮੰਡਲ ਵੱਲੋਂ ਕੁੱਝ ਫੈਸਲੇ ਲਏ ਜਾ ਸਕਦੇ ਹਨ।

ਪੰਜਾਬ

ਅੱਜ-ਕੱਲ੍ਹ

ਪੰਜਾਬ ਪਾਲ

ਦਸੂਹੇ ਦਾ ਦਰਪਣ

ਦਸੂਹਾ ਵਿਧਾਨ ਸਭਾ ਹਲਕਾ ਦੀ ਜ਼ਿਮਨੀ ਚੋਣ ਦਾ ਨਤੀਜਾ ਕਿਸੇ ਵੀ ਪੱਖੋਂ ਅਣਕਿਆਸਿਆ ਨਹੀਂ ਰਿਹਾ। ਇਸ ਹਲਕੇ ਦੇ ਪਹਿਲੇ ਵਿਧਾਇਕ ਅਮਰਜੀਤ ਸਿੰਘ ਸਾਹੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਉਸ ਨੇ ਅਕਾਲੀ-ਭਾਜਪਾ ਗਠਜੋੜ ਵੱਲੋਂ ਭਾਜਪਾ ਦੇ ਕੋਟੇ ਵਿਚੋਂ ਇਸ ਸੀਟ 'ਤੇ ਚੋਣ ਲੜੀ ਸੀ ਤੇ ਕਾਂਗਰਸ ਦੇ ਉਮੀਦਵਾਰ ਰਮੇਸ਼ ਡੋਗਰਾ ਨੂੰ ਲਗਪਗ ਪੰਜ ਹਜ਼ਾਰ ਵੋਟਾਂ ਦੇ ਫਰਕ ਨਾਲ ਮਾਤ ਦਿੱਤੀ ਸੀ। ਤੀਜੀ ਧਿਰ ਦੇ ਉਮੀਦਵਾਰ ਨੂੰ ਇਥੋਂ ਪੰਜ ਹਜ਼ਾਰ ਤੋਂ ਕੁਝ ਵੱਧ ਵੋਟਾਂ ਹਾਸਲ ਹੋਈਆਂ ਸਨ। ਵੋਟਾਂ ਪੱਖੋਂ ਤੀਜੀ ਧਿਰ ਨੇ ਵੀ ਆਪਣੀ ਪਹਿਲਾਂ ਵਾਲੀ ਪੁਜੀਸ਼ਨ ਬਰਕਰਾਰ ਰੱਖੀ ਤੇ ਲਗਪਗ ਪਹਿਲਾਂ ਜਿੰਨੀਆਂ ਹੀ ਵੋਟਾਂ ਹਾਸਲ ਕੀਤੀਆਂ, ਜਦ ਕਿ ਅਕਾਲੀ-ਭਾਜਪਾ ਉਮੀਦਵਾਰ ਮਰਹੂਮ ਅਮਰਜੀਤ ਸਿੰਘ ਸਾਹੀ ਦੀ ਪਤਨੀ ਸੁਖਜੀਤ ਕੌਰ ਸਾਹੀ ਦੀ ਲੀਡ ਕਈ ਗੁਣਾ ਵਧ ਗਈ। ਦਸੂਹਾ ਜ਼ਿਮਨੀ ਚੋਣ ਸਮੇਂ ਜਿਹੋ ਜਿਹਾ ਰਾਜਸੀ ਮਾਹੌਲ ਕਾਇਮ ਹੋ ਚੁੱਕਾ ਸੀ ਉਸ ਦੇ ਮੱਦੇਨਜ਼ਰ ਹੁਕਮਰਾਨ ਗਠਜੋੜ ਦੇ ਉਮੀਦਵਾਰ ਦੀ ਜਿੱਤ ਅਤੇ ਵੱਡੀ ਲੀਡ ਦੋਵੇਂ ਹੀ ਸੁਭਾਵਕ ਸਨ। ਇਸ ਦੇ ਪ੍ਰਤੱਖ ਕਾਰਨ ਤਾਂ ਇਹ ਹਨ ਕਿ ਦਸੂਹਾ ਵਿਚ ਭਾਜਪਾ ਉਮੀਦਵਾਰ ਦੇ ਪੱਖ ਵਿਚ ਹਮਦਰਦੀ ਦੀ ਲਹਿਰ ਸੀ। ਅਮਰਜੀਤ ਸਿੰਘ ਸਾਹੀ ਵੱਲੋਂ ਕਾਂਗਰਸ ਦੀ ਚੜ੍ਹਤ ਵਾਲੇ ਇਸ ਹਲਕੇ ਵਿਚ ਲਗਾਤਾਰ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਗਈ ਸੀ, ਜ਼ਾਹਿਰ ਹੈ ਕਿ ਹਲਕੇ ਵਿਚ ਉਸ ਦਾ ਅਕਸ ਚੰਗਾ ਸੀ। ਇਸ ਕਾਰਨ ਵੋਟਾਂ ਵਿਚ ਹਮਦਰਦੀ ਪੱਖ ਐਨਾ ਭਾਰੂ ਹੋ ਗਿਆ ਕਿ ਇਸ ਨੂੰ ਨਿਰਣਾਇਕ ਸਿੱਧ ਹੋਣ ਤੋਂ ਨਹੀਂ ਸੀ ਰੋਕਿਆ ਜਾ ਸਕਦਾ। ਇਸ ਤੋਂ ਇਲਾਵਾ ਹੁਕਮਰਾਨ ਗਠਜੋੜ ਨੇ ਇਹ ਸੀਟ ਕੇਵਲ ਭਾਜਪਾ ਦੇ ਭਰੋਸੇ ਨਹੀਂ ਛੱਡੀ ਸਗੋਂ ਮੁੱਖ ਮੰਤਰੀ ਪੰਜਾਬ ਨੇ ਇਸ ਹਲਕੇ ਦੀ ਚੋਣ ਮੁਹਿੰਮ ਦੀ ਅਗਵਾਈ ਆਪਣੇ ਹੱਥ ਹੀ ਰੱਖੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਪ੍ਰਚਾਰਕ ਇਸ ਹਲਕੇ ਵਿਚ ਇਸ ਤਰ੍ਹਾਂ ਉਤਾਰੀ ਰੱਖੇ ਕਿ ਭਾਜਪਾ ਪ੍ਰਚਾਰਕ ਤਾਂ ਸਮੁੱਚੇ ਚੋਣ ਪ੍ਰਚਾਰ ਦੌਰਾਨ ਕਿਤੇ ਰੜਕਦਾ ਹੀ ਨਹੀਂ ਸੀ। ਲੋਕਾਂ ਅੰਦਰ ਇਹ ਅਹਿਸਾਸ ਵੀ ਗਠਜੋੜ ਸਰਕਾਰ ਨੇ ਜਗਾਈ ਰੱਖਿਆ ਕਿ ਹਲਕੇ ਦਾ ਵਿਧਾਇਕ ਗਠਜੋੜ ਦਾ ਉਮੀਦਵਾਰ ਬਣਾਣ 'ਤੇ ਸਰਕਾਰ ਤੱਕ ਹਲਕੇ ਦੀ ਵਿਕਾਸ ਕਾਰਜਾਂ ਲਈ ਰਸਾਈ ਰਹੇਗੀ। ਸੋ, ਦਸੂਹੇ ਦੇ ਦਰਪਣ ਪਿੱਛੋਂ ਫਿਲਹਾਲ ਹੁਕਮਰਾਨ ਗਠਜੋੜ ਦੀ ਜਿੱਤ ਦੇ ਇਹੋ ਕਾਰਨ ਦਿਖਾਈ ਦਿੰਦੇ ਹਨ। ਪਰ ਵਿਰੋਧੀ ਧਿਰ ਪੰਜਾਬ ਪ੍ਰਦੇਸ਼ ਕਾਂਗਰਸ ਵਿਚ ਇਸ ਹਲਕੇ ਦੇ ਨਤੀਜੇ ਨੂੰ ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ ਨਹੀਂ ਦੇਖਿਆ ਗਿਆ। ਇਸ ਨਤੀਜੇ ਨੂੰ ਥਾਂਦਲੀ ਰਾਹੀਂ ਪ੍ਰਭਾਵਤ ਕਰਨ ਦੇ ਰਸਮੀ ਦੋਸ਼ ਤਾਂ ਕਾਂਗਰਸ ਦੁਆਰਾ ਲਗਾਏ ਹੀ ਜਾਂਦੇ ਸਨ, ਪਰ ਪੈਂਦੀ ਸੱਟੇ ਕੁਝ ਅਸੰਤੁਸ਼ਟ ਕਾਂਗਰਸੀ ਲੀਡਰਾਂ ਨੇ ਦਸੂਹਾ ਵਿਚ ਆਪਣੀ ਪਾਰਟੀ ਦੇ ਉਮੀਦਵਾਰ ਦੀ ਹਾਰ ਦਾ ਪਾਰਟੀ ਪ੍ਰਧਾਨ ਨੂੰ ਜ਼ਿੰਮੇਵਾਰ ਠਹਿਰਾ ਦਿੱਤਾ ਤੇ ਲਗਦੇ ਹੱਥ ਸੰਭਾਵੀ ਪ੍ਰਧਾਨਾਂ ਦੀਆਂ ਦਾਅਵੇਦਾਰੀਆਂ ਵੀ ਪੇਸ਼ ਹੋ ਗਈਆਂ। ਦਸੂਹੇ ਦਾ ਦਰਪਣ ਇਹ ਤਾਂ ਦਿਖਾਉਂਦਾ ਹੀ ਹੈ ਕਿ ਕੈਪਟਨ ਦੀ ਕੋਈ ਵੀ ਜਿੱਤ ਬਾਦਲਾਂ ਦੇ ਮਨਾਂ ਵਿਚ ਖਲਬਲੀ ਪੈਦਾ ਕਰਦੀ ਹੈ, ਨਾਲ ਹੀ ਇਹ ਵੀ ਦਿਖਾਉਂਦੀ ਹੈ ਕਿ ਪਾਰਟੀ ਅੰਦਰਲੇ ਕੁਝ ਸੂਬਾਈ ਨੇਤਾ ਕੈਪਟਨ ਦੀ ਅਗਵਾਈ ਵਿਚ ਪਾਰਟੀ ਦੀ ਕਿਸੇ ਵੀ ਸੂਬਾਈ ਜਿੱਤ ਦੇ ਚਾਹਵਾਨ ਨਹੀਂ ਹਨ।

ਪਾਣੀਆਂ ਦਾ ਜ਼ਹਿਰ

ਪੰਜਾਬ ਦੇ ਜ਼ਮੀਨਦੋਜ਼ ਪਾਣੀ ਦਾ ਵਧੇਰੇ ਹਿੱਸਾ ਪੀਣ ਯੋਗ ਨਹੀਂ ਰਿਹਾ। ਇਹ ਦਿਨ-ਬ-ਦਿਨ ਵਧੇਰੇ ਪਲੀਤ ਹੁੰਦਾ ਜਾ ਰਿਹਾ ਹੈ। ਅੰਨ੍ਹੇ ਮੁਨਾਫ਼ੇ ਨੂੰ ਪ੍ਰਣਾਏ ਹੋਏ ਪੂੰਜੀਵਾਦ ਨੂੰ ਹੀ ਮੁੱਖ ਰੂਪ ਵਿਚ ਜਲ ਪ੍ਰਦੂਸ਼ਣ ਦਾ ਮੁੱਖ ਦੋਸ਼ੀ ਮੰਨਿਆ ਜਾ ਸਕਦਾ ਹੈ। ਸਨਅਤਾਂ ਦਾ ਕਚਰਾ ਨਦੀਆਂ ਨਾਲਿਆਂ ਵਿਚ ਵਹਿ ਕੇ ਜ਼ਮੀਨ ਹੇਠਲੇ ਪਾਣੀ ਵਿਚ ਜਾ ਰਲਦਾ ਹੈ। ਕਣਕ, ਝੋਨੇ, ਨਰਮੇ ਆਦਿ ਉਪਰ ਵਰਤੇ ਜਾਂਦੇ ਹਜ਼ਾਰਾਂ ਮਣ ਕੀਟ ਨਾਸ਼ਕਾਂ ਤੇ ਨਦੀਨ ਨਾਸ਼ਕਾਂ ਦੀ ਮਾਰ ਵੀ ਧਰਤੀ ਹੇਠਲੇ ਪਾਣੀ ਨੂੰ ਪੈਂਦੀ ਹੈ। ਜਿਉਂ-ਜਿਉਂ ਪਾਣੀ ਬਾਰੇ ਅਸਲੀਅਤ ਸਾਹਮਣੇ ਆ ਰਹੀ ਤਿਉਂ-ਤਿਉਂ ਸਥਿਤੀ ਵਧੇਰੇ ਗੰਭੀਰ ਪ੍ਰਤੀਤ ਹੋਣ ਲੱਗੀ ਹੈ। ਇਨ੍ਹਾਂ ਤੱਥਾਂ ਦੀ ਪੁਸ਼ਟੀ ਹੋਣ ਨਾਲ ਕਿ ਪੰਜਾਬ ਦੇ ਜ਼ਮੀਨਦੋਜ਼ ਪਾਣੀਆਂ ਵਿਚ ਯੂਰੇਨੀਅਮ ਦੀ ਮਾਤਰਾ ਹੈ, ਲੋਕਾਂ ਵਿਚ ਇਕ ਤਰ੍ਹਾਂ ਨਾਲ ਦਹਿਸ਼ਤ ਫੈਲ ਗਈ ਹੈ। ਯਾਦ ਰਹੇ ਕਿ ਯੂਰੇਨੀਅਮ ਦਾ ਪਾਣੀ ਵਿਚ ਹੋਣਾ ਬਹੁਤ ਘਾਤਕ ਹੁੰਦਾ ਹੈ। ਇਸ ਨਾਲ ਨਾ ਕੇਵਲ ਜਾਨ ਲੇਵਾ ਬਿਮਾਰੀਆਂ ਹੀ ਲਗਦੀਆਂ ਹਨ ਸਗੋਂ ਕਈ ਜਮਾਂਦਰੂ ਰੋਗ ਵੀ ਲਗਦੇ ਹਨ, ਅਰਥਾਤ ਯੂਰੇਨੀਅਮ ਬੰਦੇ ਨੂੰ ਕੁੱਖ ਤੱਕ ਮਾਰ ਕਰਦਾ ਹੈ। ਇਸ ਤੋਂ ਇਲਾਵਾ ਚਿੰਤਾ ਕਰਨ ਵਾਲੀ ਇਹ ਵੀ ਗੱਲ ਹੈ ਕਿ ਯੂਰੇਨੀਅਮ ਕਿਸੇ ਆਰ.ਓ ਸਿਸਟਮ ਨਾਲ ਸਾਫ਼ ਕਰਨ ਦੀ ਢੁਕਵੀਂ ਵਿਵਸਥਾ ਨਹੀਂ ਹੈ। ਮਾਹਿਰਾਂ ਅਨੁਸਾਰ ਪੰਜਾਬ ਦੀ ਧਰਤੀ ਹੇਠ ਗਰੇਨਾਈਟ ਚਟਾਨਾਂ ਹਨ ਜਿਨ੍ਹਾਂ ਤੋਂ ਯੂਰੇਨੀਅਮ ਪਾਣੀ ਵਿਚ ਘੁਲਿਆ ਹੈ। ਪਾਣੀ ਦੀ ਪਰਖ ਲਈ ਲਏ ਗਏ ਨਮੂਨਿਆਂ ਦੇ ਪ੍ਰੀਖਣ ਦਰਸਾਉਂਦੇ ਹਨ ਕਿ ਬਠਿੰਡਾ, ਮੁਕਤਸਰ, ਫਿਰੋਜ਼ਪੁਰ, ਮਾਨਸਾ, ਮੋਗਾ ਤੇ ਫਰੀਦਕੋਟ ਜ਼ਿਲ੍ਹਿਆਂ ਦੇ ਜ਼ਮੀਨ ਹੇਠਲੇ ਪਾਣੀ ਵਿਚ ਸਾਧਾਰਨ ਨਾਲੋਂ ਦਸ ਗੁਣਾ ਜ਼ਿਆਦਾ ਯੂਰੇਨੀਅਮ ਦੀ ਮਾਤਰਾ ਹੈ। ਜਲਾਈ ਮਹੀਨੇ ਵਿਚ ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਜੈ ਰਾਮ ਰਮੇਸ਼ ਦੀ ਪੰਜਾਬ ਫੇਰੀ ਸਮੇਂ ਵੀ ਪੰਜਾਬ ਦੇ ਜ਼ਮੀਨ ਹੇਠਲੇ ਪਾਣੀਆਂ 'ਚ ਯੂਰੇਨੀਅਮ ਦੀ ਮਾਤਰਾ ਨੂੰ ਕਾਫੀ ਗੰਭੀਰਤਾ ਨਾਲ ਵਿਚਾਰਿਆ ਗਿਆ। ਇਸ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਪੰਜਾਬ ਵਿਚੋਂ ਪਾਣੀ ਦੀ ਪਰਖ ਲਈ ਲਏ ਗਏ 2462 ਸੈਂਪਲਾਂ ਵਿਚੋਂ 1642 ਸੈਂਪਲਾਂ ਦੇ ਨਤੀਜੇ ਮਿਲੇ ਹਨ, ਜਿਨ੍ਹਾਂ ਵਿਚੋਂ 1140 ਸੈਂਪਲ ਯੂਰੇਨੀਅਮ ਦੀ ਮਾਤਰਾ ਵਾਲੇ ਪਾਏ ਗਏ ਹਨ। ਜੈ ਰਾਮ ਰਮੇਸ਼ ਨੇ 4 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਵਿਚ ਪਾਣੀ ਦੀ ਪਰਖ ਲਈ ਇਕ ਪ੍ਰਯੋਗਸ਼ਾਲਾ ਸਥਾਪਤ ਕਰਨ ਦਾ ਐਲਾਨ ਵੀ ਕੀਤਾ ਅਤੇ ਲੋਕਾਂ ਲਈ ਪੀਣ ਵਾਸਤੇ ਸ਼ੁੱਧ ਪਾਣੀ ਦੀ ਵਿਵਸਥਾ ਕਰਨ ਦੇ ਮਾਮਲੇ ਵਿਚ ਵੱਖ-ਵੱਖ ਰਾਜਾਂ ਦਾ ਰਿਪੋਰਟ ਕਾਰਡ ਵੀ ਪੇਸ਼ ਕੀਤਾ। ਇਸ ਰਿਪੋਰਟ ਕਾਰਡ ਅਨੁਸਾਰ ਪਾਣੀਆਂ ਦੇ ਮਾਮਲੇ ਵਿਚ ਪੰਜਾਬ ਦੀ ਕਾਰਗੁਜ਼ਾਰੀ ਬੇਹੱਦ ਨਿਰਾਸ਼ਾਜਨਕ ਹੈ। ਪੇਂਡੂ ਜਲ ਸਪਲਾਈ ਲਈ ਪੰਜਾਬ ਸਰਕਾਰ ਨੂੰ ਹਰ ਸਾਲ ਸਰਕਾਰੀ ਗਰਾਂਟ ਮਿਲਦੀ ਹੈ। ਇਸ ਵਰ੍ਹੇ ਪੰਜਾਬ ਨੂੰ ਇਸ ਕਾਰਜ ਲਈ 103 ਕਰੋੜ ਰੁਪਏ ਮੁਹੱਈਆ ਕਰਵਾਏ ਗਏ। ਪਿਛਲੇ 10 ਸਾਲਾਂ ਵਿਚ ਜਲ ਸਪਲਾਈ ਲਈ 151 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਪਰ ਪੰਜਾਬ ਸਰਕਾਰ ਇਸ ਵਿਚੋਂ ਕੇਵਲ 29 ਕਰੋੜ ਰੁਪਏ ਹੀ ਖਰਚ ਸਕੀ। ਦੇਸ਼ ਦੇ ਕਈ ਰਾਜ ਸ਼ੁੱਧ ਪਾਣੀ ਦੀ ਸਪਲਾਈ ਦੇ ਮਾਮਲੇ ਵਿਚ ਨਿਰਮਲ ਰਾਜ ਦਾ ਦਰਜਾ ਪ੍ਰਾਪਤ ਕਰ ਰਹੇ ਹਨ, ਪਰ ਪੰਜਾਬ ਇਸ ਪੱਖੋਂ ਬਹੁਤ ਪਛੜ ਗਿਆ ਹੈ। ਪੰਜਾਬ ਦੀ ਰਾਜਨੀਤੀ ਵਿਚ 'ਲੋਕਾਂ ਲਈ ਬੁਨਿਆਦੀ ਸੁਵਿਧਾਵਾਂ ਦੀ ਵਿਵਸਥਾ' ਕੇਂਦਰੀ ਮੁੱਦਾ ਹੀ ਨਹੀਂ ਹੈ, ਇਹ ਪਰਿਵਾਰਪ੍ਰਸਤੀ ਨਾਲ ਬੁਰੀ ਤਰ੍ਹਾਂ ਗ੍ਰਸਤ ਹੈ, ਜਿਸ ਦੀ ਪੀੜ ਦੱਖਣੀ ਪੰਜਾਬ ਨੂੰ ਪਾਣੀਆਂ ਪੱਖੋਂ ਖਾਸ ਤੌਰ 'ਤੇ ਸਹਿਣੀ ਪੈ ਰਹੀ ਹੈ।

ਵੋਟਾਂ ਪਾਉਣ ਦਾ ਸਿਲਾ

ਮਾਂ ਨੇ ਆਪਣੇ ਲਾਡਲੇ ਪੁੱਤਰ ਨੂੰ ਪੁੱਛਿਆ, ''ਜੇ ਤੂੰ ਪੁਲਿਸ 'ਚ ਭਰਤੀ ਹੋ ਗਿਆ ਤਾਂ ਪਹਿਲਾਂ ਕਿਸ ਨੂੰ ਕੁੱਟੇਂਗਾ।'' ਪੁੱਤਰ ਨੇ ਅੱਗੋਂ ਠਾਹ ਸੋਟਾ ਮਾਰਿਆ, ''ਮਾਂ, ਪਹਿਲਾਂ ਤਾਂ ਤੇਰੇ ਈ ਹੱਡ ਸੇਕੂੰ!'' ਵੋਟਾਂ ਵਿਚ ਮਿਲੀਆਂ ਉਪਰੋਥਲੀ ਜਿੱਤਾਂ ਉਪਰੰਤ ਬਾਦਲ ਸਰਕਾਰ ਨੇ ਪੰਜਾਬੀਆਂ ਨਾਲ ਕੁਝ ਅਜਿਹਾ ਹੀ ਕੀਤਾ। ਪਹਿਲਾਂ ਪੰਜਾਬ ਵਿਧਾਨ ਸਭਾ ਲਈ ਹੋਈਆਂ ਚੋਣਾਂ ਵਿਚ ਇਸ ਨੂੰ ਅਣਕਿਆਸੀ ਜਿੱਤ ਹਾਸਲ ਹੋਈ, ਫਿਰ ਮਿਉਂਸੀਪਲ ਚੋਣਾਂ ਵਿਚ ਇਸ ਨੂੰ ਵਿਵਾਦਗ੍ਰਸਤ ਜਿੱਤ ਮਿਲੀ ਤੇ ਹੁਣ ਇਸ ਨੇ ਦਸੂਹਾ ਦੀ ਜ਼ਿਮਨੀ ਚੋਣ ਵੱਡੇ ਫਰਕ ਨਾਲ ਜਿੱਤ ਲਈ। ਅੱਜ-ਕੱਲ੍ਹ ਇਨ੍ਹਾਂ ਜਿੱਤਾਂ ਲਈ ਪਾਈਆਂ ਵੋਟਾਂ ਦਾ ਸਿਲਾ ਪੰਜਾਬ ਸਰਕਾਰ ਲੋਕਾਂ ਨੂੰ ਮੋੜ ਰਹੀ ਹੈ। ਦਸੂਹਾ ਫਤਹਿ ਕਰਦਿਆਂ ਹੀ ਇਸ ਨੇ ਬਿਜਲੀ ਦਰਾਂ ਵਿਚ 13 ਫੀਸਦੀ ਵਾਧਾ ਕਰ ਦਿੱਤਾ ਹੈ ਤੇ ਇਸ ਵਾਧੇ ਦੇ ਸਿੱਟੇ ਵਜੋਂ ਪੰਜਾਬੀਆਂ ਉਪਰ ਦੋ ਹਜ਼ਾਰ ਕਰੋੜ ਰੁਪਏ ਦਾ ਵਿੱਤੀ ਬੋਝ ਵਧ ਗਿਆ ਹੈ। ਬਿਜਲੀ ਦਰਾਂ ਦੇ ਇਸ ਵਾਧੇ ਨਾਲ ਜਿਥੇ ਹਰ ਵਰਗ ਦੇ ਲੋਕ ਪ੍ਰਭਾਵਤ ਹੋਣਗੇ, ਉਥੇ ਸਨਅਤਕਾਰਾਂ ਦਾ ਪੰਜਾਬ ਵਿਚ ਸਨਅਤਾਂ ਲਗਾਉਣ ਦਾ ਰੁਝਾਨ ਹੋਰ ਵੀ ਘਟ ਜਾਵੇਗਾ। ਜ਼ਿਕਰਯੋਗ ਹੈ ਕਿ ਸਨਅਤਕਾਰ ਪਹਿਲਾਂ ਹੀ ਸਨਅਤਾਂ ਲਗਾਉਣ ਲਈ ਪੰਜਾਬ ਨੂੰ ਤਰਜੀਹੀ ਖਿੱਤਾ ਨਹੀਂ ਸਮਝਦੇ। ਬਿਜਲੀ ਦਰਾਂ ਵਧਾਉਣ ਦੇ ਬਾਦਲਸ਼ਾਹੀ ਫਰਮਾਨ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਜਨਤਾ 'ਤੇ ਆਰਥਕ ਬੋਝ ਲੱਦਣ ਦਾ ਇਕ ਹੋਰ ਹੁਕਮ ਜਾਰੀ ਕਰ ਦਿੱਤਾ ਗਿਆ। ਪੰਜਾਬ ਦੇ ਲੋਕਾਂ ਉਪਰ ਪਾਇਆ ਇਹ ਨਵਾਂ ਵਿੱਤੀ ਬੋਝ 150 ਕਰੋੜ ਰੁਪਏ ਦਾ ਹੈ। ਆਮ ਜਨਤਾ ਦੀ ਆਮ ਵਰਤੋਂ ਦੀ ਵਸਤ ਖੰਡ ਉਪਰ ਪੰਜ ਫੀਸਦੀ ਵੈਟ ਲਗਾ ਦਿੱਤਾ ਗਿਆ ਹੈ। ਮੋਬਾਈਲ ਫੋਨ ਵੀ ਹੁਣ ਆਮ ਆਦਮੀ ਦੇ ਜੀਵਨ ਦਾ ਅਨਿੱਖੜ ਅੰਗ ਬਣ ਗਏ ਹਨ। ਇਨ੍ਹਾਂ ਉਪਰ ਵੀ ਹੁਣ ਅੱਠ ਫੀਸਦੀ ਵੈਟ ਲਗਾ ਦਿੱਤਾ ਗਿਆ ਹੈ। ਪੁਲਿਸ ਦੇ ਸੁਵਿਧਾ ਕੇਂਦਰਾਂ ਦੀਆਂ ਸਹੂਲਤਾਂ ਹੁਣ ਮੁਫ਼ਤ ਨਹੀਂ ਮਿਲਣਗੀਆਂ। ਇਨ੍ਹਾਂ ਸੁਵਿਧਾਵਾਂ ਦੀ ਰੇਂਜ ਬਹੁਤ ਲੰਮੀ ਹੈ ਤੇ ਲੋਕ ਨਿਸ਼ਚੈ ਹੀ ਇਨ੍ਹਾਂ ਸੁਵਿਧਾਵਾਂ ਲਈ ਅਦਾਇਗੀ ਕਰਨਗੇ ਤਾਂ ਔਖ ਮਹਿਸੂਸ ਕਰਨਗੇ। ਅਖ਼ਬਾਰਾਂ ਵਿਚ ਸਰਕਾਰ ਨੇ ਇਹ ਇਜ਼ਹਾਰ ਕੀਤਾ ਹੈ ਕਿ ਨਵਾਂ ਆਰਥਕ ਬੋਝ ਜਨਤਾ ਉਪਰ ਲੱਦਣ ਦਾ ਫੈਸਲਾ ਦਰਅਸਲ ਖਾਲੀ ਖਜ਼ਾਨਾ ਭਰਨ ਲਈ ਕੀਤਾ ਗਿਆ ਤਰੱਦਦ ਹੈ। ਪਰ ਸਵਾਲ ਉਠਦਾ ਹੈ ਕਿ ਖਜ਼ਾਨੇ ਨੂੰ ਇੰਨੀ ਬੇਕਿਰਕੀ ਨਾਲ ਖਾਲੀ ਕਿਉਂ ਕੀਤਾ ਗਿਆ। ਪੰਜਾਬ ਸਰਕਾਰ ਨੇ ਖਜ਼ਾਨਾ ਦੋਹੀਂ ਹੱਥੀਂ ਵੋਟਾਂ ਨੂੰ ਮੁੱਖ ਰੱਖ ਕੇ ਲੁਟਾਇਆ ਹੈ, ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਅਜਿਹਾ ਕੋਈ ਵਿਕਾਸ ਨਹੀਂ ਦਿਖਾਈ ਦੇ ਰਿਹਾ, ਜਿਹੜਾ ਪੰਜਾਬ ਸਰਕਾਰ ਦੇ ਵਿੱਤੀ ਵਸੀਲਿਆਂ ਨਾਲ ਹੋ ਰਿਹਾ ਹੋਵੇ। ਹੁਣ ਵੀ ਕੋਈ ਇਸ ਤਰ੍ਹਾਂ ਦੀ ਸੰਭਾਵਨਾ ਦਿਖਾਈ ਨਹੀਂ ਦਿੰਦੀ ਜਿਸ ਤੋਂ ਆਸ ਬੱਝਦੀ ਹੋਵੇ ਕਿ ਲੋਕਾਂ ਤੋਂ ਇਕੱਤਰ ਪੈਸੇ ਦੀ ਯੋਗ ਵਰਤੋਂ ਹੋਵੇਗੀ ਕਿਉਂਕਿ ਆਰਥਕ ਵਿਉਂਤਬੰਦੀ ਦੇ ਮਾਮਲੇ ਵਿਚ ਸਰਕਾਰ ਨੇ ਕੋਈ ਨਵੀਂ ਨੀਤੀ ਅਖ਼ਤਿਆਰ ਨਹੀਂ ਕੀਤੀ ਹੈ। ਵਜ਼ੀਰਾਂ ਤੇ ਅਫਸਰਾਂ ਨੂੰ ਪਹਿਲਾਂ ਵਾਂਗ ਹੀ ਮੌਜਾਂ ਮਾਣਦੇ ਦੇਖਿਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਲੋਕਾਂ ਦਾ ਕਚੂੰਮਰ ਕੱਢਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ ਤੇ ਫਿਰ ਵੀ ਵੋਟਾਂ ਬਟੋਰ ਲੈਂਦੀ ਹੈ ਤੇ ਵੋਟਾਂ ਲੈ ਕੇ ਉਸ ਦਾ ਵਤੀਰਾ ਉਸੇ 'ਹੋਣਹਾਰ' ਪੁੱਤ ਵਰਗਾ ਹੀ ਹੁੰਦਾ ਹੈ, ਜਿਹੜਾ ਪੁਲਿਸ 'ਚ ਭਰਤੀ ਹੋ ਕੇ ਸਭ ਤੋਂ ਪਹਿਲਾਂ ਆਪਣੀ ਮਾਂ ਦਾ ਢਹਾ ਕੱਟਣ ਦੀ ਧਾਰੀ ਬੈਠਾ ਹੈ।

ਸੱਚ ਦਾ ਮੁਆਫ਼ੀਨਾਮਾ



ਪ੍ਰਸਿੱਧ ਖਗੋਲ ਵਿਗਿਆਨੀ ਗਲੈਲਿਓ ਨੂੰ ਬ੍ਰਹਿਮੰਡ ਸਬੰਧੀ ਆਪਣੀਆਂ ਖੋਜਾਂ ਲਈ ਉਸ ਵੇਲੇ ਦੇ ਇਸਾਈ ਮੂਲਵਾਦੀਆਂ ਦਾ ਕਹਿਰ ਝੱਲਣਾ ਪਿਆ। ਗਲੈਲੀਓ ਦੀਆਂ ਖੋਜਾਂ ਬ੍ਰਹਿਮੰਡ ਸਬੰਧੀ ਬਾਈਬਲ ਦੀਆਂ ਵਿਆਖਿਆਵਾਂ ਨਾਲ ਮੇਲ ਨਹੀਂ ਸੀ ਖਾਂਦੀਆਂ। ਬਾਈਬਲ ਅਨੁਸਾਰ ਧਰਤੀ ਬ੍ਰਹਿਮੰਡ ਦਾ ਕੇਂਦਰ ਹੈ ਅਤੇ ਸੂਰਜ ਧਰਤੀ ਦੇ ਇਰਦ-ਗਿਰਦ ਚੱਕਰ ਲਗਾਉਂਦਾ ਹੈ। ਗਲੈਲੀਓ ਨੇ ਇਸ ਧਾਰਨਾ ਨੂੰ ਗਲਤ ਸਾਬਤ ਕਰ ਦਿੱਤਾ, ਪਰ ਚਰਚ ਭੜਕ ਉਠਿਆ। ਗਲੈਲੀਓ 'ਤੇ ਮੁਕੱਦਮਾ ਚਲਾਇਆ ਗਿਆ ਤੇ ਹੁਕਮ ਸੁਣਾਇਆ ਗਿਆ ਕਿ ਜਾਂ ਤਾਂ ਉਹ ਬਾਈਬਲ ਦੀਆਂ ਧਾਰਨਾਵਾਂ ਨੂੰ ਇੰਨ-ਬਿੰਨ ਪ੍ਰਵਾਨ ਕਰੇ ਜਾਂ ਫਿਰ ਮੌਤ ਦੀ ਸਜ਼ਾ ਕਬੂਲ ਕਰੇ। ਗਲੈਲੀਓ ਨੇ ਆਪਣੀ ਜਾਨ ਬਚਾਉਣੀ ਬਿਹਤਰ ਸਮਝੀ ਤੇ ਬ੍ਰਹਿਮੰਡ ਸਬੰਧੀ ਬਾਈਬਲ ਦੀਆਂ ਧਾਰਨਾਵਾਂ ਮੰਨ ਲਈਆਂ, ਪਰ ਕਹਿੰਦੇ ਹਨ ਕਿ ਉਹ ਧਾਰਮਿਕ ਕਚਹਿਰੀ 'ਚੋਂ ਵਾਪਸ ਪਰਤਣ ਸਮੇਂ ਬੁੜਬੜਾ ਰਿਹਾ ਸੀ, ''ਪਰ ਇਹ (ਧਰਤੀ) ਤਾਂ ਅਜੇ ਵੀ ਸੂਰਜ ਉਦਾਲੇ ਘੁੰਮ ਰਹੀ ਹੈ। ਮੇਰੇ ਮੰਨਣ (ਮੁਆਫ਼ੀਨਾਮੇ) ਨਾਲ ਕੀ ਫਰਕ ਪੈਂਦਾ ਹੈ।'' ਕੁਝ ਇਸ ਤਰ੍ਹਾਂ ਦੀ ਹੀ ਸਥਿਤੀ ਉਦੋਂ ਬਣੀ ਜਦੋਂ ਪੱਤਰਕਾਰ ਕੁਲਦੀਪ ਨਈਅਰ ਨੇ ਕੁਝ ਕੱਟੜ ਸਿੱਖ ਜਥੇਬੰਦੀਆਂ ਦੇ ਦਬਾਅ ਹੇਠ ਆ ਕੇ ਆਪਣੀ ਪੰਜਾਬ ਤ੍ਰਾਸਦੀ ਬਾਰੇ ਲਿਖੀ ਕਿਤਾਬ ਦੇ ਕੁਝ ਹਿੱਸਿਆਂ ਲਈ ਮੁਆਫ਼ੀ ਮੰਗੀ, ਪਰ ਮੁਆਫ਼ੀ ਮੰਗਣ ਤੋਂ ਬਾਅਦ ਉਘੇ ਵਕੀਲ ਐਚ.ਐਸ ਫੂਲਕਾ ਕੁਲਦੀਪ ਨਈਅਰ ਦੇ ਪੱਖ ਵਿਚ ਬਹੁਤ ਸਾਰੀਆ

ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT (11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410 Fax: 780 435 2596

ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open – Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!

Lunch & Dinner Buffet

7 days a week starting from
$11.00
Bring in this ad and receive 10% off of next order
(expires Jan 31, 2012)

ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

A-WIN: MAKING LIFE EASY

Who We Are

Western Canada's

Biggest Brokers Team, designed to serve Canadians' with solutions for your personal and professional insurance needs.

When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND

100 YEARS & BEYOND

SMI SASKATCHEWAN MUTUAL INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

We Provide Services In English, Punjabi, Gujrati, Hindi & Urdu

Edmonton: 780-465-6900

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਦੀਪਕ ਸ਼ਾਹ, ਰਮਨ ਗਿੱਲ, ਹਰਸਿਮਰਨ ਗਿੱਲ

Calgary: 403-775-2100

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED
Roofing Systems Ltd.

Residential/Commercial Insurance Claims • Asphalt & Specialty Shingles
Siding, Soffits,Fascia • 2 Ply Membranes (SBS)
Cedar Shakes New & Re-Roof Specialists • Condominums Welcome
Steep Roofs Welcome Licaenced & Insured • Pine Shake Replacement
Roof Top Snow removel • FREE Estimates

RESIDENTIAL
COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

Gurkeerat Holding Ltd.

• We Build New House
• We Build Basement
• We Do Renovation
• Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

DRIVING SCHOOL LTD.
Authorised teach Certification Course

Gurcharan Singh Garcha
(M.Sc. M.Ed.)

EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu

Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

PIZZA 99

ਪਰਮਜੀਤ ਸਿੰਘ ਬਾਠ

Serving for over 16 years
Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ
www.pizza99.com

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE
1543 Millwoods Road East, Edmonton AB.

KOPY CENTRE & PRINTING
"On Time ~ Every Time"
Digital Printing & Photo Copy

• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...

We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

EconoLodge™
BY CHOICE HOTELS

Red Deer Econo Lodge Inn & Suites
www.choicehotels.com

Reservations 1-877-424-6423

403-346-4188
Cell: 403-505-4188
Email: econolodgereddeer@shaw.ca

Varinder Sidhu
President

37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances



$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage

$375,000

ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

ਝੂਠ ਦਾ ਕਿਲ੍ਹਾ ਧਵਸਤ ਹੋਵੇਗਾ

(15 ਅਗਸਤ ਨੂੰ ਲਾਲ ਕਿਲ੍ਹੇ ਉਪਰ ਮਨਾਏ ਜਾ ਰਹੇ ਆਜ਼ਾਦੀ ਦਿਵਸ ਦੇ ਨਾਂਅ)



ਮੰਗਤ ਰਾਮ ਪਾਸਲਾ

ਅੱਜ ਦੇ ਦਿਨ
ਇਸੇ ਘੜੀ, ਏਥੇ ਹੀ
ਅਸੀਂ 65 ਵਾਰ
ਬੇਪਰਦ, ਬੇ-ਆਬਰੂ ਤੇ ਜ਼ਿਬ੍ਹਾ ਹੋਏ ਹਾਂ।
ਹਰ ਵਾਰ
ਠੱਗੇ ਗਏ, ਰੋਂਦੇ ਗਏ।
ਖਾਲੀ ਪੇਟ
ਮਤਰੇਈ ਮਾਂ ਦੀ ਲੋਰੀ
ਦੇ ਝੂਠੇ ਥਾਪੜੇ ਨਾਲ ਹੀ ਸੌਂਦੇ ਗਏ।
ਜਦੋਂ ਰਹਿਬਰ ਨੇ
ਮਸਕਰਾ ਹਾਸਾ ਹੱਸਿਆ
ਬਾਂਹ ਉਲਾਰੀ
ਲੋਕਾਂ ਨੂੰ ਕੁੱਝ ਕਿਹਾ।
ਲੋਕ!
ਸਬਰ ਦੀਆਂ ਤਿੱਖੀਆਂ ਧੁੱਪਾਂ ਨਾਲ
ਹੋ ਗਏ ਸਨ ਅਧਮੋਏ ਜਿਹੇ।
ਕੁਫ਼ਰ ਦਾ ਇਕ ਹੋਰ ਮੀਲ ਪੱਥਰ ਗੱਡਿਆ।
ਵਾਅਦਿਆਂ ਦਾ ਨਵਾਂ ਤੋਹਫਾ
ਝੂਠੇ ਦਿਲਾਸਿਆਂ ਦਾ ਖੁਸ਼ਕ ਹੰਝੂ
ਜੋ ਅੱਖ 'ਚੋਂ ਕਦੇ ਟਪਕਿਆ ਹੀ ਨਾ।
ਫੇਰ ਕੀ ਸੀ?
ਮੰਚ ਤੋਂ ਨਿਕਲਿਆ ਝੂਠ ਦਾ
ਇਕ ਹੋਰ ਅਹਿਦਨਾਮਾ
ਮੰਦਿਰ ਨਾਲ ਖਹਿ ਕੇ,
ਮਸਜਿਦ ਨੂੰ ਚੜ੍ਹਾਉਂਦਾ ਹੋਇਆ,
ਚਾਂਦਨੀ ਚੌਂਕ ਦੀ ਤਾਰੀਖ ਨੂੰ
ਠੱਠੇ ਕਰਦਾ,
'ਗੋਲ ਚਬੂਤਰੇ' ਜਾ ਵੜਿਆ।
ਲਾਲ ਕਿਲੇ ਦੀ ਫਸੀਲ,
ਜਿਥੇ
ਨਾਂ ਦਲੀਲ।
ਨਾਂ ਅਪੀਲ।
ਸਿਰਫ ਫੋਕੀਆਂ ਬੇਤਾਲ ਤਾੜੀਆਂ
'ਜੈ ਹਿੰਦ' ਦੇ ਨਾਅਰਿਆਂ ਦਾ ਰਾਮ ਰੌਲਾ।
ਚਾਪਲੂਸਾਂ ਦਾ ਝੁਰਮਟਾ,
ਤੋਪਾਂ ਦੀ ਆਵਾਜ਼।
ਅਸਾਂ ਹੁਣ ਇਸ ਤਰ੍ਹਾਂ,
ਮੁੜ ਏਥੇ ਨਹੀਂ ਆਉਣਾ।
ਨਾ ਹੀ ਸੁਣਨਾ,
ਨਾ ਹੀ ਬੁੜਬੁੜਾਉਣਾ।
ਪੂਰਾ ਤਾਣ ਲਾ ਕੇ
ਬਸ ਕਹਿਣਾ ਹੀ ਕਹਿਣਾ....।
ਚਾਂਦਨੀ ਚੌਕ ਉਪਰ
ਹੁਣ ਗੁਰੂ ਨੇ
ਇਕੱਲਿਆਂ ਸੀਸ ਨਹੀਂ ਦੇਣਾ।
ਸਿਰਾਂ ਦੀ ਬਰਸਾਤ ਕਰਨੀ ਹੈ।
ਸਿਦਕੀ ਸਿਰਾਂ ਦੇ
ਜ਼ਿਹਨਾਂ ਤੇ ਹੱਥਾਂ ਵਿਚ
ਸ਼ਬਦਾਂ ਦੀ ਲਿਸ਼ਕਦੀ ਤੇਗ ਧਰਨੀ ਹੈ।
ਬੰਦਾ ਬਹਾਦਰ ਹੁਣ ਪਿੰਜਰੇ ਵਿਚ ਕੈਦ ਹੋ ਕੇ
ਇਸ ਕਤਲਗਾਹ ਵਿਚ
ਪੇਸ਼ ਨਹੀਂ ਹੋਵੇਗਾ।
ਮਿੱਲਾਂ, ਖੇਤਾਂ, ਖਾਣਾਂ ਤੇ
ਝੌਪੜੀਆਂ ਚੋਂ ਲੰਘਦਾ ਹੋਇਆ
ਲਾਮ ਲਸ਼ਕਰ ਦੀ
ਅਗਵਾਈ
ਕਰਦਾ,
ਪੱਥਰਾਂ ਦੀ ਇਸ ਧਰਤ ਵਲ ਨੂੰ ਕੂਚ ਕਰੇਗਾ।
ਤਦ ਕਿਲ੍ਹੇ ' ਤੇ
ਮੂਸਲੇਧਾਰ ਸੰਧੂਰੀ ਮੀਂਹ ਬਰਸੇਗਾ।
ਹੁੰਮਸ ਦੂਰ ਹੋਵੇਗੀ,
ਭਾਈ ਲਾਲੋ ਨੱਚੇਗਾ।
ਔਰੰਗਜ਼ੇਬੀ ਕਟਾਰ
ਸਿਰ ਧੜ ਵਿਚ ਲੀਕ ਨਹੀਂ ਪਾ ਸਕੇਗੀ।
ਖਲਕਤ ਦੀ ਆਵਾਜ਼
ਮੰਦਿਰ, ਮਸਜ਼ਿਦ ਤੇ
ਸੀਸ ਗੰਜ ਦੀ ਸਰਦਲ 'ਤੇ
ਐਨਲਹੱਕ ਦਾ ਨਾਅਰਾ ਬੁਲੰਦ ਕਰੇਗੀ।
ਤੇ ਝੂਠ ਦਾ ਕਿਲਾ ,
ਧਵਸਤ ਹੋਵੇਗਾ।

ਜਨਰਲ ਸਕੱਤਰ, ਸੀ ਪੀ ਐਮ ਪੰਜਾਬ

ਬਿਜਲੀ-ਪਾਣੀ ਦੇ ਸੰਕਟ ਨਾਲ ਜੂਝ ਰਿਹਾ ਪੰਜਾਬ ਦਾ ਕਿਸਾਨ

ਰਘਬੀਰ ਸਿੰਘ

ਪੰਜਾਬ ਇਸ ਸਮੇਂ ਬਿਜਲੀ ਅਤੇ ਪਾਣੀ ਦੇ ਸੰਕਟ ਨਾਲ ਹਾਲੋ ਬੇਹਾਲ ਹੈ। ਪੇਂਡੂ ਖੇਤਰ ਵਿਚ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਲਈ ਲੋੜੀਂਦੀ ਬਿਜਲੀ ਨਹੀਂ ਮਿਲਦੀ ਅਤੇ ਨਾ ਹੀ ਨਹਿਰੀ ਪਾਣੀ ਮਿਲ ਰਿਹਾ ਹੈ। ਮੌਨਸੂਨ ਦੀ ਕਮਜ਼ੋਰ ਅਵਸਥਾ ਨੇ ਹਾਲਾਤ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਪੰਜਾਬ ਸਰਕਾਰ ਅਤੇ ਪੰਜਾਬ ਪਾਵਰ ਕਾਰਪੋਰੇਸ਼ਨ ਵਲੋਂ ਦਿੱਤੇ ਗਏ ਭਰੋਸੇ ਕਿ ਉਹ ਖੇਤੀ ਲਈ ਹਰ ਹਾਲਤ ਵਿਚ ਅੱਠ ਘੰਟੇ ਨਿਰਵਿਘਨ ਬਿਜਲੀ ਦੀ ਸਪਲਾਈ ਕਰਨਗੇ, ਪੂਰੀ ਤਰ੍ਹਾਂ ਗਲਤ ਸਾਬਤ ਹੋ ਗਏ ਹਨ। ਪਾਵਰ ਕਾਮ ਦੇ ਕਈ ਗਰਿਡ ਅਤੇ ਟਰਾਂਸਫਾਰਮਰ ਓਵਰਲੋਡ ਹਨ ਅਤੇ ਉਹ ਤਿੰਨ ਸ਼ਿਫਟਾਂ ਵਿਚ 8-8 ਘੰਟੇ ਦੀ ਸਪਲਾਈ ਕਰਨ ਤੋਂ ਅਸਮਰਥ ਹਨ। ਜਿਹੜੇ ਓਵਰਲੋਡ ਨਹੀਂ ਵੀ ਹਨ ਉਹਨਾਂ ਦੀ ਸਪਲਾਈ ਵਿਚ ਵੀ ਅਣਐਲਾਨੀ ਕਟੌਤੀ ਕਰ ਲਈ ਜਾਂਦੀ ਹੈ ਅਤੇ ਇਸਦੀ ਪੂਰਤੀ ਵੀ ਨਹੀਂ ਹੁੰਦੀ। ਓਵਰਲੋਡ ਗਰਿਡਾਂ ਰਾਹੀਂ ਸਪਲਾਈ ਦਿੱਤੇ ਜਾਣ ਦਾ ਪਾਵਰ ਕਾਰਪੋਰੇਸ਼ਨ ਦਾ ਫੈਸਲਾ ਹੀ ਛੇ ਘੰਟੇ ਦਾ ਹੈ। ਬਿਜਲੀ ਸਪਲਾਈ ਦਾ ਢਾਂਚਾ ਪੁਰਾਣਾ ਅਤੇ ਨਿਤਾਣਾ ਹੋਣ ਕਰਕੇ ਇਸ ਵਿਚ ਕਈ ਵਾਰ ਖਰਾਬੀ ਆਉਣ ਕਰਕੇ ਬਿਜਲੀ ਵਿਚ ਵਿਘਨ ਪੈਂਦਾ ਹੈ। ਕਈ ਥਾਈਂ ਪ੍ਰਬੰਧ ਵਿਚ ਵਿਘਨ ਆਉਣ ਕਰਕੇ ਲੱਗੀ ਕਟੌਤੀ ਦੀ ਜਨਤਕ ਦਬਾਅ ਹੇਠ ਭਰਪਾਈ ਕਰ ਦਿੱਤੀ ਜਾਂਦੀ ਹੈ, ਪਰ ਬਹੁਤੀਆਂ ਥਾਵਾਂ ਤੇ ਇਹ ਵਿਵਸਥਾ ਨਹੀਂ ਹੈ। ਜਮਹੂਰੀ ਕਿਸਾਨ ਸਭਾ ਵਲੋਂ ਵੱਖ-ਵੱਖ ਥਾਵਾਂ 'ਤੇ ਲਾਏ ਗਏ ਧਰਨਿਆਂ ਸਮੇਂ ਬੋਰਡ ਕਰਮਚਾਰੀਆਂ ਨੇ ਦੱਸਿਆ ਕਿ ਬੋਰਡ ਦੇ ਹੈਕੁਆਰਟਰ ਤੋਂ ਵੱਖਰੇ ਆਦੇਸ਼ਾਂ ਰਾਹੀਂ ਸਪਲਾਈ ਵਿਚ ਕੱਟ ਲੱਗਦੀ ਹੈ ਜਿਸਦੀ ਭਰਪਾਈ ਉਹ ਲੋਕਲ ਪੱਧਰ 'ਤੇ ਨਹੀਂ ਕਰ ਸਕਦੇ। ਬੋਰਡ ਦੇ ਆਦੇਸ਼ਾਂ ਰਾਹੀਂ ਲੱਗੇ ਕੱਟਾਂ ਅਤੇ ਹੇਠਲੀ ਪੱਧਰ 'ਤੇ ਪ੍ਰਬੰਧ ਵਿਚ ਆਉਣ ਵਾਲੇ ਵਿਗਾੜਾਂ ਕਰਕੇ ਕਿਸਾਨਾਂ ਨੂੰ ਬਿਜਲੀ ਸਪਲਾਈ ਮੁਸ਼ਕਲ ਨਾਲ ਪੰਜ ਛੇ ਘੰਟੇ ਹੀ ਮਿਲਦੀ ਹੈ। ਇਸ ਮੰਦੀ ਹਾਲਤ ਵਿਚ ਬਿਜਲੀ ਦੀ ਘੱਟ ਵੋਲਟੇਜ ਹੋਰ ਵਾਧਾ ਕਰ ਰਹੀ ਹੈ। ਘੱਟ ਵੋਲਟੇਜ਼ ਕਰਕੇ ਖੇਤੀ ਮੋਟਰਾਂ ਪੂਰਾ ਪਾਣੀ ਨਹੀਂ ਕੱਢ ਰਹੀਆਂ।

ਨਹਿਰੀ ਪਾਣੀ ਦੀ ਸਪਲਾਈ ਦੀ ਹਾਲਤ ਹੋਰ ਵੀ ਮਾੜੀ ਹੈ। ਨਹਿਰੀ ਪ੍ਰਬੰਧ ਦੀ ਕੀਤੀ ਗਈ ਅਣਦੇਖੀ ਕਰਕੇ ਉਪਲੱਬਧ ਪਾਣੀ ਦੀ ਵੀ ਠੀਕ ਵਰਤੋਂ ਨਹੀਂ ਹੋ ਰਹੀ। ਮਾਝਾ ਖੇਤਰ ਦੇ ਚਾਰ ਜ਼ਿਲ੍ਹਿਆਂ ਦੇ ਖੇਤਾਂ ਨੂੰ ਸਿੰਜਦੀ ਅਪਰਬਾਰੀ ਦੁਆਬ ਨਹਿਰ ਦਾ ਪ੍ਰਬੰਧ ਬਿਲਕੁਲ ਹੀ ਖੇਰੂ ਖੇਰੂ ਕਰ ਦਿੱਤਾ ਗਿਆ ਹੈ। ਇਸ ਨਹਿਰ ਅਤੇ ਇਸਦੇ ਰਜਬਾਹਿਆਂ ਦੀ ਸਫਾਈ ਨਾ ਹੋਣ ਕਰਕੇ ਅਤੇ ਅਨੇਕਾਂ ਖਾਲਿਆਂ ਦੇ ਬੰਦ ਹੋ ਜਾਣ ਕਰਕੇ ਇਸ ਖੇਤਰ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਬਹੁਤ ਹੀ ਲੇਟ ਅਤੇ ਘੱਟ ਮਾਤਰਾ ਵਿਚ ਮਿਲਦਾ ਹੈ। 10 ਜੂਨ ਤੋਂ ਪਹਿਲਾਂ ਬਿਜਲੀ ਦੀ ਸਪਲਾਈ ਘਟਾਕੇ ਦੋ ਤਿੰਨ ਘੰਟੇ ਕਰ ਦਿੱਤੀ ਜਾਂਦੀ ਹੈ ਅਤੇ ਨਹਿਰੀ ਪਾਣੀ ਨਾ ਮਿਲਣ ਕਰਕੇ ਲੋਕਾਂ ਦੀ ਗੰਨੇ ਦੀ ਫਸਲ ਅਤੇ ਸਬਜੀਆਂ

ਆਦਿ ਸੁੱਕ ਜਾਂਦੀਆਂ ਹਨ। ਅਪਰਬਾਰੀ ਦੁਆਬ ਵਿਚੋਂ ਨਿਕਲਣ ਵਾਲੀ ਸਰਹੱਦੀ ਨਹਿਰ ਜੋ ਪੂਰੀ ਤਰ੍ਹਾਂ ਜੰਗਲ ਬਣੀ ਹੋਈ ਹੈ ਵਿਚ ਅਜੇ ਤੱਕ ਪਾਣੀ ਨਹੀਂ ਛੱਡਿਆ ਗਿਆ। ਗੁਰਦਾਸਪੁਰ ਜ਼ਿਲ੍ਹੇ ਦੇ ਅਨੇਕਾਂ ਗਰੀਬ ਕਿਸਾਨ ਇਸ ਨਹਿਰ ਦੇ ਪਾਣੀ ਲਈ ਤਰਸ ਰਹੇ ਹਨ। ਸਰਕਾਰ ਦੀ ਅਣਗਹਿਲੀ ਕਰਕੇ ਥੀਨ ਡੈਮ ਦੇ ਬਿਜਲੀ ਘਰਾਂ ਨੂੰ ਚਲਾਉਣ ਲਈ ਛੱਡਿਆ ਜਾਂਦਾ ਪਾਣੀ ਜੋ ਮੰਦਹਾਲੀ ਵਾਲੀ ਇਸ ਨਹਿਰ ਦੀ ਸਮਰੱਥਾ ਤੋਂ ਵੱਧ ਹੁੰਦਾ ਹੈ ਜਾਂ ਤਾਂ ਪਾਕਿਸਤਾਨ ਨੂੰ ਛੱਡ ਦਿੱਤਾ ਜਾਂਦਾ ਹੈ ਜਾਂ ਨਿਕਾਸੀ ਨਾਲੇ ਰਾਹੀਂ ਦਰਿਆ ਬਿਆਸ ਵਿਚ ਪਾ ਦਿੱਤਾ ਜਾਂਦਾ ਹੈ। ਮਾਲਵਾ ਖੇਤਰ ਜਿਥੇ ਧਰਤੀ ਹੇਠਲਾ ਪਾਣੀ ਖਰਾਬ ਹੈ, ਉਥੇ ਨਹਿਰੀ ਪਾਣੀ ਦੀ ਘਾਟ ਕਰਕੇ ਕਈ ਥਾਈਂ ਨਰਮੇਂ ਦੀ ਬਿਜਾਈ ਵੀ ਨਹੀਂ ਹੋ ਸਕਦੀ ਅਤੇ ਕਈ ਥਾਈਂ ਬੀਜਿਆ ਨਰਮਾ ਸੁੱਕ ਜਾਂਦਾ ਹੈ।

ਬਿਜਲੀ ਦਾ ਸੰਕਟ ਸ਼ਹਿਰੀ ਲੋਕਾਂ ਦਾ ਵੀ ਪੂਰਾ ਕਚੂਮਰ ਕੱਢ ਰਿਹਾ ਹੈ। ਬਿਜਲੀ ਦੇ ਲੰਮੇ ਕੱਟ ਐਲਾਨੇ ਅਤੇ ਅਣਐਲਾਨੇ ਲਾਏ ਜਾਂਦੇ ਹਨ। ਸਭ ਤੋਂ ਵੱਡੀ ਸਮੱਸਿਆ ਬਹੁਤ ਹੀ ਘੱਟ ਵੋਲਟੇਜ ਦੀ ਹੈ ਜਿਸ ਨਾਲ ਰੌਸ਼ਨੀ ਲਈ ਲੱਗੀਆਂ ਟਿਊਬਾਂ ਨਹੀਂ ਜਗਦੀਆਂ। ਪੱਖੇ ਬਿਮਾਰ ਮਰੀਜ ਵਾਂਗ ਬਿਲਕੁਲ ਮਰੀਅਲ ਚਾਲ ਚਲਦੇ ਹਨ ਅਤੇ ਉਹਨਾਂ ਦੀ ਹਵਾ ਪੋਹੰਦੀ ਤੱਕ ਨਹੀਂ। ਨਾਕਸ ਪ੍ਰਬੰਧ ਕਰਕੇ ਜਦ ਬਿਜਲੀ ਸਪਲਾਈ ਬੰਦ ਹੋ ਜਾਂਦੀ ਹੈ ਤਾਂ ਉਸਨੂੰ ਠੀਕ ਕਰਨ ਵਾਲੇ ਨਹੀਂ ਮਿਲਦੇ। ਸ਼ਿਕਾਇਤ ਘਰ ਜਿਸ ਨਾਲ ਸੈਂਕੜੇ ਘਰ ਜੁੜੇ ਹੁੰਦੇ ਹਨ ਵਿਚ ਮੁਸ਼ਕਲ ਨਾਲ ਦੋ ਕੁ ਕਰਮਚਾਰੀ ਹੁੰਦੇ ਹਨ ਜਿਹਨਾਂ ਪਾਸ ਪੌੜੀ ਤੱਕ ਵੀ ਨਹੀਂ ਹੁੰਦੀ। ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਦੀ ਵੀ ਮੁਸ਼ਕਲ ਆਉਂਦੀ ਹੈ। ਕਈ ਵਾਰ ਤਾਂ ਵਾਟਰ ਸਪਲਾਈ ਦੀਆਂ ਮੋਟਰਾਂ ਨਹੀਂ ਚਲਦੀਆਂ। ਘੱਟ ਵੋਲਟੇਜ ਕਰਕੇ ਘਰਾਂ ਵਿਚ ਲੱਗੀਆਂ ਮੋਟਰਾਂ ਵੀ ਬਹੁਤ ਵਾਰ ਜਵਾਬ ਦੇ ਜਾਂਦੀਆਂ ਹਨ।

ਇਸ ਸਾਰੇ ਚਿੰਤਾਜਨਕ ਹਾਲਾਤ ਦੀ ਪੂਰੀ ਜਿੰਮੇਵਾਰੀ ਕੇਂਦਰ ਅਤੇ ਸੂਬਾ ਸਰਕਾਰ 'ਤੇ ਆਉਂਦੀ ਹੈ। ਨਵਉਦਾਰਵਾਦੀ ਨੀਤੀਆਂ ਕਰਕੇ ਇਹ ਹਾਲਤ ਪੈਦਾ ਹੋਈ ਹੈ। ਨਿੱਜੀਕਰਨ ਦੀ ਪ੍ਰਕਿਰਿਆ ਰਾਹੀਂ ਇਕ ਪਾਸੇ ਬਿਜਲੀ ਬੋਰਡ ਨੂੰ ਹੌਲੀ ਹੌਲੀ ਕਮਜ਼ੋਰ ਕਰਕੇ ਅਖੀਰ ਤੋੜ ਦਿੱਤਾ ਗਿਆ। ਬਿਜਲੀ ਬੋਰਡ ਵਲੋਂ ਪ੍ਰਵਾਨਤ ਕੀਤੇ ਗਏ ਅਨੇਕਾਂ ਬਿਜਲੀ ਪ੍ਰਾਜੈਕਟ ਅਧੂਰੇ ਛੱਡ ਦਿੱਤੇ ਗਏ। ਸ਼ਾਹਪੁਰ ਕੰਢੀ ਡੈਮ ਦੀ ਉਸਾਰੀ ਇਸ ਦੀ ਸਪੱਸ਼ਟ ਉਦਾਹਰਣ ਹੈ। ਸਰਕਾਰ ਦੀ ਇਸ ਨੀਤੀ ਦਾ ਹੀ ਸਿੱਟਾ ਹੈ ਕਿ ਪਿਛਲੇ 10 ਸਾਲਾਂ ਵਿਚ ਸਿਰਫ ਲਹਿਰਾ ਮਹੁੱਬਤ ਥਰਮਲ ਪਲਾਂਟ ਰਾਹੀਂ 500 ਮੈਗਾਵਾਟ ਦਾ ਹੀ ਵਾਧਾ ਹੋ ਸਕਿਆ ਹੈ ਜਦੋਂਕਿ ਬਿਜਲੀ ਦੀ ਮੰਗ ਬਹੁਤ ਵੱਧ ਗਈ ਹੈ। ਪਿਛਲੇ ਪੰਜ ਵਰ੍ਹਿਆਂ ਵਿਚ ਬਾਦਲ ਸਰਕਾਰ ਨੇ ਸੂਬੇ ਵਿਚ ਬਿਜਲੀ ਲੋੜ ਤੋਂ ਵੱਧ ਪੈਦਾ ਕਰਨ ਦੀਆਂ ਡੀਂਗਾਂ ਬਹੁਤ ਮਾਰੀਆਂ ਹਨ ਪਰ ਉਸ ਵੱਲੋਂ ਆਰੰਭ ਕੀਤਾ ਇਕ ਵੀ ਪ੍ਰਾਜੈਕਟ ਅਜੇ ਤੱਕ ਚਾਲੂ ਨਹੀਂ ਹੋਇਆ।

ਨਵਉਦਾਰਵਾਦੀ ਨੀਤੀ ਅਨੁਸਾਰ ਖੇਤੀ ਸੈਕਟਰ ਦੀ ਕੀਤੀ ਜਾਣ ਵਾਲੀ ਅਣਗਹਿਲੀ ਦਾ ਸਭ ਤੋਂ ਮਾਰੂ ਅਸਰ ਨਹਿਰੀ ਪਾਣੀ ਦੀ ਸਪਲਾਈ 'ਤੇ ਪਿਆ ਹੈ। ਸਰਕਾਰ ਨੇ ਨਹਿਰੀ ਪਾਣੀ ਵਿਚ ਵਾਧਾ ਕਰਨ ਦੀ ਥਾਂ ਪਹਿਲੇ ਪ੍ਰਬੰਧ ਨੂੰ ਵੀ ਆਪਣੇ ਹਾਲ 'ਤੇ ਹੀ ਛੱਡ ਦਿੱਤਾ ਜਿਸ ਨਾਲ ਪੰਜਾਬ ਦੀ ਸਭ ਤੋਂ ਵੱਧ ਪੁਰਾਣੀ ਅਪਰਬਾਰੀ ਦੁਆਬ ਨਹਿਰ ਦਾ ਸਿਲਸਿਲਾ ਆਖਰੀ ਸਾਹਾਂ 'ਤੇ ਪੁੱਜ ਗਿਆ ਹੈ। ਕੋਈ ਵੀ ਨਵੀਂ ਨਹਿਰ ਨਹੀਂ ਕੱਢੀ ਗਈ ਅਤੇ ਨਾ ਹੀ ਪਹਿਲੀ ਦੀ ਸਮਰੱਥਾ ਵਧਾਈ ਹੈ। ਨਵੇਂ ਖੇਤਰਾਂ ਨੂੰ ਦਿੱਤਾ ਜਾਣ ਵਾਲਾ ਪਾਣੀ ਵੀ ਪਹਿਲਾਂ ਵਾਲੇ ਖੇਤਰਾਂ ਦਾ ਘਟਾਕੇ ਦਿੱਤਾ ਗਿਆ ਹੈ। ਕੰਢੀ ਖੇਤਰਾਂ ਲਈ ਵੀ ਕੋਈ ਨਹਿਰ ਨਹੀਂ ਬਣਾਈ ਜੇਕਰ ਹੁਸ਼ਿਆਰਪੁਰ ਵਿਖੇ ਬਣਾਈ ਹੈ ਤਾਂ ਉਹ ਅਧੂਰੀ ਛੱਡ ਦਿੱਤੀ ਗਈ ਹੈ। ਮਾਲਵਾ ਖੇਤਰ ਵਿਚ ਘੱਗਰ ਦਰਿਆ ਦਾ ਨਹਿਰੀਕਰਨ ਕਰਕੇ ਨਹਿਰੀ ਪਾਣੀ ਦਾ ਵਾਧਾ ਕੀਤਾ ਜਾ ਸਕਦਾ ਸੀ। ਨਵੀਆਂ ਨਹਿਰਾਂ ਲਈ ਲੋੜੀਂਦੇ ਪਾਣੀ ਲਈ ਵਰਖਾ ਦੇ ਪਾਣੀ ਦੀ ਸੰਭਾਲ ਕਰਕੇ ਦਰਿਆਈ ਪਾਣੀਆਂ ਦੀ ਸਮਰੱਥਾ ਵਧਾਈ ਜਾ ਸਕਦੀ ਸੀ। ਕੰਢੀ ਖੇਤਰ ਵਿਚ ਚੈਕ ਡੈਮਾਂ ਰਾਹੀਂ ਸਿੰਚਾਈ ਦੇ ਸਾਧਨ ਜੁਟਾਏ ਜਾ ਸਕਦੇ ਸਨ। ਕਈ ਬਰਸਾਤੀ ਨਾਲਿਆਂ (ਮਿਸਾਲ ਲਈ ਗੁਰਦਾਸਪੁਰ, ਅੰਮ੍ਰਿਤਸਰ ਜ਼ਿਲ੍ਹਿਆਂ ਵਿਚੋਂ ਲੰਘਦਾ ਸੱਕੀ ਨਾਲਾ) ਨੂੰ ਚੌੜਾ ਅਤੇ ਸਿੱਧਾ ਕਰਕੇ ਇਹਨਾਂ ਉਪਰ ਕਈ ਥਾਵਾਂ 'ਤੇ ਰੋਕਾਂ ਲਾ ਕੇ ਪਾਣੀ ਦਾ ਵਹਾਉ ਲਗਾਤਾਰ ਜਾਰੀ ਰੱਖਿਆ ਜਾ ਸਕਦਾ ਸੀ ਅਤੇ ਇਸ ਨਾਲ ਪਾਣੀ ਦਾ ਪੱਧਰ ਵੀ ਉਚਾ ਆ ਸਕਦਾ ਸੀ। ਸ਼ਹਿਰਾਂ ਵਿਚ ਵਰਤੇ ਜਾਂਦੇ ਪਾਣੀ ਜੋ ਸੀਵਰੇਜ ਰਾਹੀਂ ਦਰਿਆਵਾਂ ਨਾਲਿਆਂ ਵਿਚ ਸੁੱਟ ਕੇ ਪਾਣੀ ਵਿਚ ਜ਼ਹਿਰ ਘੋਲਣ ਅਤੇ ਮਾਲਵਾ ਵਰਗੇ ਖੇਤਰਾਂ ਨੂੰ ਕੈਂਸਰ ਵਰਗੀਆਂ ਬਿਮਾਰੀਆਂ ਲਾਉਣ ਦੀ ਥਾਂ ਇਸਦੀ ਸਫਾਈ ਕਰਕੇ ਇਹ ਪਾਣੀ ਸ਼ਹਿਰਾਂ ਵਿਚ ਬਾਗਾਂ ਬਗੀਚਿਆਂ ਅਤੇ ਪਿੰਡਾਂ ਵਿਚ ਖੇਤੀ ਲਈ ਵਰਤਿਆ ਜਾ ਸਕਦਾ ਸੀ। ਇਹਨਾਂ ਢੰਗਾਂ ਨਾਲ ਖੇਤੀ ਸੈਕਟਰ ਦੀ ਬਿਜਲੀ 'ਤੇ ਨਿਰਭਰਤਾ ਘੱਟ ਸਕਦੀ ਸੀ ਅਤੇ ਪਾਣੀ ਦਾ ਪੱਧਰ ਹੇਠਾਂ ਜਾਣ ਤੋਂ ਵੀ ਰੋਕਿਆ ਜਾ ਸਕਦਾ ਸੀ।

ਪਰ ਇਹ ਸਭ ਕੁੱਝ ਸਰਕਾਰ ਦੀਆਂ ਨੀਤੀਆਂ 'ਤੇ ਅਧਾਰਤ ਹੈ। ਭਾਰਤ ਵਰਗੇ ਗਰੀਬ ਦੇਸ਼ਾਂ ਵਿਚ ਜਨਤਕ ਖੇਤਰ ਮਜ਼ਬੂਤ ਕਰਨ ਤੋਂ ਬਿਨਾਂ ਦੂਜਾ ਕੋਈ ਰਸਤਾ ਨਹੀਂ। ਸਿਰਫ ਅਤੇ ਸਿਰਫ ਜਨਤਕ ਖੇਤਰ ਹੀ ਖੇਤੀ ਲਈ ਬਿਜਲੀ ਤੇ ਪਾਣੀ ਅਤੇ ਪੀਣ ਵਾਲਾ ਪਾਣੀ, ਵਿਦਿਆ ਅਤੇ ਸਿਹਤ ਸੇਵਾਵਾਂ, ਗਰੀਬ ਲੋਕਾਂ ਨੂੰ ਸਸਤੀਆਂ ਅਤੇ ਲੋੜੀਂਦੇ ਮਾਤਰਾ ਵਿਚ ਸਪਲਾਈ ਕਰ ਸਕਦਾ ਹੈ। ਪ੍ਰਾਈਵੇਟ ਖੇਤਰ ਜੋ ਸਿਰਫ ਮੁਨਾਫੇ ਲਈ ਕੰਮ ਕਰਦਾ ਹੈ ਅਜਿਹਾ ਕੰਮ ਨਹੀਂ ਕਰ ਸਕਦਾ। ਐਪਰ ਪ੍ਰਾਂਤ ਦੇ ਹਾਕਮ ਬਿਲਕੁਲ ਉਲਟ ਦਿਸ਼ਾ ਵੱਲ ਚਲ ਰਹੇ ਹਨ। ਉਹ ਦੇਸ਼ ਦੇ ਕੁੱਲ ਕੁਦਰਤੀ ਅਤੇ ਮਾਲੀ ਵਸੀਲੇ ਕਾਰਪੋਰੇਟ ਸੈਕਟਰ ਦੇ ਹਵਾਲੇ ਕਰ ਰਹੇ ਹਨ ਜਿਸ ਨਾਲ ਹਾਲਤ ਹੋਰ ਖਰਾਬ ਹੋਵੇਗੀ।

ਸਮੇਂ ਦੀ ਲੋੜ ਹੈ ਕਿ ਦੇਸ਼ ਦੇ ਜਨਤਕ ਖੇਤਰ ਅਤੇ ਜਲ, ਜੰਗਲ ਅਤੇ ਜ਼ਮੀਨ ਵਰਗੇ ਕੁਦਰਤੀ ਸਾਧਨਾਂ ਦੀ ਰਾਖੀ ਲਈ ਦੇਸ਼ ਵਿਆਪੀ ਜ਼ੋਰਦਾਰ ਲਹਿਰ ਚਲਾਈ ਜਾਵੇ। ਜਮਹੂਰੀ ਕਿਸਾਨ ਸਭਾ ਪੰਜਾਬ ਇਹਨਾਂ ਮਸਲਿਆਂ ਲਈ ਪੂਰੀ ਤਰ੍ਹਾਂ ਜਾਗਰੂਕ ਹੈ ਅਤੇ ਇਸ ਬਾਰੇ ਆਜ਼ਾਦਾਨਾ ਅਤੇ ਸਾਂਝੇ ਸੰਘਰਸ਼ ਉਸਾਰਨ ਲਈ ਯਤਨਸ਼ੀਲ ਹੈ।

ਲੇਖਕ ਉਘੇ ਕਿਸਾਨ ਆਗੂ ਹਨ

‘ਕੌਮਾਂਤਰੀ ਪੰਜਾਬੀ ਇਲਮ’ ਦੀ ਸਥਾਪਨਾ

ਦਰਸ਼ਨ ਬੁੱਟਰ ਪ੍ਰਧਾਨ ਤੇ ਸੁਸ਼ੀਲ ਦੁਸਾਂਝ ਜਨਰਲ ਸਕੱਤਰ ਬਣੇ

ਕੌਮਾਂਤਰੀ ਪੰਜਾਬੀ ਇਲਮ ਦੀ ਸਥਾਪਨਾ ਮੌਕੇ ਪ੍ਰਧਾਨਗੀ ਮੰਡਲ ਵਿਚ ਬੈਠੇ ਜੈਨਇੰਦਰ ਚੌਹਾਨ, ਦਰਸ਼ਨ ਬੁੱਟਰ, ਦੀਪਕ ਮਨਮੋਹਨ ਸਿੰਘ, ਪ੍ਰੋ. ਅਨੂਪ ਵਿਰਕ, ਜਸਵਿੰਦਰ ਰੋਪੜ ਅਤੇ ਸਮਾਗਮ ਵਿਚ ਬੋਲਦੇ ਹੋਏ ਸੁਸ਼ੀਲ ਦੁਸਾਂਝ।

ਚੰਡੀਗੜ੍ਹ, (ਨਦਬ) : ਅੱਜ ਇਥੋਂ ਦੇ ਉੱਤਮ ਰੈਸਟੋਰੈਂਟ ਵਿਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਸਿਹਤਮੰਦ ਗੀਤ-ਸੰਗੀਤ ਦੇ ਸੰਸਾਰ ਭਰ ਵਿਚ ਪ੍ਰਚਾਰ ਅਤੇ ਪ੍ਰਸਾਰ ਲਈ ‘ਕੌਮਾਂਤਰੀ ਪੰਜਾਬੀ ਇਲਮ’ ਨਾਂ ਦੇ ਅਦਾਰੇ ਦੀ ਸਥਾਪਨਾ ਕੀਤੀ ਗਈ। ਇਸ ਅਦਾਰੇ ਦੀ ਸਥਾਪਨਾ ਦਾ ਐਲਾਨ ਕਰਦੇ ਹੋਏ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਪ੍ਰਧਾਨ ਪ੍ਰੋ. ਅਨੂਪ ਵਿਰਕ ਅਤੇ ਸਾਬਕਾ ਜਨਰਲ ਸਕੱਤਰ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ‘ਕੌਮਾਂਤਰੀ ਪੰਜਾਬੀ ਇਲਮ’ ਦੇਸ਼ਾਂ-ਦੇਸ਼ਾਂਤਰਾਂ ਵਿਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਗੀਤ-ਸੰਗੀਤ ਨੂੰ ਉਤਸ਼ਾਹਿਤ ਕਰਨ ਲਈ ਕਾਰਜਸ਼ੀਲ ਰਹੇਗਾ।

‘ਕੌਮਾਂਤਰੀ ਪੰਜਾਬੀ ਇਲਮ’ ਦੇ ਅਹੁਦੇਦਾਰਾਂ ਦਾ ਐਲਾਨ ਕਰਦਿਆਂ ਡਾ. ਦੀਪਕ ਮਨਮੋਹਨ ਸਿੰਘ ਨੇ ਦੱਸਿਆ ਕਿ ਇਸ ਦੇ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਸ਼ਾਇਰ ਜਸਵਿੰਦਰ, ਮੀਤ ਪ੍ਰਧਾਨ ਬਲਵਿੰਦਰ ਸੰਧੂ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸਕੱਤਰ ਜੈਨਇੰਦਰ ਚੌਹਾਨ ਹੋਣਗੇ। ਇਸ ਐਲਾਨ ਤੋਂ ਬਾਅਦ ਚੁਣੇ ਗਏ ਅਹੁਦੇਦਾਰਾਂ ਨੇ ਇਕਸੁਰ ਵਿਚ ਆਖਿਆ ਕਿ ਭਾਵੇਂ ਇਹ ਅਦਾਰਾ ਪੂਰੀ ਤਰ੍ਹਾਂ ਗੈਰ-ਸਿਆਸੀ ਰਹੇਗਾ, ਪਰ ਭਾਰਤੀ ਸਿਆਸਤ ਵਿਚ ਆ ਰਹੇ ਨਿਘਾਰ ’ਤੇ ਗੰਭੀਰ ਚਰਚਾ ਲਈ ਪੁਲ ਮੁਹੱਈਆ ਜ਼ਰੂਰ ਕਰਵਾਏਗਾ। ਉਨ੍ਹਾਂ ਇਹ ਵੀ ਦੱਸਿਆ ਕਿ ਹੋਰਨਾਂ ਭਾਰਤੀ ਅਤੇ ਗਲੋਬਲ ਭਾਸ਼ਾਵਾਂ ਵਿਚਾਲੇ ਸਾਹਿਤਕ ਸੰਵਾਦ ਰਚਾਉਣਾ ਵੀ ਇਸ ਅਦਾਰੇ ਦਾ ਮੁੱਖ ਕਾਰਜ ਰਹੇਗਾ। ਉਨ੍ਹਾਂ ਦੱਸਿਆ ਕਿ ਸਾਹਿਤ ਦੇ ਨਾਂ ’ਤੇ ਹੁੰਦੇ ਗੈਰ ਸਾਹਿਤਕ ਕਾਰਜਾਂ, ਪੰਜਾਬੀ ਗਾਇਕੀ ਵਿਚ ਪੈਦਾ ਕੀਤੇ ਜਾ ਰਹੇ ਸ਼ੋਰ ਅਤੇ ਪੂੰਜੀ ਦੇ ਲੱਚਰ ਪ੍ਰਦਰਸ਼ਨ ਵਿਰੁੱਧ ਵੀ ਇਹ ਅਦਾਰਾ ਇਕ ਬੁਲੰਦ ਆਵਾਜ਼ ਪੈਦਾ ਕਰਨ ਦੀ ਕੋਸ਼ਿਸ਼ ਕਰੇਗਾ। ਉਨ੍ਹਾਂ ਦੱਸਿਆ ਕਿ ਇਹ ਅਦਾਰਾ ਅਮਲੀ ਰੂਪ ਵਿਚ ਕੌਮਾਂਤਰੀ ਦਿੱਖ ਵਾਲਾ ਹੋਵੇਗਾ ਅਤੇ ਇਸ ਦੀ ਪਲੇਠੀ ਮੀਟਿੰਗ ਵਿਚ ਹੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਇਟਲੀ, ਨਿਊਜ਼ੀਲੈਂਡ ਅਤੇ ਪਾਕਿਸਤਾਨ ਤੋਂ ਕਨਵੀਨਰ ਨਾਮਜ਼ਦ ਕਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਵੀ ਕਨਵੀਨਰ ਲਏ ਜਾਣਗੇ ਅਤੇ ਨਾਲ ਹੀ ਜ਼ਿਲ੍ਹਾ ਕਨਵੀਨਰਾਂ ਦਾ ਐਲਾਨ ਕੀਤਾ ਜਾਵੇਗਾ। ਇਸ ਅਦਾਰੇ ਵੱਲੋਂ ਅਕਤੂਬਰ ਮਹੀਨੇ ਵਿਚ ਆਪਣਾ ਪਲੇਠਾ ਸਮਾਗਮ ਕਰਨ ਦਾ ਐਲਾਨ ਵੀ ਕੀਤਾ ਗਿਆ।

ਚੁਣੇ ਗਏ ਅਹੁਦੇਦਾਰਾਂ ਨੇ ਕੌਮਾਂਤਰੀ ਪੰਜਾਬੀ ਇਲਮ ਦੀ ਸਰਪ੍ਰਸਤੀ ਲਈ ਡਾ. ਦੀਪਕ ਮਨਮੋਹਨ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ ਅਤੇ ਪ੍ਰੋ. ਅਨੂਪ ਵਿਰਕ ਨੂੰ ਬੇਨਤੀ ਕੀਤੀ, ਜੋ ਉਨ੍ਹਾਂ ਪ੍ਰਵਾਨ ਕਰ ਲਈ। ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਦੱਸਿਆ ਕਿ ਇਸ ਅਦਾਰੇ ਦੇ ਸਲਾਹਕਾਰ ਬੋਰਡ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਤਲਵਿੰਦਰ ਸਿੰਘ, ਸਾਬਕਾ ਜਨਰਲ ਸਕੱਤਰ ਡਾ. ਸਰਬਜੀਤ ਸਿੰਘ ਅਤੇ ਪ੍ਰਸਿੱਧ ਪੰਜਾਬੀ ਚਿੰਤਕ ਡਾ. ਕਰਮਜੀਤ ਸਿੰਘ ਕੁਰਕਸ਼ੇਤਰ ਲਏ ਗਏ ਹਨ।

ਇਸ ਮੌਕੇ ’ਤੇ ਪੰਜਾਬੀ ਦੇ ਸ਼੍ਰੋਮਣੀ ਲੇਖਕ ਮਨਮੋਹਨ ਸਿੰਘ ਦਾਊਂ, ਸਾਹਿਤ ਚਿੰਤਨ ਚੰਡੀਗੜ੍ਹ ਦੇ ਜਨਰਲ ਸਕੱਤਰ ਸਰਦਾਰਾ ਸਿੰਘ ਚੀਮਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਵਿਸ਼ੇਸ਼ ਨਿਮੱਤਰਤ ਮੈਂਬਰ ਆਰ.ਐਸ ਫਰਾਜ਼, ਬਲਵਿੰਦਰ ਸਿੰਘ ਉੱਤਮ, ਸਿਰੀ ਰਾਮ ਅਰਸ਼, ਸੁਰਿੰਦਰ ਗਿੱਲ, ਸੁਦਰਸ਼ਨ ਵਾਲੀਆ, ਪਰਮਜੀਤ ਪਰਮ, ਅਮਰਜੀਤ ਕੌਰ ਹਿਰਦੇ, ਹਰਦੇਵ ਚੌਹਾਨ ਅਤੇ ਅਮਰ ਗਿਰੀ ਵੀ ਹਾਜ਼ਰ ਸਨ।

ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੇ ਸਮਾਗਮ ’ਚ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀਆਂ

ਕੈਲਗਰੀ (ਨਦਬ) ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਜੁਲਾਈ ਮਹੀਨੇ ਦੀ ਸਾਹਿਤਕ ਇਕੱਤਰਤਾ ਕੋਸੋ ਹਾਲ ਕੈਲਗਰੀ ਵਿਚ ਹੋਈ। ਸਭਾ ਦੇ ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ, ਚਿੱਤਰਕਾਰ ਹਰਪ੍ਰਕਾਸ਼ ਜ਼ਖ਼ਮੀ ਅਤੇ ਪ੍ਰਸਿੱਧ ਸਖ਼ਸ਼ੀਅਤ ਸੁਰੀਤਮ ਰਾਏ (ਪੰਜਾਬੀ ਲਿੰਕ) ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਲੋਕ ਗਾਇਕ ਕਰਨੈਲ ਗਿੱਲ, ਕਾਮਰੇਡ ਸੁਰਜੀਤ ਗਿੱਲ, ਅਜਾਇਬ ਚਿੱਤਰਕਾਰ ਅਤੇ ਬਹੁਪੱਖੀ ਸ਼ਖ਼ਸ਼ੀਅਤ ਦਾਰਾ ਸਿੰਘ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਕਹਾਣੀਕਾਰ ਜ਼ੋਰਾਵਰ ਬਾਂਸਲ ਨੇ ਕਰਨੈਲ ਗਿੱਲ ਤੇ ਪ੍ਰੋ. ਮਨਜੀਤ ਸਿੰਘ ਸਿੱਧੂ ਨੇ ਕਾਮਰੇਡ ਸੁਰਜੀਤ ਗਿੱਲ ਦੇ ਜੀਵਨ ਬਾਰੇ ਰੌਸ਼ਨੀ ਪਾਈ। ਬਲਵੀਰ ਗੋਰੇ ਤੇ ਹਰਮਿੰਦਰ ਕੌਰ ਢਿਲੋਂ ਨੇ ਗੀਤ ਪੇਸ਼ ਕੀਤੇ। ਗੁਰਬਚਨ ਬਰਾੜ ਨੇ ਪੰਜਾਬੀ ਬੋਲੀ ਦੇ ਸਹੀ ਸ਼ਬਦ ਉਚਾਰਣ ’ਤੇ ਆਪਣਾ ਭਾਵਪੂਰਤ ਲੇਖ ਪੜ੍ਹਦੇ ਹੋਏ ਕਿਹਾ ਕਿ ਪੰਜਾਬੀ ਬੋਲੀ 14 ਕਰੋੜ ਲੋਕਾਂ ਦੀ ਬੋਲੀ ਹੈ,ਹੋਰਾਂ ਭਾਸ਼ਵਾਂ ਦੇ ਸਾਢੇ ਤਿੰਨ ਲੱਖ ਸ਼ਬਦ ਇਸ ਵਿਚ ਸਮਾਅ ਚੁੱਕੇ ਹਨ। ਇਸ ਤਰ੍ਹਾਂ ਇਸ ਬੋਲੀ ਦੇ ਖ਼ਤਮ ਹੋਣ ਦਾ ਕੋਈ ਖ਼ਤਰਾ ਨਹੀਂ। ਮਹਿੰਦਰਪਾਲ ਸਿੰਘ ਪਾਲ ਅਤੇ ਕੁਲਬੀਰ ਸ਼ੇਰਗਿੱਲ ਦੇ ਸਵਾਲਾਂ ਦਾ ਗੁਰਬਚਨ ਬਰਾੜ ਨੇ ਜਵਾਬ ਦਿੱਤਾ। ਦੇਸ ਪੰਜਾਬ ਟਾਈਮਜ਼ ਦੇ ਬ੍ਰਹਮਪ੍ਰਕਾਸ਼ ਸਿੰਘ ਲੁੱਡੂ ਅਤੇ ਸੰਤ ਸਿੰਘ ਧਾਰੀਵਾਲ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਗ਼ਦਰੀ ਬਾਬਿਆਂ ਦੇ ਮੇਲੇ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਪੰਜਾਬੀ ਲਿਖ਼ਾਰੀ ਸਭਾ ਦੇ ਕੀਤੇ ਕੰਮਾਂ ’ਤੇ ਖੁਸ਼ੀ ਪ੍ਰਗਟ ਕਰਦਿਆਂ ਅੱਗੇ ਤੋਂ ਬੱਚਿਆਂ ਨਾਲ ਸਬੰਧਤ ਪ੍ਰੋਗਰਾਮ ਕਰਵਾਉਣ ਦੀ ਗੱਲ ਆਖੀ। ਹਰਪ੍ਰਕਾਸ਼ ਜ਼ਖ਼ਮੀ ਵਲੋਂ ਸੁਰੀਤਮ ਰਾਏ ਨੂੰ ਉਨ੍ਹਾਂ ਦਾ ਚਿੱਤਰ ਭੇਟ ਕੀਤਾ ਗਿਆ। ਮਹਿੰਦਰਪਾਲ ਸਿੰਘ ਪਾਲ ਨੇ ਨੰਦਲਾਲ ਨੂਰਪੁਰੀ ਦੇ ਪਰਿਵਾਰ ਦੀ ਆਰਥਕ ਮਦਦ ਕਰਨ ਦੀ ਸੂਚਨਾ ਸਾਂਝੀ ਕੀਤੀ ਜਿਸ ਕਾਰਨ ਮੌਕੇ ’ਤੇ ਹੀ ਤਿੰਨ ਸੌ ਡਾਲਰ ਇਕੱਠਾ ਹੋ ਗਿਆ। ਹਰਮਿੰਦਰ ਕੌਰ ਢਿਲੋਂ ਵਲੋਂ ਇਸ ਵਿਚ ਵਿਸ਼ੇਸ਼ ਤੌਰ ’ਤੇ ਸੌ ਡਾਲਰ ਦਾ ਯੋਗਦਾਨ ਪਾਇਆ ਗਿਆ। ਡਾ. ਮਹਿੰਦਰ ਸਿੰਘ ਹੱਲਣ, ਗੁਰਦਿਆਲ ਸਿੰਘ ਖਹਿਰਾ, ਰਾਜ ਹੁੰਦਲ, ਮੰਗਲ ਚੱਠਾ, ਜਤਿੰਦਰ ਸਿੰਘ ਸਵੈਚ, ਕੁਲਵੰਤ ਸਿੰਘ ਸਰਾਂ,ਅਵਨਿੰਦਰ ਨੂਰ, ਜਰਨੈਲ ਤੱਗੜ, ਗੁਰਨਾਮ ਸਿੰਘ ਗਿੱਲ ਨੇ ਵੀ ਭਾਗ ਲਿਆ। ਸਾਰੰਸ ਕਾਲੀਆ, ਸੁਖਪਾਲ ਪਰਮਾਰ ਅਤੇ ਰਣਜੀਤ ਲਾਡੀ ਨੇ ਫੋਟੋਗ੍ਰਾਫੀ ਕੀਤੀ। ਪ੍ਰੀਤਮ ਸੇਖੋ, ਜਸਵੰਤ ਸਿੰਘ ਗਿੱਲ, ਮੇਜਰ ਸਿੰਘ ਧਾਰੀਵਾਲ, ਭਜਨ ਸਿੰਘ ਗਿੱਲ, ਸਤਪਾਲ ਕੌਸ਼ਲ, ਕੁਲਵੰਤ ਸੇਖੋ, ਜੋਗਿੰਦਰ ਸਿੰਘ ਸੰਘਾ, ਸੁਰਿੰਦਰ ਕੌਰ ਚੀਮਾਂ, ਸਿਮਰ ਕੌਰ ਚੀਮਾ, ਮਨਜੀਤ ਬਰਾੜ, ਪਵਨਦੀਪ ਕੌਰ ਬਾਂਸਲ, ਨੂਰਜੋਤ ਕਲਸੀ, ਖੁਸ਼ੀ ਬਾਂਸਲ ਵੀ ਹਾਜ਼ਰ ਸਨ। ਸਭਾ ਦੀ ਅਗਲੀ ਮੀਟਿੰਗ 19 ਅਗਸਤ ਨੂੰ ਕੋਸੋ ਹਾਲ ਵਿਚ ਹੋਵੇਗੀ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TA FOR FAST REFUND USE E-FILES
◈ INDIVIDUAL TAX RETURNS
◈ INCORPORATION OF COMPANIES
◈ PAYROLL, T4 SLIPS
◈ CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
Ph : 780 469 2677 Fax : 780 469 2026

ਜੰਗਾਂ ਦੇ ਭਾਂਬੜ

ਡਾ. ਦਲਜੀਤ ਸਿੰਘ



ਭਾਰਤ ਅਤੇ ਪਾਕਿਸਤਾਨ ਦੀ ਦੋ ਵਾਰ ਜੰਗ ਹੋਈ- 1965 ਅਤੇ 1971 ਵਿਚ। ਯਥਾ ਸ਼ਕਤੀ ਦੋਹਾਂ ਪਾਸਿਆਂ ਤੋਂ ਹਵਾਈ ਹਮਲੇ ਕੀਤੇ ਗਏ, ਜ਼ਿਆਦਾਤਰ ਹਵਾਈ ਅੱਡਿਆਂ ਅਤੇ ਜੰਗ ਦੇ ਮੈਦਾਨ ਅੰਦਰ। ਇਕ ਹਮਲੇ ਸਮੇਂ ਚਾਰ-ਛੇ ਜਹਾਜ਼ਾਂ ਤਕ ਦੀ ਵਰਤੋਂ ਕੀਤੀ ਜਾਂਦੀ ਸੀ, ਜੋ ਹੇਠੋਂ ਚੱਲਦੇ ਹਵਾਈ-ਮਾਰ ਗੋਲਿਆਂ ਦੀ ਬੁਛਾੜ ਤੋਂ ਪੱਛੜ ਕੇ ਮਿੰਟਾਂ ਅੰਦਰ ਪਰਤ ਜਾਂਦੇ ਸਨ। ਪੰਜਾਬ ਦੇ ਸ਼ਹਿਰਾਂ ਅੰਦਰ ਹਵਾਈ ਹਮਲੇ ਦੇ ਸਾਇਰਨ ਤਾਂ ਜ਼ਰੂਰ ਵੱਜਦੇ ਸਨ ਪਰ ਇਕ ਉਦਾਹਰਣ ਨੂੰ ਛੱਡ ਕੇ, ਕਿਸੇ ਸ਼ਹਿਰ 'ਤੇ ਬੰਬਾਰੀ ਨਹੀਂ ਹੋਈ। 1965 ਦੀ ਜੰਗਬੰਦੀ ਦੇ ਐਲਾਨ ਤੋਂ ਦੋ ਘੰਟੇ ਪਿੱਛੋਂ ਛੇਹਰਟੇ (ਅੰਮ੍ਰਿਤਸਰ) ਦੇ ਆਬਾਦ ਇਲਾਕੇ ਨੇੜੇ ਚਾਰ ਬੰਬ ਸੁੱਟੇ ਗਏ। ਸ਼ਾਇਦ ਸੌ ਕਿਲੋ ਵਜ਼ਨ ਦੇ ਬੰਬ ਸਨ ਪਰ ਛੇਹਰਟੇ ਅੰਦਰ ਆਫਤ ਆ ਗਈ। ਪੰਜਾਹ ਸੱਠ ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋਏ। ਧਮਾਕਿਆਂ ਦੀ ਸ਼ਕਤੀ ਨਾਲ ਇਨਸਾਨੀ ਸਰੀਰਾਂ ਦੇ ਪੁਰਜ਼ੇ ਉੱਡ ਕੇ ਦੂਰ-ਦੂਰ ਜਾ ਡਿੱਗੇ ਅਤੇ ਦਰਖਤਾਂ ਅਤੇ ਤਾਰਾਂ ਉੱਤੇ ਅਟਕੇ ਵੇਖੇ ਗਏ। ਕੁਲ ਅੰਮ੍ਰਿਤਸਰ ਸ਼ਹਿਰ ਦੀ ਸਿਹਤ ਸੇਵਾ ਨੂੰ ਵਖ਼ਤ ਪੈ ਗਿਆ। ਇਕ ਗੱਲ ਸਮਝ ਅੰਦਰ ਆ ਗਈ ਕਿ ਜੇ ਸਾਡੇ ਕਿਸੇ ਸ਼ਹਿਰ ਉੱਤੇ ਹਵਾਈ ਹਮਲਾ ਹੋ ਜਾਵੇ, ਜਿਸ 'ਚ ਹਜ਼ਾਰਾਂ ਲੋਕ ਜ਼ਖ਼ਮੀ ਹੋ ਜਾਣ ਤਾਂ ਸੇਵਾ-ਸੰਭਾਲ ਦਾ ਕੰਮ ਲਗਭਗ ਅਸੰਭਵ ਹੋ ਜਾਂਦਾ ਹੈ। ਇਹ ਵੀ ਸੁਕਰ ਹੈ ਕਿ ਗਰੀਬ ਦੇਸ਼ਾਂ ਵਿਚਲੀਆਂ ਜੰਗਾਂ ਵਿਚ ਵਰਤਿਆਂ ਜਾਂਦਾ ਅਸਲਾ ਵੀ ਝੱਟ ਹੀ ਮੁੱਕਣ ਉੱਤੇ ਆ ਜਾਂਦਾ ਹੈ। ਖ਼ਜ਼ਾਨੇ ਵੀ ਖਾਲੀ ਹੋ ਜਾਂਦੇ ਹਨ ਅਤੇ ਜੰਗ ਪਿੱਛੋਂ ਨਿੱਤ ਵਰਤੋਂ ਦਾ ਸਾਮਾਨ ਵੀ ਬੇਅੰਤ ਮਹਿੰਗਾ ਹੋ ਜਾਂਦਾ ਹੈ।

ਵਿਕਸਤ ਕਹਿੰਦੇ-ਕਹਾਉਂਦੇ 'ਸਭਿਅਕ' ਪੱਛਮੀ ਦੇਸ਼ਾਂ ਦੀਆਂ ਹਵਾਈ ਸੈਨਾਵਾਂ ਨੇ ਅਜਿਹੇ-ਅਜਿਹੇ ਕਾਰਨਾਮੇ ਕੀਤੇ ਹਨ, ਜਿਨ੍ਹਾਂ ਨੇ ਹਰ ਵਾਰੀ ਨਵੇਂ ਤੋਂ ਨਵਾਂ ਇਤਿਹਾਸ ਰਚਿਆ ਹੈ। ਮੈਂ ਮੁਕਾਬਲੇ ਦੀਆਂ ਹਵਾਈ ਜੰਗਾਂ ਦਾ ਇਥੇ ਜ਼ਿਕਰ ਨਹੀਂ ਕਰਨਾ, ਕੇਵਲ ਕੁਝ ਕੁ ਸ਼ਹਿਰੀ ਹਮਲਿਆਂ ਬਾਰੇ ਦੱਸਣਾ ਹੈ। ਕਤਲੇਆਮ ਦੀਆਂ ਕੁਝ ਕੁ ਉਦਾਹਰਣਾਂ ਦੇਣੀਆਂ ਹਨ।

ਹਵਾਈ ਬੰਬਾਂ ਦੀਆਂ ਬੇਅੰਤ ਕਿਸਮਾਂ ਵਿਕਸਤ ਹੋ ਚੁੱਕੀਆਂ ਹਨ-ਛੋਟੇ ਬੰਬ, ਵੱਡੇ ਬੰਬ, ਰਾਕੇਟ, ਮਿਸਾਈਲਾਂ, ਗੁੱਛਾ ਬੰਬ, ਭੁਚਾਲੀ ਬੰਬ, ਨੇਪਾਮ ਬੰਬ, ਫ਼ਾਸਫ਼ੋਰਸ ਬੰਬ, ਮਿਨੀ-ਨਿਊਕ, ਐਟਮ ਬੰਬ, ਹਾਈਡ੍ਰੋਜਨ ਬੰਬ ਅਤੇ ਹੋਰ ਪਤਾ ਨਹੀਂ ਕੀ-ਕੀ। ਬੰਬਾਂ ਦੀ ਲਿਸਟ ਤੋਂ ਹੀ ਪਤਾ ਚਲ ਜਾਂਦਾ ਹੈ ਕਿ ਇਹ ਕੁੱਲ ਹਥਿਆਰ ਬੇ-ਹਥਿਆਰੇ ਸ਼ਹਿਰਾਂ ਉੱਤੇ ਵਰਤਣ ਲਈ ਹੀ ਬਣੇ ਹਨ। 'ਸਭਿਅਕ' ਦੇਸ਼ਾਂ ਦੇ ਗੈਰ ਨਿਊਕਲੀਆਈ ਹਥਿਆਰਾਂ ਅੰਦਰ ਭਾਰੀ ਤਬਦੀਲੀ ਲਿਆਂਦੀ ਗਈ ਹੈ ਉਹ ਹੈ- ਹਰ ਗੋਲੀ ਸਿੱਕੇ, ਬੰਬ ਅੰਦਰ ਡਿਪਲਟਿਡ ਯੂਰੇਨੀਅਮ ਦੀ ਵਰਤੋਂ। ਡੀ.ਯੂ. ਦੇ ਰੇਡਿਆਈ ਕਣ ਹਵਾ, ਪਾਣੀ ਅਤੇ ਮਿੱਟੀ ਵਿਚ ਰਲ ਕੇ ਉਨ੍ਹਾਂ ਨੂੰ ਸਦਾ ਲਈ ਜ਼ਹਿਰੀਲਾ ਕਰ ਦਿੰਦੇ ਹਨ। ਡੀ.ਯੂ. ਹਥਿਆਰ ਕੇਵਲ ਕਤਲੇਆਮ ਨਹੀਂ ਕਰਦੇ ਸਗੋਂ ਧਰਤੀ ਮਾਂ ਨੂੰ ਵੀ ਜ਼ਖ਼ਮੀ ਕਰਦੇ ਹਨ। ਫ਼ਾਸਫੋਰਸ ਬੰਬ ਹਰ ਸਿੱਲ੍ਹੀ ਚੀਜ਼ ਨੂੰ ਸਾੜ ਦਿੰਦਾ ਹੈ। ਇਨਸਾਨ ਦੇ ਕੱਪੜਿਆਂ ਨੂੰ ਕੁਝ ਨਹੀਂ ਹੁੰਦਾ, ਪਰ ਉਸ ਦੀ ਕੁਲ ਚਮੜੀ ਅਤੇ ਸਾਹ ਲੈਣ ਦੇ ਰਸਤੇ ਅਤੇ ਫੇਫੜੇ ਪਲਾਂ ਵਿਚ ਹੀ ਸੜ ਕੇ ਸੁਆਹ ਹੋ ਜਾਂਦੇ ਹਨ। ਇਸ ਸਮੇਂ ਵੱਡੇ ਬੰਬ ਅਤੇ ਐਟਮ ਬੰਬ ਨੂੰ ਛੱਡ ਕੇ ਹਰੇਕ ਉੱਤੇ ਇਹ ਬੰਬ ਅਮਰੀਕਾ-ਨਾਟੋ ਅਤੇ ਇਤਿਹਾਦੀਆਂ ਵਲੋਂ ਅਫ਼ਗਾਨਿਸਤਾਨ, ਇਰਾਨ ਵਿਚ ਖੁੱਲ੍ਹ ਕੇ ਅਤੇ ਕਿਸੇ ਹੱਦ ਤਕ ਪਾਕਿਸਤਾਨ ਉੱਤੇ ਵਰਤੇ ਜਾ ਰਹੇ ਹਨ। ਪਾਕਿਸਤਾਨ ਜਿਹੜਾ ਜ਼ਾਹਰੀ ਤੌਰ 'ਤੇ ਨਾ ਇਧਰ ਦਾ ਹੈ, ਨਾ ਉਧਰ ਦਾ ਹੈ, ਸਾਲ 2009 ਵਿਚ ਕਰੀਬ ਇਕ ਹਜ਼ਾਰ ਸ਼ਹਿਰੀ ਮਰਵਾ ਚੁੱਕਾ ਹੈ। ਇਹ ਤਾਂ ਕੁਝ ਵੀ ਨਹੀਂ, ਜੇ ਤੁਲਨਾ ਕਰੀਏ ਵੀਅਤਨਾਮ ਨਾਲ, ਜਿਥੇ ਬਾਰ੍ਹਾਂ ਸਾਲਾਂ ਦੇ ਸਮੇਂ ਵਿਚ ਅਮਰੀਕੀ ਹਵਾਈ ਹਮਲਿਆਂ ਨਾਲ ਕਰੀਬ 30 ਲੱਖ, ਜ਼ਿਆਦਾਤਰ ਪੇਂਡੂ ਲੋਕਾਂ (ਉਨ੍ਹਾਂ ਨੂੰ ਇਨਸਾਨ ਨਹੀਂ, 'ਗੂਕ' ਕਿਹਾ ਜਾਂਦਾ ਸੀ ਤਾਂ ਜੋ ਮਾਰਨ ਵਾਲੇ ਦੀ ਆਤਮਾ ਉੱਤੇ ਝਰੀਟ ਨਾ ਪਵੇ) ਦਾ ਉਨ੍ਹਾਂ ਨੂੰ 'ਬਣਾਉਣ ਵਾਲੇ' ਦੇ ਨਾਲ ਮਿਲਾਪ ਕਰਵਾਇਆ। ਸਾਲ 2004 ਵਿਚ ਚਾਲੂ, ਅਕਾਰਨ ਇਰਾਕੀ ਹਮਲੇ ਦੌਰਾਨ, ਅਮਰੀਕੀ (ਇਤਿਹਾਦੀ) ਫੌਜਾਂ ਅਤੇ ਹਵਾਈ ਹਮਲਿਆਂ ਨੇ ਤਿੰਨ ਲੱਖ ਵੱਸੋਂ ਵਾਲੇ ਖੂਬਸੂਰਤ ਸ਼ਹਿਰ 'ਫਲੂਜਾ' ਨੂੰ ਖੰਡਰ ਬਣਾ ਦਿੱਤਾ। ਯੂਰੇਨੀਅਮ ਹਥਿਆਰਾਂ ਦੀ ਬੇਅੰਤ ਵਰਤੋਂ ਹੋਣ ਕਾਰਨ ਇਹ ਸ਼ਹਿਰ ਰਹਿਣਯੋਗ ਨਹੀਂ ਰਿਹਾ।

ਮੈਂ ਯਾਦ ਕਰਨਾ ਚਾਹੁੰਦਾ, 13 ਅਤੇ 14 ਫ਼ਰਵਰੀ, 1945 ਦੀ ਰਾਤ ਨੂੰ ਜਰਮਨੀ ਦੇ ਸ਼ਹਿਰ ਡ੍ਰੈਸਡਨ ਉੱਤੇ ਹੋਏ ਹਵਾਈ ਹਮਲੇ ਨੂੰ। ਉਸ ਸਮੇਂ ਜਰਮਨ ਫੌਜਾਂ ਨੂੰ ਹਰ ਪਾਸਿਓਂ ਹਾਰ ਹੋ ਰਹੀ ਸੀ, ਖਾਸ ਕਰਕੇ ਰੂਸੀ ਮੁਹਾਜ਼ ਉੱਤੇ। ਡ੍ਰੈਸਡਨ ਜਰਮਨ ਆਰਟ ਅਤੇ ਕਲਚਰ ਦਾ ਕੇਂਦਰ ਸੀ। ਪੰਜ ਸਾਲਾਂ ਦੀ ਜੰਗ ਅੰਦਰ ਇਸ ਉੱਤੇ ਕਦੇ ਹਵਾਈ ਹਮਲਾ ਨਹੀਂ ਸੀ ਹੋਇਆ। ਸਭ ਪਾਸਿਆਂ ਤੋਂ ਸ਼ਰਨਾਰਥੀ ਇਕੱਠੇ ਹੋਣ ਕਾਰਨ ਇਹ ਸ਼ਹਿਰ ਲੋਕਾਂ ਨਾਲ ਤੂੜਿਆ ਹੋਇਆ ਸੀ। ਸ਼ਹਿਰ ਦੀ ਉਸਾਰੀ ਜ਼ਿਆਦਾਤਰ ਲੱਕੜ ਦੀ ਸੀ। ਰਾਤ ਦੇ ਦੱਸ ਵਜੇ ਪਿੱਛੋਂ ਇਤਿਹਾਦੀ ਹਮਲੇ ਸ਼ੁਰੂ ਕੀਤੇ ਗਏ। ਪਹਿਲੀ ਲਹਿਰ ਵਿਚ ਸੈਂਕੜੇ ਬਰਤਾਨਵੀਂ ਜਹਾਜ਼ਾਂ ਨੇ ਹਮਲਾ ਕੀਤਾ। ਇਸ ਪਿੱਛੋਂ ਦੋ ਹੋਰ ਵੱਡੇ ਹਮਲੇ ਅਮਰੀਕਾ ਅਤੇ ਬਰਤਾਨੀਆ ਦੇ ਬੰਬਾਰਾਂ ਨੇ ਰਲ ਕੇ ਕੀਤੇ। ਕੁਲ 1000 ਦੇ ਕਰੀਬ ਹਵਾਈ ਜਹਾਜ਼ ਸ਼ਾਮਲ ਹੋਏ। ਇਤਿਹਾਸ ਵਿਚ ਅਜੇ ਤਕ ਇਸ ਤੋਂ ਖੌਫ਼ਨਾਕ ਅਤੇ ਮਾਰੂ ਹਮਲਾ ਕਿਤੇ ਨਹੀਂ ਹੋਇਆ, ਏਥੋਂ ਤਕ ਕਿ ਆਉਂਦੇ ਸਮੇਂ ਵਿਚ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਐਟਮੀ ਹਮਲਿਆਂ ਨਾਲ ਵੀ ਏਨੇ ਲੋਕ ਨਹੀਂ ਸਨ ਮਰੇ। ਜੇ ਸੌ-ਸੌ ਕਿਲੋ ਦੇ ਬੰਬ ਗਿਣੀਏ ਤਾਂ 30000 ਬੰਬ ਸੁੱਟੇ ਗਏ। ਇਨ੍ਹਾਂ ਦੇ ਨਾਲ ਹੀ ਲੱਖਾਂ ਹੀ ਛੋਟੇ-ਛੋਟੇ ਫ਼ਾਸਫੋਰਸ ਬੰਬ ਸਨ, ਜਿਨ੍ਹਾਂ ਨੇ ਕੁਲ ਸ਼ਹਿਰ ਅੰਦਰ ਅੱਗ ਦੇ ਭਾਂਬੜ ਮਚਾ ਦਿੱਤੇ। ਲੱਕੜ ਤੋਂ ਬਣੇ ਸ਼ਹਿਰ ਨੂੰ ਤੇਜ਼ ਅੱਗ ਦੀ ਹਨੇਰੀ ਖਾ ਗਈ। ਇਹ ਹਜ਼ਾਰ ਡਿਗਰੀ ਸੈਂਟੀਗ੍ਰੇਡ ਦੀ ਅੱਗ, ਸੌ ਮੀਲ ਦੀ ਰਫ਼ਤਾਰ ਨਾਲ ਆਪਣੇ ਅੰਦਰ ਖਿੱਚ ਕੇ ਲੋਕਾਂ ਨੂੰ ਸਾੜਦੀ ਗਈ। ਉਨ੍ਹਾਂ ਦੇ ਨਾਲ ਜੋ ਬੀਤੀ, ਬਿਆਨ ਤੋਂ ਬਾਹਰ ਹੈ। ਜਿਨ੍ਹਾਂ ਨੇ ਦਰਿਆ ਵਿਚ ਛਾਲਾਂ ਮਾਰ ਕੇ ਜਾਨਾਂ ਬਚਾਉਣ ਦੀਆਂ ਕੋਸ਼ਿਸ਼ ਕੀਤੀ, ਉਨ੍ਹਾਂ ਦਾ ਪਾਣੀਓਂ ਬਾਹਰਲਾ ਹਿੱਸਾ ਪਲਾਂ ਵਿਚ ਸੜ ਭੁੱਜ ਗਿਆ। ਸ਼ਹਿਰ ਅਤੇ ਲੋਕਾਂ ਦਾ ਕੁਝ ਨਹੀਂ ਰਿਹਾ। ਇਕ ਹਫ਼ਤਾ ਅੱਗਾਂ ਬਲਦੀਆਂ ਰਹੀਆਂ ਅਤੇ ਮਹੀਨਾ ਭਰ ਧੂੰਆਂ ਨਿਕਲਦਾ ਰਿਹਾ। ਜਰਮਨ, ਆਰਟ ਅਤੇ ਕਲਚਰ ਲੁੱਟਣ ਦਾ, ਲੋਥਾਂ ਨੂੰ ਦਫ਼ਨਾਉਣ ਅਤੇ ਸਮੂਹਕ ਚਿਤਾਵਾਂ ਦਾ ਕੰਮ ਤਿੰਨ ਮਹੀਨੇ ਚਲਦਾ ਰਿਹਾ। ਏਸ ਕੰਮ ਲਈ ਥੋੜ੍ਹੇ ਹੀ ਲੋਕ ਬਚੇ ਸਨ। ਪੂਰੀ ਜੰਗ ਦੌਰਾਨ ਜਿੰਨੇ ਵੀ ਜਰਮਨ ਮਰੇ ਸਨ, ਉਸ ਦਾ ਪੰਜ ਫ਼ੀਸਦੀ ਹਿੱਸਾ ਡ੍ਰੈਸਡਨ ਦੇ ਸ਼ਹਿਰੀਆਂ ਦਾ ਸੀ। 'ਅਮਨ ਦੇ ਫੁੱਲ' ਵਰਸਾਉਂਦੀ ਅਮਰੀਕੀ ਬਰਤਾਨਵੀ ਕਮਾਨ ਨੂੰ ਪੂਰੀ ਖ਼ਬਰ ਸੀ ਕਿ ਇਹ ਸ਼ਹਿਰ ਕੋਈ ਫੌਜੀ ਨਿਸ਼ਾਨਾ ਨਹੀਂ ਸੀ।

ਸਵਾਲ ਇਹ ਹੈ ਕਿ ਯਸੂ ਮਸੀਹ ਦੇ ਮੰਨਣ ਵਾਲਿਆਂ ਨੇ ਬੇਬੱਸ, ਬੇਹਥਿਆਰ ਈਸਾਈ ਲੋਕਾਈ ਦਾ ਖੂਨ ਕਿਉਂ ਕੀਤਾ?

ਫ਼ਰਵਰੀ 4 ਤੋਂ 11 ਤਕ ਯਾਲਟਾ (ਕ੍ਰੀਮੀਆ, ਸੋਵੀਅਤ ਸੰਘ) ਅੰਦਰ ਅਮਰੀਕੀ ਪ੍ਰਧਾਨ ਮੰਤਰੀ ਰੂਜ਼ਵੇਲਟ, ਬਰਤਾਨਵੀ ਪ੍ਰਧਾਨ ਮੰਤਰੀ ਚਰਚਿਲ ਅਤੇ ਸੋਵੀਅਤ ਪ੍ਰਧਾਨ ਮੰਤਰੀ ਸਟਾਲਿਨ ਵਿਚਕਾਰ ਮੀਟਿੰਗ ਹੋਈ, ਜਿਸ ਵਿਚ ਤੈਅ ਕੀਤਾ ਗਿਆ ਕਿ ਸੋਵੀਅਤ ਅਤੇ ਐਂਗਲੋ-ਅਮਰੀਕਨ ਫੌਜਾਂ ਆਪੋ-ਆਪਣੇ ਪਾਸਿਓਂ ਜਰਮਨੀ ਦੇ ਅੰਦਰ ਕਿਹੜੀ ਹੱਦ ਉੱਤੇ ਰੁਕਣਗੀਆਂ।

ਜਰਮਨੀ ਦੀ ਹਾਰ ਤਾਂ ਨਿਸ਼ਚਤ ਸੀ ਪਰ ਐਂਗਲੋ-ਅਮਰੀਕਨ ਧੜੇ ਦਾ ਅਗਲਾ ਦੁਸ਼ਮਣ ਵੀ ਨਿਸ਼ਚਤ ਸੀ ਅਤੇ ਉਹ ਸੀ ਸੋਵੀਅਤ ਸੰਘ। 'ਆਪਰੇਸ਼ਨ ਥੰਡਰ ਕਲੈਪ' ਜਾਂ ਬਿਜਲਈ ਗਰਜ ਨਾਂ ਦਾ ਭਿਆਨਕ ਹਮਲਾ ਚਰਚਿਲ ਦੀ ਸੋਚ ਵਿਚੋਂ ਉਤਪੰਨ ਹੋਇਆ। ਉਹ ਚਾਹੁੰਦਾ ਸੀ ਕਿ ਜਦੋਂ ਸੋਵੀਅਤ ਫੌਜਾਂ ਡ੍ਰੈਸਡਨ ਪਹੁੰਚਣ ਤਾਂ ਸਟਾਲਿਨ ਅਤੇ ਉਸ ਦੀ ਫੌਜ ਨੂੰ ਪਤਾ ਚਲ ਜਾਵੇ ਕਿ ਐਂਗਲੋ-ਅਮਰੀਕੀ ਤਾਕਤਾਂ ਕਿਸ ਨੂੰ ਕਹੀਦਾ ਹੈ। ਰੂਸ ਨੂੰ ਸਬਕ ਸਿਖਾਉਣ ਦਾ ਜ਼ਿਕਰ ਆਰਥਰ ਹੇਰਿਸ ਨੇ ਆਪਣੀ ਸਵੈ-ਜੀਵਨੀ ਵਿਚ ਕੀਤਾ ਹੈ। ਸਰ ਹੇਰਿਸ ਰਾਇਲ ਏਅਰ ਫੋਰਸ ਦਾ ਮਾਰਸ਼ਲ ਸੀ ਅਤੇ ਕੁਦਰਤੀ ਤੌਰ 'ਤੇ ਪ੍ਰਧਾਨ ਮੰਤਰੀ ਚਰਚਿਲ ਦੇ ਬਹੁਤ ਨੇੜੇ ਸੀ। ਅਮਰੀਕਾ ਨੇ ਵੀ ਸਾਥ ਦਿੱਤਾ, ਇਸ ਲਈ ਕਿਹਾ ਜਾ ਸਕਦਾ ਹੈ ਕਿ ਚਰਚਿਲ ਨੇ ਪ੍ਰਧਾਨ ਰੂਜ਼ਵੈਲਟ ਨੂੰ ਮਨਾ ਕੇ ਨਾਲ ਕਰ ਲਿਆ ਸੀ।

ਹਮਲੇ 'ਤੇ ਜਾਣ ਵਾਲੇ ਹਵਾਈ ਜੱਥਿਆਂ ਨੂੰ ਬੰਬਾਰੀ ਮਿਸ਼ਨ 'ਤੇ ਜਾਣ ਤੋਂ ਪਹਿਲਾਂ ਕਿਹਾ ਗਿਆ ਕਿ ਜਦੋਂ ਰੂਸੀ ਏਥੇ ਪਹੁੰਚਣ ਤਾਂ 'ਉਹ ਆਪਣੀਆਂ ਅੱਖਾਂ ਨਾਲ ਵੇਖ ਲੈਣ ਕਿ ਸਾਡੀ ਬੰਬਾਰ ਕਮਾਨ ਕੀ ਕੁਝ ਕਰਨ ਦੇ ਕਾਬਲ ਹੈ। ਤੁਸੀਂ ਬੰਦੇ ਦੇ ਪੁੱਤ ਨਾ ਬਣੇ ਤਾਂ ਤੁਹਾਡੇ ਸ਼ਹਿਰਾਂ ਨਾਲ ਵੀ ਅਜਿਹਾ ਵਾਪਰ ਸਕਦਾ ਹੈ।' ਉਨ੍ਹਾਂ ਨੇ ਸ਼ਹਿਰ ਵੀ ਅਜਿਹਾ ਚੁਣਿਆ, ਜਿਸ ਨੂੰ ਪਹਿਲਾਂ ਕਦੇ ਹੱਥ ਨਹੀਂ ਸੀ ਲਾਇਆ ਗਿਆ।

6 ਅਤੇ 8 ਅਗਸਤ, 1945 ਨੂੰ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਪਹਿਲਾਂ ਅਣਛੋਹੇ ਸ਼ਹਿਰਾਂ ਉੱਤੇ ਐਟਮੀ ਬੰਬਾਂ ਨਾਲ ਮੁਕੰਮਲ ਤਬਾਹੀ ਲਿਆ ਕੇ ਵੀ, ਸਟਾਲਿਨ ਨੂੰ ਇਹ ਜਤਾਇਆ ਗਿਆ ਕਿ ਐਂਗਲੋ-ਅਮਰੀਕਨ ਧੜਾ ਕਿੰਨਾ ਤਾਕਤਵਰ ਹੈ।

ਡ੍ਰੈਸਡਨ, ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਬੰਬਾਰੀ ਨੇ ਸੰਸਾਰ ਅੰਦਰ ਰੂਸੀ ਧੜੇ ਅਤੇ ਪੱਛਮੀ ਧੜੇ ਵਿਚਕਾਰ ਇਕ ਲੰਮੀ ਠੰਢੀ ਜੰਗ ਸ਼ੁਰੂ ਕਰ ਦਿੱਤੀ। ਸੋਵੀਅਤ ਸੰਘ ਨੂੰ ਜਾਨ ਦੇ ਲਾਲੇ ਪੈ ਗਏ। ਉਸ ਦੀ ਕੁਲ ਸਾਇੰਸ ਅਤੇ ਵਿੱਤੀ ਸ਼ਕਤੀ ਐਟਮ ਬੰਬ ਬਣਾਉਣ ਉੱਤੇ ਲੱਗ ਗਈ। 29 ਅਗਸਤ, 1949 ਨੂੰ ਉਨ੍ਹਾਂ ਪਹਿਲਾ ਐਟਮ ਬੰਬ ਟੈਸਟ ਕੀਤਾ। 1951 ਵਿਚ ਅਮਰੀਕਾ ਦੇ (ਯੂ.ਐਨ. ਦੇ ਬੁਰਕੇ ਅੰਦਰ) ਉੱਤਰੀ ਕੋਰੀਆ ਦੇ ਹਮਲੇ ਵੇਲੇ ਜਨਰਲ ਮੈਕਾਰਥਰ ਨੇ ਐਟਮ ਬੰਬ ਦੀ ਵਰਤੋਂ ਲਈ ਜ਼ੋਰ ਲਗਾਇਆ, ਪਰ ਰੂਸ ਵਲੋਂ (ਜੋ ਉੱਤਰੀ ਕੋਰੀਆ ਦਾ ਸਮਰਥਕ ਸੀ) ਜਵਾਬੀ ਕਾਰਵਾਈ ਦੇ ਡਰ ਤੋਂ ਅਜਿਹਾ ਨਾ ਹੋ ਸਕਿਆ। ਨਵੰਬਰ 1952 ਵਿਚ ਅਮਰੀਕਾ ਨੇ ਹਾਈਡ੍ਰੋਜਨ ਬੰਬ ਦਾ ਸਫਲ ਪ੍ਰੀਖਣ ਕੀਤਾ। ਉਸ ਦੇ ਪਿਛੇ-ਪਿੱਛੇ 12 ਅਗਸਤ, 1953 ਨੂੰ ਸੋਵੀਅਤ ਰੂਸ ਵੀ ਨਾਲ ਮਿਲ ਗਿਆ। ਅੱਜ ਦੁਨੀਆ ਅੰਦਰ ਭਾਰਤ ਸਮੇਤ ਨੌਂ ਦੇਸ਼ਾਂ ਦੇ ਕੋਲ ਨਿਊਕਲਿਆਈ ਹਥਿਆਰ ਹਨ, ਜਿਨ੍ਹਾਂ ਨੂੰ ਮਿਲਾ ਕੇ ਕੁਲ ਗਿਣਤੀ 23300 ਦੇ ਕਰੀਬ ਹੈ। ਭਾਰਤ ਅਤੇ ਪਾਕਿਸਤਾਨ ਕੋਲ ਕਰੀਬ ਪੰਜ-ਸੱਤ ਦਰਜਨ ਅਤੇ ਚੀਨ ਕੋਲ ਅਠਾਰਾਂ ਦਰਜਨ ਐਟਮੀ ਹਥਿਆਰ ਹਨ।

ਕਈ ਦੇਸ਼ਾਂ ਦੇ ਫੌਜੀ ਕਮਾਂਡਰ ਐਟਮੀ ਹਥਿਆਰਾਂ ਦੀ ਗੱਲ ਇੰਜ ਕਰਦੇ ਹਨ ਜਿਵੇਂ ਕੋਈ ਲੱਡੂ ਜਲੇਬੀਆਂ ਹੋਣ। ਸਾਮਰਾਜੀ ਫਰੰਗੀ ਤਾਕਤਾਂ (ਅਮਰੀਕਾ, ਇੰਗਲੈਂਡ ਅਤੇ ਪਿੱਛੇ ਲੁਕਿਆ ਇਸਰਾਈਲ) ਨੇ ਬੇਅੰਤ ਕਿਸਮ ਦੇ ਐਟਮੀ ਹਥਿਆਰ ਤਿਆਰ ਕੀਤੇ ਅਤੇ ਇਰਾਕ ਅੰਦਰ ਸੱਚਮੁੱਚ ਵਰਤੇ ਹਨ- ਇਹ ਮਿਨੀ ਨਿਊਕ ਹਨ। 11 ਸਤੰਬਰ, 2001 ਵਿਚ ਟਾਵਰਾਂ ਦੀ ਅੰਦਰਲੀ ਸਖ਼ਤ ਰੀੜ੍ਹ ਕੱਢਣ ਲਈ ਵੀ ਮਿਨੀ ਨਿਊਕਾਂ ਦੀ ਵਰਤੋਂ ਕੀਤੀ ਹੋਈ ਲਗਦੀ ਹੈ। ਫੌਜੀ ਅਫਸਰਾਂ ਦੇ ਮੂੰਹੋਂ ਐਟਮੀ ਬੰਬਾਂ ਦੀਆਂ ਟੌਅਰਾਂ ਅਤੇ ਉਨ੍ਹਾਂ ਦੀ ਦੂਰ-ਮਾਰੀ ਦੇ ਦਮਗਜੇ, ਕਿਸੇ ਦੇਸ਼ ਲਈ ਵੀ ਨਹੀਂ ਸੋਭਦੇ। ਐਟਮੀ ਸ਼ਕਤੀ ਹੋਣਾ, ਬਾਹਰੀ ਦੇਸ਼ਾਂ ਦੀ ਬਲੈਕਮੇਲ ਤੋਂ ਬਚਾਉਂਦਾ ਹੈ। ਇਸ ਤੋਂ ਵੱਧ ਇਸ ਦਾ ਕਿਸੇ ਨੂੰ ਲਾਭ ਨਹੀਂ। ਐਟਮੀ ਜੰਗ ਲਈ ਲਲਕਾਰਨਾ ਜਾਂ ਫੜ੍ਹ ਮਾਰਨੀ ਕੋਈ ਸਿਆਣਪ ਦੀ ਗੱਲ ਨਹੀਂ। ਉੱਤਰੀ ਕੋਰੀਆ ਜੇ ਅੱਜ ਤਕ ਅਮਰੀਕਨ ਹਮਲੇ ਤੋਂ ਬਚਿਆ ਹੋਇਆ ਹੈ ਤਾਂ ਐਟਮ ਬੰਬ ਅਤੇ ਰਾਕਟਾਂ ਦੀ ਹੋਂਦ ਕਰਕੇ। ਇਰਾਕ ਮਾਰਿਆ ਤਾਂ ਬੇਹਥਿਆਰ ਹੋਣ ਕਰਕੇ। ਐਸੇ ਵੇਲੇ ਫਰੰਗੀ ਐਟਮੀ ਗਿਰਜਾਂ ਇਰਾਨ ਦੇ ਦੁਆਲੇ ਮੰਡਰਾ ਰਹੀਆਂ ਹਨ। ਇਰਾਨ, ਇਰਾਕ ਵਾਂਗੂੰ ਪੂਰੀ ਤਰ੍ਹਾਂ ਬੇਬੱਸ ਅਤੇ ਬੇਹਥਿਆਰਾ ਨਹੀਂ ਹੈ, ਪਰ ਉਸ ਕੋਲ ਐਟਮੀ ਹਥਿਆਰ ਨਹੀਂ। ਉਸ ਕੋਲ ਰਾਕਟ ਹਨ, ਰਸਮੀ ਹਥਿਆਰਾਂ ਦੇ ਨਾਲ। ਉਸ ਕੋਲ ਹਵਾ ਅਤੇ ਸਮੁੰਦਰ ਉੱਤੇ ਰੱਖਿਆ ਰਾਕਟ ਹਨ। ਮੱਧ ਏਸ਼ੀਆ ਦੇ ਖੇਤਰ ਨੂੰ ਫਰੰਗੀਆਂ ਨੇ ਰਣ-ਖੇਤਰ ਵਾਂਗ ਲੈਸ ਕਰ ਦਿੱਤਾ ਹੈ। ਇਰਾਨ ਨੂੰ ਬਾਲਣ ਲਈ ਬਾਹਰੀ ਦੇਸ਼ਾਂ ਤੋਂ ਆਉਂਦੀ ਗੈਸ ਵੀ ਰੋਕਣੀ ਸ਼ੁਰੂ ਕਰ ਦਿੱਤੀ ਹੈ। ਜੰਗ ਜਹੀ ਹਾਲਤ ਪੈਦਾ ਹੋ ਚੁੱਕੀ ਹੈ। ਮੱਧ ਏਸ਼ੀਆ ਦੀ ਭੱਠੀ ਐਨੀ ਭਖਾ ਦਿੱਤੀ ਹੈ ਕਿ ਫਰੰਗੀਆਂ ਦਾ ਵਾਪਸ ਪਰਤ ਜਾਣਾ ਅਸੰਭਵ ਲੱਗਦਾ ਹੈ। ਇਸ ਜੰਗ ਵਿਚ ਕਿੰਨੇ ਡ੍ਰੈਸਡੇਨ ਵਾਂਗ ਸ਼ਹਿਰ ਸਾੜੇ ਜਾਣਗੇ, ਇਹ ਤਾਂ ਸਮਾਂ ਹੀ ਦੱਸ

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਸੰਪਾਦਕੀ

ਮੰਦਭਾਗਾ ਗੁਰਦੁਆਰਾ ਗੋਲੀ ਕਾਂਡ

ਵਿਸਕੋਨਸਿਨ ਦੇ ਗੁਰਦੁਆਰੇ ਵਿਚ ਵਾਪਰੀ ਮੰਦਭਾਗੀ ਘਟਨਾ ਮਾਨਵਤਾ ਨੂੰ ਸ਼ਰਮਸਾਰ ਕਰਨ ਵਾਲੀ ਹੈ। ਇਸ ਘਟਨਾ, ਜਿਸ ਵਿਚ ਸਿੱਖ ਭਾਈਚਾਰੇ ਦੇ ਛੇ ਵਿਅਕਤੀ ਇਕ ਸਿਰਫਿਰੇ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ, ਨੂੰ ਲੈ ਕੇ ਪੂਰਾ ਵਿਸ਼ਵ ਭਾਈਚਾਰਾ ਸਦਮੇ ਵਿਚ ਹੈ। ਇਸ ਘਟਨਾ ਨੂੰ ਲੈ ਕੇ ਚਿੰਤਾ ਹੋਰ ਵੀ ਵਧ ਜਾਂਦੀ ਹੈ ਜਦੋਂ ਇਹ ਸੋਚਿਆ ਜਾਂਦਾ ਹੈ ਕਿ ਇਹ ਉਸ ਮੁਲਕ ਵਿਚ ਵਾਪਰੀ ਹੈ, ਜਿਹੜਾ ਹਰ ਤਰ੍ਹਾਂ ਦੀਆਂ ਮਨੁੱਖੀ ਆਜ਼ਾਦੀਆਂ ਦਾ ਝੰਡਾ ਬਰਦਾਰ ਹੈ ਅਤੇ ਜਿਹੜਾ ਵਿਸ਼ਵ ਭਰ ਵਿਚ ਲੋਕਤੰਤਰੀ ਪ੍ਰਬੰਧ ਦੀ ਬਹਾਲੀ ਦਾ ਹੋਕਾ ਦਿੰਦਾ ਹੈ। ਅਜਿਹੇ ਦੇਸ਼ ਵਿਚ ਇਕੋ ਫਿਰਕੇ ਦੇ ਲੋਕਾਂ ਦੀਆਂ ਹੱਤਿਆਵਾਂ ਦਾ ਸਿਲਸਿਲਾ ਬਹੁਤ ਸਾਰੇ ਗੰਭੀਰ ਅਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਇਨ੍ਹਾਂ ਸਵਾਲਾਂ ਨੂੰ ਉਦੋਂ ਹੋਰ ਵੀ ਬਲ ਮਿਲਦਾ ਹੈ ਜਦੋਂ ਇਨ੍ਹਾਂ ਘਟਨਾਵਾਂ ਦੇ ਸੰਭਾਵਿਤ ਕਾਰਨਾਂ ਦੀ ਚਰਚਾ ਛਿੜਦੀ ਹੈ। ਜਦੋਂ ਹੱਤਿਆਰੇ ਵਿਅਕਤੀ ਦਾ ਹੁਲੀਆ ਅਤੇ ਉਸ ਦਾ ਪਿਛੋਕੜ ਮੀਡੀਆ ਵਿਚ ਨਸ਼ਰ ਹੋਏ ਤਾਂ ਮਿਲਵਾਕੀ ਦੀ ਤ੍ਰਾਸਦੀ ਦੀਆਂ ਕਈ ਅਜਿਹੀਆਂ ਪਰਤਾਂ ਉਧੜੀਆਂ, ਜਿਨ੍ਹਾਂ ਤੋਂ ਇਸ ਪੂਰੇ ਘਟਨਾਕ੍ਰਮ ਬਾਰੇ ਸਮਝ ਸਿਰਫ਼ ਫੌਰੀ ਪ੍ਰਤੀਕਰਮਾਂ ਦੇ ਆਧਾਰ 'ਤੇ ਨਹੀਂ ਬਣਾਈ ਜਾ ਸਕਦੀ। ਇਸ ਘਟਨਾ ਪਿੱਛੇ ਕਾਰਜਸ਼ੀਲ ਯਥਾਰਥ ਬਹੁਤ ਜਟਿਲ ਹੈ ਤੇ ਸੰਭਵ ਹੈ ਕਿ ਇਸ ਘਟਨਾ ਦੇ ਬੀਜ ਨਵ-ਸਾਮਰਾਜਵਾਦ ਦੀਆਂ ਵਿਸ਼ਵੀਕਰਨ ਅਤੇ ਨਵ-ਉਦਾਰਵਾਦੀ ਨੀਤੀਆਂ ਵਿਚ ਪਏ ਹਨ। ਅਸੀਂ ਜਾਣਦੇ ਹਾਂ ਕਿ ਵਿਸ਼ਵੀਕਰਨ ਅਤੇ ਨਵ-ਉਦਾਰਵਾਦ ਭਾਵੇਂ ਓਪਰੀ ਨਜ਼ਰੇ ਇਕ ਲੁਭਾਉਣਾ ਤੇ ਜਮਹੂਰੀ ਵਰਤਾਰਾ ਜਾਪਦਾ ਹੈ, ਪਰ ਅੰਤਿਮ ਰੂਪ ਵਿਚ ਇਹ ਬੇਹੱਦ ਹਮਲਾਵਰ ਹੈ ਤੇ ਖੂੰਖਾਰ ਵੀ। ਜਿਸ ਵਿਅਕਤੀ ਨੇ ਗੁਰਦੁਆਰੇ ਅੰਦਰ ਵੜ ਕੇ ਸਿੱਖਾਂ ਦੀਆਂ ਹੱਤਿਆਵਾਂ ਕੀਤੀਆਂ ਉਹ ਅਮਰੀਕੀ ਫੌਜ ਵਿਚ ਰਹਿ ਚੁੱਕਾ ਹੈ। ਉਸ ਦੀ ਮਾਨਸਿਕਤਾ ਨੂੰ ਅਮਰੀਕੀ ਫੌਜਵਾਦ ਨੇ ਤਰਾਸ਼ਿਆ ਹੈ ਅਤੇ ਇਸ ਅਮਲ ਵਿਚੋਂ ਹੋਰ ਵੀ ਪਤਾ ਨਹੀਂ ਕਿੰਨੇ ਕੁ ਅਮਰੀਕੀ ਗੁਜ਼ਰ ਰਹੇ ਹੋਣਗੇ। ਅਮਰੀਕਾ ਦਾ ਅਜੋਕਾ ਫੌਜਵਾਦ ਵਿਸ਼ੇਸ਼ ਕਰਕੇ ਮੱਧ ਪੂਰਬ ਦੇ ਦੇਸ਼ਾਂ ਵਿਚ ਸਰਗਰਮ ਹੈ ਤੇ ਉਥੇ ਇਕ ਫਿਰਕੇ ਨਾਲ ਆਪਣੇ ਫੌਜੀ ਆਪ੍ਰੇਸ਼ਨ 'ਸਭਿਆਤਾਵਾਂ ਦੇ ਭੇੜ' ਦੀ ਫਿਲਾਸਫੀ ਦੇ ਤਹਿਤ ਚਲਾ ਰਿਹਾ ਹੈ। ਇਹੋ ਤਾਂ ਉਹ ਆਪ੍ਰੇਸ਼ਨ ਹਨ ਜਿਨ੍ਹਾਂ ਰਾਹੀਂ ਉਸ ਵਿਅਕਤੀ ਦੀ ਫਿਰਕੂ ਜ਼ਿਹਨੀਅਤ ਤਿਆਰ ਹੋਈ ਤੇ ਉਸ ਨੇ ਵਰਤਮਾਨ ਦੁਖਦਾਇਕ ਪ੍ਰਸਥਿਤੀ ਪੈਦਾ ਕਰ ਦਿੱਤੀ। ਵਿਸਕੋਨਸਿਨ ਦੇ ਕਾਤਲ ਨੇ ਆਪਣੇ ਜਿਸਮ 'ਤੇ ਜੋ ਬਹੁਤ ਸਾਰੇ ਟੈਟੂ ਖੁਣਵਾਏ ਹੋਏ ਸਨ, ਉਨ੍ਹਾਂ ਵਿਚ ਇਕ ਟੈਟੂ 9/11 ਦਾ ਵੀ ਸੀ। ਇਸ ਟੈਟੂ ਤੋਂ ਵੀ ਇਸ ਵਿਅਕਤੀ ਦੀ ਮਾਨਸਿਕਤਾ ਦੀਆਂ ਗੁੰਝਲਾਂ ਖੁੱਲ੍ਹਦੀਆਂ ਹਨ। ਵਿਸ਼ਵੀਕਰਨ ਅਤੇ ਨਵ-ਉਦਾਰਵਾਦ ਦੇ ਵਿਸ਼ਵ ਖਿਡਾਰੀ ਅੱਜ ਦੁਨੀਆ ਭਰ ਦੇ ਕੁਦਰਤੀ ਸ੍ਰੋਤਾਂ ਉਪਰ ਕਬਜ਼ਾ ਕਰਨ ਦੀ ਮੁਹਿੰਮ 'ਤੇ ਨਿਕਲੇ ਹੋਏ ਹਨ। ਤੇਲ ਸ੍ਰੋਤਾਂ ਲਈ ਇਹ ਬਕਾਇਦਾ ਸੈਨਿਕ ਕਾਰਵਾਈਆਂ ਕਰ ਰਹੇ ਹਨ, ਪਰ ਮਜ਼ਬੂਰੀ ਵੱਸ ਇਹ ਆਪਣੀਆਂ ਇਨ੍ਹਾਂ ਕਾਰਵਾਈਆਂ ਨੂੰ 'ਤੇਲ ਯੁੱਧਾਂ' ਦਾ ਨਾਮ ਨਹੀਂ ਦੇ ਸਕਦੇ, ਇਸ ਦੀ ਥਾਂ ਆਪਣੇ ਮਨਸੂਬਿਆਂ ਨੂੰ ਓਹਲਾ ਦੇਣ ਲਈ ਇਹ ਖੇਤਰੀ, ਸੰਪ੍ਰਦਾਇਕ ਅਤੇ ਨਸਲੀ 'ਵਿਭਿੰਨਤਾਵਾਂ' ਨੂੰ ਬੜੀ ਕੁਟਿਲਤਾ ਨਾਲ ਨਫ਼ਰਤ ਗੜੁੱਚੇ 'ਵਿਰੋਧਾਂ' ਵਿਚ ਬਦਲ ਦਿੰਦੇ ਹਨ। ਅਮਰੀਕਾ ਵਿਚ ਪਿਛਲੇ ਤਿੰਨ ਹਫ਼ਤਿਆਂ ਵਿਚ ਵਾਪਰੀਆਂ ਕਤਲੇਆਮ ਦੀਆਂ ਘਟਨਾਵਾਂ ਨਵ-ਸਾਮਰਾਜਵਾਦ ਦੀਆਂ ਅਜੋਕੀਆਂ ਗਲਤ ਨੀਤੀਆਂ ਦਾ ਹੀ ਨਤੀਜਾ ਹੈ। ਲੋੜ ਹੈ ਨਫ਼ਰਤ ਦੇ ਇਸ ਵਰਤਾਰੇ ਨੂੰ ਇਸ ਦੇ ਸਮਾਜਿਕ-ਆਰਥਿਕ ਤੇ ਰਾਜਨੀਤਕ ਸੰਦਰਭਾਂ ਦੀ ਰੌਸ਼ਨੀ ਵਿਚ ਸਮਝਣ ਦਾ ਯਤਨ ਕੀਤਾ ਜਾਵੇ।

ਸੰਪਾਦਕੀ ਬੋਰਡ
ਸਲਾਹਕਾਰ ਬੋਰਡ
ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4, Alberta (Canada)
Phone : 780 465 9118 Fax: 780 465 0661
e-mail: info@nawidunia.com

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਵਿਧਾਨ ਸਭਾ ਵਿਚ ਸੰਜ਼ੀਦਗੀ ਦਾ ਸਵਾਲ

ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਕੇਂਦਰ ਵਿਚ ਲੋਕ ਸਭਾ ਅਤੇ ਰਾਜਾਂ ਵਿਚ ਵਿਧਾਨ ਸਭਾਵਾਂ ਅਜਿਹੀਆਂ ਪ੍ਰਤੀਨਿੱਧ ਸਭਾਵਾਂ ਹਨ, ਜਿਨ੍ਹਾਂ ਵਿਚ ਲੋਕ ਰਾਇ ਨੂੰ ਸਿੱਧੀ ਨੁਮਾਇੰਦਗੀ ਹਾਸਲ ਹੁੰਦੀ ਹੈ। ਇਸ ਲਈ ਇਨ੍ਹਾਂ ਸਭਾਵਾਂ ਦਾ ਮਹੱਤਵ ਬੁਨਿਆਦੀ ਕਿਸਮ ਦਾ ਹੈ। ਜੇਕਰ ਇਨ੍ਹਾਂ ਸਭਾਵਾਂ ਲਈ ਚੋਣਾਂ ਭੈਅ ਮੁਕਤ ਅਤੇ ਨਿਰਪੱਖ ਮਾਹੌਲ ਵਿਚ ਹੋਈਆਂ ਹੋਣ ਤਾਂ ਇਨ੍ਹਾਂ ਸੰਸਥਾਵਾਂ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ, ਫਿਰ ਇਹ ਸੰਸਥਾਵਾਂ ਲੋਕ ਮਨ ਦਾ ਦਰਪਣ ਹੁੰਦੀਆਂ ਹਨ ਤੇ ਇਨ੍ਹਾਂ ਸੰਸਥਾਵਾਂ ਦੇ ਸਮੁੱਚੇ ਵਿਹਾਰ ਅਤੇ ਗਤੀਵਿਧੀਆਂ ਉਪਰ ਲੋਕਾਂ ਪ੍ਰਤੀ ਜਵਾਬਦੇਹੀ ਦੀ ਛਾਪ ਲੱਗੀ ਰਹਿੰਦੀ ਹੈ। ਵਿਧਾਨ ਸਭਾ ਰਾਜ ਵਿਚ ਲੋਕਾਂ ਦੁਆਰਾ ਚੁਣੀ ਉਹ ਸੰਸਥਾ ਹੈ, ਜਿਸ ਦੇ ਹਿੱਸੇ ਸਰਕਾਰ ਦਾ ਅੰਗ ਹੋਣ ਵਜੋਂ, ਸਭ ਤੋਂ ਬੁਨਿਆਦੀ ਕਾਰਜ ਆਉਂਦੇ ਹਨ। ਰਾਜ ਦੇ ਵਿਕਾਸ ਲਈ ਨੀਤੀ ਨਿਰਮਾਣ ਦੇ ਕਾਰਜ ਅਤੇ ਕਾਨੂੰਨ ਘੜ੍ਹਨ ਦੀ ਜ਼ਿੰਮੇਵਾਰੀ ਇਸੇ ਦੀ ਹੈ। ਇਸ ਦੇ ਮੈਂਬਰ ਵਿਧਾਨ ਸਭਾ ਦੇ ਵੱਖ-ਵੱਖ ਸੈਸ਼ਨਾਂ ਵਿਚ ਸੂਬਾਈ ਮੁੱਦਿਆਂ 'ਤੇ ਵਿਚਾਰ-ਚਰਚਾ ਕਰਦੇ ਹਨ ਤੇ ਲੋਕ ਜੀਵਨ ਨੂੰ ਦਰਪੇਸ਼ ਸਮੱਸਿਆਵਾਂ ਵਿਧਾਨ ਸਭਾ ਦੇ ਮੰਚ ਉਪਰ ਰੱਖਣ ਲਈ ਪ੍ਰਤੀਬੱਧ ਹੁੰਦੇ ਹਨ। ਹਾਲਾਂਕਿ ਵਿਧਾਨ ਸਭਾ ਮੈਂਬਰਾਂ ਦੇ ਕਾਰਜ ਅਤਿ ਮਹੱਤਵਪੂਰਨ ਹੁੰਦੇ ਹਨ, ਫਿਰ ਵੀ ਭਾਰਤੀ ਲੋਕਤੰਤਰ ਦਾ ਦੁਖਾਂਤ ਹੀ ਸਮਝੋ ਕਿ ਜ਼ਿਆਦਾਤਰ ਵਿਧਾਇਕ ਆਪਣੇ ਕਾਰਜਾਂ ਨੂੰ ਮੁੱਢ ਤੋਂ ਹੀ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਉਹ ਵਿਧਾਇਕ ਬਣਨ ਦਾ ਆਪਣਾ ਮੰਤਵ ਇਸ ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਦੋ ਹਰਫ਼ੀ ਵਾਕ ਰਾਹੀਂ ਅਕਸਰ ਪ੍ਰਗਟਾਉਂਦੇ ਹਨ, ''ਮੈਂ ਇਹ ਸੀਟ ਜਿੱਤ ਕੇ '...ਸਾਹਿਬ' ਦੀ ਝੋਲੀ ਪਾਵਾਂਗਾ।''

ਵਿਧਾਇਕ ਦਾ ਅਜਿਹਾ ਸੋਚਣਾ ਮੁੱਢ ਤੋਂ ਹੀ ਉਸ ਦੀ ਗਤੀਵਿਧੀ ਨੂੰ ਅਤਿਅੰਤ ਸੀਮਿਤ ਕਰ ਦਿੰਦਾ ਹੈ। ਕਹਿਣ ਦੀ ਲੋੜ ਨਹੀਂ ਕਿ ਸਾਡੇ ਵਿਧਾਇਕ ਆਮ ਕਰਕੇ ਪੰਜ ਸਾਲ ਝੋਲੀ ਚੁੱਕ ਹੀ ਬਣੇ ਰਹਿੰਦੇ ਹਨ।

ਜ਼ਾਹਿਰ ਹੈ ਕਿ ਵਿਧਾਇਕ ਆਪਣੀ ਵਡੇਰੀ ਭੂਮਿਕਾ ਪ੍ਰਤੀ ਸੁਹਿਰਦ, ਸੁਚੇਤ ਅਤੇ ਜ਼ਿੰਮੇਵਾਰ ਨਹੀਂ ਹਨ। ਅਜਿਹੇ ਵਿਧਾਇਕਾਂ ਨਾਲ ਵਿਧਾਨ ਸਭਾ ਸੈਸ਼ਨਾਂ ਦੌਰਾਨ ਕਿਹੋ ਜਿਹਾ ਮਾਹੌਲ ਬਣ ਸਕਦਾ ਹੈ, ਇਸ ਦੀ ਮੂੰਹ ਬੋਲਦੀ ਮਿਸਾਲ ਪੰਜਾਬ ਵਿਧਾਨ ਸਭਾ ਦੇ ਪਿਛਲੇ ਬਜਟ ਸੈਸ਼ਨ ਨੇ ਪੇਸ਼ ਕੀਤੀ। ਭਾਵੇਂ ਇਸ ਸੈਸ਼ਨ ਦੌਰਾਨ ਮੁੱਖ ਵਿਰੋਧੀ ਧਿਰ ਕਾਂਗਰਸ ਕੁਝ ਸੰਭਲੀ ਨਜ਼ਰ ਆਈ, ਫਿਰ ਵੀ ਪੂਰੇ ਬਜਟ ਸੈਸ਼ਨ ਦੌਰਾਨ ਵਿਧਾਨ ਸਭਾ ਅੰਦਰ ਗ਼ੈਰ-ਸੰਜ਼ੀਦਗੀ ਦਾ ਮਾਹੌਲ ਬਣਿਆ ਰਿਹਾ। ਵਧੇਰੇ ਚਿੰਤਾ ਦੀ ਗੱਲ ਇਹ ਹੋਈ ਕਿ ਵਿਧਾਨ ਸਭਾ ਦੇ ਸਭ ਤੋਂ ਤਜ਼ਰਬੇਕਾਰ ਮੈਂਬਰਾਂ ਅਤੇ ਸਰਕਾਰ-ਮੁਖੀ ਨੇ ਵੀ ਸਦਨ ਵਿਚ ਸੰਜ਼ੀਦਾ ਮਾਹੌਲ ਦੀ ਬਹਾਲੀ ਨੂੰ ਕੋਈ ਤਰਜੀਹ ਨਹੀਂ ਦਿੱਤੀ, ਸਗੋਂ ਉਨ੍ਹਾਂ ਦੀ ਭੂਮਿਕਾ ਮਾਹੌਲ ਨੂੰ ਗ਼ੈਰ-ਸੰਜ਼ੀਦਾ ਰੰਗ ਵਿਚ ਰੰਗਣ ਦੀ ਹੀ ਰਹੀ। ਪਿਛਲੇ ਸੈਸ਼ਨ ਦੀਆਂ ਕਾਰਵਾਈ ਰਿਪੋਰਟਾਂ ਕੁਝ ਅਜਿਹੇ ਪ੍ਰਭਾਵ ਦਿੰਦੀਆਂ ਸਨ ਜਿਵੇਂ ਵਿਧਾਨ ਸਭਾ ਇਕ ਅਹਿਮ ਵਿਧਾਨਕ ਲੋਕ-ਮੰਚ ਨਾ ਹੋ ਕੇ ਕੋਈ 'ਲਾਫ਼ਟਰ-ਸ਼ੋਅ' ਹੋਵੇ। ਵਿਧਾਨ ਸਭਾ ਨੂੰ ਹਾਸੇ-ਠੱਠੇ ਦੀ ਸਭਾ ਵਿਚ ਤਬਦੀਲ ਕਰਨਾ ਨਾ ਕੇਵਲ ਇਸ ਲੋਕ ਮੰਦਰ ਦੀ ਤੌਹੀਨ ਹੈ, ਸਗੋਂ ਜਿਸ ਅਵਾਮ ਦੇ ਸਹਾਰੇ ਸਿਆਸਤਦਵਨ ਰਾਜੇ ਬਣਦੇ ਹਨ, ਉਸ ਅਵਾਮ ਨਾਲ ਵੀ ਧੋਖਾ ਹੈ।

ਪੰਜਾਬ ਵਿਧਾਨ ਸਭਾ ਦੇ ਬੀਤੇ ਬਜਟ ਸੈਸ਼ਨ ਦੌਰਾਨ ਸਦਨ ਅੰਦਰਲੇ ਮਾਹੌਲ ਨੂੰ ਗ਼ੈਰ-ਸੰਜ਼ੀਦਗੀ ਦੀ ਪੁੱਠ ਚਾੜ੍ਹਨ ਦੀ ਜ਼ਿੰਮੇਵਾਰੀ ਹੁਕਮਰਾਨ ਧਿਰ ਸਿਰ ਆਉਂਦੀ ਹੈ। ਇਸ ਦਾ ਵੱਡਾ ਕਾਰਨ ਤਾਂ ਸਰਕਾਰ ਮੁਖੀ ਦਾ ਸੁਭਾਅ ਹੈ, ਜੋ ਅਕਸਰ ਇਕੱਠ ਵਿਚ ਗ਼ੈਰ-ਸੰਜ਼ੀਦਾ ਟਿੱਪਣੀ ਕਰਨ ਲਈ ਪ੍ਰਸਿੱਧ ਹੈ। ਇਸ ਨੂੰ ਹਾਸਾ-ਠੱਠਾ ਆਖ ਕੇ ਅਣਡਿੱਠ ਕਰ ਦਿੱਤਾ ਜਾਂਦਾ ਹੈ, ਪਰ ਅਸਲ ਵਿਚ ਇਹ ਵਿਹਾਰ ਸੰਜ਼ੀਦਾ ਤੇ ਤਿੱਖੇ ਸਵਾਲਾਂ ਨੂੰ ਟਾਲਣ ਦੀ ਇਕ ਜੁਗਤ ਹੈ। ਜਦੋਂ ਸਵਾਲ ਇਸ ਢੰਗ ਨਾਲ ਟਾਲੇ ਜਾਂਦੇ ਹਨ ਤਾਂ ਸੁਣਨ ਵਾਲਿਆਂ ਲਈ ਸਵਾਲ ਦੀ ਅਹਿਮੀਅਤ ਤੇ ਤਿੱਖਾਪਣ ਘਟ ਜਾਂਦਾ ਹੈ, ਇਸ ਦੀ ਥਾਂ ਹਾਸਾ-ਠੱਠਾ ਮੱਲ ਲੈਂਦਾ ਹੈ। ਚਰਚਾ ਵੀ ਮੁੱਦਾ ਅਧਾਰਿਤ ਸਵਾਲਾਂ ਦੀ ਥਾਂ ਟਿੱਚਰਾਂ-ਮਸ਼ਕਰੀਆਂ ਦੀ ਹੋਣ ਲੱਗਦੀ ਹੈ। ਜ਼ਾਹਿਰ ਹੈ ਕਿ ਲੋਕ ਹਿੱਤ ਦੀ ਦ੍ਰਿਸ਼ਟੀ ਤੋਂ ਵਿਧਾਨ ਸਭਾ ਅੰਦਰ ਹਾਸੇ-ਠੱਠੇ ਦਾ ਵਰਤਾਰਾ ਅੰਤਿਮ ਤੌਰ 'ਤੇ ਨਿਰਾਸ਼ਾਜਨਕ ਹੀ ਹੈ। ਇਸ ਪ੍ਰਤੀ ਹੁੰਗਾਰਾ ਨਾ ਭਰ ਕੇ ਇਸ ਨੂੰ ਨਿਰਉਤਸ਼ਾਹਿਤ ਕਰਨਾ ਜ਼ਰੂਰੀ ਹੈ।

ਬਜਟ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਵਿਚ ਗ਼ੈਰ-ਸੰਜ਼ੀਦਗੀ ਦਾ ਮਾਹੌਲ ਵਧੇਰੇ ਕਰਕੇ ਲੋਕ ਗਾਇਕ ਤੇ ਭਦੌੜ ਹਲਕੇ ਤੋਂ ਮੁੱਖ ਮੰਤਰੀ ਦੇ ਚਹੇਤੇ ਉਮੀਦਵਾਰ ਨੂੰ ਹਰਾ ਕੇ ਵਿਧਾਇਕ ਬਣੇ ਮੁਹੰਮਦ ਸਦੀਕ ਨੂੰ ਲੈ ਕੇ ਪੈਦਾ ਹੋਇਆ। ਨਿਰਸੰਦੇਹ, ਮੁਹੰਮਦ ਸਦੀਕ ਕਾਂਗਰਸ ਪਾਰਟੀ ਦੀ ਟਿਕਟ 'ਤੇ ਚੋਣ ਜਿੱਤਿਆ ਹੈ, ਪਰ ਉਸ ਦਾ ਮਨ ਗ਼ੈਰਸਿਆਸੀ ਹੀ ਹੈ। ਮੰਚ ਦਾ ਤਾਂ ਉਹ ਉਸਤਾਦ ਹੈ। ਉਸ ਨੇ ਮੰਚ 'ਤੇ ਗੱਲਾਂ ਕਰਨ ਦੇ ਆਪਣੇ ਤਜ਼ਰਬੇ ਨੂੰ ਵਿਧਾਨ ਸਭਾ ਵਿਚ ਵੀ ਖੂਬ ਵਰਤਣ ਦਾ ਯਤਨ ਕੀਤਾ ਅਤੇ ਬੀਤੇ ਸੈਸ਼ਨ ਦੌਰਾਨ ਆਪਣੇ ਹਲਕੇ ਦੀਆਂ ਸਮੱਸਿਆਵਾਂ ਬਾਰੇ ਕਈ ਸਵਾਲ ਇਸ ਕਲਾਕਾਰ ਦੁਆਰਾ ਸਰਕਾਰ ਤੋਂ ਪੁੱਛੇ ਗਏ। ਇਕ ਪਾਸੇ ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਦੇ ਧਿਆਨ ਵਿਚ ਲਿਆਉਣਾ ਜਾਰੀ ਰੱਖ ਰਿਹਾ ਸੀ, ਦੂਜੇ ਪਾਸੇ ਉਸ ਨੂੰ ਸਰਕਾਰ ਮੁਖੀ ਦੀ ਲਗਾਤਾਰ ਛੇੜਛਾੜ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਮੁੱਖ ਮੰਤਰੀ ਉਸ ਨੂੰ ਕਈ ਵਾਰ ਗੀਤ ਸੁਨਾਉਣ ਲਈ ਕਹਿ ਚੁੱਕੇ ਸਨ। ਇਕ ਸਮੇਂ ਜਦੋਂ ਮੁਹੰਮਦ ਸਦੀਕ ਸਿਫ਼ਰ ਕਾਲ ਵਿਚ ਕੋਈ ਪ੍ਰਸ਼ਨ ਪੁੱਛ ਰਿਹਾ ਸੀ ਤਾਂ ਮੁੱਖ ਮੰਤਰੀ ਨੇ ਫਿਰ ਗੀਤ ਗਾਉਣ ਦੀ ਗੱਲ ਕਰ ਦਿੱਤੀ। ਇਸ ਵਾਰ ਮੁਹੰਮਦ ਸਦੀਕ ਨੇ ਕੋਈ ਅੱਗਾ-ਪਿੱਛਾ ਨਹੀਂ ਦੇਖਿਆ ਤੇ ਗੀਤ ਸੁਣਾ ਹੀ ਦਿੱਤਾ। ਗੀਤ ਪ੍ਰੋ. ਮੋਹਨ ਸਿੰਘ ਦੀ ਦੇਸ਼ ਭਗਤੀ ਦੀ ਅਤਿਅੰਤ ਖੂਬਸੂਰਤ ਕਾਵਿ-ਰਚਨਾ ਸੀ, ਪਰ ਇਸ ਗੀਤ ਨੂੰ ਲੈ ਕੇ ਹੁਕਮਰਾਨ ਧਿਰ ਨੇ ਮੁਹੰਮਦ ਸਦੀਕ ਅਤੇ ਕਾਂਗਰਸ ਨੂੰ ਆਲੋਚਨਾ ਦਾ ਨਿਸ਼ਾਨਾ ਬਣਾ ਲਿਆ, ਆਧਾਰ ਇਹ ਬਣਾਇਆ ਕਿ ਕਾਂਗਰਸ ਤੇ ਮੁਹੰਮਦ ਸਦੀਕ ਨੇ ਵਿਧਾਨ ਸਭਾ ਨੂੰ ਗਾਇਕੀ ਦਾ ਅਖਾੜਾ ਬਣਾ ਲਿਆ ਹੈ। ਇਸ ਸਾਰੇ ਕਾਂਡ ਵਿਚੋਂ ਜੋ ਗੱਲ ਉਭਰ ਕੇ ਸਾਹਮਣੇ ਆਈ ਉਹ ਇਹ ਹੈ ਕਿ ਇਕ ਤਾਂ ਹੁਕਮਰਾਨ ਧਿਰ ਨੇ ਆਪ ਹੀ ਜਾਣ-ਬੁੱਝ ਕੇ ਸਦਨ ਦਾ ਮਾਹੌਲ ਗ਼ੈਰ-ਸੰਜ਼ੀਦਾ ਬਣਾਉਣ ਵਿਚ ਪਹਿਲਕਦਮੀ ਕੀਤੀ, ਉਤੋਂ ਕਹਿਰ ਇਹ ਬਰਸਾਇਆ ਕਿ ਇਕ ਹਰਮਨ ਪਿਆਰੇ ਕਲਾਕਾਰ ਦੀ ਮਾਸੂਮੀਅਤ ਦੀ ਖਿੱਲੀ ਉਡਾ ਕੇ ਉਸ ਦੇ ਮਨ ਨੂੰ ਠੇਸ ਪਹੁੰਚਾਈ ਗਈ। ਇਸ ਸਮੁੱਚੇ ਕਾਂਡ ਨੂੰ ਸਹੀ ਸੋਚ ਵਾਲੇ ਲੋਕਾਂ ਵੱਲੋਂ ਮੰਦਭਾਗਾ ਹੀ ਕਿਹਾ ਗਿਆ।

ਵਿਧਾਨ ਸਭਾ ਵਰਗੀਆਂ ਸੰਸਥਾਵਾਂ ਦੇ ਲੋਕਤੰਤਰੀ ਕਿਰਦਾਰ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਵਿਧਾਇਕਾਂ ਤੋਂ ਲੈ ਕੇ ਮੁੱਖ ਮੰਤਰੀ ਤੱਕ ਸਭ ਦੇ ਸਿਰ ਆਉਂਦੀ ਹੈ। ਵਿਧਾਨ ਸਭਾ ਤੋਂ ਬਾਹਰ ਲੋਕਾਂ ਦੀ ਵੀ ਆਪਣੇ ਵਿਧਾਇਕ ਪ੍ਰਤੀਨਿੱਧਾਂ ਦੀ ਕਾਰਗੁਜ਼ਾਰੀ ਉਪਰ ਬਰਾਬਰ ਨਜ਼ਰ ਰਹਿਣੀ ਚਾਹੀਦੀ ਹੈ। ਠੀਕ ਹੈ ਕਿ ਇਹ ਸੰਸਥਾਵਾਂ ਵਿਧਾਇਕਾਂ ਦੁਆਰਾ ਸੰਚਾਲਿਤ ਹੁੰਦੀਆਂ ਹਨ, ਪਰ ਇਹ ਲੋਕਾਂ ਤੋਂ ਇਕੱਤਰ ਕੀਤੇ ਟੈਕਸਾਂ ਰਾਹੀਂ ਚਲਦੀਆਂ ਹਨ ਤੇ ਵਿਧਾਇਕ ਜੋ ਮੋਟੀਆਂ ਤਨਖਾਹਾਂ ਲੈਂਦੇ ਹਨ, ਸਾਰੇ ਹੀ ਲੋਕਾਂ ਪ੍ਰਤੀ ਜਵਾਬਦੇਹ ਹੋਣੇ ਚਾਹੀਦੇ ਹਨ ਤੇ ਕਿਸੇ ਨੂੰ ਵਿਧਾਨ ਸਭਾ ਅੰਦਰੇ ਮਾਹੌਲ ਨੂੰ ਗ਼ੈਰ-ਸੰਜ਼ੀਦਾ ਰੰਗ ਦੇਣ ਦੀ ਆਗਿਆ ਨਹੀਂ ਹੋਣੀ ਚਾਹੀਦੀ, ਭਾਵੇਂ ਉਹ ਕਿਸੇ ਵੱਡੇ ਅਹੁਦੇ 'ਤੇ ਕਿਉਂ ਨਾ ਹੋਵੇ। ਵਿਧਾਨ ਸਭਾ ਕੇਵਲ ਤੇ ਕੇਵਲ ਲੋਕ ਹਿੱਤਾਂ ਦਾ ਮੰਚ ਹੋਣੀ ਚਾਹੀਦੀ ਹੈ।

ਹਾਸੋਹੀਣਾ ਹੈ ਸੂਬੇ ਦਾ ਕੰਮਕਾਜ ਚਲਾਉਣ ਦਾ ਢੰਗ

ਸੂਬੇ ਦਾ ਕੰਮਕਾਜ ਚਲਾਉਣ ਦਾ ਇਹ ਕਿੰਨਾ ਹਾਸੋਹੀਣਾ ਢੰਗ ਹੈ। ਅਲਬਰਟਾ ਵਾਸੀਆਂ ਨੂੰ ਚੰਗੀ ਤਰ੍ਹਾਂ ਪਿਛਲੀਆਂ ਸਰਦੀਆਂ ਵਿਚ ਅਲਬਰਟਾ ਦਾ ਸਾਲ 2011-12 ਦਾ ਬਜਟ ਤਿਆਰ ਕਰਨਾ, ਯਾਦ ਹੋਵੇਗਾ। ਪ੍ਰੀਮੀਅਰ ਸਟੇਲਮਾਕ 3.4 ਬਿਲੀਅਨ ਡਾਲਰ ਘਾਟੇ ਦਾ ਬਜਟ ਪੇਸ਼ ਕਰਨਾ ਚਾਹੁੰਦਾ ਸੀ। ਉਹ ਉਸ ਵਾਅਦੇ 'ਤੇ ਵਾਪਸ ਮੁੜਨ ਲਈ ਤਿਆਰ ਸੀ ਕਿ ਉਹ 2012 ਤੱਕ ਸੰਤੁਲਨ ਸਥਾਪਤ ਕਰ ਦੇਵੇਗਾ, ਪਰ ਇਸ ਲਈ ਉਸ ਨੂੰ ਹੋਰ ਦੋ ਸਾਲਾਂ ਦੀ ਲੋੜ ਹੈ।

ਬਹੁਤੇ ਕੰਜ਼ਰਵੇਟਿਵ ਵਿਧਾਇਕਾਂ ਨੇ ਇਸ ਯੋਜਨਾ ਨੂੰ ਚੰਗੀ ਤਰ੍ਹਾਂ ਨਹੀਂ ਲਿਆ, ਜਿਹੜੇ ਪ੍ਰੀਮੀਅਰ ਦੀ ਘਟਦੀ ਲੋਕਪ੍ਰਿਯਤਾ ਅਤੇ ਵਾਈਲਡਰੋਜ਼ ਸੱਜੇ ਉਭਾਰ ਦੇ ਕਾਰਨ ਚਿੰਤਤ ਸਨ। ਉਹ ਚੋਣਾਂ ਤੋਂ ਪਹਿਲਾਂ ਦੇ ਬਜਟ ਦੀ ਤਾਕਤ ਨੂੰ ਸਮਝਦੇ ਸਨ ਤੇ ਨਹੀਂ ਚਾਹੁੰਦੇ ਸਨ ਕਿ ਇਸ ਵਿਚ 3.5 ਬਿਲੀਅਨ ਡਾਲਰ ਦਾ ਘਾਟਾ ਹੋਵੇ। ਉਸ ਸਮੇਂ ਦੇ ਵਿੱਤ ਮੰਤਰੀ ਟੋਡ ਮਾਰਟਨ ਨੇ ਫੈਸਲਾ ਲਿਆ ਕਿ ਵਿਧਾਨ ਸਭਾਂ ਵਿਚ ਬਜਟ ਪੇਸ਼ ਕਰਨ ਨਾਲੋਂ ਬਿਹਤਰ ਹੈ ਕਿ ਅਸਤੀਫਾ ਦੇ ਦਿੱਤਾ ਜਾਵੇ। ਪ੍ਰੀਮੀਅਰ ਸਟੇਲਮਾਖ ਨੂੰ ਇਸ ਵਿਚਾਰ-ਅਧੀਨ ਅਸਤੀਫੇ ਦੀ ਭਿਣਕ ਪਈ ਤੇ ਵਿਧਾਇਕ ਉਸ ਦੇ ਪਿੱਛੇ ਪਏ ਅਤੇ ਫੈਸਲਾ ਕੀਤਾ ਕਿ ਟੋਡ ਮਾਰਟਨ ਨੂੰ ਮੌਕਾ ਮਿਲਣ ਤੋਂ ਪਹਿਲਾਂ ਹੀ ਦੋਹਾਂ ਨੂੰ ਵਿਹਲੇ ਕਰਨ ਦਾ ਐਲਾਨ ਕਰ ਦਿੱਤਾ ਜਾਵੇ। ਬਜਟ ਯੋਜਨਾ ਅਨੁਸਾਰ ਪੇਸ਼ ਕੀਤਾ ਗਿਆ, ਟੋਰੀ ਅਗਵਾਈ ਦੀ ਦੌੜ ਵਿਚ ਅੱਗੇ ਸਨ। ਵਾਈਲਡ ਲੋਕਪ੍ਰਿਯਤਾ ਠੁੱਸ ਹੋ ਗਈ ਅਤੇ ਸੂਬਾਈ ਰਾਜਨੀਤੀ ਵਿਚ ਗਤੀਸ਼ੀਲ ਅਤੇ ਗਰਮਾਗਰਮ ਮੰਚ ਤਿਆਰ ਹੋ ਗਿਆ।

ਹੁਣ ਜਾ ਕੇ ਇਹ ਪਤਾ ਲੱਗਾ ਹੈ ਕਿ ਸਭ ਐਵੇਂ ਨੌਟੰਕੀ ਹੀ ਸੀ। ਪਿਛਲੇ ਹਫ਼ਤੇ ਸੂਬਾਈ ਸਰਕਾਰ ਨੇ ਆਪਣਾ 2011-12 ਵਿੱਤੀ ਸਾਲ ਦੀ ਸਾਲਾਨਾ ਰਿਪੋਰਟ ਜਾਰੀ ਕੀਤੀ ਹੈ, ਇਸ ਨੂੰ ਦੇਖ ਕੇ ਸਾਰੇ ਹੈਰਾਨ ਰਹਿ ਗਏ ਕਿ ਪਹਿਲਾਂ ਸਾਹਮਣੇ ਲਿਆਂਦਾ ਗਿਆ ਘਾਟਾ ਇਸ ਵਿਚੋਂ ਗਾਇਬ ਸੀ। ਸੂਬੇ ਦੇ ਹਿਸਾਬ-ਕਿਤਾਬ ਵਿਚ ਬੋਲਦੇ 3.4 ਬਿਲੀਅਨ ਡਾਲਰ ਘਾਟੇ ਦੀ ਮੋਰੀ ਦੀ ਬਜਾਏ, ਜਦੋਂ ਸਾਰੇ ਕਹਿੰਦੇ ਸਨ ਅਤੇ ਅਸੀਂ ਕੇਵਲ 23 ਮਿਲੀਅਨ ਡਾਲਰ ਘਾਟੇ 'ਤੇ ਸਾਲ ਦਾ ਲੇਖਾ-ਜੋਖਾ ਸਮੇਟਿਆ-ਇਕ ਮਾਮੂਲੀ ਜਿਹੀ ਰਕਮ ਸਮੁੱਚੇ ਸੂਬਾਈ ਬਜਟ ਦੇ ਆਕਾਰ ਦੀ ਤੁਲਨਾ ਵਿਚ।

ਰਿਕਾਰਡੋ ਐਕੂਅਨਾ

ਪ੍ਰੈਸ ਕਾਨਫਰੰਸ ਵਿਚ ਵਿੱਤ ਮੰਤਰੀ ਡਉਗ ਹੋਰਨਰ ਨੇ ਇਸ ਸਾਲਾਨਾ ਰਿਪੋਰਟ ਨੂੰ ਇਕ ਬਹੁਤ ਦਿਲਚਸਪ ਨਿਊਜ਼ ਸਟੋਰੀ ਵਜੋਂ ਪੇਸ਼ ਕੀਤਾ। ਉਸ ਨੇ ਸਿੱਧਾ ਸਿਹਰਾ ਆਪਣੇ ਸਿਰ ਨਹੀਂ ਬੰਨਿਆ, ਪਰ ਇਹ ਸਾਫ਼ ਝਲਕਦਾ ਸੀ ਕਿ ਉਹ ਮਹਿਸੂਸ ਕਰਦਾ ਸੀ ਕਿ ਉਸ ਦੀ ਸਰਕਾਰ ਨੂੰ ਵਿੱਤੀ ਪ੍ਰਾਪਤੀਆਂ ਲਈ ਕੁਝ ਕਦਮ ਉਠਾਉਣੇ ਚਾਹੀਦੇ ਹਨ।

ਅਸਲ ਵਿਚ ਇਹ ਸਭ ਕੁਝ ਇਕ ਵਧੀਆ ਨਿਊਜ਼ ਸਟੋਰੀ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਆਪਣੇ ਅੰਤਮ ਸਿੱਟਿਆਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਸੂਬਾਈ ਸਰਕਾਰ ਨੇ 3.4 ਬਿਲੀਅਨ ਡਾਲਰ ਦਾ ਘਾਟਾ ਉਂਝ ਹੀ ਛੱਡ ਦਿੱਤਾ।

ਇਸ ਵਿਚ ਰਾਹਤ ਮਹਿਸੂਸ ਕਰਨ ਵਾਲੀ ਕੋਈ ਗੱਲ ਨਹੀਂ ਹੈ। ਅਸੀਂ ਉਨ੍ਹਾਂ ਲੋਕਾਂ 'ਤੇ ਭਰੋਸਾ ਕਰਦੇ ਹਾਂ ਜਿਹੜੇ ਰੋਜ਼ਾਨਾ ਜੀਵਨ ਦੀਆਂ ਸਾਡੀਆਂ ਲੋੜਾਂ ਦੇ ਸ੍ਰੋਤ ਭਰਦੇ ਰਹਿੰਦੇ ਹਨ। ਇਹ ਕਿਸ ਤਰ੍ਹਾਂ ਹੁੰਦ ਜੇਕਰ ਉਨ੍ਹਾਂ ਨੂੰ ਇਲਮ ਹੁੰਦ ਕਿ ਵਰ੍ਹਿਆਂ ਤੋਂ ਇਕ ਕੌਫੀ ਪੀਣ ਵਾਲੇ ਦੀ ਜੇਬ ਵਿਚੋਂ ਵੀ ਕਿੰਨਾ ਧਨ ਚਲਿਆ ਗਿਆ ਹੈ।

ਹਮੇਸ਼ਾ ਵਾਂਗ, ਵੱਡਾ ਫਰਕ ਨਾ-ਨਵਿਉਣਯੋਗ ਵਿੱਤੀ ਸ੍ਰੋਤਾਂ ਦਾ ਸੀ। ਬਜਟ ਪੂਰੇ ਸਾਲ ਲਈ ਔਸਤ 89.40 ਡਾਲਰ ਉਪਰ ਆਧਾਰਿਤ ਸੀ ਅਤੇ ਸਾਲ ਲਈ ਅਸਲ ਔਸਤ ਕੀਮਤ (ਖਰਚ) 97.33 ਡਾਲਰ ਦਾ ਸੀ। ਸਰਕਾਰ ਨੇ ਪਹਿਲਾਂ ਤੋਂ ਨਿਸ਼ਚਿਤ ਕੀਮਤ ਤੋਂ ਮਹਿੰਗੀ ਕੀਮਤ 'ਤੇ ਜ਼ਮੀਨਾਂ ਵੀ ਵੇਚੀਆਂ। ਦੂਜੇ ਸ਼ਬਦਾਂ ਵਿਚ ਸਰਕਾਰੀ ਦਾਅਵਿਆਂ ਦੇ ਉਲਟ ਇਹ ਜ਼ਿੰਮੇਵਾਰੀ ਨਾਲ ਫੈਸਲਾ ਲੈਣ ਦਾ ਸਿੱਟਾ ਸੀ ਕਿ ਬਜਟ ਵਿਚ ਘਾਟਾ ਛੁਪਾਉਣਾ ਖੁਸ਼ਕਿਸਮਤੀ ਵਾਲਾ ਸਾਬਤ ਹੋਇਆ। ਬਜਟ ਵਰ੍ਹੇ ਦੇ ਤਿੰਨ ਮਹੀਨਿਆਂ ਦੌਰਾਨ, ਇਹ ਵੀ ਪ੍ਰਤੀਤ ਹੋਣ ਲੱਗਾ ਹੈ ਕਿ ਕਿਸਮਤ ਮੁੱਠੀ ਵਿਚ ਨਹੀਂ ਆਈ।

ਤੇਲ ਦੀ ਕੀਮਤ ਹਾਲ ਦੀ ਘੜੀ 85 ਡਾਲਰ ਮਾਰਕ ਦੇ ਨੇੜੇ-ਤੇੜੇ ਘੁੰਮ ਰਹੀ ਹੈ। ਇਸ ਸਾਲ ਦਾ ਬਜਟ 900 ਮਿਲੀਅਨ ਡਾਲਰ ਘਾਟੇ ਦੇ ਸਮੇਤ, ਔਸਤ ਤੇਲ ਕੀਮਤ 99.25 ਡਾਲਰ ਨਾਲ ਮਿਰਿਆ ਹੋਇਆ ਹੈ। ਅਜੇ ਅਸੀਂ ਪਿਛਲੇ ਸਾਲ ਵਾਲਾ 3.4 ਬਿਲੀਅਨ ਦਾ ਵਿੱਤੀ ਘਾਟਾ ਵੀ ਪੂਰਾ ਕਰਨਾ ਹੈ।

ਡਿਊਗ ਹਾਰਨਰ ਨੇ ਆਪਣੀ ਸਰਕਾਰ ਦਾ ਰਿਕਾਰਡ ਇਹ ਕਹਿੰਦਿਆਂ ਬਚਾਇਆ, ਖਰਚੇ ਉਪਰ ਸਾਡਾ ਸਿੱਧਾ ਨਿਯੰਤਰਣ ਹੈ, ਅਸੀਂ ਤੇਲ ਦੀਆਂ ਕੀਮਤਾਂ ਉਪਰ ਸਿੱਧਾ ਨਿਯੰਤਰਣ ਨਹੀਂ ਰੱਖਦੇ ਜਾਂ ਰਾਇਲਟੀ ਮਾਲੀਏ ਉਪਰ, ਜਿਸ ਨੂੰ ਅਸੀਂ ਕਾਬੂ ਹੇਠ ਲਿਆਉਣ ਜਾ ਰਹੇ ਹਾਂ। ਜਦੋਂ ਕਿ ਇਹ ਸੱਚ ਹੈ ਕਿ ਸਰਕਾਰ ਅੰਤਰਰਾਸ਼ਟਰੀ ਤੇਲ ਕੀਮਤਾਂ ਉਪਰ ਨਿਯੰਤਰਣ ਨਹੀਂ ਰੱਖਦੀ। ਇਹ ਕਹਿਣਾ ਗ਼ੈਰ ਜ਼ਿੰਮੇਦਾਰਾਨਾ ਬੇਭਰੋਸਗੀ ਅਤੇ ਕੁਸ਼ਾਸਨ ਦਾ ਹੀ ਪ੍ਰਗਟਾਵਾ ਹੁੰਦਾ ਹੈ।

ਸਰਕਾਰ ਦੀ ਜ਼ਿੰਮੇਵਾਰੀ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਦੀ ਵਿਵਸਥਾ ਦਾ ਸੰਤੁਲਨ ਕਾਇਮ ਰੱਖਣ ਦੀ ਹੈ। ਅਲਬਰਟਾ ਵਾਸੀ ਚਾਹੁੰਦੇ ਹਨ ਤੇ ਉਨ੍ਹਾਂ ਦੀ ਲੋੜ ਹੈ ਕਿ ਉਨ੍ਹਾਂ ਦੁਆਰਾ ਤਾਰੇ ਜਾਂਦੇ ਟੈਕਸਾਂ ਰਾਹੀਂ ਮਿਲਦੀਆਂ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਲਈ ਕਿੰਨੀ ਅਦਾਇਗੀ ਹੋਵੇ। ਇਸ ਸਰਕਾਰ ਨੇ ਇਹ ਸਾਰੀ ਜ਼ਿੰਮੇਵਾਰੀ ਤਿਆਗ ਦਿੱਤੀ ਹੈ, ਇਸ ਦੀ ਥਾਂ ਸੇਵਾਵਾਂ ਦਾ ਸਾਰਾ ਦਾਰੋਮਦਾਰ ਪ੍ਰਤੀ ਬੈਰਲ ਅੰਤਰਰਾਸ਼ਟਰੀ ਤੇਲ ਕੀਮਤ ਉਪਰ ਛੱਡ ਦਿੱਤਾ ਹੈ। ਇਹ ਨੀਤੀ ਨੂੰ ਬਦਲਣ ਅਤੇ ਢੁਕਵੇਂ ਤੇ ਜ਼ਿੰਮੇਦਾਰਾਨਾ ਪ੍ਰਸ਼ਾਸਨ ਵੱਲ ਵਧਣ ਦਾ ਸਮਾਂ ਹੈ ਤੇ ਬਜਟ ਸਬੰਧੀ ਸਾਡੀ ਲੋੜ ਹੈ ਕਿ ਅਸੀਂ ਇਹ ਯਕੀਨੀ ਬਣਾਉਣ ਲਈ ਆਪਣੀ ਕਰ-ਪ੍ਰਣਾਲੀ ਵਿਚ ਸੁਧਾਰ ਕਰੀਏ ਕਿ ਸਾਡੀ ਲੋੜ ਦੀਆਂ ਵਸਤੂਆਂ ਅਤੇ ਸੇਵਾਵਾਂ ਲਈ ਜੋ ਇਕੱਤਰ ਕਰੀਏ ਉਹ ਕਾਫੀ ਹੋਵੇ, ਨਾਲ ਹੀ ਸਾਨੂੰ ਆਪਣੇ ਕੁਦਰਤੀ ਵਿੱਤੀ ਸ੍ਰੋਤ ਬਚਾਉਣ ਦੀ ਵੀ ਲੋੜ ਹੈ, ਇਹ ਯਕੀਨੀ ਬਣਾਉਣ ਲਈ ਕਿ ਸਾਡੇ ਪੁੱਤਰ-ਪੋਤਰੇ ਵੀ ਸਾਂਝੀ ਕੁਦਰਤੀ ਦੌਲਤ ਦਾ ਲਾਭ ਉਠਾ ਸਕਣ। ਹੋਰ ਕੁਝ ਕਰਨਾ ਨੇਮ ਭੰਗ ਕਰਨ ਅਤੇ ਅਯੋਗਤਾ ਵੱਲ ਲੈ ਜਾਵੇਗਾ ਅਤੇ ਇਕ ਸਾਲ ਦੀ ਅਯੋਗਤਾ ਅਗਲੇ ਸਾਲਾਂ ਵਿਚ ਸਾਲ-ਦਰ-ਸਾਲ ਜਾਰੀ ਰਹਿੰਦੀ ਹੈ ਅਤੇ ਇਹ ਕਿਸੇ ਸੂਬੇ ਦਾ ਰਾਜ ਪ੍ਰਬੰਧ ਚਲਾਉਣ ਦਾ ਸੱਚਮੁੱਚ ਬੜਾ ਹਾਸੋਹੀਣਾ ਢੰਗ ਹੁੰਦਾ ਹੈ।

ਪੇਸ਼ਕਸ਼ ਨਦਬ

ਸਰਫਾ ਬਨਾਮ ਫ਼ਜ਼ੂਲ ਖਰਚੀ

ਕਮਲ ਦੁਸਾਂਝ

ਪੰਜਾਬ ਦੇ ਵਿੱਤ ਮੰਤਰੀ ਲੋਕਾਂ ਨੂੰ ਸਰਫ਼ਾ ਕਰਨ ਦੀਆਂ ਸਲਾਹਾਂ ਦੇ ਰਹੇ ਹਨ। ਬੇਸ਼ੱਕ ਨੇਕ ਸਲਾਹ ਹੈ। ਪਰ ਆਮ ਲੋਕਾਂ ਦੀਆਂ ਘੱਟ ਤਨਖ਼ਾਹਾਂ, ਵੱਧ ਖਰਚੇ ਉਪਰੋਂ ਉਨ੍ਹਾਂ 'ਤੇ ਮਹਿੰਗਾਈ ਤੇ ਟੈਕਸਾਂ ਦੀ ਮਾਰ ਹੈ। ਇਸ ਸਥਿਤੀ ਵਿਚ ਜਦ ਜੇਬ ਹੀ ਖਾਲੀ ਹੈ ਤਾਂ ਲੋਕ ਸਰਫ਼ਾ ਕਿਵੇਂ ਕਰਨ? ਲੋਕਾਂ ਦੇ ਸਵਾਲਾਂ ਦਾ ਜਵਾਬ ਦੇਣ ਲਈ ਮੰਤਰੀਆਂ/ਵਿਧਾਇਕਾਂ/ ਅਧਿਕਾਰੀਆਂ ਦੇ ਖਰਚਿਆਂ 'ਤੇ ਥੋੜ੍ਹਾ ਜਿਹਾ ਕੱਟ ਜ਼ਰੂਰ ਲਾਇਆ ਗਿਆ ਹੈ। ਇਸ ਦਾ ਉਹ ਕਿੰਨਾ ਕੁ ਪਾਲਣ ਕਰਦੇ ਹਨ, ਇਹ ਤਾਂ ਸ਼ਾਇਦ ਦੱਸਣ ਦੀ ਲੋੜ ਨਹੀਂ।

ਪੰਜਾਬ ਸਰਕਾਰ ਨੇ ਆਪਣੇ ਮੰਤਰੀਆਂ ਨੂੰ ਗੱਡੀਆਂ ਦੀ ਸੰਜਮ ਨਾਲ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ। ਸ਼ਾਇਦ ਇਸੇ ਲਈ ਉਨ੍ਹਾਂ ਨੇ ਇਨ੍ਹੀਂ ਦਿਨੀਂ ਗੱਡੀਆਂ ਦਾ ਖਹਿੜਾ ਛੱਡ ਕੇ ਹਵਾਈ ਸਫ਼ਰ ਕਰਨ ਦਾ ਮਨ ਬਣਾ ਲਿਆ ਹੈ। ਕਰੀਬ ਅੱਧੀ ਦਰਜਨ ਮੰਤਰੀ ਵਿਦੇਸ਼ ਦੌਰਿਆਂ 'ਤੇ ਜਾ ਰਹੇ ਹਨ ਜਾਂ ਚੁੱਕੇ ਹਨ। ਉਂਜ ਤਾਂ ਇਕੱਲੇ ਪੰਜਾਬ ਦੇ ਹੀ ਨਹੀਂ ਬਲਕਿ ਪੂਰੇ ਮੁਲਕ ਦੇ ਮੰਤਰੀਆਂ/ਵਿਧਾਇਕਾਂ ਨੂੰ ਵਿਦੇਸ਼ ਦੌਰਿਆਂ ਦਾ ਚਾਅ ਚੜ੍ਹਿਆ ਰਹਿੰਦਾ ਹੈ। ਜਨਤਕ ਹਵਾਈ ਉਡਾਣਾਂ ਦੀ ਖਸਤਾ ਹਾਲਤ ਲਈ ਇਹ ਦੌਰੇ ਬਹੁਤ ਜ਼ਿਆਦਾ ਹਦ ਤਕ ਜ਼ਿੰਮੇਵਾਰ ਮੰਨੇ ਜਾਂਦੇ ਹਨ। ਸਾਬਕਾ ਸ਼ਹਿਰੀ ਹਵਾਬਾਜ਼ੀ ਕੇਂਦਰੀ ਮੰਤਰੀ ਤੇ ਉਨ੍ਹਾਂ ਦੇ ਪਰਿਵਾਰ ਲਈ ਤਾਂ ਵਿਸ਼ੇਸ਼ ਤੌਰ 'ਤੇ ਜਹਾਜ਼ ਦਾ ਇੰਤਜ਼ਾਮ ਹੁੰਦਾ ਰਿਹਾ ਹੈ। ਇਸ ਦਾ ਸਾਰਾ ਖਰਚਾ ਵਿਭਾਗ ਅਦਾ ਕਰਦਾ ਰਿਹਾ ਹੈ ਤੇ ਵਿਭਾਗ ਅੱਗੋਂ ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਕੈਂਚੀ ਲਾਉਂਦਾ ਰਿਹਾ ਹੈ।

ਪੰਜਾਬ ਵਿਚ ਵੀ ਪਰਿਵਾਰਾਂ ਨੂੰ ਸੈਰ ਕਰਾਉਣ ਦਾ ਰੁਝਾਨ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਵੀ ਵਿਦੇਸ਼ ਦੌਰੇ 'ਤੇ ਜਾ ਰਹੇ ਹਨ ਪਰ ਉਹ ਇਕੱਲੇ ਨਹੀਂ ਸਗੋਂ ਆਪਣੀ ਪਤਨੀ ਨੂੰ ਵੀ ਸਰਕਾਰੀ ਖਰਚੇ 'ਤੇ ਨਾਲ ਲਿਜਾਉਣਾ ਚਾਹੁੰਦੇ ਹਨ। ਇਸ ਸਬੰਧ ਵਿਚ ਉਨ੍ਹਾਂ ਨੇ ਮੁੱਖ ਮੰਤਰੀ ਦੀ ਆਗਿਆ ਵੀ ਮੰਗੀ ਹੈ ਤੇ ਮੁੱਖ ਮੰਤਰੀ ਨੇ ਇਸ ਸਬੰਧੀ ਆਗਿਆ ਦਿੰਦਿਆਂ ਵਿੱਤ ਵਿਭਾਗ ਨੂੰ ਹਦਾਇਤਾਂ ਦੇ ਦਿੱਤੀਆਂ ਹਨ। ਇਹ ਖਰਚਾ ਛੇ ਲੱਖ ਦੇ ਕਰੀਬ ਆਏਗਾ। ਭਾਵੇਂ ਸਰਕਾਰ ਲਈ ਇਹ ਬਹੁਤ ਵੱਡੀ ਰਕਮ ਨਹੀਂ ਪਰ ਜਦੋਂ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਰੋਕ ਕੇ ਖਜ਼ਾਨੇ ਦਾ ਮੂੰਹ ਭਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹੋਣ, ਲੋਕਾਂ ਨੂੰ ਸਰਫ਼ਾ ਕਰਨ ਦੇ ਮਸ਼ਵਰੇ ਦਿੱਤੇ ਜਾ ਰਹੇ ਹੋਣ, ਕੀ ਉਦੋਂ ਸਰਕਾਰ ਲਈ ਇਹ ਬੇਲੋੜੇ ਖਰਚੇ ਨਹੀਂ ਹਨ। ਅੱਜ ਇਕ ਆਗੂ ਦੀ ਇੱਛਾ ਪੂਰੀ ਕੀਤੀ ਹੈ, ਕੱਲ੍ਹ ਨੂੰ ਹੋਰਨਾਂ ਦੀਆਂ ਵੀ ਕਰਨੀਆਂ ਪੈਣਗੀਆਂ। ਜੇ ਸਰਕਾਰ ਅਜਿਹਾ ਨਹੀਂ ਕਰੇਗੀ ਤਾਂ ਉਸ ਨੂੰ ਮੈਂਬਰਾਂ ਦੀ ਨਾਰਾਜ਼ਗੀ ਝੱਲਣੀ ਪਏਗੀ।

ਖ਼ੈਰ ਇਹ ਤਾਂ ਸਰਕਾਰ ਦਾ ਨਿੱਜੀ ਮਾਮਲਾ ਹੈ ਕਿ ਉਹ ਇਸ ਨੂੰ ਕਿਵੇਂ ਸੰਭਾਲਦੀ ਹੈ ਪਰ ਦੁੱਖ ਤਾਂ ਉਦੋਂ ਹੁੰਦਾ ਹੈ ਜਦੋਂ ਕਿਸੇ ਖਿਡਾਰੀ ਨੂੰ ਵਿਦੇਸ਼ ਵਿਚ ਆਪਣੀ ਖੇਡ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਦਾ ਹੈ ਪਰ ਹਵਾਈ ਟਿਕਟ ਦਾ ਖਰਚਾ ਨਾ ਹੋਣ ਕਾਰਨ, ਉਸ ਦੇ ਸੁਪਨੇ ਟੁੱਟ ਜਾਂਦੇ ਹਨ। ਸਰਕਾਰ ਉਹਦੀ ਟਿਕਟ ਦਾ ਖਰਚਾ ਝੱਲਣ ਨੂੰ ਤਿਆਰ ਨਹੀਂ ਹੁੰਦੀ। ਕਦੇ-ਕਦਾਈਂ ਕਿਸੇ ਖਿਡਾਰੀ ਦੀ ਮਦਦ ਲਈ ਕੁਝ ਸਮਾਜ ਸੇਵੀ ਸੰਗਠਨ ਅੱਗੇ ਆ ਜਾਂਦੇ ਹਨ, ਛਿੱਲੜ- ਛਿੱਲੜ ਜੋੜ ਕੇ ਉਸ ਨੂੰ ਭੇਜਣ ਦਾ ਇੰਤਜ਼ਾਮ ਕਰਦੇ ਹਨ, ਮੀਡੀਆ ਵਿਚ ਇਸ ਦੀ ਚਰਚਾ ਵੀ ਹੁੰਦੀ ਹੈ ਪਰ ਫੇਰ ਵੀ ਸਰਕਾਰ ਅਜਿਹੇ ਖਿਡਾਰੀ ਦੀ ਮਦਦ ਕਰਨ ਲਈ ਅੱਗੇ ਨਹੀਂ ਆਉਂਦੀ।

ਵੱਡੀਆਂ ਸ਼ਖ਼ਸੀਅਤਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਬਾਹਰ ਆਉਣ-ਜਾਣ ਨਾਲ ਸੂਬੇ ਦਾ ਕੋਈ ਮਾਣ ਨਹੀਂ ਵਧਦਾ ਪਰ ਜੇਕਰ ਇਨ੍ਹਾਂ ਖਿਡਾਰੀਆਂ ਨੂੰ ਜਾਣ ਦਾ ਮੌਕਾ ਮਿਲਦਾ ਹੈ ਤਾਂ ਸੂਬੇ ਦਾ ਗੌਰਵ ਜ਼ਰੂਰ ਵੱਧਦਾ ਹੈ। ਸਰਕਾਰ ਨੂੰ ਅਜਿਹੇ ਫੈਸਲੇ ਕਰਨ ਲੱਗਿਆਂ ਸੂਬੇ ਦੇ ਹਿੱਤਾਂ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਲੋਕ ਤਾਂ ਟੈਕਸ ਅਦਾ ਕਰ ਹੀ ਰਹੇ ਹਨ ਪਰ ਇਸ ਦੇ ਆਪਣੇ ਆਗੂਆਂ ਵਲੋਂ ਕੀਤਾ ਸਰਫ਼ਾ ਖਜ਼ਾਨੇ ਨੂੰ ਜ਼ਰੂਰ ਮਜ਼ਬੂਤੀ ਦੇ ਸਕਦਾ ਹੈ।

ਧੁਖਦਾ ਕਾਲਮ

ਮੁਕਤੀ ਦਾ ਰਾਹ

ਸੁਸ਼ੀਲ ਦੁਸਾਂਝ

ਕਲਮ ਦੇ ਸਿਪਾਹੀ ਮਹਾਨ ਹਿੰਦੀ ਨਾਵਲਕਾਰ ਮੁਨਸ਼ੀ ਪ੍ਰੇਮ ਚੰਦ ਨੇ ਆਪਣੀ ਪੁਸਤਕ 'ਗੁਪਤਧਨ' ਵਿਚ ਲਿਖਿਆ ਸੀ- 'ਜੋ ਮੁੜ੍ਹਕੋ -ਮੁੜ੍ਹਕੀ ਹੋਣ, ਉਹ ਰੋਟੀ ਨੂੰ ਤਰਸਣ ਤੇ ਜਿੰਨ੍ਹਾਂ ਹਰਾਮਖੋਰੀ ਨੂੰ ਆਪਣਾ ਪੇਸ਼ਾ ਬਣਾ ਲਿਆ ਹੈ, ਉਹ ਸਾਡੀਆਂ ਮਹਿਫਲਾਂ ਦਾ ਸ਼ਿੰਗਾਰ ਬਣਨ। ਮੈਂ ਆਪਣੀਆਂ ਅੱਖਾਂ ਨਾਲ ਇਹ ਅਨਿਆਂ ਅਤੇ ਜ਼ੁਲਮ ਨਹੀਂ ਦੇਖ ਸਕਦਾ। ...ਇਸ ਤਰ੍ਹਾਂ ਦੇ ਰਾਜ ਵਿਚ ਰਹਿਣਾ ਮੈਂ ਆਪਣੇ ਅਸੂਲਾਂ ਦੇ ਖ਼ਿਲਾਫ਼ ਅਤੇ ਸ਼ਰਮਨਾਕ ਸਮਝਦਾ ਹਾਂ।' ਪ੍ਰੇਮ ਚੰਦ ਜੀ ਅੱਜ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ, ਅਸੀਂ ਹਾਂ ਤੇ ਪ੍ਰੇਮ ਚੰਦ ਹੁਰਾਂ ਦੇ ਸਮੇਂ ਤੋਂ ਵੀ ਮਾੜੇ ਰਾਜ ਵਿਚ ਰਹਿਣ ਲਈ ਮਜ਼ਬੂਰ ਹਾਂ। ਇਹ ਉਹ ਸਮਾਂ ਹੈ ਜਦੋਂ ਭੁੱਖਾਂ ਮਾਰੇ ਲੋਕ ਰੋਟੀਆਂ ਲੁੱਟ ਰਹੇ ਹਨ। ਬਹੁਤੇ ਪਾਠਕਾਂ ਨੂੰ ਸ਼ਾਇਦ ਇਹ ਗੱਲ ਅਜੀਬ ਲੱਗੇ ਕਿ ਆਪਣੇ ਮੁਲਕ ਵਿਚ ਹੁਣ ਲੋਕ ਰੋਟੀਆਂ ਲੁੱਟਣ ਲਈ ਮਜ਼ਬੂਰ ਹੋ ਗਏ ਹਨ, ਪਰ ਇਹ ਹੈ ਸੱਚ ਹੀ। ਸਭ ਤੋਂ ਤੇਜ਼ ਗਤੀ ਨਾਲ ਵਿਕਾਸ ਕਰਨ ਦੇ ਦਾਅਵੇ ਕਰਨ ਵਾਲੇ ਆਪਣੇ ਮਹਾਨ ਮੁਲਕ ਦਾ ਅਸਲੀ ਸੱਚ ਹੈ ਇਹ। ਪੱਛਮੀ ਬੰਗਾਲ ਵਿਚ ਰਾਸ਼ਨ ਦੀਆਂ ਦੁਕਾਨਾਂ ਲੁੱਟਣ ਦੀ ਗੱਲ ਤਾਂ ਹੁਣ ਪੁਰਾਣੀ ਹੋ ਗਈ ਹੈ, ਹੁਣ ਤਾਂ ਇਕ ਵਕਤ ਦੀ ਰੋਟੀ ਲੁੱਟਣ ਦੀਆਂ ਵਾਰਦਾਤਾਂ ਵੀ ਹੋਣ ਲੱਗ ਪਈਆਂ ਹਨ। ਪਿੱਛੇ ਜਿਹੇ ਹੀ ਦੀ ਹੀ ਤਾਂ ਗੱਲ ਹੈ ਜਦੋਂ ਬੁੰਦੇਲਖੰਡ ਦੇ ਪਿੰਡ ਕਨਕੁਮਾਂ ਵਿਚ ਭੁੱਖ ਦੇ ਤੜਪਾਏ ਕੁਝ ਲੋਕਾਂ ਨੇ ਇਕ ਘਰ 'ਤੇ ਹੱਲਾ ਬੋਲਿਆ ਤੇ ਰੋਟੀਆਂ ਲੁੱਟ ਕੇ ਫਰਾਰ ਹੋ ਗਏ। ਪੁਲਸ ਨੇ ਰੋਟੀਆਂ ਲੁੱਟਣ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ, ਪਰ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਵਿਚੋਂ ਕੱਢਿਆ ਕੀ ਜਾ ਸਕਦਾ ਹੈ? ਹਾਂ, ਇਨ੍ਹਾਂ ਰੋਟੀ ਲੁਟੇਰਿਆ ਨੂੰ ਜੇਕਰ ਜੇਲ

ਸਲਾਮ! ਕੈਪਟਨ ਲਕਸ਼ਮੀ ਸਹਿਗਲ

''ਜੰਗ ਜਾਰੀ ਰਹੇਗੀ,'' ਕਾਨਪੁਰ ਵਿਚ ਸਥਿਤ ਆਪਣੇ ਭੀੜ ਭਰੇ ਕਲੀਨਿਕ ਵਿਚ ਬੈਠਿਆਂ ਸੰਨ 2006 ਨੂੰ ਇਕ ਦਿਨ ਕੈਪਟਨ ਲਕਸ਼ਮੀ ਸਹਿਗਲ ਨੇ ਕਿਹਾ, ਜਿਥੇ ਉਹ ਰੋਜ਼ ਸਵੇਰੇ ਮਰੀਜ਼ਾਂ ਨੂੰ ਦੇਖਿਆ ਕਰਦੀ ਸੀ। ਉਹ ਪੱਤਰਕਾਰੀ ਦੇ ਗ੍ਰੈਜੂਏਟ ਸਕੂਲ ਨਾਲ ਸਬੰਧਤ ਸਿੰਗਨੇਲੀ ਐਗਨਿਊ ਨੂੰ ਕੈਮਰੇ ਅੱਗੇ ਇਹ ਸ਼ਬਦ ਕਹਿ ਰਹੀ ਸੀ, ਜਿਹੜਾ ਉਸ ਦੀ ਜ਼ਿੰਦਗੀ 'ਤੇ ਆਧਾਰਤ ਦਸਤਾਵੇਜ਼ੀ ਫਿਲਮ ਬਣਾ ਰਿਹਾ ਸੀ।

ਇਸ ਅਸਧਾਰਣ ਭਾਰਤੀ ਨਾਰੀ ਦੇ ਜੀਵਨ ਦਾ ਹਰ ਪੜਾਅ ਉਸ ਦੇ ਰਾਜਸੀ ਵਿਕਾਸ ਦੀ ਨੁਮਾਇੰਦਗੀ ਕਰਦਾ ਹੈ। ਆਜ਼ਾਦੀ ਲਈ ਜੱਦੋ-ਜਹਿਦ ਵਿਚ ਕੁੱਦ ਪਈ ਇਕ ਮੈਡੀਕਲ ਵਿਦਿਆਰਥਣ ਵਜੋਂ ਇੰਡੀਅਨ ਨੈਸ਼ਨਲ ਆਰਮੀ ਦੀ ਰਾਣੀ ਝਾਂਸੀ ਰੈਜੀਮੈਂਟ ਦੀ ਆਗੂ ਵਜੋਂ ਸਮਰਪਤ ਡਾਕਟਰ ਵਜੋਂ ਸੁਤੰਤਰਤਾ ਪ੍ਰਾਪਤੀ ਤੋਂ ਤੁਰੰਤ ਮਗਰੋਂ ਸ਼ਰਨਾਰਥੀਆਂ ਅਤੇ ਹਾਸ਼ੀਆਗ੍ਰਸਤ ਲੋਕਾਂ ਵਿਚ ਪ੍ਰੈਕਟਿਸ ਕਰਨ ਵਾਲੀ ਵਜੋਂ ਅਤੇ ਅੰਤ ਵਿਚ ਸੁਤੰਤਰ ਭਾਰਤ ਵਿਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਮੈਂਬਰ ਵਜੋਂ ਉਸ ਦਾ ਜੀਵਨ ਸਾਹਮਣੇ ਆਇਆ, ਇਥੇ ਉਹ ਸਰਵ ਭਾਰਤੀ ਜਮਹੂਰੀ ਇਸਤਰੀ ਐਸੋਸੀਏਸ਼ਨ ਦੀ ਆਗੂ ਵੀ ਬਣੀ ਤੇ ਇਸ ਤਰ੍ਹਾਂ ਉਸ ਦਾ ਸਮੁੱਚਾ ਜੀਵਨ ਰਾਜਨੀਤਕ, ਆਰਥਕ ਅਤੇ ਸਮਾਜਕ ਨਿਆਂ ਦੀਆਂ ਮੁਹਿੰਮਾਂ ਦੀ ਸ਼ਕਲ ਵਿਚ ਦੇਖਿਆ ਜਾ ਸਕਦਾ ਹੈ।

''ਆਜ਼ਾਦੀ ਤਿੰਨ ਰੂਪਾਂ ਵਿਚ ਆਉਂਦੀ ਹੈ,'' ਸਮਰਪਿਤ ਡਾਕਟਰ ਨੇ ਬੇਰੋਕ ਤੇ ਸਪਸ਼ਟ ਢੰਗ ਨਾਲ ਕੈਮਰੇ ਅੱਗੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, ''ਪਹਿਲੀ, ਅਧੀਨ ਰੱਖਣ ਵਾਲਿਆਂ ਤੋਂ ਮੁਕਤੀ, ਦੂਜੀ ਆਰਥਕ ਮੁਕਤੀ ਅਤੇ ਤੀਜੀ ਸਮਾਜਕ ਮੁਕਤੀ... ਭਾਰਤ ਨੇ ਅਜੇ ਪਹਿਲੀ ਆਜ਼ਾਦੀ ਹੀ ਹਾਸਲ ਕੀਤੀ ਹੈ।

ਕੈਪਟਨ ਲਕਸ਼ਮੀ ਸਹਿਗਲ ਦੇ ਚਲਾਣੇ ਨਾਲ ਭਾਰਤ ਨੇ ਉਨ੍ਹਾਂ ਆਜ਼ਾਦੀ ਸੰਗਰਾਮੀਆਂ ਦੀ ਇਕ ਅਣਥੱਕ ਵੀਰਾਂਗਣਾ ਗੁਆ ਲਈ ਹੈ, ਜਿਨ੍ਹਾਂ ਬਾਰੇ ਉਹ ਬੋਲ ਰਹੀ ਸੀ। ਲਕਸ਼ਮੀ ਸਹਿਗਲ 24 ਅਕਤੂਬਰ, 1914 ਨੂੰ ਮਦਰਾਸ ਵਿਖੇ ਇਕ ਪ੍ਰਤਿਭਾਵਾਨ ਵਕੀਲ ਐਸ. ਸਵਾਮੀਨਾਥਨ ਅਤੇ ਸਮਾਜਕ ਕਾਰਜਕਾਰਤਾ ਤੇ ਸੁਤੰਤਰਤਾ ਸੈਨਾਨੀ ਏ.ਵੀ. ਐਮੂਕੁਟੀ (ਜੋ ਸੁਤੰਤਰਤਾ ਪ੍ਰਾਪਤੀ ਤੋਂ ਮਗਰੋਂ ਸੰਵਿਧਾਨ ਸਭਾ ਦੀ ਮੈਂਬਰ ਵੀ ਬਣੀ) ਦੇ ਘਰ ਜਨਮੀ।

ਬੱਚੀ ਵਜੋਂ ਕੇਰਲ ਵਿਚ ਜਾਤਪਾਤ ਸੰਸਥਾ ਵਿਰੁੱਧ ਪ੍ਰਤੀਕਿਰਿਆ ਦੇਣ ਨੂੰ ਲਕਸ਼ਮੀ ਆਪਣੇ ਪਹਿਲੇ ਵਿਦਰੋਹ ਵਜੋਂ ਯਾਦ ਕਰਦੀ ਸੀ। ਆਪਣੀ ਦਾਦੀ ਦੇ ਘਰੋਂ ਉਹ ਅਕਸਰ ਜਾਂਗਲੀਆਂ ਲਈ

ਇਸ ਅਸਧਾਰਣ ਭਾਰਤੀ ਨਾਰੀ ਦੇ ਜੀਵਨ ਦਾ ਹਰ ਪੜਾਅ ਉਸ ਦੇ ਰਾਜਸੀ ਵਿਕਾਸ ਦੀ ਨੁਮਾਇੰਦਗੀ ਕਰਦਾ ਹੈ। ਆਜ਼ਾਦੀ ਲਈ ਜੱਦੋ-ਜਹਿਦ ਵਿਚ ਕੁੱਦ ਪਈ ਇਕ ਮੈਡੀਕਲ ਵਿਦਿਆਰਥਣ ਵਜੋਂ ਇੰਡੀਅਨ ਨੈਸ਼ਨਲ ਆਰਮੀ ਦੀ ਰਾਣੀ ਝਾਂਸੀ ਰੈਜੀਮੈਂਟ ਦੀ ਆਗੂ ਵਜੋਂ ਸਮਰਪਤ ਡਾਕਟਰ ਵਜੋਂ ਸੁਤੰਤਰਤਾ ਪ੍ਰਾਪਤੀ ਤੋਂ ਤੁਰੰਤ ਮਗਰੋਂ ਸ਼ਰਨਾਰਥੀਆਂ ਅਤੇ ਹਾਸ਼ੀਆਗ੍ਰਸਤ ਲੋਕਾਂ ਵਿਚ ਪ੍ਰੈਕਟਿਸ ਕਰਨ ਵਾਲੀ ਵਜੋਂ ਅਤੇ ਅੰਤ ਵਿਚ ਸੁਤੰਤਰ ਭਾਰਤ ਵਿਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਮੈਂਬਰ ਵਜੋਂ ਉਸ ਦਾ ਜੀਵਨ ਸਾਹਮਣੇ ਆਇਆ, ਇਥੇ ਉਹ ਸਰਵ ਭਾਰਤੀ ਜਮਹੂਰੀ ਇਸਤਰੀ ਐਸੋਸੀਏਸ਼ਨ ਦੀ ਆਗੂ ਵੀ ਬਣੀ ਤੇ ਇਸ ਤਰ੍ਹਾਂ ਉਸ ਦਾ ਸਮੁੱਚਾ ਜੀਵਨ ਰਾਜਨੀਤਕ, ਆਰਥਕ ਅਤੇ ਸਮਾਜਕ ਨਿਆਂ ਦੀਆਂ ਮੁਹਿੰਮਾਂ ਦੀ ਸ਼ਕਲ ਵਿਚ ਦੇਖਿਆ ਜਾ ਸਕਦਾ ਹੈ।

ਜਿਥੋਂ ਉਸ ਨੇ 1938 ਵਿਚ ਐਮ.ਬੀ.ਬੀ.ਐਸ. ਕਰ ਲਈ। ਸੁਤੰਤਰਤਾ ਸੰਗਰਾਮ ਵਿਚ ਕੁੱਦੇ ਆਪਣੇ ਪਰਿਵਾਰ ਦੀ ਬੀਤੇ ਵਰ੍ਹਿਆਂ 'ਤੇ ਝਾਤ ਮਾਰਦਿਆਂ ਉਸ ਨੂੰ ਆਪਣੀ ਮਾਂ ਦਾ ਮਦਰਾਸ ਦੀ ਇਕ ਸਮਾਜ ਸੇਵਿਕਾ ਤੋਂ ਕੱਟੜ ਸਮਰਥਕ ਵਿਚ ਹੋਇਆ ਰੂਪਾਂਤਰ ਯਾਦ ਆਉਂਦਾ ਸੀ, ਜਿਹੜੀ ਵਿਦੇਸ਼ੀ ਸਮਾਨ ਹੋਲੀ ਵਿਚ ਜਲਾਉਣ ਲਈ ਆਪਣੀ ਬੱਚੀ ਦੇ ਪਿਆਰੇ ਸ਼ੋਖ਼ ਲਿਬਾਸ ਉਸਦੇ ਕਮਰੇ ਵਿਚੋਂ ਲੈ ਗਈ ਸੀ। ਬੀਤੇ ਵਰ੍ਹਿਆਂ 'ਤੇ ਝਾਤ ਪਾਉਂਦਿਆਂ ਲਕਸ਼ਮੀ ਦੇਖਦੀ ਸੀ ਕਿ ਕਿਵੇਂ ਸਮਾਜਕ ਸੁਧਾਰਾਂ

ਅਪਸ਼ਬਦ ਸੁਣਦੀ ਸੀ। ਦਾਦੀ ਦੇ ਸ਼ਬਦਾਂ ਵਿਚ, 'ਇਨ੍ਹਾਂ ਲੋਕਾਂ ਦਾ ਪਰਛਾਵਾਂ ਪੈਣ 'ਤੇ ਬੰਦਾ ਭਿੱਟਿਆ ਜਾਂਦਾ ਹੈ।' ਇਕ ਦਿਨ ਜਵਾਨ ਲਕਸ਼ਮੀ ਇਕ ਜਵਾਨ ਕਬਾਇਲੀ ਕੁੜੀ ਕੋਲ ਗਈ, ਉਸਦਾ ਹੱਥ ਫੜਿਆ ਤੇ ਉਸ ਨਾਲ ਖੇਡਣ ਚਲੀ ਗਈ। ਲਕਸ਼ਮੀ ਤੇ ਉਸ ਦੀ ਦਾਦੀ ਇਕ ਦੂਜੇ 'ਤੇ ਕ੍ਰੋਧਿਤ ਹੋਈਆਂ, ਪਰ ਲਕਸ਼ਮੀ ਜੇਤੂ ਰਹੀ।

ਮਦਰਾਸ ਵਿਚ ਦਸਵੀਂ ਕਰਨ ਉਪਰੰਤ ਉਸਨੇ ਮਦਰਾਸ ਮੈਡੀਕਲ ਸਕੂਲ ਵਿਚ ਪੜ੍ਹਾਈ ਕੀਤੀ,

ਨੂੰ ਨਾਲ ਰੱਖ ਕੇ ਰਾਜਸੀ ਆਜ਼ਾਦੀ ਦੀ ਜੰਗ ਲੜੀ ਗਈ। ਰਾਜਸੀ ਆਜ਼ਾਦੀ ਦੀਆਂ ਮੁਹਿੰਮਾਂ ਦਲਿਤਾਂ ਦੇ ਮੰਦਰਾਂ ਵਿਚ ਪ੍ਰਵੇਸ਼, ਬਾਲ-ਵਿਆਹ ਵਿਰੋਧ ਤੇ ਦਹੇਜ-ਵਿਰੋਧ ਦੇ ਨਾਲ-ਨਾਲ ਚਲਦੀਆਂ ਸਨ।

ਕਮਿਊਨਿਜ਼ਮ ਨਾਲ ਉਸ ਦੀ ਪਹਿਲੀ ਜਾਣ ਪਛਾਣ ਸੁਬਾਸਿਨੀ ਨਾਂਬਿਆਰ ਰਾਹੀਂ ਹੋਈ, ਜਿਹੜੀ ਸਰੋਜਨੀ ਨਾਇਡੂ ਦੀ ਭੈਣ ਸੀ, ਇਕ ਇਨਕਲਾਬੀ ਜਿਸਨੇ ਬਹੁਤ ਵਰ੍ਹੇ ਜਰਮਨੀ ਵਿਚ ਗੁਜ਼ਾਰੇ ਸਨ। ਐਡਗਰ ਸਨੋਅ ਦੀ ਪੁਸਤਕ- 'ਰੈਡ ਸਟਾਰ ਓਵਰ ਚਾਈਨਾ' ਪੜ੍ਹਕੇ ਵੀ ਉਸ ਉੱਪਰ ਕਮਿਊਨਿਸਟ ਅੰਦੋਲਨ ਦਾ ਮੁਢਲਾ ਪ੍ਰਭਾਵ ਪਿਆ।

26 ਵਰ੍ਹਿਆਂ ਦੀ ਨੌਜਵਾਨ ਡਾਕਟਰ ਸਿੰਗਾਪੁਰ ਲਈ ਰਵਾਨਾ ਹੋਈ। ਤਿੰਨ ਸਾਲਾਂ ਮਗਰੋਂ ਉਹ ਸੁਭਾਸ਼ ਚੰਦਰ ਬੋਸ ਨੂੰ ਮਿਲੀ, ਇਸ ਮਿਲਣੀ ਨੇ ਉਸਦੀ ਜੀਵਨਧਾਰਾ ਹੀ ਬਦਲ ਦਿੱਤੀ। ਲਕਸ਼ਮੀ ਯਾਦ ਕਰਦੀ ਸੀ, 'ਸਿੰਗਾਪੁਰ ਵਿਚ ਕੇ.ਵੀ.ਕੇਸਵਾ ਮੈਨਨ, ਐਸ.ਸੀ.ਗੁਹਾ, ਐਨ.ਰਾਘਵਨ ਅਤੇ ਹੋਰ ਵੀ ਕਈ ਸਾਰੇ ਭਾਰਤੀ ਰਾਸ਼ਟਰਵਾਦੀ ਮੌਜੂਦ ਸਨ, ਜਿਨ੍ਹਾਂ ਨੇ ਇਕ ਕੌਂਸਲ ਆਫ਼ ਐਕਸ਼ਨ' ਬਣਾਈ ਹੋਈ ਸੀ। ਜਪਾਨੀ ਇੰਡੀਅਨ ਨੈਸ਼ਨਲ ਆਰਮੀ ਨੂੰ ਨਾ ਪੱਕਾ ਵਚਨ ਦਿੰਦੇ ਸਨ ਤੇ ਨਾ ਹੀ ਇਹ ਦੱਸਦੇ ਸਨ ਕਿ ਅੰਦੋਲਨ ਦਾ ਪਸਾਰ ਕਿਵੇਂ ਹੋਵੇਗਾ, ਬਰਮਾ ਕਿਵੇਂ ਪਾਰ ਕੀਤਾ ਜਾਵੇਗਾ ਤੇ ਲੜਾਈ ਕਿਸ ਤਰ੍ਹਾਂ ਲੜੀ ਜਾਵੇਗੀ। ਲੋਕ ਸੁਭਾਵਕ ਹੀ ਉਕਤਾ ਗਏ ਸਨ।' ਬੋਸ ਦੀ ਆਮਦ ਨਾਲ ਖੜੋਤ ਟੁੱਟ ਗਈ।'

ਲਕਸ਼ਮੀ, ਜਿਹੜੀ ਅਜੇ ਆਈ.ਐਨ.ਏ ਦੀਆਂ ਸਫ਼ਾਂ ਤੋਂ ਦੂਰ ਸੀ, ਨੇ ਸੁਣਿਆ ਕਿ ਸੁਭਾਸ਼ ਚੰਦਰ ਬੋਸ ਔਰਤਾਂ ਦੀ ਇਕ ਜੱਥੇਬੰਦੀ ਖੜੀ ਕਰਨ ਪ੍ਰਤੀ ਉਤਸੁਕ ਹਨ। ਉਸ ਨੇ ਉਨ੍ਹਾਂ ਨਾਲ ਸਿੰਗਾਪੁਰ ਆਉਣ 'ਤੇ ਇਕ ਮਿਲਣੀ ਲਈ ਬੇਨਤੀ ਕੀਤੀ। ਪੰਜ ਘੰਟੇ ਲੰਮੀ ਮੁਲਾਕਾਤ ਤੋਂ ਬਾਅਦ ਉਹ ਇਸ ਫਤਵੇ ਨਾਲ ਉੱਠੀ ਕਿ ਔਰਤਾਂ ਦੀ ਇਕ ਰੈਜੀਮੈਂਟ ਖੜੀ ਕੀਤੀ ਜਾਵੇ, ਜਿਹੜੀ ਕਿ ਮਗਰੋਂ ਰਾਣੀ ਝਾਂਸੀ ਰੈਜੀਮੈਂਟ ਅਖਵਾਈ। ਇਸ ਸਰਵ ਇਸਤਰੀ ਰੈਜੀਮੈਂਟ ਵਿਚ ਸ਼ਾਮਲ ਹੋਣ ਲਈ ਔਰਤਾਂ ਨੇ ਭਰਵਾਂ ਹੁੰਗਾਰਾ ਭਰਿਆ। ਡਾ.ਲਕਸ਼ਮੀ ਸੁਆਮੀਨਾਥਨ ਕੈਪਟਨ ਲਕਸ਼ਮੀ ਬਣ ਗਈ, ਜੀਵਨ ਭਰ ਇਹੋ ਨਾਮ ਅਤੇ ਪਛਾਣ ਬਣੀ ਰਹੀ।

ਬਰਮਾ ਦਾ ਕੂਚ 1944 ਨੂੰ ਆਰੰਭ ਹੋਇਆ ਅਤੇ ਮਾਰਚ 1945 ਤੱਕ ਆਈ. ਐਨ.ਏ. ਦੀ ਲੀਡਰਸ਼ਿਪ ਦੁਆਰਾ ਪਿੱਛੇ ਹਟਣ ਦਾ ਫੈਸਲਾ ਕਰ ਲਿਆ ਗਿਆ, ਇੰਫਾਲ ਵਿਚ ਫੌਜਾਂ ਦਾਖਲ ਹੋਣ ਤੋਂ ਐਨ ਪਹਿਲਾਂ। 1945 ਵਿਚ ਅੰਗਰੇਜ਼ੀ ਸੈਨਾ ਨੇ ਲਕਸ਼ਮੀ ਨੂੰ ਗ੍ਰਿਫ਼ਤਾਰ ਕਰ ਲਿਆ। ਮਾਰਚ 1946 ਤੱਕ ਉਹ ਬਰਮਾ ਦੇ ਜੰਗਲਾਂ ਵਿਚਕਾਰ ਘਰ ਵਿਚ ਨਜ਼ਰਬੰਦ ਰਹੀ। ਉਸਨੂੰ ਭਾਰਤ ਭੇਜਿਆ ਗਿਆ ਤਾਂ ਇਹ ਉਹ ਸਮਾਂ ਸੀ ਜਦੋਂ ਦਿੱਲੀ ਵਿਖੇ ਆਈ.ਐਨ.ਏ. 'ਤੇ ਚਲਾਇਆ ਜਾ ਰਿਹਾ ਮੁਕੱਦਮਾ ਲੋਕ ਰੋਹ ਨੂੰ ਤੀਬਰ ਕਰ ਰਿਹਾ ਸੀ। ਮਾਰਚ 1947 ਨੂੰ ਲਕਸ਼ਮੀ ਨੇ ਆਈ.ਐਨ.ਏ. ਦੀ ਨਾਮਵਰ ਸ਼ਖ਼ਸੀਅਤ ਕਰਨਲ ਪ੍ਰੇਮ ਕੁਮਾਰ ਸਹਿਗਲ ਨਾਲ ਸ਼ਾਦੀ ਕਰ ਲਈ। ਇਹ ਜੋੜਾ ਲਾਹੌਰ ਤੋਂ ਕਾਨਪੁਰ ਚਲਾ ਗਿਆ ਜਿਥੇ ਉਹ ਮੈਡੀਕਲ ਪ੍ਰੈਕਟਿਸ ਵਿਚ ਕੁੱਦ ਪਈ। ਉਸ ਨੇ ਪਾਕਿਸਤਾਨ ਤੋਂ ਭਾਰੀ ਗਿਣਤੀ ਵਿਚ ਆ ਰਹੇ ਸ਼ਰਨਾਰਥੀਆਂ ਲਈ ਕੰਮ ਕੀਤਾ ਅਤੇ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦਾ ਭਰੋਸਾ ਜਿੱਤਿਆ। 70 ਵਿਆਂ ਦੇ ਆਰੰਭ ਵਿਚ ਲਕਸ਼ਮੀ ਦੀ ਧੀ ਸੁਭਾਸ਼ਿਨੀ ਸੀ.ਪੀ.ਆਈ. (ਐਮ) ਵਿਚ ਸ਼ਾਮਲ ਹੋ ਗਈ। ਉਸ ਨੇ ਆਪਣੀ ਮਾਤਾ ਦਾ ਧਿਆਨ ਜੋਤੀ ਬਾਸੂ ਦੀ ਉਸ ਅਪੀਲ ਵਲ ਦੁਆਇਆ ਜਿਸ ਵਿਚ ਬੰਗਲਾਦੇਸ਼ੀ ਸ਼ਰਨਾਰਥੀ ਕੈਂਪ ਵਿਚ ਡਾਕਟਰ ਤੇ ਦਵਾਈਆਂ ਭੇਜਣ ਲਈ ਕਿਹਾ ਗਿਆ ਸੀ। ਕੈਪਟਨ ਲਕਸ਼ਮੀ ਆਪਣੇ ਕਪੜੇ ਅਤੇ ਦਵਾਈਆਂ ਲੈ ਕੇ ਅਗਲੇ ਪੰਜ ਹਫ਼ਤਿਆਂ ਲਈ ਬਾਰਡਰ ਏਰੀਆ ਵਿਚ ਕੰਮ ਕਰਨ ਲਈ ਚਲੀ ਗਈ। ਵਾਪਸੀ 'ਤੇ ਉਸ ਨੇ ਸੀ.ਪੀ.ਆਈ (ਐਮ) ਦੀ ਮੈਂਬਰਸ਼ਿਪ ਲਈ ਅਰਜ਼ੀ ਦੇ ਦਿੱਤੀ। 57 ਵਰ੍ਹਿਆਂ ਦੀ ਲਕਸ਼ਮੀ ਲਈ ਸੀ.ਪੀ.ਆਈ (ਐਮ) ਵਿਚ ਸ਼ਾਮਲ ਹੋਣਾ ਘਰ ਵਾਪਸੀ ਸੀ, 'ਮੇਰਾ ਸੋਚਣ ਦਾ ਢੰਗ ਪਹਿਲਾਂ ਹੀ ਕਮਿਊਨਿਸਟ ਸੀ, ਅਤੇ ਮੈਂ ਕਦੇ ਵੀ ਬਹੁਤਾ ਧਨ ਨਹੀਂ ਸੀ ਕਮਾਉਣਾ ਚਾਹੁੰਦੀ ਨਾ ਹੀ ਬਹੁਤ ਜ਼ਿਆਦਾ ਜਾਇਦਾਦ ਤੇ ਦੌਲਤ ਹਾਸਲ ਕਰਨਾ ਚਾਹੁੰਦੀ ਸੀ,' ਉਸ ਨੇ ਕਿਹਾ ਸੀ।

ਕੈਪਟਨ ਲਕਸ਼ਮੀ 1981 ਵਿਚ ਬਣੀ ਏ.ਆਈ.ਡੀ.ਡਬਲਿਊ.ਏ. ਦੇ ਮੋਢੀ ਮੈਂਬਰਾਂ ਵਿਚੋਂ ਇਕ ਸੀ। ਉਸ ਨੇ ਬਹੁਤ ਸਾਰੀਆਂ ਸਰਗਰਮੀਆਂ ਅਤੇ ਮੁਹਿੰਮਾਂ ਦੀ ਅਗਵਾਈ ਕੀਤੀ। 1984 ਵਿਚ ਵਾਪਰੀ ਭੋਪਾਲ ਗੈਸ ਤ੍ਰਾਸਦੀ ਤੋਂ ਮਗਰੋਂ ਉਸਨੇ ਸ਼ਹਿਰ ਵਿਚ ਡਾਕਟਰਾਂ ਦੀ ਇਕ ਟੀਮ ਭੇਜੀ। 7 ਸਾਲਾਂ ਮਗਰੋਂ ਉਸਨੇ ਗਰਭਵਤੀ ਔਰਤਾਂ ਉੱਪਰ ਗੈਸ ਦੇ ਲੰਮੇ ਸਮੇਂ ਤੱਕ ਪੈਣ ਵਾਲੇ ਪ੍ਰਭਾਵਾਂ ਬਾਰੇ ਇਕ ਰਿਪੋਰਟ ਲਿਖੀ। 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਸਿੱਖ ਵਿਰੋਧੀ ਕਤਲੇਆਮ ਦੌਰਾਨ ਉਹ ਕਾਨਪੁਰ ਦੀਆਂ ਗਲੀਆਂ ਵਿਚ ਨਿਕਲ ਆਈ, ਸਿੱਖ ਵਿਰੋਧੀ ਭੀੜਾਂ ਨੂੰ ਸ਼ਾਂਤ ਕੀਤਾ ਅਤੇ ਯਕੀਨੀ ਬਣਾਇਆ ਕਿ ਕਲੀਨਿਕ ਨੇੜਲੇ ਕਿਸੇ ਵੀ ਸਿੱਖ ਜਾਂ ਸਿੱਖ ਧਰਮ ਅਸਥਾਨ ਉੱਪਰ ਹਮਲਾ ਨਾ ਹੋਵੇ। ਬੰਗਲੌਰ ਵਿਚ 1996 ਨੂੰ ਕਰਵਾਏ ਗਏ 'ਮਿਸ ਵਰਲਡ' ਮੁਕਾਬਲੇ ਵਿਰੁਧ ਏ.ਆਈ.ਡੀ.ਡਬਲਿਊ.ਏ. ਵਲੋਂ ਵਿੱਢੀ ਮੁਹਿੰਮ ਵਿਚ ਉਸਨੂੰ ਗ੍ਰਿਫ਼ਤਾਰ ਕੀਤਾ ਗਿਆ।

ਕੈਪਟਨ ਲਕਸ਼ਮੀ 2002 ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਖੱਬੀ ਧਿਰ ਦੀ ਉਮੀਦਵਾਰ ਸੀ, ਜਿਹੜੀ ਚੋਣ ਏ.ਪੀ.ਜੇ.ਅਬਦੁਲ ਕਲਾਮ ਨੇ ਜਿੱਤੀ ਸੀ। ਜਨਤਕ ਇੱਕਠਾਂ ਨੂੰ ਸੰਬੋਧਨ ਕਰਦਿਆਂ ਉਸਨੇ ਦੇਸ਼ ਵਿਆਪੀ ਮੁਹਿੰਮ ਚਲਾਈ। ਉਸਨੇ ਸਪਸ਼ਟ ਕੀਤਾ ਕਿ ਉਸ ਨੂੰ ਪਤਾ ਹੈ ਕਿ ਉਸਦੀ ਜਿੱਤ ਦੀ ਕੋਈ ਸੰਭਾਵਨਾ ਨਹੀਂ ਫਿਰ ਵੀ ਉਹ ਆਪਣੇ ਮੰਚ ਨੂੰ ਉਸ ਰਾਜਸੀ ਪ੍ਰਣਾਲੀ ਨੂੰ ਜਾਂਚਣ ਲਈ ਵਰਤ ਰਹੀ ਸੀ ਜਿਹੜਾ ਗਰੀਬੀ ਤੇ ਅਨਿਆਂ ਨੂੰ ਵਧਾਉਂਦਾ ਹੈ ਅਤੇ ਦਕਿਆਨੂਸੀ ਤੇ ਫੁੱਟਪਾਊ ਵਿਚਾਰ ਧਾਰਾਵਾਂ ਨੂੰ ਪੱਠੇ ਪਾਉਂਦਾ ਹੈ।

ਕੈਪਟਨ ਲਕਸ਼ਮੀ ਆਪਣੇ ਸਭ ਮੇਲ ਜੋਲ ਵਾਲਿਆਂ-ਸਹਿਕਾਮਿਆਂ, ਜੱਥੇਬੰਦੀ ਦੇ ਕਾਰਕੁੰਨਾਂ, ਆਪਣੇ ਮਰੀਜ਼ਾਂ, ਪਰਿਵਾਰ ਤੇ ਮਿੱਤਰਾਂ-ਵਿਚ ਜਾਗਰੂਕਤਾ ਤੇ ਉਤਸ਼ਾਹ ਪੈਦਾ ਕਰਦੀ ਸੀ। ਉਸਦਾ ਜੀਵਨ 20 ਵੀਂ ਅਤੇ 21 ਵੀਂ ਸਦੀ ਦੇ ਮੁਢਲੇ ਸਮਿਆਂ ਲਈ ਇਕ ਮਿਸਾਲ ਸੀ। ਉਸਦੀ ਬਸਤੀਵਾਦੀ ਹਕੂਮਤ ਵਿਰੁੱਧ ਜਦੋ-ਜਹਿਦ ਅਤੇ ਸੁਤੰਤਰਤਾ ਪ੍ਰਾਪਤੀ ਤੇ 65 ਸਾਲਾਂ ਦੇ ਹੋਣੀਆਂ ਭਰਪੂਰ ਵਰ੍ਹਿਆਂ ਵਿਚ ਕੌਮੀ ਉਸਾਰੀ ਵਿਚ ਵੱਡੀ ਭੂਮਿਕਾ ਰਹੀ ਹੈ। ਕੈਪਟਨ ਲਕਸ਼ਮੀ ਹਮੇਸ਼ਾਂ ਗਰੀਬਾਂ ਤੇ ਨਿਤਾਣਿਆਂ ਦੇ ਪੱਖ ਵਿਚ ਖਲੋਤੀ। ਸੁਤੰਤਰਤਾ ਸੈਨਾਨੀ, ਸਮਰਪਤ ਮੈਡੀਕਲ ਪ੍ਰੈਕਟੀਸ਼ਨਰ ਤੇ ਔਰਤ ਅੰਦੋਲਨ ਦੀ ਬੇਮਿਸਾਲ ਆਗੂ ਕੈਪਟਨ ਲਕਸ਼ਮੀ ਸਹਿਗਲ ਦੀਆਂ ਧੀਆਂ ਸੁਭਾਸ਼ਿਨੀ ਅਲੀ ਅਤੇ ਅਨੀਸਾ ਪੁਰੀ, ਦੋਹਤਰੇ ਸ਼ਾਦ ਅਲੀ, ਨੇਹਾ, ਨਿਸ਼ਾਂਤ ਪੁਰੀ ਅਤੇ ਭੈਣ ਮ੍ਰਿਣਾਲਿਨੀ ਸਾਰਾਭਾਈ ਹਨ।

('ਹਿੰਦੂ' ਵਿਚੋਂ ਧੰਨਵਾਦ ਸਹਿਤ)



‘ਬਾਬੂ ਮੋਸ਼ਾਏ. . . ਮੇਰੇ ਫੈਨ ਮੁਝਸੇ ਕੋਈ ਨਹੀਂ ਛੀਨ ਸਕਤਾ’

7 ਹਿੱਟ ਫਿਲਮਾਂ ਇਕ ਸਾਲ ਵਿਚ

ਰਾਜੇਸ਼ ਖੰਨਾ ਦੀ 1971 ਵਿਚ ਕੁਲ 7 ਫਿਲਮਾਂ ਰਿਲੀਜ਼ ਹੋਈਆਂ। ਸਾਰੀਆਂ ਹਿੱਟ ਰਹੀਆਂ। ਇਹ ਫਿਲਮਾਂ ਸਨ ਕਟੀ ਪਤੰਗ, ਆਨੰਦ, ਆਨ ਮਿਲੋ ਸਜਨਾ, ਮਹਿਬੂਬ ਕੀ ਮਹਿੰਦੀ, ਹਾਥੀ ਮੇਰੇ ਸਾਥੀ, ਮਰਯਾਦਾ ਅਤੇ ਅੰਦਾਜ਼।

72 ਗੋਲਡਨ ਜੁਬਲੀ ਅਤੇ 22 ਸਿਲਵਰ ਜੁਬਲੀ ਫਿਲਮਾਂ

ਕੈਮਰੇ ਦੇ ਸਾਹਮਣੇ ਆਖਰੀ ਵਾਰ

2012 ਵਿਚ ਪੰਖੇ ਦੇ ਵਿਗਿਆਪਨ ਵਿਚ ਆਖਰੀ ਵਾਰ ਕੈਮਰੇ ਦੇ ਸਾਹਮਣੇ ਇਸ ਰੂਪ ਵਿਚ ਆਏ।

. . . ਤਾਂ ਹਾਵੜਾ ਪੁਲ ਡਿੱਗ ਜਾਂਦਾ

‘ਅਮਰ ਪ੍ਰੇਮ’ ਦੇ ਇਕ ਸੀਨ ਦੀ ਸ਼ੂਟਿੰਗ ਕੋਲਕਾਤਾ ਦੇ ਹਾਵੜਾ ਬ੍ਰਿਜ ’ਤੇ ਹੋਣੀ ਸੀ। ਪਰ ਅਧਿਕਾਰੀਆਂ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ। ਡਰ ਸੀ ਕਿ ਰਾਜੇਸ਼ ਖੰਨਾ ਦੀ ਇਕ ਝਲਕ ਪਾਉਣ ਲਈ ਆਉਣ ਵਾਲੇ ਲੋਕਾਂ ਦੀ ਭੀੜ ਨਾਲ ਪੁਲ ਨਾ ਡਿੱਗ ਜਾਏ।

ਚਲੇ ਗਏ... ਧੜਕਤੇ ਦਿਲ ਮੇਂ ਤਰਾਨੇ ਲਿਏ

69 ਵਿਚ ‘ਆਰਾਧਨਾ’ ਨਾਲ ਛੂਹਿਆ ਸਿਖ਼ਰ, 69 ਦੀ ਉਮਰ ਵਿਚ ਖ਼ਤਮ ਹੋਇਆ ਜ਼ਿੰਦਗੀ ਦਾ ਸਫ਼ਰ

*** ਨਜ਼ਦੀਕੀ ਰਿਸ਼ਤੇਦਾਰਾਂ ਨੇ ਗੋਦ ਲੈ ਕੇ ਪਾਲਿਆ**
*** ਸਕੂਲ ਤੋਂ ਕਾਲਜ ਤੱਕ ਜਤਿੰਦਰ ਨਾਲ ਦੋਸਤੀ**

ਰਾਜੇਸ਼ ਖੰਨਾ ਦਾ ਖਾਨਦਾਨ ਪੰਜਾਬ ਦੇ ਅੰਮ੍ਰਿਤਸਰ ਵਿਚ ਰਹਿੰਦਾ ਸੀ। ਰੁਜ਼ਗਾਰ ਲਈ ਪੂਰਾ ਕੁਨਬਾ 40 ਦੇ ਦਹਾਕੇ ਵਿਚ ਮੁੰਬਈ ਆ ਗਿਆ ਸੀ। ਘਰ ਲਿਆ ਦੱਖਣੀ ਮੁੰਬਈ ਦੇ ਗਿਰਗਾਂਵ ਵਿਚ। ਸੇਂਟ ਸੇਬੇਸਟੀਅਨ ਹਾਈ ਸਕੂਲ ਵਿਚ ਰਾਜੇਸ਼ ਖੰਨਾ ਦਾ ਦਾਖ਼ਲਾ ਕਰਵਾਇਆ ਗਿਆ। ਉਥੇ ਰਵੀ ਕਪੂਰ (ਅਭਿਨੇਤਾ ਜਤਿੰਦਰ) ਨਾਲ ਦੋਸਤੀ ਹੋਈ। ਸਕੂਲ ਦੀ ਪੜ੍ਹਾਈ ਖ਼ਤਮ ਹੋਈ ਤਾਂ ਦੋਨਾਂ ਨੇ ਕਿਸ਼ਨਚੰਦ ਚੇਲਾਰਾਮ ਕਾਲਜ ਵਿਚ ਦਾਖ਼ਲਾ ਲਿਆ। ਇਸ ਦੌਰਾਨ ਦੋਨਾਂ ਨੇ ਕਾਫੀ ਨਾਟਕ ਖੇਡੇ। ਕਈ ਪੁਰਸਕਾਰ ਵੀ ਜਿੱਤੇ। ਇਹੀ ਸਮਾਂ ਸੀ ਜਦੋਂ ਇਕ ਰਿਸ਼ਤੇਦਾਰ ਨੇ ਜਤਿਨ ਦਾ ਨਾਮ ਬਦਲ ਕੇ ਰਾਜੇਸ਼ ਰੱਖ ਦਿੱਤਾ।

ਕਾਕਾ ਸਪੋਰਟਸ ਕਾਰ ਵਿਚ ਜਾਂਦੇ ਸਨ ਕੰਮ ਮੰਗਣ

60 ਦੇ ਦਹਾਕੇ ਵਿਚ ਰਾਜੇਸ਼ ਖੰਨਾ ਨੇ ਥੀਏਟਰ ਅਤੇ ਫਿਲਮਾਂ ਵਿਚ ਕੰਮ ਲੱਭਣਾ ਸ਼ੁਰੂ ਕੀਤਾ। ਉਹ ਅਜਿਹੇ ਸਟ੍ਰਗਲਰ ਸਨ, ਜੋ ਆਪਣੀ ਸਪੋਰਟਸ ਕਾਰ ਵਿਚ ਬੈਠ ਕੇ ਨਿਰਮਾਤਾਵਾਂ ਤੋਂ ਕੰਮ ਮੰਗਣ ਜਾਂਦੇ ਸਨ। 1965 ਵਿਚ ਯੂਨਾਈਟਡ ਪ੍ਰੋਡਿਊਸਰ ਅਤੇ ਫਿਲਮ ਫੇਅਰ ਨੇ ਨਵੇਂ ਹੀਰੋ ਦੀ ਖੋਜ ਲਈ ਆਲ ਇੰਡੀਆ ਟੈਲੈਂਟ ਕਾਨਟੈਸਟ ਆਯੋਜਤ ਕੀਤਾ ਸੀ। 10,000 ਤੋਂ ਜ਼ਿਆਦਾ ਉਮੀਦਵਾਰ ਸਨ। ਰਾਜੇਸ਼ ਨੇ ਇਹ ਮੁਕਾਬਲਾ ਜਿੱਤਿਆ।

ਰਾਜੇਸ਼, ਆਰ.ਡੀ, ਕਿਸ਼ੋਰ ਦੀ ਤਿੱਕੜੀ

* ਰਾਜੇਸ਼ ਖੰਨਾ ਦੀ ਸਫ਼ਲਤਾ ਦੇ ਪਿੱਛੇ ਉਨ੍ਹਾਂ ਦੀਆਂ ਫਿਲਮਾਂ ਦੇ ਬਿਹਤਰੀਨ ਸੰਗੀਤ ਦਾ ਵੀ ਹੱਥ ਸੀ।

* ਉਨ੍ਹਾਂ ਦੀਆਂ ਜ਼ਿਆਦਾਤਰ ਫਿਲਮਾਂ ਵਿਚ ਸਚਿਨ ਦੇਵ ਬਰਮਨ, ਆਰ.ਡੀ ਬਰਮਨ ਅਤੇ ਲਕਸ਼ਮੀਕਾਂਤ ਪਿਆਰੇਲਾਲ ਨੇ ਸੰਗੀਤ ਦਿੱਤਾ ਸੀ।

* ਰਾਜੇਸ਼ ਖੰਨਾ ਦੀਆਂ 32 ਫਿਲਮਾਂ ਵਿਚ ਆਰ.ਡੀ ਬਰਮਨ ਦਾ ਸੰਗੀਤ ਅਤੇ ਕਿਸ਼ੋਰ ਕੁਮਾਰ ਦੀ ਆਵਾਜ਼ ਸੀ।

* 91 ਫਿਲਮਾਂ ਵਿਚ ਕਿਸ਼ੋਰ ਨੇ ਰਾਜੇਸ਼ ਲਈ ਗੀਤ ਗਾਏ।

* 40 ਫਿਲਮਾਂ ਵਿਚ ਆਰ.ਡੀ ਬਰਮਨ ਨੇ ਸੰਗੀਤ ਦਿੱਤਾ।

‘ਮੈਂ ਸਿਰਫ਼ ਇਸ ਲਈ ਮਸ਼ਹੂਰ ਹੋਇਆ ਕਿਉਂਕਿ ਮੈਂ ‘ਆਨੰਦ’ ਫਿਲਮ ਵਿਚ ਰਾਜੇਸ਼ ਖੰਨਾ ਨਾਲ ਕੰਮ ਕੀਤਾ ਸੀ। ਸ਼ੂਟਿੰਗ ਤੋਂ ਨਿਕਲਣ ਸਮੇਂ ਲੋਕ ਮੈਨੂੰ ਪੁੱਛਦੇ ਸਨ ਕਿ ਉਹ ਕਿਹੋ ਜਿਹੇ ਦਿਖਦੇ ਹਨ, ਕੀ ਕਰਦੇ ਹਨ’ –ਅਮਿਤਾਬ ਬੱਚਨ

ਪਹਿਲੀ ਫਿਲਮ ‘ਆਖ਼ਰੀ ਖ਼ਤ’

ਸਭ ਤੋਂ ਪਹਿਲਾਂ ਉਨ੍ਹਾਂ ਨੂੰ 'ਰਾਜ' ਫਿਲਮ ਲਈ ਜੀ.ਪੀ ਸਿੱਪੀ ਨੇ ਸਾਈਨ ਕੀਤਾ। ਇਸ ਵਿਚ ਬਬੀਤਾ ਵਰਗੀ ਸਟਾਰ ਸੀ। ਪਹਿਲੀ ਰਿਲੀਜ਼ ਫਿਲਮ 'ਆਖ਼ਰੀ ਖ਼ਤ' ਸੀ 1966 ਵਿਚ। 1969 ਵਿਚ ਅਰਾਧਨਾ ਅਤੇ ਦੋ ਰਾਸਤੇ ਨੇ ਸ਼ਿਖਰ ’ਤੇ ਲਿਆ ਦਿੱਤਾ। 70 ਦਾ ਦਹਾਕਾ ਰਾਜੇਸ਼ ਦੇ ਨਾਮ ਰਿਹਾ।

ਵਿਦਾਇਗੀ ਦਾ ਦਹਾਕਾ

ਰਾਜੇਸ਼ ਖੰਨਾ ਜਿਵੇਂ ਸਫ਼ਲਤਾ ਦੀਆਂ ਪੌੜੀਆਂ ਚੜ੍ਹੇ, ਉੱਝ ਹੀ ਅਚਾਨਕ ਉਤਰ ਵੀ ਗਏ। ਰਿਸ਼ੀ ਕਪੂਰ ਦੇ ਰੋਮਾਂਟਿਕ ਅਤੇ ਅਮਿਤਾਬ ਬੱਚਨ ਦੀਆਂ ਐਕਸ਼ਨ ਫਿਲਮਾਂ ਨੇ ਉਨ੍ਹਾਂ ਨੂੰ ਬਾਹਰ ਕਰ ਦਿੱਤਾ। 90 ਦੇ ਦਹਾਕੇ ਵਿਚ ਕਾਕਾ ਫਿਲਮ ਇੰਡਸਟਰੀ ਤੋਂ ਬਾਹਰ ਹੋ ਚੁੱਕੇ ਸਨ।

ਫੈਸਲਿਆਂ ਨਾਲ ਹੈਰਾਨ ਕਰਦੇ ਰਹੇ ਕਾਕਾ

1973 ਵਿਚ 15 ਸਾਲ ਛੋਟੀ ਡਿੰਪਲ ਕਪਾਡੀਆ ਨਾਲ ਸ਼ਾਦੀ ਕਰ ਲਈ। ਫਿਰ 11 ਸਾਲ ਬਾਅਦ ਬਿਨਾਂ ਤਲਾਕ ਲਏ ਅਲੱਗ ਵੀ ਹੋ ਗਏ। ਅੰਜੂ ਮਹੇਂਦਰੂ ਅਤੇ ਟੀਨਾ ਮੁਨੀਮ ਨਾਲ ਅਫੇਅਰ ਵੀ ਚੱਲਿਆ।

ਸਿਆਸੀ ਜੀਵਨ

1991 ਵਿਚ ਕਾਂਗਰਸ ਦੀ ਟਿਕਟ ’ਤੇ ਅਡਵਾਨੀ ਵਰਗੇ ਨੇਤਾ ਖਿਲਾਫ਼ ਕੇਵਲ ਡੇਢ ਹਜ਼ਾਰ ਵੋਟਾਂ ਨਾਲ ਜਿੱਤਣ ਤੋਂ ਰਹਿ ਗਏ। ਹਾਲਾਂਕਿ 1992 ਵਿਚ ਸ਼ਤਰੂਘਨ ਸਿਨਹਾ ਨੂੰ ਵੀ ਹਰਾ ਦਿੱਤਾ।

ਕਾਮਯਾਬੀ ਦੇ ਗੀਤ

169 ਫਿਲਮਾਂ ਵਿਚ ਕੰਮ ਕੀਤਾ
106 ਫਿਲਮਾਂ ਵਿਚ ਇਕੱਲੇ ਹੀਰੋ
22 ਫਿਲਮਾਂ ਵਿਚ ਦੋ ਹੀਰੋ
17 ਸ਼ਾਰਟ ਫਿਲਮਾਂ ਵੀ ਕੀਤੀਆਂ
5 ਸੀਰੀਅਲਾਂ ਵਿਚ ਕੰਮ ਕੀਤਾ
3 ਫਿਲਮਾਂ ਪ੍ਰੋਡਿਊਸ ਕੀਤੀਆਂ।

ਤਿੰਨ ਫਿਲਮ ਫੇਅਰ

3 ਵਾਰ ਫਿਲ ਫੇਅਰ ਬੈਸਟ ਐਕਟਰ ਐਵਾਰਡ ਨਾਲ ਨਿਵਾਜੇ ਗਏ।

14 ਵਾਰ ਫਿਲਮ ਫੇਅਰ ਬੈਸਟ ਐਕਟਰ ਕੈਟੇਗਰੀ ਵਿਚ ਨਾਮਜ਼ਦ।

25 ਸਾਲ ਪੂਰੇ ਹੋਣ ’ਤੇ 1991 ਵਿਚ ਫਿਲਮ ਫੇਅਰ ਸਪੈਸ਼ਲ ਐਵਾਰਡ।

2005 ਵਿਚ ਫਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਐਵਾਰਡ।

ਹੀਰੋ ਦੇ 5 ਹੀਰੋ

ਦਿਲੀਪ ਕੁਮਾਰ, ਗੁਰੂਦੱਤ, ਮੀਨਾ ਕੁਮਾਰੀ, ਰਾਜ ਕੁਮਾਰ ਅਤੇ ਸ਼ੰਮੀ ਕਪੂਰ ਨੂੰ ਆਪਣਾ ਆਦਰਸ਼ ਮੰਨਦੇ ਸਨ।

5 ਅਭਿਨੇਤਰੀਆਂ ਨਾਲ ਬੇਜੋੜ ਜੋੜੀ

ਸ਼ਰਮੀਲਾ ਟੈਗੋਰ ਨਾਲ 10 ਫਿਲਮਾਂ

ਆਰਾਧਨਾ (1969) ਵਿਚ ਉਨ੍ਹਾਂ ਉਤੇ ਫਿਲਮਾਇਆ ’ਰੂਪ ਤੇਰਾ ਮਸਤਾਨਾ’ ਹਿੱਟ ਗਾਣਾ ਸੀ। ਦੋਨਾਂ ਦਾ ਇਹ ਕਮਾਲ-ਸਫ਼ਰ, ਆਵਿਸ਼ਕਾਰ, ਅਮਰ ਪ੍ਰੇਮ, ਤਿਆਗ, ਦਾਗ, ਰਾਜਾ-ਰਾਣੀ, ਛੋਟੀ ਬਹੂ ਅਤੇ ਮਾਲਿਕ ਵਿਚ ਵੀ ਨਜ਼ਰ ਆਇਆ।

ਮੁਮਤਾਜ ਨਾਲ 8 ਫਿਲਮਾਂ

ਰਾਜੇਸ਼ ਅਤੇ ਮੁਮਤਾਜ ਪੜੋਸੀ ਵੀ ਸਨ। ਮੁਮਤਾਜ ਨਾਲ ਉਨ੍ਹਾਂ 8 ਫਿਲਮਾਂ ਕੀਤੀਆਂ, ਸਾਰੀਆਂ ਹਿੱਟ ਰਹੀਆਂ। ਦੋ ਰਾਸਤੇ (1969), ਬੰਧਨ, ਸੱਚਾ-ਝੂਠਾ, ਦੁਸ਼ਮਨ, ਅਪਨਾ ਦੇਸ਼, ਰੋਟੀ, ਆਪ ਕੀ ਕਸਮ ਅਤੇ ਪ੍ਰੇਮ ਕਹਾਣੀ ਕੀਤੀਆਂ।

ਹੇਮਾ ਮਾਲਿਨੀ ਨਾਲ 15 ਫਿਲਮਾਂ

ਹੇਮਾ ਨਾਲ ਸਭ ਤੋਂ ਜ਼ਿਆਦਾ 15 ਫਿਲਮਾਂ ਕੀਤੀਆਂ। 10 ਸਫ਼ਲ ਰਹੀਆਂ। ਅੰਦਾਜ਼ (1971), ਪ੍ਰੇਮ ਨਗਰ, ਬੰਦਿਸ਼, ਕੁਦਰਤ, ਦਰਦ, ਰਾਜਪੂਤ, ਹਮ ਦੋਨੋਂ, ਬਾਬੂ, ਦੁਰਗਾ ਅਤੇ ਸੀਤਾਪੁਰ ਕੀ ਗੀਤਾ ਅਹਿਮ ਫਿਲਮਾਂ ਸਨ।

ਟੀਨਾ ਮੁਨੀਮ ਨਾਲ 9 ਫਿਲਮਾਂ

ਟੀਨਾ ਨਾਲ 9 ਫਿਲਮਾਂ ਵਿਚੋਂ 6 ਹਿੱਟ ਰਹੀਆਂ। ਸੌਤਨ, ਬੇਵਫਾਈ, ਅਧਿਕਾਰ, ਇੰਸਾਫ ਮੈਂ ਕਰੂੰਗਾ, ਸੁਰਾਗ ਅਤੇ ਫਿਫਟੀ-ਫਿਫਟੀ।

ਆਸ਼ਾ ਪਾਰੇਖ ਨਾਲ 4 ਫਿਲਮਾਂ

ਕਟੀ ਪਤੰਗ (1970) ਦੋਨਾਂ ਦੀ ਸਭ ਤੋਂ ਹਿੱਟ ਫਿਲਮ ਸੀ। ਇਸ ਤੋਂ ਇਲਾਵਾ ਬਹਾਰੋਂ ਕੇ ਸਪਨੇ, ਆਨ ਮਿਲੋ ਸਜਨਾ, ਧਰਮ ਅਤੇ ਕਾਨੂੰਨ ਵੀ ਸਫ਼ਲ ਰਹੀਆਂ।

ਪੇਸ਼ਕਸ਼-ਨਦਬ

Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
78, 4003-98 Street, Edmonton, AB www.albertamortgagecentre.com
CAAMP ACCHA
empowered by AXIOM MORTGAGE PARTNERS
AMBA
BBB ACCREDITED BUSINESS
think MORTGAGE think AMP™

Krishna(KK)Gupta, AMP
"Experienced, Knowledgeable, Committed"
Serving the Community Since 1999

ਕੀ ਸੱਚਮੁੱਚ ਹੀ ਭਾਰਤ ਆਜ਼ਾਦ ਹੈ?

‘ਫੱਗੂ’ ਕਿਉਂ ਨਹੀਂ ਸਮਝਦਾ ਕਿ ਭਾਰਤ ਆਜ਼ਾਦ ਹੈ!

ਮੱਖਣ ਸਿੰਘ ਕੁਹਾੜ
+91-95013-65522
makhansinghkohar@gmail.com

ਯਕੀਨ ਨਹੀਂ ਬੱਝਦਾ ਕਿ ਭਾਰਤ ਆਜ਼ਾਦ ਹੈ। ਆਜ਼ਾਦੀ ਆਉਣ ਦਾ ਜੋ ਚਾਅ ਲੋਕਾਂ ਨੂੰ 1947 ਤੋਂ ਪਹਿਲਾਂ ਸੀ, 15 ਅਗਸਤ ਨੂੰ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਉਹ ਮੁੜ ਵੇਖਣ ਨੂੰ ਨਹੀਂ ਮਿਲਿਆ। ਹੁਣ ਸਿਰਫ਼ ਫਰਜ਼ੀ ਤੌਰ ’ਤੇ ਹੀ 15 ਅਗਸਤ ਦਾ ਦਿਹਾੜਾ ‘ਸਰਕਾਰੀ’ ਪੱਧਰ ’ਤੇ ਮਨਾਇਆ ਜਾਂਦਾ ਹੈ। ਆਮ ਲੋਕਾਂ ਦਾ ਇਸ ਨਾਲ ਕੋਈ ਵਾਹਵਾਸਤਾ ਨਹੀਂ ਹੈ। ਮੇਰੇ ਪਿੰਡ ਦੇ ‘ਫੱਗੂ’ ਦਾ ਤਾਂ ਉੱਕਾ ਹੀ ਨਹੀਂ।

ਇਕ ਪਾਸੇ ਸਰਕਾਰ ਦਾ ਪ੍ਰਧਾਨ ਮੰਤਰੀ, ਉਸ ਦੇ ਹੋਰ ਮੰਤਰੀ, ਕੇਂਦਰ ਸਰਕਾਰ ਦੇ ਹੋਰ ਉਚ ਅਧਿਕਾਰੀ, ਦਿੱਲੀ ਦੇ ਸਿਆਸੀ ਆਗੂ ਤੇ ਦੂਸਰੇ ਪਾਸੇ ਉਸੇ ਹੀ ਤਰ੍ਹਾਂ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀ, ਉਨ੍ਹਾਂ ਦੇ ਹੋਰ ਮੰਤਰੀ, ਅਫਸਰਸ਼ਾਹੀ ਤੇ ਰਾਜ ਕਰ ਰਹੀ ਸ਼੍ਰੇਣੀ ਦੇ ਸਿਆਸੀ ਆਗੂ ਇਸ ਦਿਹਾੜੇ ਨੂੰ ਬੱਸ ਰਸਮੀ ਤੌਰ ’ਤੇ ਹੀ ਮਨਾਉਂਦੇ ਹਨ। ਇਕ 15 ਅਗਸਤ ਵਾਲੇ ਦਿਨ ਤੇ ਫਿਰ 26 ਜਨਵਰੀ ਨੂੰ। ਮੇਰੇ ਪਿੰਡ ਦੇ ਦਿਹਾੜੀ ਨਾ ਮਿਲਣ ’ਤੇ ਘਰ ਨੂੰ ਵਾਪਸ ਪਰਤ ਰਹੇ ‘ਫੱਗੂ’ ਨੂੰ ਕੁਝ ਨਹੀਂ ਪਤਾ ਆਜ਼ਾਦੀ ਕਿਸ ਬਲਾ ਦਾ ਨਾਂ ਹੈ। ਸਿਖਰ ਦੁਪਹਿਰ ਦੀ ਵਰ੍ਹਦੀ ਅੱਗ ਵਿਚ ਜਿਮੀਂਦਾਰਾਂ ਦੇ ਖੇਤ ਵਿਚ ਝੋਨਾ ਲਾ ਰਹੀ ਦਲਿਤਾਂ ਦੀ ਧੀ ‘ਫੱਤੋ’ ਨੂੰ ਜਦ ਆਜ਼ਾਦੀ ਬਾਰੇ ਪੁੱਛਿਆ ਤਾਂ ਉਹ ਗੁੱਸਾ ਜਿਹਾ ਕਰਕੇ ਲੱਕ ਸਿੱਧਾ ਕਰਕੇ ਮੁੜ ਜ਼ੋਰ ਦੀ ਝੋਨਾ ਲਾਉਣ ਲੱਗ ਪਈ। ਉਸ ਨੂੰ ਲੱਗਾ ਜਿਵੇਂ ਉਸ ਨੂੰ ਕੋਈ ਕੋਝਾ ਮਖੌਲ ਕਰ ਰਿਹਾ ਹੋਵੇ। ਮਾਹਰ ਆਖਦੇ ਨੇ ਮੇਰੇ ਆਜ਼ਾਦ ਦੇਸ਼ ਭਾਰਤ ਵਿਚ ਐਸੇ ‘ਫੱਗੂ’ ਤੇ ‘ਫੱਤੋ’ ਅੱਧਿਉਂ ਕਿਤੇ ਵੱਧ ਨੇ। ਜੇ ਇਹ ਸੱਚਮੁੱਚ ਆਜ਼ਾਦ ਹੁੰਦੇ ਤਾਂ ਉਨ੍ਹਾਂ ਨੂੰ ਪੂਰਾ ਰੁਜ਼ਗਾਰ ਮਿਲਿਆ ਹੁੰਦਾ ਤੇ ਰੁਜ਼ਗਾਰ ਦੀ ਗਰੰਟੀ ਵੀ ਹੁੰਦੀ। 1957 ਦੀ ਤਹਿ ਹੋਈ ਘੱਟੋ ਘੱਟ ਜੀਉਣ ਯੋਗ ਉਜਰਤ ਦੇਣ ਦੀ ਸਰਕਾਰੀ ਜਾਮਨੀ ਵੀ ਹੁੰਦੀ। ਉਨ੍ਹਾਂ ਦਾ ਹੁਣ ਤੱਕ 1947 ਤੋਂ 2012 ਤੱਕ ਦੇ 65 ਸਾਲਾਂ ਵਿਚ ‘ਕੁੱਲੀ, ਗੁੱਲੀ, ਜੁੱਲੀ’ ਦਾ ਮਸਲਾ ਹੱਲ ਹੋ ਚੁੱਕਾ ਹੁੰਦਾ ਤੇ ਉਹ ਆਜ਼ਾਦੀ ਦੇ 15 ਅਗਸਤ ਦੇ ਦਿਹਾੜੇ ਨੂੰ ਲੋਹੜੀ, ਦੀਵਾਲੀ, ਵਿਸਾਖੀ, ਹੋਲੀ ਦੇ ਤਿਉਹਾਰਾਂ ਵਾਂਗ ਮਨਾਉਂਦੇ। ਪਰ ਅਜਿਹਾ ਨਹੀਂ ਹੈ। ਫਿਰ ਗਰੀਬਾਂ ਲਈ ਐਸੀ ਆਜ਼ਾਦੀ ਕਿਸ ਕੰਮ ਜਿਹੜੀ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਵੀ ਨਹੀਂ ਦੇ ਸਕੀ। ਠੇਕੇ ’ਤੇ ਲੱਗੇ ਦੂਜੇ ਨਾਲੋਂ ਉਚੀ ਯੋਗਤਾ ਵਾਲੇ ਉਨ੍ਹਾਂ ਮੁਲਾਜ਼ਮਾਂ ਲਈ ਸੰਵਿਧਾਨ ਦੀ ‘ਬਰਾਬਰ ਕੰਮ ਲਈ ਬਰਾਬਰ ਤਨਖਾਹ’ ਦੀ ਧਾਰਾ ਕਿਸ ਕੰਮ ਜੋ ਕੋਲ ਹੀ ਬਰਾਬਰ ਦਾ ਕੰਮ ਕਰਦੇ ਮੁਲਾਜ਼ਮ ਤੋਂ 10-12 ਗੁਣਾ ਘੱਟ ਤਨਖਾਹ ਲੈ ਰਹੇ ਹਨ। ਮਾਹਰ ਆਖਦੇ ਨੇ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਲੋਕਾਂ ਦੀ ਗਿਣਤੀ ਭਾਰਤ ਦੀ ਆਬਾਦੀ ਦੇ ਦੋ ਤਿਹਾਈ ਤੋਂ ਵੀ ਵੱਧ ਹੈ। ਪਰ ਸਰਕਾਰ ਆਖਦੀ ਹੈ ਇਹ ਝੂਠ ਹੈ। ‘ਸਿਰਫ ਅੱਧੀ ਕੁ ਵੱਸੋਂ ਹੀ ਐਸੀ ਹੈ ਤੇ ਅਸੀਂ ਉਸ ਦਾ ਵੀ ਹੱਲ ਕਰ ਰਹੇ ਹਾਂ। ਜਿਸ ਦੀ ਰੋਜ਼ਾਨਾ ਆਮਦਨ ਪੇਂਡੂ 26 ਰੁਪਏ ਤੇ ਸ਼ਹਿਰੀ 32 ਰੁਪਏ ਹੈ ਉਸ ਨੂੰ ਗਰੀਬੀ ਰੇਖਾ ਤੋਂ ਬਾਹਰ ਕਰ ਰਹੇ ਹਾਂ।’ ਇਸ ’ਤੇ ਮੇਰੇ ਪਿੰਡ ਦਾ ‘ਫੱਗੂ’ ਬੜਾ ਹੀ ਹੱਸਦਾ ਹੈ।

‘ਫੱਗੂਆਂ’ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ, ਜਿਥੇ ਜਮਾਤਾਂ ਲਈ ਪੂਰੇ ਮਾਸਟਰ ਕਦੇ ਨਹੀਂ ਹੁੰਦੇ। ਤੱਪੜਾਂ ’ਤੇ ਬੈਠ ਕੇ ਤੇ ਰੂੜੀਆਂ ’ਤੇ ਖੇਡ ਕੇ ਉਹ ਦਿਨ ਬਿਤਾ ਦਿੰਦੇ ਨੇ। ਸਾਧਨਹੀਣ ਇਨ੍ਹਾਂ ਫੱਗੂਆਂ ਦੇ ਸੌ ਵਿਚੋਂ ਮਸਾਂ ਇਕ ਬੱਚਾ ਹੀ ਦਸਵੀਂ ਪਾਸ ਕਰਦਾ ਹੈ। ਉਹ ਬੱਚੇ ਨੂੰ ਬੀ.ਏ ਤੱਕ ਪੜ੍ਹਾਈ ਕਰਾ ਸਕਣ ਦਾ ਸੁਪਨਾ ਵੀ ਨਹੀਂ ਲੈ ਸਕਦੇ। ਬੱਚੇ ਲਈ ਰੁਜ਼ਗਾਰ ਦਾ ਸੁਪਨਾ ਲੈਣਾ ਤਾਂ ਉਨ੍ਹਾਂ ਲਈ ਅਪਰਾਧ ਕਰਨ ਦੇ ਬਰਾਬਰ ਹੈ। ਵੱਡਿਆਂ ਲੋਕਾਂ ਦੇ ਬੱਚੇ ਵੱਡੇ-ਵੱਡੇ ਸਕੂਲਾਂ ਵਿਚ ਪੜ੍ਹਦੇ ਨੇ। ਵਿਦਿਆ ਹੁਣ ਪਰਉਪਕਾਰ ਨਹੀਂ ਵਿਉਪਾਰ ਹੈ।

ਛੋਟੀ ਕਿਸਾਨੀ ਵੱਡੀ ਪੱਧਰ ’ਤੇ ਆਤਮ ਹੱਤਿਆਵਾਂ ਕਰ ਰਹੀ ਹੈ। ਉਚ ਜਾਤੀ ਛੋਟਾ ਕਿਸਾਨ ਜਿਨ੍ਹਾਂ ਲੋਕਾਂ ਨੂੰ ਕੰਮੀ ਕਮੀਣ ਆਖਦਾ ਸੀ ਹੁਣ ਉਨ੍ਹਾਂ ਦੇ ਨਾਲ ਸ਼ਹਿਰ ਦਿਹਾੜੀ ਦੱਪਾ ਕਰਨ ਜਾਂਦਾ ਹੈ। ਬਹੁਤੀ ਵਾਰੀ ਬਿਨਾਂ ਦਿਹਾੜੀ ਲੱਗੇ ਉਨ੍ਹਾਂ ਨਾਲ ਹੀ ਉਸ ਨੂੰ ਵੀ ਖਾਲਮ ਖਾਲੀ ਘਰ ਪਰਤਣਾ ਪੈਂਦਾ ਹੈ। ਪਰ ਉਹ ‘ਫੱਗੂਆਂ’ ਨਾਲ ਸਥਾਈ ਸਾਂਝ ਪਾਉਣ ਨੂੰ ਅਜੇ ਵੀ ਤਿਆਰ ਨਹੀਂ ਹੈ। ਗਰੀਬਾਂ ਦੇ ਬੱਚੇ ਮਹਿੰਗੇ ਇਲਾਜ ਖੁਣੋਂ ਦਮ ਤੋੜ ਜਾਂਦੇ ਹਨ। ਫੱਗੂ ਦਾ ਜਵਾਨ ਪੁੱਤਰ ਐਸਕਾਰਟ ਹਸਪਤਾਲ ਨਾ ਲਿਜਾਣ ਕਰਕੇ ਸਰਕਾਰੀ ਹਸਪਤਾਲ ’ਚ ਅੱਖਾਂ ਸਾਹਮਣੇ ਔਹ ਗਿਆ ਸੀ।

ਇਕ ਪਾਸੇ ਸਰਕਾਰ ਦਾ ਪ੍ਰਧਾਨ ਮੰਤਰੀ, ਉਸ ਦੇ ਹੋਰ ਮੰਤਰੀ, ਕੇਂਦਰ ਸਰਕਾਰ ਦੇ ਹੋਰ ਉਚ ਅਧਿਕਾਰੀ, ਦਿੱਲੀ ਦੇ ਸਿਆਸੀ ਆਗੂ ਤੇ ਦੂਸਰੇ ਪਾਸੇ ਉਸੇ ਹੀ ਤਰ੍ਹਾਂ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀ, ਉਨ੍ਹਾਂ ਦੇ ਹੋਰ ਮੰਤਰੀ, ਅਫਸਰਸ਼ਾਹੀ ਤੇ ਰਾਜ ਕਰ ਰਹੀ ਸ਼੍ਰੇਣੀ ਦੇ ਸਿਆਸੀ ਆਗੂ ਇਸ ਦਿਹਾੜੇ ਨੂੰ ਬੱਸ ਰਸਮੀ ਤੌਰ ’ਤੇ ਹੀ ਮਨਾਉਂਦੇ ਹਨ। ਇਕ 15 ਅਗਸਤ ਵਾਲੇ ਦਿਨ ਤੇ ਫਿਰ 26 ਜਨਵਰੀ ਨੂੰ। ਮੇਰੇ ਪਿੰਡ ਦੇ ਦਿਹਾੜੀ ਨਾ ਮਿਲਣ ’ਤੇ ਘਰ ਨੂੰ ਵਾਪਸ ਪਰਤ ਰਹੇ ‘ਫੱਗੂ’ ਨੂੰ ਕੁਝ ਨਹੀਂ ਪਤਾ ਆਜ਼ਾਦੀ ਕਿਸ ਬਲਾ ਦਾ ਨਾਂ ਹੈ। ਸਿਖਰ ਦੁਪਹਿਰ ਦੀ ਵਰ੍ਹਦੀ ਅੱਗ ਵਿਚ ਜਿਮੀਂਦਾਰਾਂ ਦੇ ਖੇਤ ਵਿਚ ਝੋਨਾ ਲਾ ਰਹੀ ਦਲਿਤਾਂ ਦੀ ਧੀ ‘ਫੱਤੋ’ ਨੂੰ ਜਦ ਆਜ਼ਾਦੀ ਬਾਰੇ ਪੁੱਛਿਆ ਤਾਂ ਉਹ ਗੁੱਸਾ ਜਿਹਾ ਕਰਕੇ ਲੱਕ ਸਿੱਧਾ ਕਰਕੇ ਮੁੜ ਜ਼ੋਰ ਦੀ ਝੋਨਾ ਲਾਉਣ ਲੱਗ ਪਈ। ਉਸ ਨੂੰ ਲੱਗਾ ਜਿਵੇਂ ਉਸ ਨੂੰ ਕੋਈ ਕੋਝਾ ਮਖੌਲ ਕਰ ਰਿਹਾ ਹੋਵੇ। ਮਾਹਰ ਆਖਦੇ ਨੇ ਮੇਰੇ ਆਜ਼ਾਦ ਦੇਸ਼ ਭਾਰਤ ਵਿਚ ਐਸੇ ‘ਫੱਗੂ’ ਤੇ ‘ਫੱਤੋ’ ਅੱਧਿਉਂ ਕਿਤੇ ਵੱਧ ਨੇ।

ਮੇਰਾ ਦੇਸ਼ ਸਚਮੁੱਚ ਆਜ਼ਾਦ ਹੈ। ਐਸਾ ਮਹਾਤਮਾ ਗਾਂਧੀ, ਨਹਿਰੂ, ਪਟੇਲ, ਚੌ: ਚਰਨ ਸਿੰਘ, ਅਜੀਤ ਸਿੰਘ, ਜਗਜੀਵਨ ਰਾਮ, ਮੀਰਾ ਕੁਮਾਰੀ, ਸੋਨੀਆ ਗਾਂਧੀ, ਰਾਜੀਵ ਗਾਂਧੀ, ਰਾਹੁਲ ਗਾਂਧੀ, ਮੁਲਾਇਮ ਯਾਦਵ, ਅਖਿਲੇਸ਼ ਯਾਦਵ, ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ, ਹਰਸਿਮਰਤ ਬਾਦਲ, ਪ੍ਰਤਾਪ ਸਿੰਘ ਕੈਰੋਂ, ਸੁਰਿੰਦਰ ਸਿੰਘ ਕੈਰੋਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਐਮ. ਕਰੁਨਾਨਿਧੀ, ਕਨੀਮੋਜੀ, ਚੌਧਰੀ ਦੇਵੀ ਲਾਲ, ਓਮ ਪ੍ਰਕਾਸ਼ ਚੌਟਾਲਾ, ਅਜੈ ਚੌਟਾਲਾ, ਵਾਜਪਾਈ, ਅਡਵਾਨੀ, ਸ਼ੇਖ ਅਬਕੁੱਲਾ, ਉਮਰ ਅਬਦੁੱਲਾ ਤੇ ਹੋਰ ਕਈ ਮੁਗਲਾਂ ਵਾਂਗ ਖਾਨਦਾਨੀ ਰਾਜ ਸਥਾਪਤ ਕਰਕੇ ਆਜ਼ਾਦੀ ਤੇ ਜਮਹੂਰੀ ਚੋਣ ਪ੍ਰਣਾਲੀ ਦਾ ਸਹੀ ਲਾਹਾ ਲੈਣ ਵਾਲੇ ਆਖਦੇ ਹਨ ਤੇ ਹੁਣ ਵੀ ਆਖ ਰਹੇ ਹਨ। ਪਰ ਭਾਰਤੀ ਪੰਜਾਬ ਦੇ ਪਰਿਵਾਰਾਂ ’ਚੋਂ ਜੋ ਇਕ ਦੋ ਵੱਢ-ਟੁੱਕ ਤੋਂ ਬਚ ਬਚਾ ਕੇ ਪਾਕਿਸਤਾਨ ਗਏ ਤੇ ਉਧਰਲੇ ਪਲਾਂ ’ਚ ਪਾਕਿਸਤਾਨੀ ਪੰਜਾਬ ਬਣਨ ਤੋਂ ਇਵੇਂ ਹੀ ਏਧਰ ਆਏ ਉਹ ਅਜੇ ਤੱਕ ਵੀ ਭਾਰਤ ਨੂੰ ਆਜ਼ਾਦ ਕਹਿਣ ’ਤੇ ਬਹੁਤ ਗੁੱਸਾ ਕਰਦੇ ਨੇ ਤੇ ਉਸ ਦਿਨ ਨੂੰ ਯਾਦ ਕਰਕੇ ਖੂਬ ਰੋਂਦੇ ਨੇ, ਜਿਸ ਦਿਨ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਧੀਆਂ-ਪੁੱਤਰਾਂ, ਭੈਣ-ਭਰਾਵਾਂ, ਮਾਪਿਆਂ ਤੇ ਹੋਰ ਅਤਿ ਪਿਆਰੇ ਰਿਸ਼ਤੇਦਾਰਾਂ ਦੇ ਆਜ਼ਾਦੀ ਦੇ ਨਾਂ ’ਤੇ ਚੀਥੜੇ ਉਡੇ ਸਨ। ਆਜ਼ਾਦੀ ਮੌਕੇ ਭੰਗ ਦੇ ਭਾੜੇ ਸ਼ਹੀਦ ਹੋਏ ਉਨ੍ਹਾਂ ਲੋਕਾਂ ਲਈ ਆਜ਼ਾਦੀ ਬਰਬਾਦੀ ਬਣ ਕੇ ਪੇਸ਼ ਹੋਈ ਸੀ।

ਆਬਾਦੀ ਦਾ ਤਿੰਨ ਚੌਥਾਈ ਹਿੱਸਾ ਅਜੇ ਵੀ ਅਨਪੜ੍ਹ ਹੈ। ਜਦ ਕਿ ਭਾਰਤ ਸਰਕਾਰ ਉਸ ਨੂੰ ਪੜ੍ਹਿਆ-ਲਿਖਿਆ ਮੰਨਦੀ ਹੈ ਜੋ ਕੇਵਲ ਆਪਣੇ ਦਸਤਖਤ ਕਰ ਲੈਂਦਾ ਹੈ।

ਮੇਰੇ ਦੇਸ਼ ਦੀ ਕੁੱਲ ਆਬਾਦੀ ਦੇ ਚੌਥੇ ਹਿੱਸੇ ਦੇ ਬਰਾਬਰ ਪੜ੍ਹੀ-ਲਿਖੀ, ਵੱਡੇ-ਵੱਡੇ ਕੋਰਸ ਕਰਕੇ, ਵਿਹਲੇ ਹੱਥਾਂ ਤੇ ਸਿਰਾਂ ਦਾ ਕਹਿਰ ਝਲਦੀ ਜਵਾਨੀ ਸੜਕਾਂ ’ਤੇ ਰੁਲ ਰਹੀ ਹੈ। ਆਜ਼ਾਦ ਭਾਰਤ ਦੀ ਸਰਕਾਰ ਉਸ ਨੂੰ ਰੁਜ਼ਗਾਰ ਦੇਣ ਦੀ ਥਾਂ ਨਸ਼ਿਆਂ ਦੀ ਚੂਪਣੀ ਮੁਹੱਈਆ ਕਰਵਾ ਕੇ ਚੁੱਪ ਰਹਿਣ ਦਾ ਚੱਜ ਸਿਖਾ ਰਹੀ ਹੈ। ਉਸ ਨੂੰ ਗੰਦ-ਮੰਦ ਦੇ ਭਰੇ ‘ਮਨੋਰੰਜਨੀ’ ਟੀ.ਵੀ ਚੈਨਲ ਦੇ ਰਹੀ ਹੈ। ਉਸ ਨੂੰ ਲੰਬੀਆਂ-ਲੰਬੀਆਂ ਲੜੀਆਂ ਵਿਚ ਕ੍ਰਿਕਟ ਮੈਚ ਦਿਖਾ ਰਹੀ ਹੈ। ਉਨ੍ਹਾਂ ਨੂੰ ਆਪਣੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਬੱਬਰ ਅਕਾਲੀ, ਸੁਭਾਸ਼ ਚੰਦਰ ਬੋਸ ਜਿਹੇ ਹੀਰੋ ਭੁਲਾ ਕੇ ਨਵੇਂ ਕ੍ਰਿਕਟੀ ਤੇ ਫਿਲਮੀ ਹੀਰੋ ਦੇ ਰਹੀ ਹੈ।

ਦੇਸ਼ ਦੀ ਅੱਧੀ ਤੋਂ ਵੱਧ ਵਸੋਂ ਘੋਰ ਅੰਧ ਵਿਸ਼ਵਾਸ ਦਾ ਸ਼ਿਕਾਰ ਹੈ ਤੇ ਅੱਜ ਵੀ ਆਪਣੇ ਮਸਲਿਆਂ ਦੇ ਹੱਲ ਲਈ ਨਿਰਮਲ ਬਾਬਿਆਂ ਵਰਗੇ ‘ਗੁਰੂਆਂ’ ਨੂੰ ਲੱਭ ਰਹੀ ਹੈ। ਅਖੌਤੀ ਬਾਬਿਆਂ ਦੀ ‘ਚਰਨ ਧੂੜ’ ਨੂੰ ਚੱਟਦੀ ਫਿਰਦੀ ਹੈ। ਕਰਨਾਟਕ ਸਰਕਾਰ ਖੁਦ ਮੀਂਹ ਲਈ ਇੰਦਰ ਦੇਵਤਾ ਨੂੰ ਖੁਸ਼ ਕਰਨ ਹਿੱਤ 70 ਕਰੋੜ ਦੇ ਯੱਗ ਕਰਦੀ ਹੈ। ਆਜ਼ਾਦੀ ਵੇਖ ਕੇ ਹੱਸ ਛੱਡਦੀ ਹੈ। ਅਕਸਰ ਆਜ਼ਾਦੀ ਗੁੱਸੇ ਵਿਚ ਆ ਕੇ ‘ਕਾਲੀ ਮਾਂ’ ਦਾ ਰੂਪ ਧਾਰ ਕੇ ਰੁਜ਼ਗਾਰ ਮੰਗਦੀ, ਚੌਂਕਾਂ ਨੂੰ ਰੋਕਦੀ, ਮੁਜ਼ਾਹਰੇ ਕਰਦੀ, ਜਵਾਨੀ ਦੇ ਆਹੂ ਲਾਹੁੰਦੀ ਹੈ। ਗੋਲੀਆਂ ਨਾਲ ਭੁੰਨਦੀ ਹੈ। ਮਾਈ ਭਾਗੋ, ਲਕਸ਼ਮੀ ਬਾਈ ਦੀ ਰੀਸ ਕਰਦੀਆਂ ਰੁਜ਼ਗਾਰ ਮੰਗਦੀਆਂ ਧੀਆਂ ਨੂੰ ਜੇਲ੍ਹੀਂ ਡੱਕਦੀ ਹੈ, ਉਸ ਦੀਆਂ ਗੁੱਤਾਂ ਪੁੱਟ ਕੇ ਜਲੀਲ ਹੈ। ਆਜ਼ਾਦੀ ਹੱਕ ਮੰਗਦੇ ਲੋਕਾਂ ਦੀਆਂ ਮੁੰਡੀਆਂ ਦੇ ਹਾਰ ਗਲ ਪਾ ਕੇ ਮੁਸਕਰਾਉਂਦੀ ਹੈ। ਬਹੁਤ ਖੁਸ਼ ਹੁੰਦੀ ਹੈ।

ਮੇਰੇ ਦੇਸ਼ ਦੀ ਆਜ਼ਾਦੀ ਨੂੰ ਭਗਤ ਸਿੰਘ ਤੇ ਆਜ਼ਾਦੀ ਲਈ ਮਰ ਮਿਟਣ ਵਾਲੇ ਹੋਰ ਯੋਧਿਆਂ ਦੇ ਅਸਲੀ ਰਾਹ ’ਤੇ ਤੁਰਨ ਵਾਲੇ ਆਜ਼ਾਦੀ ਦੇ ਦੁਸ਼ਮਣ ਲਗਦੇ ਹਨ। ਆਜ਼ਾਦੀ ਆਖਦੀ ਹੈ ਭਗਤ ਸਿੰਘ ਨੂੰ ਮੱਥਾ ਟੇਕੋ ਉਸ ਦੇ ਗੁਰਦੁਆਰੇ ਬਣਾਉ। ਮੱਥਾ ਟੇਕੋ ਗੁਰੂ ਗੋਬਿੰਦ ਸਿੰਘ ਨੂੰ। ਪਰ ਉਸ ਦੇ ਅਸਲ ਫਲਸਫੇ ‘ਚੂੰ ਕਾਰ ਅਜ਼ ਹਮਾ ਹੀਲਤ ਏ ਦਰ ਗੁਜੱਸ਼ਤ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ’ ਨੂੰ ਮੰਨ ਕੇ ਜਥੇਬੰਦ ਹੋਣ ਦੀ ‘ਗਲਤੀ ਨਾ ਕਰੋ, ਉਸ ਦੇ ਪੂਜਕ ਬਣੋ। ਉਸ ਦਾ ਸਿਮਰਨ ਕਰੋ। ਜਾਂ ਫੇਰ ਸਿਧੀਆਂ ਬੰਦੂਕਾਂ ਚੁੱਕਣ ਦੀ ਮਾਅਰਕੇਬਾਜ਼ੀ ਕਰੋ ਤਾਂ ਕਿ ‘ਆਜ਼ਾਦੀ’ ਤੁਹਾਨੂੰ ਬਾਗੀ, ਅੱਤਵਾਦੀ, ਮਾਓਵਾਦੀ, ਨਕਸਲੀ ਕਹਿ ਕੇ ਭੁੰਨ ਸਕੇ।

ਆਜ਼ਾਦੀ ਨੂੰ ਧਰਨੇ ਮੁਜ਼ਾਹਰੇ ਬਹੁਤ ਰੜਕਦੇ ਨੇ। ਜੱਲਿਆਂ ਵਾਲੇ ਬਾਗ ਦੇ ਡਾਇਰ ਵਾਲੇ ਅਧਿਕਾਰ ਹਰ ਪੁਲਸੀਏ ਨੂੰ ਦੇ ਦਿੱਤੇ ਹਨ। ਪੁਲਸੀਏ ਹਾਕਮ ਧਿਰ ਦੇ ਕਹੇ ਜਿਸ ਨੂੰ ਚਾਹੇ ਅਫੀਮ, ਚਰਸ ਜਾਂ ਦੇਸੀ ਪਿਸਤੌਲ ਦੇ ਨਾਂ ’ਤੇ ਅੰਦਰ ਕਰ ਸਕਦੇ ਹਨ। ‘ਆਜ਼ਾਦ ਲੋਕ ਤਰਾਹ-ਤਰਾਹ ਕਰਦੇ ਹਨ। ਹਾਕਮਾਂ ਨੇ ਧਰਨੇ, ਮੁਜ਼ਾਹਰਿਆਂ ਤੇ ਸਰਕਾਰ ਵਿਰੋਧੀ ਅੰਦੋਲਨਾਂ ਨੂੰ ਕੁਚਲਣ ਲਈ ਅੰਗਰੇਜ਼ਾਂ ਦੇ ਰੋਲਟ ਐਕਟ ਦੀ ਤਰਜ ’ਤੇ ‘ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ’ ਤੇ ‘ਪੰਜਾਬ ਸਪੈਸ਼ਲ ਸੁਰੱਖਿਆ ਗਰੁੱਪ ਐਕਟ 2010’ ਵਰਗੇ ਕਾਲੇ ਕਾਨੂੰਨ ਬਣਾਉਣ ਦਾ ਰਾਹ ਫੜਿਆ ਹੈ। ਹੁਣ ‘ਨੈਸ਼ਨਲ ਕਾਊਂਟਰ ਟੈਰੋਰਿਸਟ ਸੈਂਟਰ (ਆਈ.ਸੀ.ਟੀ.ਸੀ) ਬਣਾ ਕੇ ਰਾਜਾਂ ਤੋਂ ਧਰਨੇ ਮੁਜ਼ਾਹਰਿਆਂ ’ਤੇ ਕਾਬੂ ਕਰਨ ਦੇ ਅਧਿਕਾਰ ਵੀ ਰਾਜਾਂ ਦੀ ਨਿੱਕੀ ਆਜ਼ਾਦੀ ਤੋਂ ਖੋਹ ਕੇ ਖੂੰਖਾਰ ਕੇਂਦਰ ਦੀ ‘ਵੱਡੀ’ ਆਜ਼ਾਦੀ ਨੂੰ ਦੇ ਦਿੱਤੇ ਹਨ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਬਣਾ ਲਈ ਹੈ। ਪਾਰਲੀਮੈਂਟ ਵਿਚ ਅਪਰਾਧੀ ਲੋਕਾਂ ਦੀ ਬਹੁਤਾਤ ਹੈ। ਪਾਰਲੀਮੈਂਟ ਵਿਚ ਬਹਿਸਾਂ ਘੱਟ ਤੇ ਨਿੱਜੀ ਝੜਪਾਂ ਜ਼ਿਆਦਾ ਹੁੰਦੀਆਂ ਹਨ। ਸੀ.ਬੀ.ਆਈ ਪਹਿਲਾਂ ਹੀ ਕੇਂਦਰ ਸਰਕਾਰ ਦੀ ਰਖੇਲ ਬਣ ਚੁੱਕੀ ਹੈ।

ਦੇਸ਼ ਨੂੰ ‘ਯੂਨੀਅਨ ਰਹਿਤ ਆਜ਼ਾਦ ਦੇਸ਼’ ਬਣਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ ਤਾਂ ਕਿ ਐਸਾ ਨਾ ਹੋਵੇ ਕਿ ਦੇਸ਼ ਵਿਦੇਸ਼ ਦੀ ਕੋਈ ਕੰਪਨੀ ਯੂਨੀਅਨ ਤੋਂ ਡਰ ਕੇ ਕੋਈ ਕਾਰੋਬਾਰ ਹੀ ਨਾ ਸ਼ੁਰੂ ਕਰ ਸਕੇ। ‘ਆਜ਼ਾਦੀ’ ਨੇ ਹੁਣ ਆਪਣੀ ਗਲਤੀ ਸੁਧਾਰ ਲਈ ਹੈ। ਈਸਟ ਇੰਡੀਆ ਕੰਪਨੀ ਨੂੰ ਦੇਸ਼ ’ਚੋਂ ਕੱਢਣ ਦੀ ਪੁਰਖਿਆਂ ਦੀ ਮਹਾਨ ਗਲਤੀ ਨੂੰ ਸਵੀਕਾਰ ਕਰ ਲਿਆ ਹੈ। ‘ਆਜ਼ਾਦੀ’ ਆਖਦੀ ਹੈ, ‘ਦੇਸ਼ ਦਾ ਭਲਾ ਬਹੁ ਰਾਸ਼ਟਰੀ ਕੰਪਨੀਆਂ ਹੀ ਕਰ ਸਕਦੀਆਂ ਹਨ। ਕੰਪਨੀ ਚਾਹੇ ਬਰਤਾਨੀਆ ਦੀ ਹੋਵੇ, ਅਮਰੀਕਾ ਦੀ ਜਾਂ ਫਰਾਂਸ-ਜਰਮਨੀ ਦੀ ਜਾਂ ਕਿਸੇ ਵੀ ਦੇਸ਼ ਦੀ, ਉਹ ਇਕੱਲਿਆਂ ਜਾਂ ਭਾਰਤੀ ਟਾਟਿਆਂ, ਬਿਰਲਿਆਂ, ਅੰਬਾਨੀਆਂ ਨਾਲ ਸਾਂਝ ਪਾ ਕੇ ‘ਆਜ਼ਾਦ ਭਾਰਤ’ ਵਿਚ ਆਉਣਾ ਚਾਹੁੰਦੀ ਹੋਵੇ, ਕੰਪਨੀ ਆਜ਼ਾਦ ਘੁੰਮ ਸਕਦੀ ਹੈ। ਉਹ ਖਾਣਾਂ ਖੋਟੇ, ਜੰਗਲ ਵੱਢੇ, ਸਿੱਖਿਆ, ਸਿਹਤ, ਪਾਣੀ, ਬਿਜਲੀ, ਸੜਕਾਂ, ਬੀਮਾ, ਬੈਂਕਾਂ ਆਦਿ ਉਹ ਕਿਸੇ ਵੀ ਖੇਤਰ ਵਿਚ ਆਪਣਾ ਕੰਮ ਕਰੇ, ਕੋਈ ਮਾਈ

ਮੌਤ ਦੇ ਰੂ ਬ ਰੂ ਪ੍ਰੋਫੈਸਰ ਘਨਬਾਰੀ

ਇਨ੍ਹਾਂ ਦਿਨ੍ਹਾਂ ਵਿਚ ਇਕ ਖ਼ਬਰ ਇੰਟਰਨੈਟ ਦੀ ਦੁਨੀਆ ਵਿਚ ਸਭ ਤੋਂ ਵਧੇਰੇ ਚਰਚਿਤ ਹੋ ਰਹੀ ਹੈ ਕਿ ਇਰਾਕ ਵਿਚ ਇਕ 44 ਸਾਲਾਂ ਪ੍ਰੋਫੈਸਰ ਅਬਦੋਲ ਰੋਜਾ ਘਨਬਾਰੀ ਨੂੰ ਕਿਸੇ ਵੇਲੇ ਵੀ ਸਜ਼ਾਏ ਮੌਤ ਦਿੱਤੀ ਜਾ ਸਕਦੀ ਹੈ। ਇਹ ਪੜ੍ਹਦਿਆਂ ਹਰ ਵਿਅਕਤੀ ਦੀ ਰੂਹ ਕੰਬ ਜਾਂਦੀ ਹੈ, ਕਿ ਅਸੀਂ 21 ਸਦੀ ਵਿਚ ਰਹਿੰਦੇ ਹਾਂ ਜਾਂ ਪੱਥਰ ਯੁੱਗ ਵਿਚ? ਜਿੱਥੇ ਨਾ ਕੋਈ ਕਾਇਦਾ ਹੈ ਨਾ ਕਨੂੰਨ? ਜਿੱਥੇ ਨਾ ਕੋਈ ਦਾਦ ਹੈ ਨਾ ਫਰਿਆਦ? ਕੀ ਸਾਡੇ ਸਮਿਆਂ ਦੇ ਸੰਵੇਦਨਸ਼ੀਲ ਮਨੁੱਖ ਦੀ ਹੋਣੀ ਇਸ ਤਰ੍ਹਾਂ ਲਿਖੀ ਜਾਵੇਗੀ? ਇਹ ਸਾਰੀ ਕਹਾਣੀ ਹੀ ਰੋਂਗਟੇ ਖੜੇ ਕਰਨ ਵਾਲੀ ਹੈ।

ਇਰਾਨ ਦੀ ਪਾਯਾਮ-ਏ-ਨੂਰ ਯੂਨੀਵਰਸਿਟੀ ਵਿਚ ਪਰਸ਼ੀਅਨ ਭਾਸ਼ਾ ਦੇ ਵਿਦਵਾਨ ਪ੍ਰੋਫੈਸਰ ਨੂੰ ਉਥੋਂ ਦੀ ਇਸਲਾਮਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਮੜ੍ਹਨ ਨੂੰ ਉਸ ਉਪਰ ਕੋਈ ਵੀ ਦੋਸ਼ ਮੜ੍ਹਿਆ ਜਾ ਸਕਦਾ ਹੈ। ਪਰ ਅਸਲੀਅਤ ਇਹ ਹੈ ਕਿ ਉਹ ਨੌਜਵਾਨ ਪ੍ਰੋਫੈਸਰ ਈਰਾਨ ਦੀਆਂ ਯੂਨੀਵਰਸਿਟੀਆਂ ਵਿਚ ਕੰਮ ਕਰਦੇ ਪ੍ਰੋਫੈਸਰਾਂ ਜੀ ਜਥੇਬੰਦੀ ਦਾ ਆਗੂ ਸੀ। ਜਿਹੜੀ ਜਥੇਬੰਦੀ ਵੱਖ ਵੱਖ ਸਮੇਂ ਉਪਰ ਆਪਣੀਆਂ ਮੰਗਾਂ ਲਈ ਤੇ ਈਰਾਨ ਵਿਚ ਉੱਚ ਸਿੱਖਿਆ ਲਈ ਸੰਘਰਸ਼ ਕਰਦੀ ਰਹੀ ਹੈ। ਈਰਾਨ ਦੀ ਸਰਕਾਰ ਨੇ ਪ੍ਰੋਫੈਸਰਾਂ ਦੀ ਇਸ ਜਥੇਬੰਦੀ (ਆਈ. ਟੀ.ਟੀ.ਏ.) ਉਪਰ ਪੂਰਨ ਰੂਪ ਵਿਚ ਪਾਬੰਦੀ ਲਾ ਦਿਤੀ ਹੈ। ਪ੍ਰੋਫੈਸਰ ਘਨਬਾਰੀ ਦਾ ਵੱਡਾ ਦੋਸ਼ ਇਹ ਹੀ ਹੈ ਕਿ ਉਹ ਇਸ ਪਾਬੰਦੀ ਸ਼ੁਦਾ ਜਥੇਬੰਦੀ ਦਾ ਇਮਾਨਦਾਰ ਆਗੂ ਹੈ।

ਈਰਾਨ ਦੀ ਧਾਰਮਿਕ ਅਦਾਲਤ ਨੇ ਪ੍ਰੋਫੈਸਰ ਘਨਬਾਰੀ ਉਪਰ ਦੋਸ਼ ਲਾਇਆ ਹੈ ਇਕ ਉਹ ਨਾਸਤਕ ਹੈ ਤੇ ਰੱਬ ਵਿਰੋਧੀ ਟਿਪਣੀਆਂ ਕਰਦਾ ਹੈ। ਇਸ ਦੋਸ਼ ਵਿਚ ਪ੍ਰੋਫੈਸਰ ਘਨਬਾਰੀ ਨੂੰ 27 ਦਸੰਬਰ 2009 ਨੂੰ ਉਸ ਸਮੇਂ ਗ੍ਰਿਫਤਾਰ ਕਰ ਲਿਆ ਗਿਆ ਸੀ ਜਦੋਂ ਉਹ ਆਪਣੇ ਕੁਝ ਸਾਥੀਆਂ ਦੇ ਨਾਲ ਇਕ ਸ਼ਾਂਤ ਮਈ ਮੁਹਜ਼ਾਰੇ ਦੀ ਅਗਵਾਈ ਕਰ ਰਿਹਾ ਸੀ। 30 ਜਨਵਰੀ 2010 ਨੂੰ ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਤੇ ਕਾਨੂੰਨੀ ਸਲਾਹ ਲੈਣ ਦੀ ਵੀ ਆਗਿਆ ਨਹੀਂ ਦਿੱਤੀ ਗਈ। ਬਹੁਤ ਸਮਾਂ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਗੱਲ ਦੀ ਭਿਣਕ ਨਹੀਂ ਪੈਣ ਦਿੱਤੀ ਗਈ ਕਿ ਪ੍ਰੋਫੈਸਰ ਘਨਵਾਰੀ ਕਿੱਥੇ ਹੈ?ਕਿਸੇ ਦੇਸ਼ ਵਿਚ ਮਨੁੱਖੀ ਹਿੱਤਾਂ ਦਾ ਘਾਣ ਇਸ ਕਦਰ ਵੀ ਹੋ ਸਕਦਾ ਹੈ? ਇਹ ਪੜਕੇ ਹੈਰਾਨੀ ਹੁੰਦੀ ਹੈ।

10 ਮਈ 2011 ਨੂੰ ਤਹਿਰਾਨ ਦੀ ਇਕ ਹੋਰ ਉਚ ਅਦਾਲਤ ਨੇ ਪ੍ਰੋਫੈਸਰ ਘਨਵਾਰੀ ਵੱਲੋਂ ਕੀਤੀ ਰਹਿਮ ਦੀ ਅਪੀਲ ਖਾਰਜ਼ ਕਰ ਦਿੱਤੀ ਹੈ। ਬੇਦੋਸ਼ ਹੀ ਜੇਲ੍ਹ ਦੀਆਂ ਤੰਗੀਆਂ ਝੱਲ ਰਹੇ ਘਨਬਾਰੀ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਕਿ ਉਸ ਉਪਰ ਭਾਰੀ ਤਸ਼ੱਦਦ ਕੀਤਾ ਗਿਆ ਹੈ। 25 ਦਿਨ ਉਸ ਨੂੰ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਰਹੇ ਹਨ। ਨਾ ਹੀ ਕੁਝ ਉਸ ਕੋਲ ਮੰਨਣ ਲਈ ਸੀ ਤੇ ਨਾ ਹੀ ਉਸ ਪਾਸੋਂ ਕੋਈ ਤਫਤੀਸ਼ ਹੀ ਹੋ ਰਹੀ ਸੀ ਬੱਸ ਇਸੇ ਲਈ ਹੀ ਤਸ਼ੱਦਦ ਦਾ ਦੌਰ ਜਾਰੀ ਸੀ ਕਿ ਉਹ ਆਪਣੇ ਵਰਗ ਦੇ ਹਿੱਤਾਂ ਦੀ ਪੈਰਵਾਈ ਕਿਉਂ ਕਰਦਾ ਹੈ। ਪਰਿਵਾਰਕ ਮੈਂਬਰਾਂ ਨੇ ਸੰਸਾਰ ਭਰ ਦੀਆਂ ਹਮਦਰਦ ਧਿਰਾਂ ਨੂੰ ਇਹ ਵੀ ਦੱਸਿਆ ਹੈ ਕਿ ਜੇਲ੍ਹ ਦੇ ਅਣਮਨੁੱਖੀ ਵਰਤਾਰੇ ਕਰਕੇ ਉਸ ਨੂੰ ਕਿਡਨੀ ਦਾ ਰੋਗ ਲੱਗ ਗਿਆ ਹੈ। ਉਹ ਹੁਣ ਜੇਲ੍ਹ ਵਿਚ ਕਿਡਨੀ ਦੀ ਬਿਮਾਰੀ ਤੋਂ ਪੀੜਤ ਹੈ ਤੇ ਅਦਾਲਤ ਨੇ ਕਾਨੂੰਨੀ ਸਲਾਹ ਦੇ ਵਾਂਗ ਉਸ ਨੂੰ ਮੈਡੀਕਲ ਸਹਾਇਤਾ ਦੇਣ ਤੋਂ ਵੀ ਕੋਰਾ ਇਨਕਾਰ ਕਰ ਦਿੱਤਾ ਹੈ। ਪਰਿਵਾਰਕ ਮੈਂਬਰਾਂ ਨੇ ਇਹ ਵੀ ਦੱਸਿਆ ਕਿ ਉਹ ਦੀ ਮਾਨਸਿਕ ਹਾਲਤ ਬਿਲਕੁਲ ਠੀਕ ਹੈ ਉਹ ਆਪਣੀ ਬੇਗੁਨਾਹੀ ਦਾ ਸਬੂਤ ਅਦਾਲਤ ਨੂੰ ਬਾਰ ਬਾਰ ਦੇ ਰਿਹਾ ਹੈ ਪਰ ਅਦਾਲਤ ਉਸ ਦੀ ਕੋਈ ਵੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਹੈ। ਉਹ ਹੁਣ ਜੇਲ੍ਹ ਵਿਚ ਕੇਵਲ ਮੌਤ ਬਾਰੇ ਹੀ ਸੋਚ ਰਿਹਾ ਹੈ ਕਿਉਂਕਿ ਉਸ ਨੂੰ ਜਾਪਦਾ ਹੈ ਕਿ ਉਸ ਨੂੰ ਕਿਸੇ ਸਮੇਂ ਵੀ ਕਿਸੇ ਵੀ ਗੈਰ ਮਨੁੱਖੀ ਤਰੀਕੇ ਨਾਲ ਮਾਰ ਕੇ ਖਤਮ ਕਰ ਦਿੱਤਾ ਜਾਵੇਗਾ।



ਘਨਬਾਰੀ ਨੂੰ ਮਿਲਣ ਤੋਂ ਬਾਦ ਉਸ ਦੇ ਪਰਿਵਾਰ ਦੇ ਮੈਂਬਰਾਂ ਨੇ ਈਰਾਨ ਦੀ ਉਚ ਅਦਾਲਤ ਨੂੰ ਬੇਨਤੀ ਭਰਿਆ ਖਤ ਲਿਖਿਆ ਹੈ ਜਿਸ ਵਿਚ ਰਹਿਮ ਦੀ ਅਪੀਲ ਕੀਤੀ ਗਈ ਹੈ ਤੇ ਮੰਗ ਕੀਤੀ ਗਈ ਹੈ ਕਿ ਘਨਬਾਰੀ ਸੰਬਧੀ ਹਮਦਰਦੀ ਨਾਲ ਪੁਨਰ ਵਿਚਾਰ ਕੀਤੀ ਜਾਵੇ। ਉਸ ਨੂੰ ਕਾਨੂੰਨੀ ਤੇ ਮੈਡੀਕਲ ਸਹਾਇਤਾ ਦਿੱਤੀ ਜਾਵੇ। ਇਸ ਪੱਤਰ ਦਾ ਉੱਚ ਅਦਾਲਤ ਨੇ ਕੀ ਨੋਟਿਸ ਲਿਆ ਹੈ ਉਸ ਬਾਰੇ ਤਾਂ ਪਤਾ ਨਹੀਂ ਲੱਗਾ ਪਰ ਉਸ ਦੇ ਵਕੀਲ ਨੂੰ ਇਹ ਦੱਸਿਆ ਵੀ ਨਹੀਂ ਜਾ ਰਿਹਾ ਕਿ ਕਿਸ ਦਿਨ ਘਨਵਾਰੀ ਨੂੰ ਅਦਾਲਤ ਵਿਚ ਕਦੋਂ ਪੇਸ਼ ਕੀਤਾ ਜਾਵੇਗਾ। ਘਨਬਾਰੀ ਨੂੰ ਹਰ ਵਾਰ ਅਚਾਨਕ ਹੀ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ। ਜਿਸ ਬਾਰੇ ਘਨਵਾਰੀ ਦੇ ਵਕੀਲ ਨੇ ਅਦਾਲਤ ਦੀ ਗੈਰ ਕਾਨੂੰਨੀ ਪ੍ਰਕਿਰਿਆ ਨੂੰ ਉਚ ਅਦਾਲਤ ਵਿਚ ਚੁਨੌਤੀ ਦੇਣ ਦਾ ਯਤਨ ਕੀਤਾ ਸੀ। ਜਿਸ ਤੋਂ ਖਫ਼ਾ ਹੋ ਕੇ ਅਦਾਲਤ ਨੇ ਬਾਰ ਬਾਰ ਰਹਿਮ ਦੀ ਅਪੀਲ ਪਾਉਣ ਤੇ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਦੀ ਮੰਗ ਕਰਨ ਕਰਕੇ ਘਨਵਾਰੀ ਦੇ ਵਕੀਲ ਦੇ ਖਿਲਾਫ ਵੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਵੱਡੀ ਗੈਰ ਮਨੁੱਖੀ ਸਟੇਟ ਹੋਰ ਕਿਹੜੀ ਹੋ ਸਕਦੀ ਹੈ? ਅਜਿਹੇ ਸਵਾਲ ਅੱਜ ਸੰਸਾਰ ਪੱਧਰ 'ਤੇ ਉਭਰ ਕੇ ਸਾਹਮਣੇ ਵੀ ਆ ਰਹੇ ਹਨ।

ਘਨਵਾਰੀ ਦੇ ਪਰਿਵਾਰਕ ਮੈਂਬਰ ਜਦੋਂ ਲੰਮੀ ਜੱਦੋਜਹਿਦ ਤੋਂ ਬਾਦ ਜੇਲ੍ਹ ਵਿਚ ਮਿਲਣ 'ਚ ਕਾਮਯਾਬ ਹੋ ਗਏ ਤਾਂ ਪਰਿਵਾਰਕ ਮੈਂਬਰਾਂ ਨੂੰ ਪ੍ਰੋਫੈਸਰ ਘਨਵਾਰੀ ਨੇ ਦੱਸਿਆ ਕਿ ਉਸ ਦੁਆਰਾ ਕੀਤੀ ਗਈ ਰਹਿਮ ਦੀ ਅਪੀਲ ਉਸੇ ਵਕਤ ਹੀ ਖਾਰਜ਼ ਕਰ ਦਿੱਤੀ ਗਈ ਹੈ ਤੇ ਹੁਣ ਉਸ ਨੂੰ ਕਿਸੇ ਵੇਲੇ ਹੀ ਮਾਰਿਆ ਜਾ ਸਕਦਾ ਹੈ। ਉਸ ਉਪਰ ਬੇਬੁਨਿਆਦ ਦੋਸ਼ ਮੜ੍ਹੇ ਗਏ ਹਨ ਕਿ ਉਸ ਦਾ ਸੰਬੰਧ ਦੇਸ਼ ਵਿਰੋਧੀ ਤੱਤਾਂ ਨਾਲ ਹੈ ਜਿਹੜੇ ਦੇਸ਼ ਲਈ ਖਤਰਾ ਹਨ। ਇਸ ਦੇ ਸਬੂਤ ਵਜ਼ੋਂ ਬੇ ਨਾਮ ਈਮੇਲਜ਼ ਨੂੰ ਆਧਾਰ ਬਣਾਇਆ ਗਿਆ ਹੈ। ਜਿਹੜੀਆਂ ਈਮੇਲਜ਼ ਨਾ ਤਾਂ ਪ੍ਰੋਫੈਸਰ ਘਨਬਾਰੀ ਨੇ ਕੀਤੀਆਂ ਹਨ ਤੇ ਨਾ ਹੀ ਉਸ ਨੇ ਪੜ੍ਹੀਆਂ ਹਨ। ਬੇਨਾਮ ਈਮੇਲਜ਼ ਦੀ ਸਜ਼ਾ ਕਿਸੇ ਬੇਗੁਨਾਹ ਨੂੰ ਦੇ ਕੇ ਈਰਾਨ ਦੀ ਸਰਕਾਰ ਸੰਸਾਰ ਪੱਧਰ ਉਪਰ ਇਹ ਹੀ ਸਾਬਤ ਕਰ ਰਹੀ ਹੈ ਕਿ ਈਰਾਨ ਵਿਚ ਮਨੁੱਖੀ ਹਿੱਤਾਂ ਦਾ ਕੀ ਹਸ਼ਰ ਹੋ ਰਿਹਾ ਹੈ। ਮੌਤ ਦੇ ਰੂ ਬ ਰੂ ਖੜੇ ਪ੍ਰੋਫੈਸਰ ਨੇ ਪਰਿਵਾਰ ਦੇ ਮੈਂਬਰਾਂ ਨੂੰ ਕਿਹਾ ਕਿ ਉਹ ਕੁਝ ਕਰਨ। ਉਨ੍ਹਾਂ ਦੁਆਰਾ ਕੀਤੀਆਂ ਕੋਸ਼ਿਸ਼ਾਂ ਦੀ ਬਦੌਲਤ ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਸਰਗਰਮ ਮਨੁਖੀ ਅਧਿਕਾਰ ਕਮਿਸ਼ਨ ਦੇ ਕਾਰਕੁਨਾਂ ਨੇ ਇਸ ਸੰਬੰਧੀ ਆਪਣੇ ਯਤਨ ਵੀ ਆਰੰਭ ਦਿੱਤੇ ਹਨ।

ਗਰੀਬ ਬਸਤੀ ਵਿਚ ਜਨਮੇਂ ਅਬਦੋਲ ਰੋਜਾ ਘਨਬਾਰੀ ਦਾ ਜਨਮ ਪਾਕਿਦਾਸਤ ਸ਼ਹਿਰ ਵਿਚ ਹੋਇਆ। ਅੱਤ ਦੀ ਗੁਰਬਤ ਵਿਚ ਮਿਹਨਤ ਮਜ਼ਦੂਰੀ ਕਰਕੇ ਉਸ ਨੇ ਉੱਚ ਵਿਦਿਆ ਪ੍ਰਾਪਤ ਕੀਤੀ ਤੇ ਯੂਨੀਵਰਸਿਟੀ ਵਿਚ ਪਰਸ਼ੀਅਨ ਭਾਸਾ ਦਾ ਪ੍ਰੋਫੈਸਰ ਨਿਯੁਕਤ ਹੋ ਗਿਆ। ਬਚਪਨ ਤੋਂ ਹੀ ਸੰਘਰਸ਼ ਕਰਦੇ ਨੂੰ ਹੁਣ ਯੂਨੀਵਰਸਿਟੀ ਵੀ ਸੰਘਰਸ਼ ਦਾ ਹੀ ਇਕ ਪਲੇਟਫਾਰਮ ਜਾਪਣ ਲੱਗੀ। ਉਸ ਨੇ ਈਰਾਨ ਦੀ ਸਰਕਾਰ ਦੀਆਂ ਗਲਤ ਨੀਤੀਆਂ ਉਪਰ ਉਂਗਲੀ ਧਰਨ ਵਾਲੇ ਲੋਕਾਂ ਦੇ ਨਾਲ ਜੁੜਕੇ ਈਰਾਨ ਦੀਆਂ ਅਣਮਨੁੱਖੀ ਸਥਿਤੀਆਂ ਬਾਰੇ ਸੋਚਣਾ ਸ਼ੁਰੂ ਕਰ ਦਿਤਾ। ਈਰਾਨ ਵਿਚ ਵੱਖ ਵੱਖ ਖੇਤਰਾਂ ਅੰਦਰ ਕੰਮ ਕਰਦੇ ਲੋਕਾਂ ਦੇ ਜਮਹੂਰੀ ਹਿੱਤਾਂ ਨੂੰ ਕੁਚਲਿਆ ਜਾ ਰਿਹਾ ਹੈ ਤੇ ਉੱਥੇ ਕੰਮ ਕਰਦੇ ਟਰੇਡ ਯੂਨੀਅਨ ਦੇ ਆਗੂਆਂ ਨੂੰ ਸਬਕ ਸਿਖਾਉਣ ਲਈ ਜੇਲ੍ਹਾਂ ਵਿਚ ਸੁਟਿਆ ਜਾ ਰਿਹਾ ਹੈ। ਤਹਿਰਾਨ ਦੀ ਵਾਹੇਦ ਬਸ ਕੰਪਨੀ ਦੀ ਜਥੇਬੰਦੀ ਦੇ ਆਗੂਆਂ ਨੂੰ ਵੀ ਬਿਨ੍ਹਾਂ ਕੇਸ ਚਲਾਇਆਂ ਜੇਲ੍ਹ ਵਿਚ ਸੁੱਟਿਆ ਹੋਇਆ ਹੈ। ਇਸ ਕਿਸਮ ਦੀਆਂ ਹੋਰ ਵੀ ਉਦਾਹਰਣਾ ਦੇਖੀਆਂ ਜਾ ਸਕਦੀਆਂ ਹਨ। ਇਸ ਸੰਬੰਧੀ ਪੰਜਾਬੀ ਵਿਚ ਛਪਦੇ ਮੈਗਜੀਨ 'ਸੰਗਰਾਮੀ ਲਹਿਰ' ਨੇ ਇਕ ਖ਼ਬਰ ਲਾ ਕੇ ਪੰਜਾਬੀ ਜਗਤ ਨੂੰ ਵੀ ਇਸ ਅਣਮੁੱਖੀ ਵਰਤਾਰੇ ਨਾਲ ਜੋੜ ਦਿੱਤਾ ਹੈ। ਹੁਣ ਪੰਜਾਬ ਦੇ ਲੋਕ ਵੀ ਦੁਨੀਆ ਭਰ ਦੇ ਬੁੱਧੀ ਜੀਵੀਆਂ ਦੀ ਮੁਹਿਮ ਵਿਚ ਸ਼ਾਮਲ ਹੋ ਗਏ ਹਨ। ਜਿਸ ਦੇ ਤਹਿਤ ਦੁਨੀਆ ਭਰ ਦੇ ਬੁੱਧੀਜੀਵੀ ਇੰਟਰਨੈਟ ਰਾਹੀਂ ਆਨਲਾਇਨ ਮੁਹਿੰਮ ਚਲਾਕੇ ਈਰਾਨ ਵਿਚ ਬੇਕਸੂਰ ਸਜਾਵਾਂ ਕੱਟ ਰਹੇ ਟਰੇਡ ਯੂਨੀਅਨ ਆਗੂਆਂ ਨੂੰ ਰਿਹਾਅ ਕਰਵਾਉਣ ਲਈ ਉਪਰਾਲੇ ਕਰ ਰਹੇ ਹਨ। ਜਿੱਥੇ ਅੰਤਰ ਰਾਸ਼ਟਰੀ ਮਨੁਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਅੱਜ ਸਰਗਰਮ ਹੋ ਰਹੇ ਹਨ। ਉੱਥੇ ਅੰਤਰ ਰਾਸਟਰੀ ਵਿਦਿਅਕ ਜਥੇਬੰਦੀਆਂ ਦੇ ਆਗੂ ਵੀ ਇਸ ਗੈਰ ਮਨੁੱਖੀ ਘਟਨਾ ਵਿਰੁੱਧ ਲਾਮਬੰਦ ਹੋ ਰਹੇ ਹਨ। ਪੰਜਾਬ ਚੰਡੀਗੜ੍ਹ ਕਾਲਜ਼ ਟੀਚਰਜ਼ ਯੂਨੀਅਨ ਨੇ ਵੀ ਇਸ ਮਹਿੰਮ ਵਿਚ ਇਕਮੁਠਤਾ ਦਾ ਪ੍ਰਗਟਾਵਾ ਕਰਦਿਆਂ ਪ੍ਰੋਫੈਸਰ ਘਨਵਾਰੀ ਦੀ ਤਰੁੰਤ ਰਿਹਾਈ ਦੀ ਮੰਗ ਕੀਤੀ ਹੈ। ਅੰਤ ਉਪਰ ਸਲੱਖਣ ਸਰਹੱਦੀ ਦਾ ਸ਼ੇਅਰ

ਜਗਦੇ ਰਹਿਣ ਸਲਾਮਤ ਦੀਵੇ ਆਟੇ ਦੇ, ਉਡਦੀ ਚਿੜੀ ਨੂੰ ਨਾ ਬਿੱਲੀ ਨਾ ਬਾਜ ਪਵੇ,

ਘੱਲੂ ਘਾਰੇ ਮੁਕਟ ਸਜਾਉਂਦੇ ਲੋਕਾਂ ਸਿਰ, ਲੜਦੇ ਲੋਕ ਹਮੇਸ਼ਾਂ ਜਿੰਦਾਬਾਦ ਰਹੇ।

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com

ਕਿਉਂ ਦੇਸ਼ ਦਾ ਤੀਜਾ ਹਿੱਸਾ ਅਬਾਦੀ ਕੁਪੋਸ਼ਣ ਤੋਂ ਪੀੜਤ?

ਡਾ. ਅਜੀਤਪਾਲ ਸਿੰਘ ਐਮ.ਡੀ.

ਕੌਮੀ ਕੁਪੋਸ਼ਣ ਨਿਗਰਾਨੀ ਬਿਊਰੋ (ਐਨ.ਐਨ.ਐਮ.ਬੀ.) ਅਨੁਸਾਰ ਭਾਰਤ ਦੀ ਬਾਲਗ ਆਬਾਦੀ ਦਾ ਇਕ ਤਿਹਾਈ ਤੋਂ ਵੀ ਵੱਧ ਦਾ ਹਿੱਸਾ ਬੀ.ਐਮ.ਆਈ. (ਬਾਡੀ ਮਾਸ ਇੰਡੈਕਸ) 18.5 ਤੋਂ ਵੀ ਘੱਟ ਹੈ ਅਤੇ ਉਹ ਲੰਮੇ ਸਮੇਂ ਤੋਂ ਕੁਪੋਸ਼ਣ ਦਾ ਸ਼ਿਕਾਰ ਹਨ। ਇਸ ਵਿਚ ਵੀ ਅਨੁਸੂਚਿਤ ਜਾਤੀਆਂ ਦੇ 50 ਫ਼ੀਸਦੀ ਅਤੇ ਅਨੁਸੂਚਿਤ ਜਨ ਜਾਤੀ 'ਚ 60 ਫ਼ੀਸਦੀ ਲੋਕਾਂ ਦਾ ਬੀ.ਐਮ.ਆਈ. 18.5 ਤੋਂ ਘੱਟ ਹਨ। ਉੜੀਸਾ 'ਚ 40 ਫ਼ੀਸਦੀ ਦੀ ਆਬਾਦੀ ਦਾ ਬੀ.ਐਮ.ਆਈ. 18.5 ਤੋਂ ਘੱਟ ਹੈ। ਵਿਕਸਤ ਸੂਬਾ ਮੰਨੇ ਜਾਣ ਵਾਲੇ ਮਹਾਰਾਸ਼ਟਰ ਵਿਚ 33 ਫ਼ੀਸਦੀ ਆਬਾਦੀ ਦਾ ਬੀ.ਐਮ.ਆਈ. 18.5 ਤੋਂ ਘੱਟ ਹੈ। ਕਈ ਪਿੰਡਾਂ 'ਚ ਤਾਂ 70 ਫ਼ੀਸਦੀ ਦਾ ਬੀ.ਐਮ.ਆਈ. 18.5 ਫ਼ੀਸਦੀ ਤੋਂ ਘੱਟ ਪਾਇਆ ਗਿਆ।

ਵਿਸ਼ਵ ਸਿਹਤ ਸੰਸਥਾ ਦਾ ਕਹਿਣਾ ਹੈ ਕਿ ਜੇ ਕਿਸੇ ਫਿਰਕੇ ਦੇ 40 ਫ਼ੀਸਦੀ ਤੋਂ ਵੱਧ ਮੈਂਬਰਾਂ ਦਾ ਬੀ.ਐਮ.ਆਈ. 18.5 ਫ਼ੀਸਦੀ ਤੋਂ ਘੱਟ ਹੈ ਤਾਂ ਉਸ ਫਿਰਕੇ ਦੇ ਇਲਾਕੇ ਨੂੰ ਅਕਾਲ ਗ੍ਰਸਿਤ ਮੰਨਿਆ ਜਾਣਾ ਚਾਹੀਦਾ ਹੈ।

ਇਸ ਪੈਮਾਨੇ ਨਾਲ ਭਾਰਤ 'ਚ ਅਨੁਸੂਚਿਤ ਜਨ-ਜਾਤੀਆਂ, ਅਨੁਸੂਚਿਤ ਜਾਤੀਆਂ ਅਤੇ ਪੂਰੇ ਉੜੀਸਾ ਨੂੰ ਸਥਾਈ ਤੌਰ 'ਤੇ ਅਕਾਲ ਗ੍ਰਸਿਤ ਸਥਿਤੀ ਮੰਨਿਆ ਜਾ ਸਕਦਾ ਹੈ। ਰਿਪੋਰਟ ਅਨੁਸਾਰ ਭਾਰਤ 'ਚ 5 ਸਾਲ ਦੀ ਉਮਰ ਦੇ 43 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਤੇ ਉਨ੍ਹਾਂ ਦਾ ਭਾਰ ਉਮਰ ਦੇ ਲਿਹਾਜ਼ ਨਾਲੋਂ ਘੱਟ ਹੈ। ਕੌਮਾਂਤਰੀ ਅਨਾਜ ਨੀਤੀ ਖੋਜ ਅਦਾਰੇ ਦੀ 2007 ਦੀ ਰਿਪੋਰਟ ਮੁਤਾਬਕ ਭੁੱਖਮਰੀ ਦੇ ਨਜ਼ਰੀਏ ਤੋਂ ਦੁਨੀਆ ਦੇ 118 ਦੇਸ਼ਾਂ 'ਚ ਭਾਰਤ ਦਾ 94ਵਾਂ ਥਾਂ ਸੀ ਜਦ ਕਿ ਪਾਕਿਸਤਾਨ ਦਾ 88ਵਾਂ ਤੇ ਚੀਨ ਦਾ 47ਵਾਂ। ਕੌਮਾਂਤਰੀ ਅਨਾਜ ਨੀਤੀ ਖੋਜ ਸੰਸਥਾ ਤੇ ਕੈਲੇਫੋਰਨੀਆ ਯੂਨੀਵਰਸਿਟੀ ਵਲੋਂ ਤਿਆਰ ਕੀਤੇ 'ਸੰਸਾਰ ਭੁੱਖ ਸੂਚਕ ਅੰਕ' (ਗਲੋਬਲ ਹੰਗਰ ਇੰਡੈਕਸ) 2008 ਮੁਤਾਬਕ ਦੁਨੀਆ ਦੇ 88 ਦੇਸ਼ਾਂ 'ਚ ਭਾਰਤ ਦਾ 66ਵਾਂ ਸਥਾਨ ਹੈ। ਅਫ਼ਰੀਕੀ ਦੇਸ਼ਾਂ ਅਤੇ ਬੰਗਲਾਦੇਸ਼ ਨੂੰ ਛੱਡ ਕੇ ਭੁੱਖੇ ਲੋਕਾਂ ਸਬੰਧੀ ਭਾਰਤ ਸਭ ਦੇਸ਼ਾਂ ਤੋਂ ਪਿੱਛੇ ਹੈ ਅਤੇ 2015 ਤਕ ਭੁੱਖ ਦੀ ਸੱਮਸਿਆ ਮਿਟਾ ਦੇਣ ਦੀ ਸੰਯੁਕਤ ਰਾਸ਼ਟਰ ਦੀ ਮੁਹਿੰਮ ਦੇ ਬਾਵਜੂਦ 2030 ਤਕ ਇਨ੍ਹਾਂ ਦੀ ਗਿਣਤੀ ਵੱਧ ਕੇ 80 ਕਰੋੜ ਹੋ ਜਾਣ ਦਾ ਅੰਦਾਜ਼ਾ ਹੈ। ਇਸ ਆਬਾਦੀ ਦਾ 25 ਫ਼ੀਸਦੀ ਹਿੱਸਾ ਸਿਰਫ਼ ਭਾਰਤ 'ਚ ਰਹਿੰਦਾ ਹੈ। ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਮੁਤਾਬਕ ਪੂਰੀ ਦੁਨੀਆ 'ਚ 85 ਕਰੋੜ 50 ਲੱਖ ਭੁੱਖਮਰੀ, ਕੁਪੋਸ਼ਣ ਤੇ ਨੀਮਪੋਸ਼ਣ ਦੇ ਸ਼ਿਕਾਰ ਹਨ। ਇਨ੍ਹਾਂ ਵਿਚੋਂ ਤਕਰੀਬਨ 35 ਕਰੋੜ ਆਬਾਦੀ ਭਾਰਤ ਦੀ ਹੈ। ਹਰ ਤਿੰਨ ਵਿਚੋਂ ਇਕ (ਯਾਨੀ 35 ਕਰੋੜ) ਭਾਰਤੀਆਂ ਨੂੰ ਭੁੱਖੇ ਪੇਟ ਸੌਣਾ ਪੈਂਦਾ ਹੈ। ਨਾ ਸਿਰਫ਼ ਪੂਰੀ ਦੁਨੀਆ ਦੇ ਪੱਧਰ 'ਤੇ ਇਸ ਦਾ ਕਾਰਨ ਅਨਾਜ ਦੀ ਘਾਟ ਹੈ ਬਲਕਿ ਵਧਦੀ ਮਹਿੰਗਾਈ ਤੇ ਆਮ ਲੋਕਾਂ ਦੀ ਘੱਟਦੀ ਅਸਲੀ ਆਮਦਨ ਹੈ।

ਸਯੁੰਕਤ ਰਾਸ਼ਟਰ ਸੰਘ ਦੀ ਰਿਪੋਰਟ ਮੁਤਾਬਕ ਭਾਰਤ 'ਚ 1991 'ਚ ਪ੍ਰਤੀ ਵਿਅਕਤੀ ਔਸਤ ਅਨਾਜ ਉਪਲੱਭਤਾ 580 ਗ੍ਰਾਮ ਸੀ ਜੋ 2007 'ਚ ਘੱਟ ਕੇ 445 ਗ੍ਰਾਮ ਰਹਿ ਗਈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਦੌਰਾਨ ਸਮਾਜ ਦੇ ਖੁਸ਼ਹਾਲ ਤਬਕਿਆਂ (ਉਚ ਮੱਧ ਵਰਗ ਤਕ)

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 32

ਲੱਗ ਰਹੀ ਆਂ ਕੰਧਾਂ ਦੇ ਨਾਲ

ਡਾ. ਕਰਮਜੀਤ ਸਿੰਘ
+91-99927 32006
kjskurukshetra@yahoo.com

ਮੈਂ ਉਸ ਗੀਤ ਦੀ ਚਰਚਾ ਕਰ ਰਿਹਾ ਹਾਂ ਜਿਹੜਾ ਮੈਂ ਆਪਣੀ ਮਾਤਾ ਤੇ ਭੂਆ ਤੋਂ ਸੁਣਿਆ। ਕੁਦਰਤੀ ਦੋਨਾਂ ਦਾ ਨਾਮ ਹੀ 'ਰਤਨੋ' ਹੈ। ਧਿਆਨ ਨਾਲ ਵਿਚਾਰਿਆ ਇਹ ਗੀਤ ਤੀਆਂ ਦਾ ਗੀਤ ਹੈ। ਧੀਆਂ ਮਾਪਿਆਂ ਘਰ ਆਉਂਦੀਆਂ ਹਨ। ਸਹੇਲੀਆਂ ਨਾਲ ਪੀਂਘਾਂ ਝੂਟਦੀਆਂ ਹਨ। ਮਨ ਖੇੜੇ ਵਿਚ ਹੁੰਦਾ ਹੈ, ਪਰ ਜਿਸ ਗੀਤ ਦੀ ਮੈਂ ਚਰਚਾ ਕਰ ਰਿਹਾ ਹਾਂ, ਉਸ ਵਿਚ ਮਾਹੌਲ ਗੰਭੀਰ ਹੈ, ਉਦਾਸੀਪੂਰਣ। ਤੀਆਂ ਦੇ ਰੰਗਲੇ ਤਿਉਹਾਰ ਦੇ ਪਿਛੋਕੜ ਵਿਚ ਇਹ ਉਦਾਸੀ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ। ਸਥਿਤੀ ਹੀ ਕੁਝ ਅਜਿਹੀ ਹੈ, ਆਰੰਭ ਤੋਂ ਹੀ ਉਦਾਸ ਮਾਹੌਲ ਸ੍ਰੋਤੇ ਨੂੰ ਕੀਲ ਲੈਂਦਾ ਹੈ, ਇਸ ਦੀ ਲੈਅ ਵੀ ਘੋਰ ਉਦਾਸੀ ਦੀ ਸੂਚਨਾ ਦਿੰਦੀ ਹੈ।

ਨੀ ਸੁਣ ਮੇਰੀਏ ਮਾਏ ਲੱਗ ਰਹੀ ਆਂ ਕੰਧਾਂ ਦੇ ਨਾਲ।

ਇਕ ਜੁ ਮੱਖੀ ਉੱਡ ਗਈ ਨੀ ਮਾਏ ਸਾਰੀਆਂ ਉੱਡ ਗਈਆਂ ਨਾਲ।

ਸੰਬੋਧਨ ਮਾਂ ਨੂੰ ਹੈ। ਮਾਂ ਜਿਸ ਨਾਲ ਧੀ ਦਾ ਇਕ ਪਰਦਾ ਹੈ। ਆਦਮੀ ਦੁੱਖ ਵਿਚ ਹੋਵੇ ਤਾਂ ਉਹ ਵੀ 'ਹਾਇ ਮਾਂ ਨੀ' ਦਾ ਹਉਕਾ ਭਰਦਾ ਹੈ, ਇਹ ਤਾਂ ਫਿਰ ਧੀ ਹੈ। ਇਹ ਮਾਨਵੀ ਸਬੰਧਾਂ ਦੀ ਗੂੜ੍ਹੀ ਛਾਂ ਹੈ, ਜਿਸ ਵਿਚੋਂ ਸੰਬੋਧਨ ਨਿਕਲਦੇ ਹਨ। ਇਹ ਕੋਈ ਨਿਰਪੁਰਾ ਭਾਸ਼ਾਈ ਅਡੰਬਰ ਨਹੀਂ ਹੈ। 'ਲੱਗ ਰਹੀ ਆਂ ਕੰਧਾਂ ਦੇ ਨਾਲ' ਵੀ ਅਜਿਹਾ ਕੁਝ ਵਾਪਰਨ ਦੀ ਸੂਚਨਾ ਦਿੰਦਾ ਹੈ, ਜਿਸ ਤੋਂ ਉਦਾਸੀ ਦੀ ਭਾਵਨਾ ਪੈਦਾ ਹੋਈ ਹੈ। ਪਹਿਲਾ ਕਾਰਨ ਤਾਂ 'ਇਕ ਜੁ ਮੱਖੀ ਉੱਡ ਗਈ' ਵਾਕੰਸ਼ ਵਿਚ ਪਿਆ ਹੋਇਆ ਹੈ। ਲੋਕ ਮਨ ਨੂੰ ਪ੍ਰਤੀਕ ਲੱਭਣ ਲਈ ਮਗਜ਼ ਖਪਾਉਣਾ ਨਹੀਂ ਪੈਂਦਾ, ਉਸ ਨੇ ਤਾਂ ਆਲੇ-ਦੁਆਲੇ ਵਿਚੋਂ ਹੀ ਮਨ ਦੇ ਭਾਵ ਪ੍ਰਗਟਾਅ ਦੇ ਸਾਧਨ ਲੱਭ ਲੈਣੇ ਹਨ। 'ਮੱਖੀ' ਧੀ ਦਾ ਜਾਂ ਕੁੜੀ ਦਾ ਪ੍ਰਤੀਕ ਹੈ। ਸਾਰੇ ਪੰਜਾਬੀ ਸਾਹਿਤ ਵਿਚ ਤੁਹਾਨੂੰ ਇਹ ਪ੍ਰਤੀਕ ਨਹੀਂ ਮਿਲੇਗਾ। ਇਕ ਮੱਖੀ ਦੇ ਉੱਡਣ ਨਾਲ ਸਾਰੀਆਂ ਦਾ ਉੱਡ ਜਾਣਾ ਆਮ ਅਨੁਭਵ ਹੈ, ਜੋ ਇਕ ਕੁੜੀ ਦੇ ਨਾਲ-ਨਾਲ ਸਾਰੀਆਂ ਦੇ ਵਿਆਹੇ ਜਾਣ ਨਾਲ ਜੁੜ ਜਾਂਦਾ ਹੈ। ਪਹਿਲੀ ਉਦਾਸੀ ਦਾ ਕਾਰਨ ਸਹੇਲੀਆਂ ਨਾਲੋਂ ਵਿਛੜਨਾ ਹੈ। ਪਰ ਸ਼ਾਇਦ ਇਹੋ ਇਕੋ ਇਕ ਕਾਰਨ ਨਹੀਂ ਹੈ ਕਿ ਕੁੜੀ ਕੰਧਾਂ ਕਉਲਿਆਂ ਨਾਲ ਲੱਗਣ 'ਤੇ ਮਜਬੂਰ ਹੋ ਜਾਂਦੀ ਹੈ। ਪੁੱਤ ਰੁੱਸ ਜਾਏ ਤਾਂ ਉਹ ਘਰ ਦੀਆਂ ਚੀਜ਼ਾਂ ਭੰਨੇਗਾ, ਮਾਰ-ਕੁਟਾਈ ਕਰੇਗਾ, ਹੇਠਲੀ ਉੱਪਰ ਕਰੇਗਾ, ਪਰ ਧੀ ਵਾਤਾਵਰਣ ਵਿਚ ਆਪਣੀਆਂ ਸੀਮਾਵਾਂ ਪਛਾਣਦੀ ਹੈ, ਉਹ ਕੰਧਾਂ ਨਾਲ ਲੱਗ ਕੇ ਰੋ-ਧੋ ਕੇ ਮਨ ਹਲਕਾ ਕਰਦੀ ਹੈ।

ਦੂਰੋਂ ਤਾਂ ਚੱਲ ਕੇ ਆਈ ਨੀ ਮਾਏ, ਕਿਨੇ ਨਾ ਦਿੱਤਾ ਪਿਆਰ
ਨੀ ਮੇਰੀ ਲਾਡਲੀਏ ਮਾਏ, ਕਿਨੇ ਨਾ ਕਿਹਾ ਤੂੰ ਬੈਠ।

ਗੀਤ ਇਕ ਗੰਢ ਲੁਕਾਈ ਬੈਠਾ ਹੈ ਕਿ ਜਿਸ ਮਾਂ ਨੂੰ ਧੀ ਸੰਬੋਧਨ ਕਰ ਰਹੀ ਹੈ ਉਹ ਇਸ ਦੁਨੀਆ ਵਿਚ ਨਹੀਂ। ਨਹੀਂ ਤਾਂ ਉਹ ਹੋਰਨਾਂ ਦੇ ਪਿਆਰ ਲਈ ਅਜਿਹਾ ਤਰਸੇਵਾਂ ਨਾ ਭੋਗਦੀ। ਧੀ ਆਈ ਹੈ ਦੂਰੋਂ ਚੱਲ ਕੇ। ਸਹੁਰਿਆਂ ਤੋਂ। ਜਦੋਂ ਉਹ ਸਹੁਰੇ ਘਰ ਦੇ ਦਬਾਵਾਂ ਭਰੇ ਜੀਵਨ ਤੋਂ ਥੋੜ੍ਹੀ ਦੇਰ ਛੁਟਕਾਰਾ ਪਾ ਕੇ ਪੇਕਿਆਂ ਵੱਲ ਤੁਰਦੀ ਹੈ ਤਾਂ ਉਹ ਉਥੋਂ ਦੇ ਮਾਹੌਲ ਦਾ ਰੁਮਾਂਟਿਕ ਨਕਸ਼ਾ ਮਨ ਵਿਚ ਵਸਾ ਕੇ ਚਲਦੀ ਹੈ। ਉਹ ਉਥੇ ਜਾਵੇਗੀ ਤਾਂ ਜਾਂਦਿਆਂ ਸਾਰੇ ਉਸ ਨੂੰ ਉੱਡ ਕੇ ਮਿਲਣਗੇ। ਪਿਆਰ ਦੀ ਉਸ ਉੱਪਰ ਵਰਖਾ ਹੋਵੇਗੀ। ਭਰਾਵਾਂ-ਭਰਜਾਈਆਂ ਤੇ ਮਾਂ-ਪਿਉ ਦੇ ਨਾਲ ਉਹ ਦੁੱਖ-ਸੁੱਖ ਫੋਲ ਕੇ ਮਨ ਹੌਲਾ ਕਰੇਗੀ। ਉਸ ਦੀ ਖ਼ੂਬ ਸੇਵਾ ਹੋਵੇਗੀ, ਭਤੀਜੇ, ਭਤੀਜੀਆਂ ਨਾਲ ਉਹ ਖੇਡੇ ਮਲੇਗੀ। ਪਰ ਇੱਥੇ ਤਾਂ ਪਹਿਲਾ ਮਹੂਰਤ ਹੀ ਖਰਾਬ ਹੋਇਆ ਹੈ ਕਿ ਕਿਸੇ ਨੇ ਸਿਰ 'ਤੇ ਪਿਆਰ ਤੱਕ ਨਹੀਂ ਦਿੱਤਾ। ਨਾ ਹੀ ਕਿਸੇ ਨੇ ਬੈਠਣ ਤੱਕ ਦੀ ਸੁਲਾਹ ਮਾਰੀ ਹੈ।

ਤਾਇਆਂ ਤਾਂ ਚਾਚਿਆਂ ਬ੍ਰੇੜਾ ਜੋ ਭਰਿਆ ਕਿਨੇ ਨਾ ਦਿੱਤਾ ਪਿਆਰ।

ਨੀ ਸੁਣ ਰਾਣੀਏ ਮਾਏ, ਕਿਨੇ ਨਾ ਦਿੱਤਾ ਪਿਆਰ।

ਮਾਂ-ਪਿਉ ਦੀ ਅਣਹੋਂਦ ਵਿਚ ਤਾਏ, ਚਾਚੇ, ਤਾਈਆਂ, ਚਾਚੀਆਂ ਤੋਂ ਪਿਆਰ ਦੀ ਆਸ ਰੱਖੀ ਜਾਂਦੀ ਹੈ। ਪਰੰਤੂ ਜਾਇਦਾਦੀ ਰਿਸ਼ਤਿਆਂ ਵਿਚ ਬੱਝੇ ਇਹ ਰਿਸ਼ਤੇ ਰਸਮੀ ਗੱਲਾਂ ਨਿਭਾਉਣ ਤੋਂ ਵੀ ਇਨਕਾਰੀ ਹੋ ਖਲੋਂਦੇ ਹਨ। ਇਸੇ ਲਈ ਧੀ ਇਕ ਹੋਰ ਗੀਤ ਵਿਚ ਸੱਚ ਕਹਿੰਦੀ ਹੈ।

ਚਿੱਟੀ ਚਾਦਰ ਤਾਂ ਪੱਲੇ ਰਾਈ, ਮਾਂ ਬਣਦੀ ਨਾ ਸਕੀ ਚਾਚੀ ਤਾਈ,

ਰੱਬਾ ਕਿਤੇ ਮਿਲੀਏ।

ਇਨ੍ਹਾਂ ਪੰਗਤੀਆਂ ਵਿਚ ਵੀ ਉਪਰ ਵਾਲੀ ਚੀਸ ਹੀ ਉੱਭਰਦੀ ਦਿਖਾਈ ਦਿੰਦੀ ਹੈ। ਸਕੇ ਚਾਚੇ ਤਾਇਆਂ ਨੇ ਨਾ ਤਾਂ ਪਿਆਰ ਹੀ ਦਿੱਤਾ ਤੇ ਨਾ ਹੀ ਬੈਠਣ ਲਈ ਕਿਹਾ।

ਤੇ ਭਾਬੀਆਂ ਬੇੜਾ ਜੋ ਭਰਿਆ, ਬੀਰੇ ਨੇ ਦਿੱਤਾ ਪਿਆਰ।
ਮੇਰੇ ਲਾਡਲਿਆ ਬੀਰ, ਬੀਰੇ ਨੇ ਦਿੱਤਾ ਪਿਆਰ।

ਇੱਥੇ ਸਕੇ ਉਸ ਲਈ ਬਹੁੜੇ। ਬੀਰੇ-ਭਾਬੀਆਂ ਨਾਲ ਵਿਹੜਾ ਭਰਿਆ ਹੋਣਾ ਵਸਦੇ-ਰਸਦੇ ਘਰਾਂ ਦੀ ਨਿਸ਼ਾਨੀ ਹੈ। ਮਾਂ-ਪਿਉ ਦੀ ਥਾਂ ਚਾਚੇ-ਤਾਏ ਤਾਂ ਨਹੀਂ ਭੁਗਤੇ, ਪਰ ਬੀਰ ਨੇ ਧਰਮ ਨਿਭਾਇਆ, ਉਸ ਨੇ ਭੈਣ ਦਾ ਸਿਰ ਪਲੋਸਿਆ। ਭਰਜਾਈਆਂ-ਨਣਦਾਂ ਦੀ ਗੀਤਾਂ ਵਿਚ ਰਿਸ਼ਤੇਦਾਰੀ ਵਿਰੋਧਤਾ ਵਾਲੀ ਹੈ, ਪਰ ਇੱਥੇ ਲੱਖਾਂ 'ਚੋਂ ਇਕ ਉਦਾਹਰਣ ਅਜਿਹੀ ਵੀ ਹੈ ਜਿਸ ਵਿਚ ਭਾਬੀਆਂ ਨਣਾਨ ਨੂੰ ਬਣਦਾ ਆਦਰ-ਮਾਣ ਦਿੰਦੀਆਂ ਹਨ।

ਭਾਬੋ ਨੇ ਦਿੱਤਾ ਰੱਤਾ ਪਲੰਘ ਨੀ ਮਾਏ, ਭਾਬੀਆਂ ਨੇ ਦਿੱਤਾ ਪਿਆਰ।

ਨੀ ਸੁਣ ਰਾਣੀਏਂ ਮਾਏ, ਭਾਬੀਆਂ ਨੇ ਦਿੱਤਾ ਪਿਆਰ।

'ਰੱਤਾ ਪਲੰਘ' ਵੀ ਪੰਜਾਬੀ ਸਭਿਆਚਾਰ ਦੀ ਖੁਸ਼ੀਆਂ ਨਾਲ ਜੁੜੀ ਅਜਿਹੀ ਵਸਤੂ ਹੈ, ਜਿਸ ਬਿਨ ਖੁਸ਼ੀ ਦੇ ਕਾਰਜ ਅਧੂਰੇ ਹਨ। ਸੁਹਾਗਾਂ ਵਿਚ ਵੀ, 'ਲਾਡੋ ਲਾਡਲੀਏ ਪਲੰਘ ਰੰਗੀਲੇ 'ਤੇ ਕਿਉਂ ਖੜ੍ਹੀ ਐਂ' ਵਰਗੇ ਭਾਵ ਆਉਂਦੇ ਹਨ। ਇੱਥੇ ਖ਼ਾਤਰਦਾਰੀ ਦਾ ਸਿਖ਼ਰ ਹੈ ਜਿਸ ਦਾ ਵਿਰੋਧ 'ਟੁੱਟੀ ਜਿਹੀ ਮੰਜੀ ਬਾਣ ਪੁਰਾਣਾ' ਹੀ ਹੋ ਸਕਦਾ ਹੈ। ਕੁੜੀ ਦੇ ਘਰ ਪ੍ਰਵੇਸ਼ ਸਮੇਂ ਜੋ ਮਨ ਵਿਚ ਟੀਸ ਉੱਠੀ ਸੀ, ਉਹ ਤਾਂ ਸ਼ਾਂਤ ਹੁੰਦੀ ਵਿਖਾਈ ਦਿੰਦੀ ਹੈ, ਪਰ ਜਿਸ ਮਾਂ ਨੂੰ ਉਹ ਸੰਬੋਧਨ ਕਰਦੀ ਹੈ, ਉਸ ਦੀ ਅਣਹੋਂਦ ਨੇ ਸਥਿਤੀ ਪੂਰੀ ਤਰ੍ਹਾਂ ਸਾਵੀਂ ਨਹੀਂ ਕੀਤੀ ਇਸ ਲਈ ਗੀਤ ਮੁੱਢਲੀ ਲੈਅ ਵਿਚ ਹੀ ਸਮਾਪਤ ਹੋ ਜਾਂਦਾ ਹੈ।ਹੁਣ ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਸ਼ਾਇਦ ਨਣਾਨ ਭਰਜਾਈ ਦੇ ਇਸੇ ਰਿਸ਼ਤੇ ਕਾਰਨ ਹੀ, ਨਣਾਨ-ਭਰਜਾਈ (ਭੂਆ ਤੇ ਮਾਤਾ ਜੀ) ਇਹ ਗੀਤ ਇਕੱਠੀਆਂ ਹੋ ਕੇ ਗਾ ਰਹੀਆਂ ਸਨ। ਇਹ ਇਕ ਹੋਰ ਤੱਥ ਸੀ ਕਿ ਦੋਨਾਂ ਦੇ ਮਾਂ-ਪਿਉ ਹੁਣ ਇਸ ਦੁਨੀਆ ਵਿਚ ਨਹੀਂ ਸਨ। ਇਹ ਸੱਚ ਗੀਤ ਦੀ ਲੈਅ ਨੂੰ ਸੱਚਮੁੱਚ ਸੋਗਮਈ ਬਣਾ ਦਿੰਦਾ ਹੈ। ਪਤਾ ਨਹੀਂ ਕਦੋਂ ਤੋਂ ਇਹ ਗੀਤ ਮਾਂ-ਪਿਉ ਬਾਹਰੀਆਂ ਧੀਆਂ ਦੀ ਮਾਨਸਿਕ ਤਰਜਮਾਨੀ ਕਰਦਾ ਆ ਰਿਹਾ ਹੈ।

ਸ਼ੀਸ਼ੇ ਨੂੰ ਤਰੇੜ ਪੈ ਗਈ

ਸੁਰਿੰਦਰ ਅਤੈ ਸਿੰਘ
+91-98781-09063

ਪੰਜਾਂ ਕੁ ਸਾਲ ਦੀ ਬਾਲੜੀ ਹੱਥ ਵਿਚ ਨਿੱਕਾ, ਗਿੱਠ ਕੁ ਜਿੱਡਾ ਸ਼ੀਸ਼ਾ ਫੜੀ ਖੇਡੇ ਲੱਗੀ ਹੋਈ ਸੀ। ਕੋਲ ਉਸ ਦੀ ਭੂਆ ਮਸ਼ੀਨ 'ਤੇ ਸਰ੍ਹਾਣਿਆਂ ਨੂੰ ਕਿੰਗਰੀ ਲਾ ਰਹੀ ਸੀ। ਸਾਰੇ ਕਹਿੰਦੇ ਸਨ ਕਿ ਉਹ ਬੱਚੀ ਦੀਆਂ ਅੱਖਾਂ ਬਹੁਤ ਸੋਹਣੀਆਂ ਨੇ, ਮੋਟੀਆਂ ਅਤੇ ਚੀਰਵੀਆਂ। ਕੁੜੀ ਨੇ ਆਪਣਾ ਮੁਖੜਾ ਸ਼ੀਸ਼ੇ 'ਚ ਵੇਖਿਆ, ਕਹਿੰਦੀ, 'ਭੂਆ ਜੀ! ਮੇਰੀਆਂ ਕਿੱਡੀਆਂ ਵੱਡੀਆਂ ਅੱਖਾਂ, ਹੈ ਨਾ!'। ਭੂਆ ਨੇ ਮੂੰਹ ਉਤਾਂਹ ਚੱਕ ਕੇ ਅਜੇ ਉਸ ਦੀਆਂ ਅੱਖਾਂ ਵਿਚ ਝਾਕ ਕੇ ਹੱਸਣਾ ਸੀ ਲਾਡ ਨਾਲ, ਕਿ ਕੁੜੀ ਬੁਰੀ ਤਰ੍ਹਾਂ ਡਿੱਗ ਪਈ। ਡਿੱਗੀ ਪਤਾ ਨਹੀਂ ਉਹ ਕਿਸ ਬਿੰਧ ਕਿ ਸ਼ੀਸ਼ਾ ਮੂਧਾ ਫਰਸ਼ 'ਤੇ ਜਾ ਪਿਆ। ਉਹਦੇ ਉੱਪਰ ਬੱਚੀ ਦੀ ਹਥੇਲੀ ਸੀ। ਕੁੜੀ ਮੱਛੀ ਵਾਂਗ ਤਿਲਕਦੀ ਕਿੰਨੀ ਦੂਰ ਜਾ ਕੇ ਡਿੱਗ ਪਈ। ਬੱਚੀ ਸੱਟ ਤੋਂ ਬਚ ਗਈ ਪਰ ਸ਼ੀਸ਼ਾ ਚੂਰ-ਚੂਰ ਹੋ ਗਿਆ। ਜੇ ਸ਼ੀਸ਼ੇ ਨੇ ਇਕ ਨਿੱਕੀ ਜਿਹੀ ਬਾਲੜੀ ਨੂੰ ਮੂਧੇ ਮੂੰਹ ਡੇਗਤਾ ਤਾਂ ਜੁਆਨ ਕੁੜੀ ਜਾਂ ਗਭਰੂ ਮੁੰਡੇ ਨੂੰ ਹਵਾ 'ਚ ਉਡਣ ਕਿਉਂ ਨਹੀਂ ਲਾਉਂਦਾ ਹੋਵੇਗਾ?

ਨਿੱਤਰਿਆ ਪਾਣੀ ਸ਼ੀਸ਼ੇ ਦਾ ਝਉਲਾ ਪਾਉਂਦਾ ਹੈ। ਹੋ ਸਕਦਾ ਮਨੁੱਖ ਨੇ ਸਭ ਤੋਂ ਪਹਿਲਾਂ ਪਾਣੀ ਵਿਚ ਹੀ ਆਪਣਾ ਆਪ ਵੇਖਿਆ ਹੋਵੇ। ਸ਼ੀਸ਼ਾ ਵੇਖਣਾ ਮਨੁੱਖ ਤਾਂ ਕੀ ਪੰਛੀਆਂ ਨੂੰ ਵੀ ਚੰਗਾ ਲੱਗਦਾ ਹੈ। ਕਦੇ ਵਸੋਂ ਵਾਲੇ ਘਰ ਵੱਲ ਕੋਈ ਕੱਟਾ ਵੱਛੀ ਲੰਘ ਆਵੇ ਤੇ ਉਨ੍ਹਾਂ ਨੂੰ ਸ਼ੀਸ਼ਾ ਦਿੱਸ ਜਾਵੇ ਤਾਂ ਉਹ ਸ਼ੀਸ਼ੇ ਸਾਹਵੇਂ ਕਿੰਨਾ ਚਿਰ ਖਲੋਤੇ ਰਹਿੰਦੇ ਹਨ। ਪਰ੍ਹਾਂ ਹੱਟਣ ਨੂੰ ਜਿਵੇਂ ਜੀਅ ਹੀ ਨਹੀਂ ਕਰਦਾ। ਸ਼ੀਸ਼ੇ ਨਾਲ ਟੱਕਰਾਂ ਮਾਰਦੀਆਂ ਚਿੜੀਆਂ ਤਾਂ ਹਰ ਘਰ ਵਿਚ ਵੇਖੀਆਂ ਜਾ ਸਕਦੀਆਂ ਹਨ। ਨਿੱਕੇ ਜਿਹੇ ਬੱਚੇ ਨੂੰ ਸ਼ੀਸ਼ੇ ਨਾਲ ਖੇਡਦਿਆਂ ਤੱਕੋ। ਉਹ ਸ਼ੀਸ਼ੇ ਵਿਚਲੇ ਬੱਚੇ ਨੂੰ ਧੱਫੇ ਮਾਰਦਾ ਹੈ। ਝੂਠ ਮੂਠ ਰੋ ਕੇ ਦੇਖਦਾ ਹੈ, ਰੁੱਸਦਾ ਹੈ, ਕਦੇ ਹੱਸਦਾ ਹੈ। ਨਿੱਕਾ ਬੱਚਾ ਬੜਾ ਹੈਰਾਨ ਹੋ ਕੇ ਸ਼ੀਸ਼ੇ ਵਿਚਲਾ ਬੱਚਾ ਵੀ ਬਿਲਕੁਲ ਮੇਰੇ ਵਾਂਗ ਹੀ ਕਿਵੇਂ ਤੇ ਕਿਉਂ ਕਰਦਾ ਹੈ।

ਲੋਕ ਸੱਚ ਹੈ ਕਿ ਟੁੱਟਾ ਹੋਇਆ ਸ਼ੀਸ਼ਾ ਜੁੜਦਾ ਨਹੀਂ। ਇਸੇ ਲਈ ਦਿਲ ਦੀ ਤੁਲਨਾ ਸ਼ੀਸ਼ੇ ਨਾਲ ਕੀਤੀ ਜਾਂਦੀ ਹੈ, 'ਸ਼ੀਸ਼ਾ ਦਿਲ ਵਾਲਾ ਕੀਤਾ ਕਾਹਨੂੰ ਚੂਰ ਦੱਸ ਜਾ, ਸਾਡਾ ਕੋਈ ਤੇ ਤੂੰ ਵੈਰਨੇ ਕਸੂਰ ਦੱਸ ਜਾ।' ਸ਼ੀਸ਼ੇ ਵਿਚ ਪਈ ਤਰੇੜ ਮਨਾਂ ਵਿਚਲੀ ਦੂਰੀ ਵਾਂਗ ਮਿਟਦੀ ਨਹੀਂ।



ਸਫਾਈ, ਸੱਚ ਤੇ ਪਵਿੱਤਰਤਾ ਦੀ ਤੁਲਨਾ ਸ਼ੀਸ਼ੇ ਨਾਲ ਕੀਤੀ ਜਾਂਦੀ ਹੈ। ਨੰਦ ਲਾਲ ਨੂਰਪੁਰੀ ਪੰਜਾਬਣ ਦੇ ਰੂਪ-ਜੁਆਨੀ ਦੀ ਸਿਫ਼ਤ ਕਰਦਾ ਕਹਿੰਦਾ ਹੈ: 'ਸ਼ੀਸ਼ੇ ਵਾਂਗ ਸਾਫ਼ ਸੁੱਚੀਏ ਤੇ ਸੱਚੀਏ, ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ।' ਕੁਝ ਵਹਿਮ ਵੀ ਜੁੜੇ ਨੇ ਸ਼ੀਸ਼ੇ ਨਾਲ। ਟੁੱਟੇ ਜਾਂ ਤਰੇੜ ਹੋਏ ਸ਼ੀਸ਼ੇ 'ਚ ਮੂੰਹ ਨਹੀਂ ਵੇਖੀਦਾ। ਸ਼ੀਸ਼ੇ 'ਚ ਪਈ ਤਰੇੜ ਕੋਈ ਚੰਗਾ ਸ਼ਗਨ ਨਹੀਂ ਮੰਨਿਆ ਜਾਂਦਾ ਪਰ ਸ਼ਿਵ ਕੁਮਾਰ ਬਟਾਲਵੀ ਨੇ ਇਸ ਨੂੰ ਨਵੇਂ ਹੀ ਅਰਥ ਦੇ ਕੇ ਪੰਜਾਬ ਦੀਆਂ ਪੌਣਾਂ 'ਚ ਰਚਾ ਦਿੱਤਾ, 'ਨੀਂ ਇਕ ਮੇਰੀ ਅੱਖ ਕਾਸ਼ਨੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ, ਸ਼ੀਸ਼ੇ ਨੂੰ ਤਰੇੜ ਪੈ ਗਈ, ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ।'

ਸ਼ੀਸ਼ੇ ਬਾਰੇ ਲੋਕ ਗੀਤ ਨੇ, ਗੀਤ ਨੇ ਅਤੇ ਸ਼ਾਇਰੀ ਹੈ। ਉਰਦੂ ਦਾ ਬੜਾ ਖੂਬਸੂਰਤ ਸ਼ੇਅਰ ਹੈ: ਆਈਨੇ ਕੇ ਸੌ ਟੁਕੜੇ ਕਰਕੇ ਦੇਖੇ ਹੈਂ। ਏਕ ਮੇਂ ਭੀ ਤਨਹਾ ਥੇ, ਸੌ ਮੇਂ ਭੀ ਅਕੇਲੇ ਹੈਂ।'

ਮੰਨਿਆ ਜਾਂਦਾ ਹੈ ਕਿ ਸ਼ੀਸ਼ਾ ਝੂਠ ਨਹੀਂ ਬੋਲਦਾ, ਤੁਸੀਂ ਜਿਹੋ ਜਿਹੇ ਹੋ, ਸ਼ੀਸ਼ਾ ਉਹੋ ਪ੍ਰਤੀਬਿੰਬ ਪੇਸ਼ ਕਰਦਾ ਹੈ। ਪਰ ਸਾਡੇ ਇਕ ਸ਼ਾਇਰ ਦੀ ਕਿਤਾਬ ਦਾ ਨਾਂ ਹੈ 'ਸ਼ੀਸ਼ਾ ਝੂਠ ਬੋਲਦਾ ਹੈ।'

ਸ਼ੀਸ਼ਾ ਸਿਰਫ਼ ਵਸਤੂ ਦਾ ਨਹੀਂ ਹੈ ਬਲਕਿ ਇਕ ਸੰਕਲਪ ਦਾ ਨਾਂ ਹੈ। ਸ਼ੀਸ਼ਾ ਨਿਰਮਲਤਾ ਦਾ, ਸਫ਼ਾਈ ਦਾ ਅਤੇ ਨਾਜ਼ੁਕਤਾ ਦਾ ਪ੍ਰਤੀਕ ਹੈ। ਇਸੇ ਲਈ ਨਾਜ਼ੁਕ ਵਸਤੂਆਂ ਦੇ ਸੰਭਾਲਣ ਲਈ ਪੈਕਿੰਗ ਦੇ ਬਾਹਰ ਮੋਟੇ ਅੱਖਰਾਂ 'ਚ ਲਿਖਿਆ ਹੁੰਦਾ ਹੈ: ਹੈਂਡਲ ਵਿਦ ਕੇਅਰ'। ਕਿਸੇ ਦੇ ਬਹੁਤ ਸਾਫ਼ ਸੁਥਰੇ ਘਰ ਬਾਰੇ ਆਖ ਦਿੰਦੇ ਨੇ ਕਿ ਘਰ ਤਾਂ ਸ਼ੀਸ਼ੇ ਵਾਂਗ ਲਿਸ਼ਕਦਾ।

ਤਿੰਨ ਦਹਾਕੇ ਪਹਿਲਾਂ ਛੋਟੀਆਂ ਜਾਂ ਜੁਆਨ ਹੋ ਰਹੀਆਂ ਕੁੜੀਆਂ ਨੂੰ ਸ਼ੀਸ਼ਾ ਵੇਖਣ ਦੀ ਖੁਲ੍ਹ ਨਹੀਂ ਸੀ ਹੁੰਦੀ। ਆਮ ਘਰਾਂ ਵਿਚ ਤੇ ਖਾਸ ਕਰ ਪਿੰਡਾਂ ਵਿਚ ਸ਼ੀਸ਼ੇ ਏਨੇ ਆਮ ਹੁੰਦੇ ਹੀ ਨਹੀਂ ਸਨ। ਜਿਹੜਾ ਇਕ ਅੱਧਾ ਹੁੰਦਾ ਸੀ ਉਹ ਕਿਸੇ ਸੱਜ ਵਿਆਹੀ ਨੂੰਹ ਧੀ ਦੇ ਕਮਰੇ 'ਚ ਹੁੰਦਾ ਸੀ। ਬਾਲੜੀਆਂ ਨੂੰ ਸ਼ੀਸ਼ਾ ਵੇਖਦਿਆਂ ਵੇਖ ਕੇ ਘਰ-ਪਰਿਵਾਰ ਦਾ ਕੋਈ ਨਾ ਕੋਈ ਜੀਅ ਜ਼ਰੂਰ ਟੋਕ ਦਿੰਦਾ ਸੀ। ਚੋਰੀ ਸ਼ੀਸ਼ਾ ਵੇਖਦਿਆਂ ਜੇ ਕੋਈ ਪਿਓ-ਭਰਾ ਚਾਣਚੱਕ ਉਪਰੋਂ ਆ ਜਾਂਦਾ ਤਾਂ ਕੁੜੀ ਸੰਗਦੀ ਅੱਖ ਵਿਚ ਪਿਆ ਕੱਖ ਆਦਿ ਵੇਖਣ ਲੱਗ ਜਾਂਦੀ ਜਾਂ ਫਿਰ ਮੂੰਹ ਖੋਹਲ ਕੇ ਦੁਖਦੇ ਦੰਦ ਨੂੰ ਵੇਖਣ ਦਾ ਬਹਾਨਾ ਬਣਾਨ ਲੱਗ ਜਾਂਦੀ। ਹੁਣ ਸਮਾਂ ਬਦਲ ਗਿਆ ਹੈ। ਨਿੱਕੀ ਜਿਹੀ ਧੀ ਸ਼ੀਸ਼ੇ ਮੂਹਰੇ ਖਲੋਤੀ ਪਿਆਰੀ ਲੱਗਦੀ ਹੈ। ਮਾਪੇ ਧੀਆਂ ਨੂੰ ਖੁਦ ਸਜਾਉਂਦੇ ਹਨ। ਸ਼ੀਸ਼ੇ ਮੂਹਰੇ ਖਲੋ ਕੇ ਮਾਂ ਦੀਆਂ ਮਹਿੰਗੀਆਂ ਸੁਰਖੀਆਂ ਬਿੰਦੀਆਂ 'ਤੇ ਜਦੋਂ ਨਿਆਣੀ ਕਹਿਰ ਢਾਹੁੰਦੀ ਹੈ ਤਾਂ ਹੁਣ ਕੋਈ ਝਿੜਕਦਾ ਨਹੀਂ ਸਗੋਂ ਆਪਣੀ ਲਾਡਲੀ ਦੀ ਕੈਮਰੇ ਨਾਲ ਫੋਟੋ ਖਿੱਚਣ ਲੱਗ ਜਾਂਦੇ ਨੇ। ਕੁਝ ਬਹੁਤ ਹੀ ਖੂਬਸੂਰਤ ਝਲਕਾਰਾ ਮਿਲਦਾ ਹੈ।

ਮਨੁੱਖੀ ਅੱਖ ਵੀ ਸ਼ੀਸ਼ੇ ਦੀ ਨਿਆਈਂ ਹੈ। ਦੁੱਧ ਪੀਂਦਾ ਬੱਚਾ ਜਦੋਂ ਮਾਂ ਦੀਆਂ ਅੱਖਾਂ ਵਿਚ ਝਾਕਦਾ ਹੈ ਤਾਂ ਆਪਣਾ ਅਕਸ ਵੇਖ ਕੇ ਹੈਰਾਨ ਹੁੰਦਾ ਹੈ। ਸ਼ਾਇਦ ਇਹ ਪਹਿਲੀ ਝਲਕ ਹੁੰਦੀ ਹੈ ਆਪਣੇ ਆਪ ਦੀ। ਜੁਆਨ ਹੋਇਆਂ ਪਤਾ ਨਹੀਂ ਕੀਹਨੇ, ਕੀਹਦੀ ਅੱਖ 'ਚ ਜਾ ਵੱਸਣਾ ਹੈ। ਸ਼ੀਸ਼ੇ ਦੀ ਮੁਢਲੀ ਵਰਤ



ਥੰਮਣ ਸਿੰਘ ਸੈਣੀ
+91-90412-14798

1976 'ਚ ਕੇਂਦਰੀ ਯੁਵਕ ਲਿਖਾਰੀ ਸਭਾ, ਫਿਰੋਜ਼ਪੁਰ ਵੱਲੋਂ ਕਰਵਾਏ ਗਏ ਪੰਜਾਬ ਪੱਧਰ ਦੇ ਗ਼ਜ਼ਲ ਮੁਕਾਬਲੇ, ਜਿਸ ਵਿਚ ਮਰਹੂਮ ਜਨਾਬ ਦੀਪਕ ਜੈਤੋਈ, ਸਾਧੂ ਸਿੰਘ ਹਮਦਰਦ, ਪ੍ਰਿੰਸੀਪਲ ਤਖ਼ਤ ਸਿੰਘ ਤੇ ਰੈਕਟਰ ਕਸੂਰੀਆ ਜੱਜ ਨਿਯੁਕਤ ਸਨ, ਉਨ੍ਹਾਂ ਦੀ ਪਾਰਖੂ ਨਜ਼ਰ ਨੇ ਥੰਮਣ ਸਿੰਘ ਸੈਣੀ ਨੂੰ ਪੰਜਾਬ ਭਰ 'ਚੋਂ ਪਹਿਲਾ ਐਵਾਰਡ ਦਿੱਤਾ, ਜਿਸ ਨਾਲ ਉਹ ਗ਼ਜ਼ਲਗੋਆਂ ਦੀ ਕਤਾਰ ਵਿਚ ਸ਼ਾਮਲ ਹੋਇਆ ਅਤੇ ਹੁਣ ਗ਼ਜ਼ਲ ਦੇ ਇਕ ਹਸਤਾਖ਼ਰ ਵਜੋਂ ਜਾਣਿਆ ਜਾਂਦਾ ਹੈ, ਉਹ ਜਿਥੇ ਖੂਬਸੂਰਤ ਗ਼ਜ਼ਲ ਲਿਖਦਾ ਹੈ, ਉਸ ਨੂੰ ਬੜੇ ਹੁਲਾਸ ਨਾਲ ਗਾਉਂਦਾ ਵੀ ਹੈ। ਅੱਜ ਕੱਲ੍ਹ ਉਹ ਪਟਿਆਲਾ ਤੋਂ ਨਿਕਲਦੇ ਰੋਜ਼ਾਨਾ ਅਖ਼ਬਾਰ 'ਆਸ਼ੀਆਨਾ' ਨਾਲ ਜੁੜਿਆ ਹੋਇਆ ਹੈ ਅਤੇ ਚੰਡੀਗੜ੍ਹ-ਮੋਹਾਲੀ ਤੋਂ ਬਤੌਰ ਪੱਤਰਕਾਰ ਕੰਮ ਕਰ ਰਿਹਾ ਹੈ। ਉਸ ਨੇ ਗੀਤ, ਨਜ਼ਮ ਅਤੇ ਕਵਿਤਾ ਜਿਹੀ ਸਿਨਫ਼ 'ਤੇ ਵੀ ਕਲਮ ਅਜ਼ਮਾਈ ਕੀਤੀ ਹੈ। ਸਵਰਗੀ ਦੀਵਾਨ ਸਿੰਘ ਮਹਿਰਮ ਦੇ ਇਸ ਸ਼ਾਗਿਰਦ ਤੋਂ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਆਸਾਂ ਹਨ।

ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਖਵਰੇ ਕਿਹੜੇ ਦੇਸ਼ ਵਸਦੀਆਂ, ਨਸ਼ਿਆਈਆਂ-ਨਸ਼ਿਆਈਆਂ ਰੂਹਾਂ।
ਮੈਨੂੰ ਅੱਜ ਤੱਕ ਅਕਸਰ ਮਿਲੀਆਂ ਕੁਮਲਾਈਆਂ-ਕੁਮਲਾਈਆਂ ਰੂਹਾਂ।

ਭਾਵੇਂ ਰੂਹ ਦੇ ਰਿਸ਼ਤੇ ਤਿੜਕੇ, ਪਰ ਫਿਰ ਵੀ ਕੁਝ ਜਿਸਮਾਂ ਅੰਦਰ,
ਰੂਹ ਤੋਂ ਰੂਹ ਦਾ ਪੈਂਡਾ ਨਾਪਣ, ਤ੍ਰਿਹਾਈਆਂ-ਤ੍ਰਿਹਾਈਆਂ ਰੂਹਾਂ।

ਸੋਨ-ਚਿੜੀ ਜਿਹੇ ਦੇਸ਼ ਦੇ ਅੰਦਰ, ਕੇਹਾ ਭਾਣਾ ਵਰਤ ਗਿਆ ਹੈ,
ਜਿੱਧਰ ਦੇਖਾਂ ਨਜ਼ਰੀ ਆਵਣ, ਮੁਰਝਾਈਆਂ-ਮੁਰਝਾਈਆਂ ਰੂਹਾਂ।

ਮਜਬੂਰੀ ਸਿਰ ਦੋਸ਼ ਮੜ੍ਹਨ ਨਾ, ਹੱਕਾਂ ਖਾਤਰ ਮਰ-ਮਿੱਟ ਜਾਵਣ,
ਆਪਣਾ ਹਿੱਸਾ ਜੋ ਖੋਹ ਲੈਵਣ, ਮੈਂ ਢੂੰਡਾਂ ਹਮਸਾਈਆਂ ਰੂਹਾਂ।

ਤਕਦੀਰਾਂ ਦੇ ਕਪੜੇ ਲਾਹ ਕੇ, ਤਦਬੀਰਾਂ ਦਾ ਜਾਮਾ ਪਹਿਨਣ,
ਲਾੜੀ ਮੌਤ ਨੂੰ ਸੱਦੇ ਭੇਜਣ, ਉਸਦੇ ਸੰਗ ਪ੍ਰਨਾਈਆਂ ਰੂਹਾਂ।

ਸੀਨੇ ਦੇ ਵਿੱਚ ਸੁਰਖ਼ ਜਵਾਲਾ, ਅੱਖੀਆਂ ਦੇ ਵਿੱਚ ਸੁਪਨੇ ਲੈ ਕੇ,
ਸੀਸ ਤਲੀ ਤੇ ਲੈ ਕੇ ਨੱਚਣ, ਗਰਮਾਈਆਂ-ਗਰਮਾਈਆਂ ਰੂਹਾਂ।

ਹੁਣ ਸੱਪਾਂ ਦੀਆਂ ਸਿਰੀਆਂ ਮਿੱਧ ਕੇ, 'ਸੈਣੀ' ਕਿਰਤ ਦਾ ਹੋਕਾ ਦਿੰਦੀਆਂ,
ਹਰ ਇੱਕ ਚੋਰ ਦੇ ਬੰਗਲੇ ਅੰਦਰ, ਬੱਸ ਆਈਆਂ ਕਿ ਆਈਆਂ ਰੂਹਾਂ।

ਖਵਰੇ ਕਿਉਂ ਸਾਡਾ ਪਿਆਰ ਬਣਕੇ, ਘਾਲਾ-ਮਾਲਾ ਰਹਿ ਗਿਆ।
ਉਹ ਹਾੜ ਤਪਦਾ ਰਹਿ ਗਿਆ, ਉਹੀ ਸਿਆਲਾ ਰਹਿ ਗਿਆ।

ਤੂੰ ਤਾਂ ਸਜਾ ਕੇ ਮਾਂਗ ਨੂੰ, ਅਣਖਾਂ ਦੀ ਰਾਖੀ ਕਰ ਲਈ,
ਤੇਰੀ ਦੀਵਾਲੀ ਹੋ ਗਈ, ਸਾਡਾ ਦੀਵਾਲਾ ਰਹਿ ਗਿਆ।

ਜ਼ਿੰਦਗੀ ਦੇ ਮੋੜ 'ਤੇ, ਮੁੜ ਕੇ ਮਿਲੇ ਕੁਝ ਇਸ ਤਰ੍ਹਾਂ,
ਅੱਖਾਂ 'ਚ ਫੋਲੇ ਪੈ ਗਏ, ਜੀਭਾਂ ਨੂੰ ਤਾਲਾ ਰਹਿ ਗਿਆ।

ਤੂੰ ਆਪ ਹੀ ਹੱਥ ਜਾਮ ਦੇ, ਰਿੰਦਾ 'ਚ ਸ਼ਾਮਿਲ ਕਰ ਲਿਆ,
ਦੱਸ ਫੇਰ ਹੁਣ ਕਿਉਂ ਸਾਕੀਆ, ਖਾਲੀ ਪਿਆਲਾ ਰਹਿ ਗਿਆ।

ਕੱਖਾਂ ਦੀ ਕੁੱਲੀ ਛੱਡ ਤੂੰ, ਮਹਿਲਾਂ ਦੀ ਰਾਣੀ ਬਣ ਗਈ,
ਸੁਣਿਐ ਕਿ ਤੇਰੀ ਨਜ਼ਰ ਤੋਂ ਨੀਵਾਂ ਹਿਮਾਲਾ ਰਹਿ ਗਿਆ।

ਜਦ ਵੀ ਕਿਸੇ ਨੇ ਛੇੜ ਦਿੱਤੀ, ਪਿਆਰ ਦੀ ਕੋਈ ਦਾਸਤਾਂ,
ਮੇਰੀ ਜੁਬਾਂ ਉਤੇ ਸਦਾ, ਤੇਰਾ ਹਵਾਲਾ ਰਹਿ ਗਿਆ।

ਜ਼ਿੰਦਗੀ ਦੀ ਰਾਤ ਰੌਸ਼ਨ, ਕਿਸ ਤਰ੍ਹਾਂ 'ਸੈਣੀ' ਕਰੇ,
ਉਹ ਚੰਨ ਜਿਥੇ ਰਹਿ ਗਿਆ, ਉਥੇ ਉਜਾਲਾ ਰਹਿ ਗਿਆ।

ਕਦੇ ਕੁਝ ਆਪਣੇ ਖਾਤਿਰ, ਕਦੇ ਕੁਝ ਸੂਰਜਾਂ ਖਾਤਿਰ।
ਮੁਹੱਬਤ ਨਚੱਦੀ ਵੇਖੀ ਮੈਂ ਕੁਝ ਕੁ ਟੁਕੜਿਆਂ ਖਾਤਿਰ।

ਅਸਾਡੀ ਮੌਤ ਦੀ ਤਖਤੀ 'ਤੇ ਜਿਹਨਾਂ ਦਸਤਖ਼ਤ ਕੀਤੇ,
ਅਸਾਂ ਨੇ ਉਮਰ ਲਾਰੀ ਹੈ, ਉਨ੍ਹਾਂ ਹੀ ਗਿਰਗਿਟਾਂ ਖਾਤਿਰ।

ਸਾਬਤ ਸ਼ੀਸ਼ਿਆਂ ਵਿਚੋਂ ਹੀ ਲੋਕੀ ਵੇਖਦੇ ਅਕਸਰ,
ਤਰੱਦਦ ਕਰੇ ਨਾ ਕੋਈ ਵੀ, ਤਿੜਕਿਆਂ ਸ਼ੀਸ਼ਿਆਂ ਖਾਤਿਰ।

ਅਸਾਡੀ ਹੋਂਦ ਨੂੰ ਜੇਕਰ ਤੁਸੀਂ ਲਲਕਾਰਨਾ ਚਾਹਿਆ,
ਸਿਰਾਂ ਨੂੰ ਦਾਅ 'ਤੇ ਲਾਵਾਂਗੇ, ਅਸੀਂ ਵੀ ਮੰਜ਼ਿਲਾਂ ਖਾਤਿਰ।

ਅੱਜ ਦੇ ਰਾਜਨੀਤਕ ਵੀ ਸਿਆਸੀ ਰੋਟੀਆਂ ਸੇਕਣ,
ਮਾਰੇ ਹੂਕ ਨਾ ਕੋਈ, ਮਨੁੱਖੀ ਕੀਮਤਾਂ ਖਾਤਿਰ।

ਸਮੁੰਦਰ ਤੈਰ ਕੇ ਆਇਆ, ਹਵਾਵਾਂ ਚੀਰਦਾ ਆਇਆ,
ਤੂਫਾਨਾਂ ਸਾਹਮਣੇ ਖੜਿਆ ਹਾਂ, ਨਿੱਘੇ ਰਿਸ਼ਤਿਆਂ ਖਾਤਿਰ।

ਸੁਣਿਐ ਓਸ ਦਾ ਚਰਚਾ ਹੈ ਅੱਜ ਕੱਲ੍ਹ ਸੁਰਖ਼ੀਆਂ ਅੰਦਰ,
'ਸੈਣੀ' ਭਟਕਦਾ ਫਿਰਦਾ ਸੀ ਜੋ ਬੈਸਾਖੀਆਂ ਖਾਤਿਰ।

ਸਹਾਰਾ ਢੂੰਡ ਨਾ ਐਵੇਂ, ਸਹਾਰੇ ਠੀਕ ਨਈਂ ਹੁੰਦੇ।
ਮਿਲੇ ਹੋਏ ਜੀਣ ਲਈ ਸਾਹ ਵੀ, ਉਧਾਰੇ ਠੀਕ ਨਈਂ ਹੁੰਦੇ।

ਅਸਾਡੀ ਰੀਝ ਦੇ ਪੰਛੀ, ਮਸਾਂ ਹੀ ਚਹਿਚਹਾਏ ਨੇ,
ਤੁਸੀਂ ਫਿਰ ਲੈ ਮੁੜੇ ਫਾਹੀਆਂ, ਇਹ ਕਾਰੇ ਠੀਕ ਨਈਂ ਹੁੰਦੇ।

ਹਨੇਰੇ ਸਾਥ ਲੱਭਣ ਦੀ, ਤੁਸਾਂ ਜੋ ਬਾਤ ਪਾਈ ਹੈ,
ਕਿਸੇ ਜਿਉਂਦੀ ਨਜ਼ਰ ਲਈ, ਇਹ ਹੁੰਗਾਰੇ ਠੀਕ ਨਈਂ ਹੁੰਦੇ।

ਅਸੀਂ ਬੰਦਿਸ਼ ਨਿਭਾਵਾਂਗੇ, ਮਗਰ ਇਹ ਜ਼ਿਹਨ ਵਿੱਚ ਲੈ ਕੇ,
ਜੋ ਪੈਰਾਂ ਨੂੰ ਜਕੜ ਲੈਂਦੇ, ਕਿਨਾਰੇ ਠੀਕ ਨਈਂ ਹੁੰਦੇ।

ਹੋਵੇ ਕੂਕਦੀ ਬਾਗ਼ੀਂ ਜੇ ਕੋਇਲ ਤਾਂ ਹੀ ਸਭ ਅੱਛਾ,
ਕਿ ਜਿੱਥੇ ਬੋਲਦੇ ਉੱਲੂ, ਉਹ ਢਾਰੇ ਠੀਕ ਨਈਂ ਹੁੰਦੇ।

ਕੰਧਾਂ ਤਿੜਕ ਜਾਵਣ ਦਾ, ਤੁਹਾਨੂੰ ਤੌਖ਼ਲਾ ਹੁਣ ਕਿਉਂ,
ਬਣੇ ਹੋਏ ਰੇਤ ਦੇ ਅਕਸਰ, ਚੁਬਾਰੇ ਠੀਕ ਨਈਂ ਹੁੰਦੇ।

ਗਲੀ ਜੇ ਯਾਰ ਦੀ ਆਉਣਾ, ਤਲੀ 'ਤੇ ਸੀਸ ਲੈ ਕੇ ਆ,
ਮਿਲਣ ਦੀ ਤਾਂਘ ਹੈ 'ਸੈਣੀ', ਤਾਂ ਲਾਰੇ ਠੀਕ ਨਈਂ ਹੁੰਦੇ।

ਸਮਝ ਨਾ ਹੋਇਆ ਅਚਾਨਕ ਹਾਦਸਾ।
ਇਹ ਤਾਂ ਚਲੇਗਾ ਨਿਰੰਤਰ ਸਿਲਸਿਲਾ।

ਤੂੰ ਪਪੀਹੇ ਭਾਲਦੈਂ, ਕਿਥੋਂ ਸੁਆਂਤ?
ਧਰਤ ਮੇਰੇ ਸ਼ਹਿਰ ਦੀ ਹੈ ਕਰਬਲਾ।

ਇਹ ਸਰਾਪੇ ਮੌਸਮਾਂ ਦੀ ਦਾਸਤਾਂ,
ਬੇ-ਜੁਬਾਂ ਲੋਕਾਂ ਦਾ ਜ਼ਿਹਨੀ ਤੌਖ਼ਲਾ।

ਕੱਲ੍ਹ ਅਮਨਾਂ ਦਾ ਮਸੀਹਾ ਮਰ ਗਿਆ,
ਮੌਸਮਾਂ ਤੋਂ ਡਰ ਜਿਹਾ ਲੱਗਦਾ ਰਿਹਾ।

ਅੱਧ-ਨੰਗੀ ਲਾਸ਼ ਉਹ ਗ਼ਲਦੀ ਰਹੀ,
ਨੇੜਿਓਂ ਦੀ ਲੰਘਿਆ ਹਰ ਕਾਫ਼ਲਾ।

ਰੌਣਕਾਂ ਚਿਹਰੇ ਉਦਾਸੀ ਉੱਘੜੀ,
ਕੌਣ ਸਮਿਆਂ ਨੂੰ ਚੁਆਤੀ ਲਾ ਗਿਆ।
ਕੱਲ੍ਹ ਸੂਰਜ ਵਾਂਗਰਾਂ ਸੀ ਚਮਕਦਾ,
ਅੱਜ 'ਸੈਣੀ' ਜਾਪਦਾ, ਜੁਗਨੂੰ ਜਿਹਾ।

ਜਦ ਵੀ ਸੋਚੀਂ ਪਾਇਆ ਹੱਥ।
ਕੱਖ ਨਾ ਮੇਰੇ ਆਇਆ ਹੱਥ।

ਉਸ ਨੇ ਹੱਥਲ ਕੀਤਾ ਹੈ,
ਜਿਸ ਦੇ ਨਾਲ ਮਿਲਾਇਆ ਹੱਥ।

ਹੱਥ ਉਹਨਾਂ ਕੀ ਛੱਡਿਆ,
ਮੁੜ ਕੇ ਹੱਥ ਨਾ ਆਇਆ ਹੱਥ।

ਜਾਂਦੀ ਵਾਰੀ ਉਹਨਾਂ ਨੇ
ਨਖ਼ਰਿਆਂ ਨਾਲ ਹਿਲਾਇਆ ਹੱਥ

ਯਾਦ ਉਹਨਾਂ ਦੀ ਜਦ ਆਈ,
ਝੱਟ ਸੀਨੇ 'ਤੇ ਆਇਆ ਹੱਥ।

ਕਿਸਮਤ ਧੁਰ ਤੋਂ ਕਾਲੀ ਏ,
ਲੱਖਾਂ ਵਾਰ ਦਿਖਾਇਆ ਹੱਥ।

'ਸੈਣੀ' ਦੇਖ ਕੇ ਰੋ ਉੱਠਿਆ,
ਉਹਨਾਂ ਹੱਥ ਪਰਾਇਆ ਹੱਥ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks ❖ Lube & Oil
❖ Muffler ❖ Tires
❖ Suspension ❖ Batteries
Umesh Amin
email: unamin@gmail.com
Phone:780 463 2886
WE CARE YOUR CAR BETTER

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

Bell
STUCCO & RENOVATION
Residential
Commertial
ਰੈਨੋਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ

ਜ਼ਰਾ ਸੋਚੋ ! !

Age ਉਮਰ	Per Month Rate / ਪ੍ਰਤੀ ਮਹੀਨਾ ਰੇਟ*			
	100,000	250,000	500,000	1,000,000
25	11.34	18.23	29.70	52.65
35	11.70	19.70	31.50	56.65
45	16.20	30.38	54.00	101.25
55	30.60	66.38	126.00	245.25
65	67.68	159.08	311.40	616.05

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ?
- ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ **ਜੀਵਨ ਬੀਮਾ ਇੰਕ.** ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।

Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans

Jasvir Deol

For All Insurance Needs Book Appointment Today.

Calgary

Bus: (403) 717 - 0666
Cell: (403) 830 - 7007

Edmonton

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME
FAMILY PHYSICIANS

Dr. V.K. Thapar (M.D., CCFP)*
Dr. B.S. Jassar (M.D., Ph.D, CCFP)*
Dr. S. Bananda (M.D.)
Dr. Farhat Siddiqui (M.D.)

By Appointments Only Cell: 780 918 0516

ਤੁਹਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।

Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼

Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889

Passport Photos
by:
Kanwal Lyall

All types of Immigration, Passport, PIO, Citizenship Photos

Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval

DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

JELD-WEN Alexandria Moulding Masonite
Fancy DOORS & MOULDINGS LTD.
SPRING SALE!
START THE SEASON WITH SAVINGS!

Interior Doors

Cheyenne
Smooth, H/C, Pre-Hung
18" x 36"
MDF Jamb, 3 Hinges

ONLY $49.99

Bostonian
6-Panel, Pre-Hung
18" to 36"
MDF Jamb, 3 Hinges

ONLY $55.99

Exterior Doors

Fibreglass "Parliament"
Pre-Hung
(32" or 36" x 80")
with 4.5" Jamb

ONLY $299.99

6-Panel Steel Door
with Brick Moulding
Pre-Hung (32" or 36")
with 4.5" Jamb

ONLY $149.99

PRAIRIE SELECT SERIES
A 3-Panel Mission Shaker, Fir
B 3-Panel Equal Shaker, MDF
C 5-Panel Shaker, MDF

French Doors



Single or Double "Paris" Doors



Circle Ring

Square Ring with Band

Pantry Slab

ONLY $99.00

Exterior Wood Doors
Prefinished 32" x 32" x 96"

THESE THREE DOORS ONLY $4500.00 EACH

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed

Come visit our new, remodeled showroom!

Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net

Limited time offer Expires May 31, 2012

SAVE ON DOOR KNOBS AND HANDLES!

Taymor TRANSITIONAL

Tofino Knob
ONLY $12.99

2 Piece Deadbolt
ONLY $24.99

Villa Passage Knob
ONLY $13.99

Superior Door Lock and Handle Set
ONLY $49.99

MOULDING & MILLWORK HIGHLAND PARK SERIES ~ CLEAN, MODERN & ELEGANT!

#546	#8039	#8237	#8081	#8281
Casing	Casing	Baseboard	Casing	Baseboard
1¼" x 5½"	¾" x 3½"	⅝" x 5½"	⅝" x 3¼"	½" x 6"
SPERO™	MDF Primed	MDF Primed	MDF Primed	MDF Primed
ONLY $1.99 /linear foot	ONLY $0.59 /linear foot	ONLY $0.69 /linear foot	ONLY $0.59 /linear foot	ONLY $0.69 /linear foot

ALEXANDRIA Moulding MOULDING SPECIALS!

#5010	#412	#411	#3140	#356
1¾16" x 4¾16"	⅝" x 4¼"	11⁄16" x 3"	⅜" x 3¼"	2¼" x ⅜"
MDF Primed	MDF Primed	MDF Primed	MDF Primed	MDF Primed
ONLY $1.29 /linear foot	ONLY $0.55 /linear foot	ONLY $0.45 /linear foot	ONLY $0.29 /linear foot	ONLY $0.19 /linear foot

SAVE ON BATHROOM FIXTURES!

Infinity 4 Piece Bath Set:
ONLY $29.99

Towel Bar
Robe Hook
Paper Holder
Towel Ring

Towel Bar
Paper Holder
Robe Hook

Sunglow 4 Piece Bath Set
ONLY $24.99

Towel Ring

ALBERTA

Honourable

Gene Zwozdesky, MLA

*"My warmest wishes to all celebrating India's **65th** Independence Day!"*

MLA, Edmonton Mill Creek
Speaker, Alberta Legislative Assembly
Phone: 780-466-3737

— Gene

"working with you and for you"

Happy 65th Independence Day!



albertaliberalcaucus

2nd Floor Legislature Annex
9718 - 107 Street
Edmonton, Alberta T5K 1E4

Phone 780.427.2292 | Fax 780.427.3697

liberal.correspondence@assembly.ab.ca
www.albertaliberalcaucus.com

RANG PUNJAB DEE-2012

With Kamaljeet Neelon(Mano Billi Wala)

Mr. Neelon is coming in our city Edmonton. We will get kids together and perform Cultural & religious songs. This program will include the social moral value too. In this program, kids will have opportunity to participate in the different kinds of activities. This workshop will start on 13 August 2012 to 25 August

@ (3650 – 91st First Mennonite Church)

Near (Acca Center..Old Headway school)

At: 5.00 PM

Those kids are performing in Festival Place at 26 August 2012(Sunday)

So put your kids in this Workshop

For Registration and More info

Kuldip Dhaliwal: Blaspuri

(780) 278 0627 or (780) 278 2607

RURAL HEARITAGE & SPORTS CLUB OF ALBERTA

6th Anniversary Special

NIRVANA
ENTERTAINMENT INC.

NIRVANA

Lunch & Dinner Buffet
7 Days a Week
(Veg. & Non-Veg.)

$9.99

From March 1 - May 1 2012
Holi & Vaisakhi Specials

KHOYA MITHAI $6.99/LB

JALEBI $1.99

LADDO $2.99

SAMOSAS 3 for $1

Catering $10/ head

Book Any Banquet Party
$ 20.00
per person

NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

ਤਿੰਨ ਮੁਲਾਕਾਤਾਂ

ਇਕ ਲੋਕ ਨਾਟਕਕਾਰ-ਹਬੀਬ ਤਨਵੀਰ
ਇਕ ਲੋਕ ਗਾਇਕਾ-ਮਾਰਜ਼ੀਏ
ਇਕ ਲੋਕ ਕਵੀ-ਹਬੀਬ ਜਾਲਿਬ

ਤਿੰਨਾਂ ਮੁਲਾਕਾਤਾਂ ਦੇ ਉਲੱਥਾਕਾਰ
ਹਰਭਜਨ ਸਿੰਘ ਹੁੰਦਲ
+91-99150-42242

ਥੀਏਟਰ

ਹਬੀਬ ਤਨਵੀਰ

ਮੈਂ ਪੱਛਮ ਦੀ ਬਾਂਦਰ ਨਕਲ ਨਹੀਂ ਸਾਂ ਕਰਨਾ ਚਾਹੁੰਦਾ



ਮੁਲਾਕਾਤੀ- ਸ਼ਾਹਿਦ ਅਨਵਰ

ਹਬੀਬ ਤਨਵੀਰ ਸਮਕਾਲੀ ਹਿੰਦੀ ਥੀਏਟਰ ਦਾ ਸਭ ਤੋਂ ਪ੍ਰਮੁੱਖ ਡਾਇਰੈਕਟਰ ਸੀ। ਉਸਨੇ ਇਸ ਖੇਤਰ ਵਿਚ ਲੋਕ-ਨਾਟ ਸ਼ੈਲੀ ਨੂੰ ਉੱਚਤਮ ਪੱਧਰ ਤੀਕ ਵਿਕਸਿਤ ਕਰਕੇ, ਭਾਰਤੀ ਥੀਏਟਰ ਵਿਚ ਇੱਕ ਨਵੀਂ ਨਾਟ-ਸ਼ੈਲੀ ਨੂੰ ਜਨਮ ਦਿੱਤਾ ਸੀ। ਪਿੱਛੇ ਜਿਹੇ ਉਹਨਾਂ ਦੀ ਹੋਈ ਮੌਤ ਨਾਲ ਇਸ ਨਾਟ-ਸ਼ੈਲੀ ਨੂੰ ਵੱਡੀ ਸੱਟ ਵੱਜੀ ਹੈ। ਸ਼ਾਹਿਦ ਅਨਵਰ ਥੀਏਟਰ ਬਾਰੇ ਲਗਾਤਾਰ ਲਿਖਦਾ ਰਹਿੰਦਾ ਹੈ। ਇਹ ਮੁਲਾਕਾਤ ਦਿੱਲੀ ਤੋਂ ਛਪਦੇ ਚੁਮਾਸਕ ਪੱਤ੍ਰਿਕਾ ਹਿੰਦੀ ਜੁਲਾਈ 2000 ਅੰਕ ਵਿਚੋਂ ਲੈ ਕੇ ਅੰਗਰੇਜ਼ੀ ਚੋਂ ਅਨੁਵਾਦ ਕੀਤੀ ਗਈ ਹੈ ਤੇ ਧੰਨਵਾਦ ਸਹਿਤ ਇੱਥੇ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। - ਅਨੁਵਾਦਕ

ਸ਼ਾਹਿਦ ਅਨਵਰ : ਤੁਸਾਂ ਸਮਕਾਲੀ ਹਿੰਦੀ ਥੀਏਟਰ ਦੇ ਵਿਕਾਸ ਵਿਚ ਪ੍ਰਭਾਵਸ਼ਾਲੀ ਦੇਣ ਦਿੱਤੀ ਹੈ। ਤੁਹਾਡੇ ਖ਼ਿਆਲ ਵਿਚ ਇਸ ਲੰਮੀ ਯਾਤਰਾ ਵਿਚ ਕਿਹੜੇ ਵੱਡੇ ਮੀਲ ਪੱਥਰ ਸਨ?

ਹਬੀਬ ਤਨਵੀਰ : ਹਾਂ, ਪਰ ਇਹ ਕੰਮ ਥੀਏਟਰ ਦੇ ਆਲੋਚਕਾਂ ਜਾਂ ਥੀਏਟਰ ਦੇ ਇਤਿਹਾਸਕਾਰਾਂ ਦਾ ਹੈ ਕਿ ਉਹ ਇਹਨਾਂ ਮਹੱਤਵ ਵਾਲੇ ਮੀਲ-ਪੱਥਰਾਂ ਬਾਰੇ ਬਾਤ ਕਰਨ। ਫਿਰ ਵੀ ਹਿੰਦੀ ਥੀਏਟਰ ਵਿਚ ਆਪਣੀ ਹਿੱਸੇਦਾਰੀ ਬਾਰੇ ਗੱਲ ਚਲਾਵਾਂਗਾ, ਸੰਭਵ ਹੈ ਕਿ ਇਸ ਨਾਲ ਇਸ ਸਫ਼ਰ ਉੱਤੇ ਵੀ ਕੁਝ ਚਾਨਣ ਪਵੇ। ਜਦੋਂ ਮੈਂ ਪੰਜਾਹ ਜਾਂ ਪੰਚਵੰਜਾ ਸਾਲ ਪਹਿਲਾਂ ਕਾਲਜ ਵਿਚ ਸੀ ਤਾਂ ਅੰਗਰੇਜ਼ੀ ਥੀਏਟਰ ਭਾਰੂ ਸੀ। ਇਹ ਮੁੱਖ ਤੌਰ ਤੇ ਪਾਰਸੀ ਥੀਏਟਰ ਸੀ, ਪਰ ਇਸ ਕੋਲ ਚੰਗੇ ਨਾਟਕਾਂ ਦੀ ਘਾਟ ਸੀ। ਇਸ ਪ੍ਰਸੰਗ ਵਿਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਅਰਥਾਤ (ਇਪਟਾ) ਇੱਕ ਵਿਸ਼ੇਸ਼ ਮੀਲ ਪੱਥਰ ਸੀ। ਇਸ ਲਹਿਰ ਨੇ ਦੇਸ਼ ਦੇ ਵੱਡੇ ਹਿੱਸਿਆਂ ਵਿਚ ਇੱਕ ਵਾਤਾਵਰਨ ਪੈਦਾ ਕੀਤਾ ਸੀ। ਬੰਬਈ ਤੋਂ ਕਲਕੱਤਾ, ਦਿੱਲੀ ਤੋਂ ਲਾਹੌਰ ਅਤੇ ਦੱਖਣ ਵਿਚ, ਇੱਕ ਨਵੀਂ ਜਾਗ੍ਰਿਤੀ ਪੈਦਾ ਹੋਈ। ਲੋਕਾਂ ਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਕਿਸੇ ਵੀ ਭਾਂਤ ਦਾ ਪਰਿਵਰਤਨ ਤਾਂ ਹੀ ਆਵੇਗਾ ਜੇ ਥੀਏਟਰ ਵਿਚ ਲੋਕ-ਰੂਪਾਂ ਦੇ ਪ੍ਰਵੇਸ਼ ਦੀ ਆਗਿਆ ਮਿਲੇ।

ਕਿਸਾਨਾਂ ਤੇ ਮਜ਼ਦੂਰਾਂ ਦੀਆਂ ਲਹਿਰਾਂ ਨੇ ਵੀ ਸਾਡੇ ਸਭਿਆਚਾਰ ਉੱਤੇ ਆਪਣਾ ਪ੍ਰਭਾਵ ਪਾਇਆ। ਅਸਲ ਵਿਚ, ਕਿਸਾਨ ਤੇ ਮਜ਼ਦੂਰ ਇੱਕੋ ਹੀ ਸਭਿਆਚਾਰਕ ਪੱਧਰ ਉੱਤੇ ਸਨ। ਅਖ਼ੀਰ ਨੂੰ ਇਹ ਕਿਸਾਨ ਹੀ ਸਨ ਜੋ ਪਿੰਡਾਂ ਤੋਂ ਹਿਜਰਤ ਕਰਕੇ ਸ਼ਹਿਰੀ ਕੇਂਦਰਾਂ ਵਿਚ ਗਏ ਸਨ ਤੇ ਮਜ਼ਦੂਰ ਬਣ ਗਏ ਸਨ। ਇਪਟਾ ਨੇ ਇਹਨਾਂ ਦੋਵਾਂ ਸ਼੍ਰੇਣੀਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ।

ਉਸ ਵੇਲੇ ਤੀਕ ਮੈਂ ਆਪਣਾ ਨਾਟਕ ''ਸ਼ਤਰੰਜ ਕੇ ਮੋਹਰੇ'' ਮੁਕੰਮਲ ਕਰ ਚੁੱਕਾ ਸੀ। ਦੀਨਾ ਪਾਠਕ ਨੇ ਨਾਟਕ ਦਾ ਨਿਰਦੇਸ਼ਨ ਕੀਤਾ ਤੇ ਮੈਂ ਇਸ ਵਿਚ ਕੰਮ ਕੀਤਾ ਸੀ। ਨਾਟਕ 1948 ਵਿਚ ਹੈਦਰਾਬਾਦ ਵਿਚ ਪੇਸ਼ ਕੀਤਾ ਗਿਆ। 'ਸ਼ਤਰੰਜ ਕੇ ਮੋਹਰੇ' ਵਿਚ ਕੋਈ ਗੀਤ ਨਹੀਂ ਸਨ ਸਿਵਾਏ ਕਵੀ ਇਨਸ਼ਾਂ ਦੀ ਇੱਕ ਗ਼ਜ਼ਲ ਦੇ। ਮੈਂ 1954 ਵਿਚ ਦਿੱਲੀ ਆ ਗਿਆ ਤੇ ਇਪਟਾ ਦਾ ਸਾਮਾਨ ਕੱਛੇ ਮਾਰਿਆ। ਪਹਿਲੀ ਵਾਰ ਮੈਂ ਦਿੱਲੀ ਆ ਕੇ ਜੋ ਪਹਿਲਾ ਨਾਟਕ ਪੇਸ਼ ਕੀਤਾ, ਉਹ 'ਆਗਰਾ ਬਜ਼ਾਰ' ਸੀ, ਜਿਸ ਵਿਚ ਇੱਕ ਗੀਤ ਵੀ ਸ਼ਾਮਿਲ ਸੀ। ਉਦੋਂ ਤੀਕ ਮੈਂ ਨਾ ਸੰਸਕ੍ਰਿਤ ਨਾਟਕ ਤੋਂ ਜਾਣੂ ਸੀ, ਨਾ ਬ੍ਰੈਖ਼ਤ ਤੋਂ। ਜਦੋਂ ਮੈਂ ਸੰਸਕ੍ਰਿਤ ਨਾਟਕ ਪੜ੍ਹੇ ਤਾਂ ਉਹ ਜਿਸ ਸ਼ੈਲੀ ਵਿਚ ਲਿਖੇ ਗਏ, ਉਸ ਤੋਂ ਬਹੁਤ ਪ੍ਰਭਾਵਿਤ ਹੋਇਆ।

ਅਗਲੇ ਤਿੰਨ ਸਾਲ ਮੈਂ ਸਾਰੇ ਯੂਰਪ ਦੀ ਯਾਤਰਾ ਕੀਤੀ ਤੇ ਵੱਖ-ਵੱਖ ਥਾਵਾਂ ਦੇ ਨਾਟਕਾਂ ਉੱਤੇ ਨੇੜਿਓਂ ਹੋ ਕੇ ਝਾਤੀ ਮਾਰਨ ਦਾ ਅਵਸਰ ਪ੍ਰਾਪਤ ਕੀਤਾ। ਮੈਂ ਅਨੁਭਵ ਕੀਤਾ ਕਿ ਗੀਤ ਤੇ ਸੰਗੀਤ ਬ੍ਰੈਖਤ ਦੇ ਨਾਟਕਾਂ ਦਾ ਵੀ ਉਸੇ ਤਰ੍ਹਾਂ ਹਿੱਸਾ ਹਨ, ਜਿਵੇਂ ਸਾਡੇ ਨਾਟਕਾਂ ਦਾ। ਫ਼ਰਕ ਸਿਰਫ਼ ਐਨਾ ਸੀ ਕਿ ਬ੍ਰੈਖਤ ਦੇ ਨਾਟਕਾਂ ਵਿਚ ਗੀਤ ਤੇ ਗਾਇਕੀ ਸਿਰਫ਼ ਸ਼ਿੰਗਾਰ ਲਈ ਨਹੀਂ ਵਰਤੇ ਜਾਂਦੇ ਸਨ, ਸਗੋਂ ਕਹਾਣੀ ਵਿਚ ਮੋੜ ਪੈਦਾ ਕਰਨ ਤੇ ਬਿਰਤਾਂਤ ਨੂੰ ਅੱਗੇ ਤੋਰਨ ਦੇ ਸੰਦ ਵਜੋਂ ਵਰਤੇ ਜਾਂਦੇ ਸਨ ਜਾਂ ਫਿਰ ਦੁਬਿਧਾ ਨੂੰ ਪ੍ਰਗਟ ਕਰਨ ਲਈ, ਗੀਤ ਤੇ ਸੰਗੀਤ ਉਹਨਾਂ ਜਜ਼ਬਿਆਂ ਨੂੰ ਪ੍ਰਗਟ ਕਰਦੇ ਹਨ, ਜੋ ਵਾਰਤਾਲਾਪ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੀ ਹੈ।

ਜਦੋਂ ਮੈਂ ਭਾਰਤ ਵਾਪਸ ਪਰਤਿਆ ਤਾਂ ਮੈਂ ਸ਼ਹਿਰੀ ਥੀਏਟਰ ਦੀ ਪਰੰਪਰਾ ਵਿਚ ਤੋੜ-ਵਿਛੋੜਾ ਵੇਖਿਆ, ਪਰ ਇਸਦੇ ਉਲਟ ਲੋਕਧਾਰਾ ਦੀਆਂ ਸ਼ੈਲੀਆਂ ਵਿਚ ਲਗਾਤਾਰਤਾ ਸੀ। ''ਨਾਟਕ-ਸ਼ਾਸਤਰ'' ਦੇ ਬੁਨਿਆਦੀ ਅਸੂਲ ਜੋ ਸੰਸਕ੍ਰਿਤ ਨਾਟਕਾਂ ਦੇ ਨੀਂਹ ਪੱਥਰ ਹਨ, ਉਹ ਲੋਕਯਾਨ ਦੀਆਂ ਸ਼ੈਲੀਆਂ ਉੱਤੇ ਵੀ ਲਾਗੂ ਹੁੰਦੇ ਹਨ। ਇਹ ਤਜ਼ਰਬਾ ਮੈਨੂੰ ਇੱਕ ਨਵੇਂ ਰਾਹ ਤੇ ਲੈ ਤੁਰਿਆ। ਮੈਂ ਇਸ ਸਿੱਟੇ ਉੱਤੇ ਪਹੁੰਚਿਆ ਕਿ ਸੰਸਕ੍ਰਿਤ ਨਾਟਕ ਦੀ ਪਰੰਪਰਾ ਅਤੇ ਲੋਕਧਾਰਾ ਦੀਆਂ ਸ਼ੈਲੀਆਂ, ਵੱਖਰੀਆਂ-ਵੱਖਰੀਆਂ ਨਹੀਂ ਹਨ, ਜਿਵੇਂ ਕਿ ਆਮ ਤੌਰ ਤੇ ਦੱਸੀਆਂ ਜਾਂਦੀਆਂ ਹਨ। ਸਮੇਂ, ਸਥਾਨ ਤੇ ਕਾਰਜ ਦੀ ਏਕਤਾ, ਜੋ 'ਨਾਟਅ ਸ਼ਾਸਤਰ' ਦਾ ਆਧਾਰ ਹੈ, ਉਹ ਲੋਕਧਾਰਾ ਵਿਚ ਵੀ ਮਿਲਦੀ ਹੈ। ਮੈਨੂੰ ਇਹ ਗੱਲ ਫ਼ੁਰੀ ਕਿ ਜੇ ਹਿੰਦੀ ਥੀਏਟਰ ਨੇ ਜਿਉਂਦੇ ਹੋਣਾ ਹੈ, ਤਾਂ ਪੱਛਮੀ ਨੇਮ ਤੇ ਮਿਸਾਲਾਂ ਕੰਮ ਨਹੀਂ ਦੇਣਗੀਆਂ। ਜਿਵੇਂ ਬ੍ਰੈਖ਼ਤ ਨੇ ਕੀਤਾ ਹੈ, ਸਾਨੂੰ ਉਸੇ ਤਰ੍ਹਾਂ ਆਪਣੇ ਖਜ਼ਾਨੇ ਵਿੱਚ ਡੂੰਘੀ ਚੁੱਭੀ ਲਾਉਣੀ ਪਵੇਗੀ। ਉਸਨੇ ਵੰਨ-ਸੁਵੰਨੀਆਂ ਥੀਏਟਰਾਂ ਦੀਆਂ ਪਰੰਪਰਾਵਾਂ ਵਿਚੋਂ ਚੋਣ ਕੀਤੀ ਸੀ ਅਤੇ ਸਮਕਾਲੀ ਸਥਿਤੀ ਨੂੰ ਪੇਸ਼ ਕਰਨ ਲਈ ਬਿਲਕੁਲ ਹੀ ਨਵੀਂ ਪਹੁੰਚ, ਅਪਣਾਈ ਸੀ। ਟੈਗੋਰ ਨੇ ਵੀ ਮਿਥਿਹਾਸ ਤੇ ਇਤਿਹਾਸ ਵਿਚੋਂ ਖ਼ਿਆਲ ਲਏ ਸਨ, ਪਰ ਉਹਨਾਂ ਨੂੰ ਨਵੇਂ ਅਰਥ ਦਿੱਤੇ ਸਨ, ਭਾਵੇਂ ਇਹ 'ਰਕਤਧਾਰਾ' ਹੋਵੇ ਜਾਂ 'ਚਿਤਰੰਗਾਧਾ' ਮੈਂ ਨਾ ਹੀ ਪੱਛਮ ਦੀ ਬਾਂਦਰ ਨਕਲ ਕਰਨਾ ਚਾਹੁੰਦਾ ਸੀ ਤੇ ਨਾ ਹੀ ਅੰਨ੍ਹੇਵਾਹ ਲੋਕ-ਧਾਰਾ ਰੂਪਾਂ ਦੀ। ਇਸ ਲਈ ਮੈਂ ਸ਼ਹਿਰ ਵਿਚ, ਪੇਂਡੂ ਭਾਰਤ ਦੇ ਕਲਾਕਾਰਾਂ ਨਾਲ ਆਇਆ। ਜਿਨ੍ਹਾਂ ਦੇ ਮਨਾਂ ਵਿਚ ਲੋਕਧਾਰਾ ਉੱਕਰੀ ਹੋਈ ਸੀ। ਤਿੰਨਾਂ ਸਾਲਾਂ ਦੀ ਨਿਰੰਤਰ ਮਿਹਨਤ ਵਿਚੋਂ 'ਗਾਓਂ ਕਾ ਨਾਮ ਦਾਮਾਦ, ਮੋਰਾ ਨਾਮ ਸੁਸਰਾਲ' ਪੇਸ਼ ਕੀਤਾ। ਇਸ ਨਾਟਕ ਨੇ 'ਚਰਨ ਦਾਸ ਚੋਰ' ਲਈ ਭੋਂ ਤਿਆਰ ਕੀਤੀ। ਜਿਹੜਾ ਸਾਲ ਬਾਅਦ ਪੇਸ਼ ਕੀਤਾ ਗਿਆ। ਪਿੱਛੋਂ ਦੇ ਨਾਟਕ ਇੱਕੋ ਹੀ ਲੜੀ ਦੇ ਹਿੱਸੇ ਸਨ, ਭਾਵੇਂ ਕਿ ਮੈਂ ਸਮੇਂ-ਸਮੇਂ ਆਪਣੀ ਸ਼ੈਲੀ ਨੂੰ ਬਦਲਦਾ ਰਿਹਾ ਸੀ।

? : ਥੀਏਟਰ ਹਿੰਦੀ ਇਲਾਕੇ ਵਿਚ ਕਲਾਤਮਕ ਅਤੇ ਸਭਿਆਚਾਰਕ ਤੌਰ ਉੱਤੇ ਲਾਜ਼ਮੀ ਤਲਾਸ਼ ਬਣਨ ਵਿਚ ਅਸਫਲ ਰਿਹਾ, ਭਾਵੇਂ ਕਿ ਲੋਕ-ਧਾਰਾ ਦੇ ਕਈ ਰੂਪ ਪ੍ਰਾਪਤ ਸਨ। ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਇਸ ਕਾਰਨ ਸੀ, ਕਿ ਹਿੰਦੀ ਥੀਏਟਰ, ਹਿੰਦੀ ਬੋਲਦੇ ਇਲਾਕੇ ਦੀ ਸਭਿਆਚਾਰਕ ਚੇਤਨਾ ਅਤੇ ਸਮਾਜਿਕ ਢਾਂਚੇ ਨਾਲ ਜੁੜਨ ਵਿਚ ਅਸਫ਼ਲ ਰਿਹਾ ਸੀ।

- : ਇਸ ਮਸਲੇ ਉੱਤੇ ਇਤਿਹਾਸਕ ਦ੍ਰਿਸ਼ ਵਜੋਂ ਤੱਕਦਿਆਂ ਪਾਰਸੀ ਥੀਏਟਰਾਂ ਦਾ ਅੰਤ 56 ਸਾਲ ਪਹਿਲਾਂ ਹੋ ਗਿਆ ਸੀ, ਜਿਹੜਾ ਕਿ ਕੋਈ ਲੰਮਾ ਸਮਾਂ ਨਹੀਂ ਹੈ। ਪਾਰਸੀ ਥੀਏਟਰ ਕੁਝ ਵੀ ਨਹੀਂ ਹਨ, ਸਿਵਾਏ ਹਿੰਦੀ-ਉਰਦੂ ਥੀਏਟਰ ਦੇ। ਉਹਨਾਂ ਦਿਨਾਂ ਵਿਚ ਇਸਦੀ ਕੋਈ ਕਲਾਤਮਕ ਲੋੜ ਨਹੀਂ ਸੀ। ਲੋਕੀ 'ਰੀਗਲ ਉਰਦੂ' ਥੀਏਟਰ ਦਿੱਲੀ ਵਿਖੇ ਨਾਟਕ ਵੇਖਣ ਜਾਂਦੇ ਹੁੰਦੇ ਸੀ। ਲਾਹੌਰ ਵਿਚ ਵੀ ਥੀਏਟਰ ਸਨ, ਛੋਟੇ ਨਗਰਾਂ ਤੇ ਸ਼ਹਿਰਾਂ ਵਿਚ ਮੇਰੇ ਸ਼ਹਿਰ ਰਾਏਪੁਰ ਵਾਂਗ, ਅਜਿਹੀ ਕੋਈ ਸਹੂਲਤ ਨਹੀਂ ਸੀ। ਡਰਾਮਾ ਕੰਪਨੀਆਂ ਆਪਣੇ ਨਾਟਕ ਕਰਨ ਲਈ ਤੰਬੂ ਗੱਡਦੀਆਂ ਹੁੰਦੀਆਂ ਸਨ ਤੇ ਲੋਕੀ ਆਪਣੇ ਪਰਿਵਾਰਾਂ ਤੇ ਮਿੱਤਰਾਂ ਨਾਲ ਇਹਨਾਂ ਤੰਬੂਆਂ ਵੱਲ ਭੱਜ ਉੱਠਦੇ ਸਨ।

ਜੇ ਅੱਜ ਥੀਏਟਰ ਲੋਕਾਂ ਦੀ ਕਲਾਤਮਕ ਤਾਂਘ ਨੂੰ ਸੰਤੁਸ਼ਟ ਕਰਨ ਵਿਚ ਅਸਫਲ ਰਿਹਾ ਹੈ ਤਾਂ ਇਸਦਾ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਲੋਕਾਂ ਨੂੰ ਹਿੰਦੀ ਥੀਏਟਰ ਵੱਲ ਖਿੱਚਣ ਲਈ ਬਹੁਤ ਚੰਗਾ ਕੰਮ ਨਹੀਂ ਹੋ ਸਕਿਆ। ਇਸ ਤੋਂ ਬਿਨਾਂ, ਸਾਡੀ ਵਿਕਾਸ ਪ੍ਰਕਿਰਿਆ ਦਾ ਇੱਕ ਗਲਤ ਸਿੱਟਾ ਇਹ ਹੈ ਕਿ, ਬਿਜਲਈ ਮੀਡੀਆ ਸਾਡੇ ਹਰ ਘਰ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਹੁਣ ਉਹਨਾਂ ਨੂੰ ਰਾਹਤ ਦੇਣ ਲਈ ਟੀ. ਵੀ. ਜੋ ਹੈ। ਇਸ ਲਈ ਥੀਏਟਰ ਵਿਚ ਜਾ ਕੇ ਨਾਟਕ ਵੇਖਣ ਦੀ ਲੋੜ ਹੀ ਨਹੀਂ ਰਹਿ ਗਈ।

ਵਿਕਾਸ ਦੇ ਮੰਤਰ, ਵਿਸ਼ਵੀਕਰਣ ਤੇ ਉਦਾਰਵਾਦ ਨੇ ਖਪਤਵਾਦੀ ਸਮਾਜ ਨੂੰ ਉਭਾਰਿਆ ਹੈ, ਜੋ ਆਪਣੀਆਂ ਸਭਿਆਚਾਰਕ ਰਵਾਇਤਾਂ ਨੂੰ ਸੰਭਾਲਣ ਵਿਚ ਦਿਲਚਸਪੀ ਨਹੀਂ ਰੱਖਦਾ। ਅਸੀਂ ਵਿਸ਼ਵੀਕਰਣ ਦੀਆਂ ਘੁੰਮਣ-ਘੇਰੀਆਂ ਵਿਚ ਆਪਣਾ ਰਵਾਇਤੀ ਗਿਆਨ-ਆਧਾਰ ਗਵਾ ਲਿਆ ਹੈ। ਸਾਡੀ ਬੱਚੇ ਪਾਪ ਕਲਚਰ ਉੱਤੇ ਨਿਰਭਰ ਹਨ, ਜੋ ਟੀ. ਵੀ. ਚੋਂ ਉਤਪੰਨ ਹੁੰਦਾ ਹੈ। ਇਹ ਦਾਦੀ-ਮਾਂ ਦੀਆਂ ਬਾਤਾਂ ਉੱਤੇ ਨਿਰਭਰ ਨਹੀਂ। ਇਸ ਤਰ੍ਹਾਂ ਦੀ ਸਥਿਤੀ ਵਿਚ ਥੀਏਟਰ ਦੀ ਹੁਣ ਕੋਈ ਖਿੱਚ ਨਹੀਂ ਰਹਿ ਗਈ।

ਸਭਿਆਚਾਰਕ ਕਾਮਿਆਂ ਨੂੰ ਇਹਨਾਂ ਉੱਭਰ ਰਹੇ ਰੁਝਾਨਾਂ ਵਿਰੁੱਧ ਸੰਘਰਸ਼ ਕਰਨਾ ਚਾਹੀਦਾ ਹੈ ਤੇ ਸਿਰਫ਼ ਨਿਰਦੇਸ਼ਕਾਂ, ਨਾਟਕਕਾਰਾਂ ਤੇ ਕਲਾਕਾਰਾਂ ਨਾਲ ਹੀ ਸਿਰ ਨਹੀਂ ਖਪਾਉਣਾ ਚਾਹੀਦਾ। ਅਸੀਂ ਵਰਤਮਾਨ, ਉਪਜ ਦੀ ਵਿਧੀ ਬਦਲੇ ਬਗੈਰ, ਭਾਰਤ ਵਿਚ ਥੀਏਟਰ ਦੀ ਸਥਿਤੀ ਨਹੀਂ ਬਦਲ ਸਕਦੇ। ਇਹ ਗੱਲ ਸਿਰਫ਼ ਹਿੰਦੀ ਥੀਏਟਰ ਬਾਰੇ ਹੀ ਸੱਚ ਨਹੀਂ, ਸਗੋਂ ਸਮੁੱਚੇ ਭਾਰਤ ਦੇ ਥੀਏਟਰ ਦ੍ਰਿਸ਼ ਬਾਰੇ ਵੀ ਸੱਚ ਹੈ। ਹਿੰਦੀ ਥੀਏਟਰ ਦੀ ਹਾਲਤ ਸਭ ਤੋਂ ਬੁਰੀ ਹੈ, ਕਿਉਂਕਿ ਹਿੰਦੀ ਫਿਲਮਾਂ ਦਾ ਬਹੁਤ ਮਾਰੂ ਪ੍ਰਭਾਵ ਪੈ ਰਿਹਾ ਹੈ, ਜਿਸ ਕਾਰਨ ਵਧੇਰੇ ਦਖਲ ਦੀ ਲੋੜ ਹੈ।

? : ਥੀਏਟਰ ਵਿਚ ਤਬਦੀਲੀਆਂ ਵਧੇਰੇ ਕਰਕੇ ਵਿਸ਼ੇ-ਵਸਤੂ ਦੀ ਥਾਂ ਉਸਦੇ ਰੂਪ ਵਿਚ ਹੀ ਆਈਆਂ ਹਨ, ਫਿਰ ਹਿੰਦੀ ਥੀਏਟਰ ਵਿਚਲੇ ਵਰਕਰਾਂ ਨੇ ਵਿਸ਼ੇ-ਵਸਤੂ ਨੂੰ ਕਿਉਂ ਵਧੇਰੇ ਮਹੱਤਵ ਨਹੀਂ ਦਿੱਤਾ?

- : ਇਸ ਖੇਤਰ ਵਿਚ ਹਿੰਦੀ ਦੇ ਕਾਮਿਆਂ ਪ੍ਰਤੀ ਕੋਈ ਸ਼ਿਕਾਇਤ ਨਹੀਂ, ਕਿਉਂਕਿ ਮੈਂ ਨਹੀਂ ਸਮਝਦਾ ਕਿ ਸਿਰਫ਼ ਰੂਪ ਦੇ ਪੱਖੋਂ ਹੀ ਜ਼ੋਰ ਦਿੱਤਾ ਗਿਆ ਹੈ ਤੇ ਵਿਸ਼ੇ-ਵਸਤੂ ਉੱਤੇ ਜ਼ੋਰ ਨਹੀਂ ਦਿੱਤਾ ਗਿਆ। 'ਬੇਗਮ ਕਾ ਤਖੀਆ' 'ਛੋਟੇ ਸੱਯਦ ਬੜੇ ਸੱਯਦ', 'ਕੋਰਟ ਮਾਰਸ਼ਲ' ਜਾਂ 'ਤੁਗਲਕ' ਵਰਗੀਆਂ ਕਲਾਸਿਕ ਰਚਨਾਵਾਂ ਦੇ ਇਲਾਕਾਈ ਭਾਸ਼ਾਵਾਂ ਵਿਚ ਉਤਾਰੇ ਕਰਨੇ ਆਦਿ ਕੁਝ ਨਾਟਕ ਹਨ, ਜੋ ਵੱਖ-ਵੱਖ ਨਿਰਦੇਸ਼ਕਾਂ ਨੇ, ਵੱਖਰੇ-ਵੱਖਰੇ ਢੰਗ ਨਾਲ ਵਿਆਖਿਆ ਕੀਤੀ ਹੈ ਤੇ ਸਫਲਤਾ ਨਾਲ ਕੀਤੀ ਹੈ। ਪਟਨਾ ਵਿਚ ਵੀ ਬਥੇਰੇ ਥੀਏਟਰ ਗਰੁੱਪ ਹਨ, ਜੇ ਆਪਾਂ 'ਦਰਪਨ' ਦਾ ਮਾਮਲਾ ਹੀ ਲੈ ਲਈਏ ਜੋ ਕਾਨਪੁਰ ਵਿਚ ਇੱਕ ਜਥੇਬੰਦੀ ਹੈ ਅਤੇ ਜੋ ਵਿਸ਼ੇ ਬਾਰੇ ਬੜੇ ਹੀ ਸੁਚੇਤ ਹਨ। ਇਸ ਤੋਂ ਬਿਨਾਂ ਨੁੱਕੜ ਨਾਟਕ ਦੀ ਬੜੀ ਨਰੋਈ ਪਰੰਪਰਾ ਹਿੰਦੀ ਵਿਚ ਹੈ ਤੇ ਜਿਵੇਂ ਤੁਸੀਂ ਜਾਣਦੇ ਹੋ, ਨੁੱਕੜ ਨਾਟਕ ਵਿਚ ਨਵੇਂ ਵਿਸ਼ਿਆਂ ਦੀ ਕੋਈ ਥੁੜ੍ਹੋਂ ਨਹੀਂ।

? : ਥੀਏਟਰ ਸਰਬ-ਪੱਖੀ ਕਲਾ ਦਾ ਰੂਪ ਹੈ, ਜੋ ਖੇਡਣ ਲਈ ਹੋਰ ਕਈ ਕਲਾਰੂਪਾਂ ਉੱਤੇ ਨਿਰਭਰ ਹੈ, ਪਰ ਹਿੰਦੀ ਥੀਏਟਰ ਇਹਨਾਂ ਕਲਾ-ਰੂਪਾਂ ਨਾਲ ਅਰਥ ਭਰਪੂਰ ਰਿਸ਼ਤਾ ਸਥਾਪਿਤ ਕਰਨ ਵਿਚ ਅਸਫਲ ਰਿਹਾ ਹੈ, ਇਹ ਕਿਉਂ?

- : ਅਜਿਹਾ ਨਹੀਂ ਹੈ, ਮੈਂ ਸਮਝਦਾ ਹਾਂ ਕਿ ਹਿੰਦੀ ਥੀਏਟਰ ਵਿਚ ਇਹ ਸੰਪਰਕ ਲੱਭਦਾ ਹੈ। ਨੈਸ਼ਨਲ ਸਕੂਲ ਆਫ਼ ਡਰਾਮਾ (ਐਨ ਐਸ ਡੀ ਇਸ ਸੇਧ ਵੱਲ ਸਾਂਝੀ ਕੋਸ਼ਿਸ਼ ਕਰਦਾ ਰਿਹਾ ਹੈ। ਇਹ ਉਹਨਾਂ ਦੀਆਂ ਪੇਸ਼ਕਾਰੀਆਂ ਵਿਚ ਵੇਖਿਆ ਜਾ ਸਕਦਾ ਹੈ। ਜੇ ਤੁਸੀਂ ਸ਼ੌਕੀਆ ਥੀਏਟਰ ਗਰੁੱਪਾਂ ਦੀ ਗੱਲ ਕਰਦੇ ਹੋ ਤਾਂ ਉਹਨਾਂ ਕੋਲ ਇਹਨਾਂ ਪੱਖਾਂ ਬਾਰੇ ਧਿਆਨ ਦੇਣ ਲਈ ਪੈਸਾ ਨਹੀਂ ਹੈ। ਫਿਰ ਵੀ ਮੈਂ ਅਨੁਭਵ ਕਰਦਾ ਹਾਂ ਕਿ ਥੀਏਟਰ ਨੂੰ ਪ੍ਰਭਾਵਿਤ ਕਰਨ ਲਈ ਹੋਰ ਕਲਾ ਰੂਪ ਬਹੁਤੇ ਨਹੀਂ ਹੋਣੇ ਚਾਹੀਦੇ। ਅਲਕਾਜ਼ੀ ਨੇ ਪਿਛੋਕੜ ਲਈ 'ਮਰੀਚਕਾਟੀਕਮ' ਵਿਚ ਸੁੰਦਰ ਚਿੱਤਰਾਂ ਦੀ ਵਰਤੋਂ ਕੀਤੀ ਸੀ। ਨਿਰਸੰਦੇਹ ਉਹ ਸਭ ਸੁੰਦਰ ਤਸਵੀਰਾਂ ਹਨ, ਪਰ ਉਹ ਨਾਟਕ ਨੂੰ ਉਚੇਰਾ ਚੁੱਕਣ ਲਈ ਬਹੁਤੀਆਂ ਸਹਾਇਕ ਸਿੱਧ ਨਹੀਂ ਹੋਈਆਂ। ਸੱਚੀ ਗੱਲ ਤਾਂ ਇਹ ਕਿ ਉਹਨਾਂ ਨੇ ਨਾਟਕ ਨੂੰ ਖਰਾਬ ਕਰ ਦਿੱਤਾ। ਉਸਨੇ ਬਹੁਤ ਸੁੰਦਰ ਸੈੱਟ ਪੇਸ਼ ਕੀਤਾ ਪਰ ਸੱਚੀ ਗੱਲ ਇਹ ਹੈ ਕਿ ਇਹ 'ਮਰੀਚਕਾਟੀਕਮ' ਨਾਟਕ ਨੂੰ ਕਿਸੇ ਸੈੱਟ ਦੀ ਲੋੜ ਨਹੀਂ ਸੀ। ਸੰਭਵ ਹੈ, ਕਿ ਅਲਕਾਜ਼ੀ ਕਿਉਂਕਿ ਇੱਕ ਚੰਗਾ ਚਿੱਤਰਕਾਰ ਹੈ, ਇਸ ਲਈ ਉਹ ਪੇਟਿ

ਡਿਜ਼ਾਇਨ ਦੇ ਖੇਤਰ ਵਿਚ ਕੀ ਤਰੱਕੀ ਕੀਤੀ ਹੈ?

– : ਇਹ ਸੱਚ ਹੈ ਕਿ ਹਿੰਦੀ ਦੇ ਨਾਟਕ-ਲੇਖਕ ਥੀਏਟਰ ਦੀ ਸ਼ਬਦਾਵਲੀ ਪ੍ਰਤੀ ਪੂਰੀ ਤਰ੍ਹਾਂ ਵਾਕਿਫ ਨਹੀਂ ਹਨ, ਤੇ ਮੈਂ ਸੋਚਦਾ ਹਾਂ ਕਿ ਇਹ ਦ੍ਰਿਸ਼ ਇਸੇ ਤਰ੍ਹਾਂ ਹੀ ਓਨੀ ਦੇਰ ਤੀਕ ਜਾਰੀ ਰਹੇਗਾ, ਜਦੋਂ ਤੀਕ ਕਿ ਥੀਏਟਰ ਦੀਆਂ ਸਰਗਰਮੀਆਂ ਵੱਧ ਨਹੀਂ ਜਾਂਦੀਆਂ ਤੇ ਇਹਨਾਂ ਉੱਤੇ ਨਿਰਭਰ ਉਦਯੋਗ ਚਾਲੂ ਨਹੀਂ ਹੁੰਦਾ। ਦੂਸਰੇ ਦੇਸ਼ਾਂ ਵਿਚ, ਥੀਏਟਰ, ਚੰਗਾ ਜਾਂ ਮਾੜਾ ਚੱਲਦਾ ਰਹਿੰਦਾ ਹੈ। ਇੰਗਲੈਂਡ ਵਿਚ, ਮਿਸਾਲ ਵਜੋਂ ਤੁਸੀਂ ਇੱਕੋ ਹੀ ਸਮੇਂ ਕਈ ਕਿਸਮਾਂ ਦਾ ਥੀਏਟਰ ਵੇਖ ਸਕਦੇ ਹੋ। ਜਿਸ ਸਦਕਾ ਇਸ ਨਾਲ ਹੋਰ ਸਬੰਧਿਤ ਸਹਾਇਕ ਧੰਦੇ ਵੀ ਵਿਕਸਿਤ ਹੋ ਗਏ ਹਨ। ਇਹੀ ਕਾਰਨ ਹੈ ਕਿ ਤੁਸੀਂ ਉਹਨਾਂ ਲੋਕਾਂ ਨੂੰ ਵੇਖੋਗੇ, ਜੋ ਪੂਰਾ ਸਮਾਂ, ਕੱਪੜੇ ਦੀਆਂ ਵੰਨਗੀਆਂ, ਵਿਚ ਰੁੱਝੇ ਹਨ ਤੇ ਕੁਝ ਹੋਰਨਾਂ ਨੂੰ ਨਵੇਂ ਰੰਗਾਂ ਨੂੰ ਵਿਕਸਿਤ ਕਰਨ ਤੇ ਕੁਝ ਨੂੰ ਲੱਕੜ ਦੀਆਂ ਕਿਸਮਾਂ ਦੀ ਨਿਰੰਤਰ ਤਲਾਸ਼ ਵਿਚ ਰੁੱਝੇ ਵੇਖੋਗੇ, ਜੋ ਲੱਕੜੀ ਕਿ ਸੈੱਟ ਬਣਾਉਣ ਦਾ ਕੰਮ ਕਰਨ ਲਈ ਆਸਾਨੀ ਨਾਲ ਚੁੱਕੀ ਜਾ ਸਕਦੀ ਹੈ।

ਇਸ ਖੇਤਰ ਵਿਚ ਸਾਡੇ ਨਾਟਕਕਾਰਾਂ ਕੋਲ ਸੀਮਤ ਸੂਚਨਾ ਹੁੰਦੀ ਹੈ, ਕਿਉਂਕਿ ਉਹ ਮੋਟੇ ਤੌਰ 'ਤੇ ਅਲੱਗ ਹੀ ਰਹੇ ਹਨ। ਮਹਾਨ ਨਾਟਕਕਾਰ ਮੋਹਨ ਰਾਕੇਸ਼ ਵਰਗੇ ਨੇ ਵੀ ਆਪਣੇ ਆਪਨੂੰ ਬਾਹਰਲੀ ਦੁਨੀਆਂ ਨਾਲੋਂ ਕੱਟ ਲਿਆ ਹੈ। ਪਿੱਛੇ ਜਦੋਂ ਉਸ ਨੇ ਨੇੜਲੀ ਅੰਤਰ-ਪ੍ਰਕਿਰਿਆ ਦੀ ਲੋੜ ਅਨੁਭਵ ਕੀਤੀ ਤਾਂ ਇੱਕ ਗਰੁੱਪ ਬਣਾਇਆ ਗਿਆ। ਜਿਸ ਵਿਚ ਭਾਰਤ ਭੂਸ਼ਣ ਅਗਰਵਾਲ, ਸੁਰੇਸ਼ ਅਵਸਥੀ ਅਤੇ ਓਮ ਪ੍ਰਕਾਸ਼ ਵਰਗੇ ਲੋਕ ਸ਼ਾਮਿਲ ਹੋਏ। ਅਸੀਂ ਹਰ ਹਫਤੇ ਮਿਲਦੇ ਹੁੰਦੇ ਸੀ ਤੇ 'ਸਕੀਦ ਗੁਪਤ', 'ਧਰੁਵਾ ਸਵਾਮਿਨੀ' ਆਦਿ ਨਾਟਕਾਂ ਦੇ ਤਕਨੀਕੀ ਪੱਖਾਂ ਬਾਰੇ ਵਿਚਾਰ ਕਰਦੇ ਸੀ, ਅਸਲ ਵਿਚ ਅਜਿਹੀਆਂ ਹੀ ਮੀਟਿੰਗਾਂ ਵਿਚੋਂ 'ਲਹਿਰੋਂ ਕਾ ਰਾਜਹੰਸ' ਨਾਟਕ ਨੇ ਰੂਪ ਧਾਰਿਆ। ਅਸਗਰ ਵਜ਼ਾਹਤ ਇੱਕ ਮਹਾਨ ਨਾਟਕਕਾਰ ਹੈ, ਜੋ ਕਮਾਲ ਦੀ ਵਾਰਤਾਲਾਪ ਲਿਖਦਾ ਹੈ, ਪਰ 'ਜਿਸ ਲਾਹੌਰ ਨਹੀਂ ਵੇਖਿਆ' ਦੀਆਂ ਰਿਹਰਸਲਾਂ ਸਮੇਂ, ਉਸ ਨੇ ਵੀ ਅਨੁਭਵ ਕੀਤਾ ਕਿ ਚੰਗੇ ਨਾਟਕ ਲਿਖਣ ਲਈ, ਨਾਟਕ-ਲੇਖਕਾਂ ਨੂੰ ਕਲਾਕਾਰਾਂ ਨਾਲ ਨਿਰੰਤਰ ਅੰਤਰ-ਕਿਰਿਆ ਕਰਨੀ ਚਾਹੀਦੀ ਹੈ।

ਹੁਣ ਇਸ ਬਾਰੇ ਸੋਚੋ। ਵਾਰਤਾਲਾਪ ਆਦਿ ਵਰਗੀਆਂ ਗੱਲਾਂ ਥੀਏਟਰ ਵਿਚ ਐਨੀਆਂ ਮਹੱਤਵਪੂਰਨ ਗੱਲਾਂ ਨਹੀਂ ਹਨ ਜਿੰਨੀਆਂ ਕਿ ਸਮਝੀਆਂ ਜਾ ਰਹੀਆਂ ਹਨ। ਜੇ ਐਕਟਰ ਤੇ ਡਾਇਰੈਕਟਰ ਦੀ ਕਲਪਨਾ ਸ਼ਕਤੀ ਉੱਚੀ ਹੈ, ਜੇ ਉਹ ਕਾਫੀ ਸੋਝੀ ਵਾਲੇ ਹੋਣ ਤਾਂ ਉਹ ਬਗੈਰ ਸਬੰਧਤ ਸਹਾਇਕ ਸਮੱਗਰੀ ਦੇ ਵੀ ਚੰਗੇ ਨਾਟਕ ਲਿਖ ਸਕਦੇ ਹਨ। ਅਸੀਂ ਇਸ ਤਰ੍ਹਾਂ ਦੇ ਥੀਏਟਰ ਅਫਰੀਕੀ ਦੇਸ਼ਾਂ ਵਿਚ ਵੇਖੇ ਹਨ। ਇਟਲੀ ਵਿਚ ਇੱਕ ਗਰੁੱਪ ਹੈ, ਜੋ 'ਹੈਮਲਿਟ' ਤੇ 'ਮੈਕਬਥ' ਵਰਗੇ ਨਾਟਕਾਂ ਨੂੰ ਚਾਰ ਜਾਂ ਪੰਜ ਬੰਦਿਆਂ ਨਾਲ ਰਲ ਕੇ ਪੇਸ਼ ਕਰ ਸਕਦੇ ਹਨ।

? : ਹਿੰਦੀ ਥੀਏਟਰ ਵਿਚ ਭਾਸ਼ਾ ਪ੍ਰਤੀ ਲਾਪ੍ਰਵਾਹੀ ਹੈ। ਇਸ ਦਾ ਕੀ ਕਾਰਨ ਹੈ? ਕੀ ਇਹ ਗੈਰ-ਹਿੰਦੀ ਬੋਲਣ ਵਾਲੇ ਨਿਰਦੇਸ਼ਕਾਂ ਦੇ ਪ੍ਰਭਾਵ ਕਾਰਨ ਹੈ?

– : ਇਹ ਸੰਭਵ ਹੈ ਕਿ ਇਹ ਕੁਝ ਗੈਰ-ਹਿੰਦੀ ਬੋਲਣ ਵਾਲੇ ਨਿਰਦੇਸ਼ਕਾਂ ਦੇ ਪ੍ਰਭਾਵ ਕਾਰਨ ਵਾਪਰ ਰਿਹਾ ਹੋਵੇ, ਪਰ ਵੱਡਾ ਕਾਰਨ ਖੁਦ ਕਾਰਨ ਹੈ। ਇਹ ਆਪਣੇ ਵਿਦਿਆਰਥੀ, ਵੱਖ-ਵੱਖ ਭਾਸ਼ਾਈ ਪਿਛੋਕੜਾਂ ਵਿਚੋਂ ਲੈਂਦਾ ਹੈ ਪਰ ਉਹਨਾਂ ਨੂੰ ਟਰੇਨਿੰਗ ਹਿੰਦੀ ਵਿਚ ਦਿੱਤੀ ਜਾਂਦੀ ਹੈ। ਸਿੱਟੇ ਵਜੋਂ ਉਹ ਹਿੰਦੀ ਵਿਚ ਨਾਟਕ ਕਰਨਾ ਪਸੰਦ ਕਰਦੇ ਹਨ। ਜਿਥੋਂ ਤੀਕ ਭਾਸ਼ਾ ਦਾ ਸੰਬੰਧ ਹੈ, ਇਸ ਨਾਲ ਉਲਟਾ ਪ੍ਰਭਾਵ ਪੈਂਦਾ ਹੈ। ਆਦਰਸ਼ ਵਜੋਂ ਹਰ ਇਲਾਕੇ ਵਿਚ ਅਜਿਹਾ ਸਕੂਲ ਹੋਣਾ ਚਾਹੀਦਾ ਸੀ ਤਾਂਕਿ ਬੰਦਾ ਆਪਣੀ ਭਾਸ਼ਾ ਵਿਚ ਸਿੱਖ ਸਕੇ ਤੇ ਨਾਟਕ ਕਰ ਸਕੇ ਤੇ ਇਸ ਤਰ੍ਹਾਂ ਨਾਲ ਆਪਣੇ ਸਭਿਆਚਾਰ ਦੇ ਵਿਕਾਸ ਵਿਚ ਹਿੱਸਾ ਪਾ ਸਕੇ। ਨਾਲ ਹੀ ਹਿੰਦੀ ਭਾਸ਼ਾ ਨੇ, ਲੋਕਾਂ ਦੀ ਰਸਮੀ ਭਾਸ਼ਾ ਤੋਂ ਆਪਣੇ ਆਪ ਨੂੰ ਐਨਾ ਦੂਰ ਕਰ ਲਿਆ ਹੈ ਕਿ ਹੌਲੀ-ਹੌਲੀ ਇਹ ਬੋਲੀ ਜਾਣ ਵਾਲੀ ਭਾਸ਼ਾ ਦੀ ਥਾਂ ਲੈ ਰਹੀ ਹੈ। ਇੰਝ ਬਨਾਵਟ ਆ ਗਈ ਹੈ, ਜੋ ਕਿ ਥੀਏਟਰ ਲਈ ਚੰਗੀ ਨਹੀਂ ਹੈ। ਇਹ ਗੱਲ ਫ਼ਿਲਮਾਂ ਵਿਚ ਵੀ ਵਾਪਰ ਰਹੀ ਹੈ, ਪਰ ਬਾਕਸ-ਆਫਿਸ ਦੇ ਦਬਾ ਕਾਰਨ ਇਸਦਾ ਪ੍ਰਭਾਵ ਘੱਟ ਹੈ।

? : ਥੀਏਟਰ ਵਿਚ ਗੰਭੀਰ ਸੋਚ ਦੀ ਘਾਟ ਹੈ। ਬਥੇਰੇ ਆਲੋਚਕ ਹਨ, ਪਰ ਸਾਡੇ ਕੋਲ ਅਜਿਹੇ ਲੋਕ ਨਹੀਂ ਹਨ ਜੋ ਥੀਏਟਰ ਦੇ ਇਕ ਕਲਾ ਰੂਪ ਵਜੋਂ ਹਰ ਬਾਰੀਕ ਅੰਤਰ ਨੂੰ ਸਮਝਦੇ ਹੋਣ। ਗੰਭੀਰ ਭਾਂਤ ਦੀ ਦਾਰਸ਼ਨਿਕ ਪਰੰਪਰਾ ਦੀ ਅਣਹੋਂਦ ਕਾਰਨ, ਥੀਏਟਰ ਸਿਰਫ਼ ਮਨਪ੍ਰਚਾਵੇ ਦਾ ਵਸੀਲਾ ਮਾਤਰ ਹੀ ਰਹਿ ਗਿਆ ਹੈ। ਆਪਾਂ ਇਸ ਘਾਟ ਉੱਤੇ ਕਿਵੇਂ ਕਾਬੂ ਪਾ ਸਕਦੇ ਹਾਂ?

– : ਦਾਰਸ਼ਨਿਕ ਪਰੰਪਰਾ ਦੀ ਘਾਟ, ਹਿੰਦੀ ਥੀਏਟਰ ਵਿਚ ਕਾਫੀ ਥੀਏਟਰ ਸਰਗਰਮੀ ਦੀ ਘਾਟ ਦਾ ਸਿੱਧਾ ਨਤੀਜਾ ਹੈ। ਵਿਆਕਰਣ ਭਾਸ਼ਾ ਤੋਂ ਪਹਿਲਾਂ ਨਹੀਂ ਆਉਂਦੀ। ਅਸਲ ਵਿਚ ਦਾਰਸ਼ਨਿਕ ਪਰੰਪਰਾ ਦੀ ਮੰਗ ਕਰਨਾ ਠੀਕ ਨਹੀਂ ਹੈ, ਜਦਕਿ ਸਾਡਾ ਥੀਏਟਰ ਅਜੇ ਕਾਫੀ ਵਿਕਸਿਤ ਨਹੀਂ ਹੈ। ਹਿੰਦੀ ਥੀਏਟਰ ਨੇ ਦੂਸਰੀਆਂ ਭਾਸ਼ਾਵਾਂ ਵਿਚਲੇ ਕੰਮ ਤੋਂ ਕਾਫ਼ੀ ਕੁਝ ਸਿੱਖਿਆ ਲੈ ਕੇ ਇਸ ਖੇਤਰ ਵਿਚ ਵਰਤਮਾਨ ਅਨੁਵਾਦ ਦੇ ਝੁਕਾ ਤੇ ਚੰਗਾ ਕੰਮ ਕੀਤਾ ਹੈ।

? : ਕੀ ਲੋਕ-ਕਲਾ ਦੇ ਰੂਪਾਂ ਵਿਚ ਵਰਤਮਾਨ ਜੀਵਨ ਦੀਆਂ ਹਕੀਕਤਾਂ ਨੂੰ ਪ੍ਰਗਟ ਕਰਨ ਲਈ ਲੋੜੀਂਦੀਆਂ ਸਮੱਗਰੀਆਂ ਹਨ? ਕੀ ਉਹ ਵਰਤਮਾਨ ਹਿੰਦੀ ਥੀਏਟਰ ਦਾ ਆਧਾਰ ਬਣ ਸਕਦੀਆਂ ਹਨ?

– : ਕਿਉਂ ਨਹੀਂ? ਮੇਰਾ ਥੀਏਟਰ ਇਸਦੀ ਇੱਕ ਮਿਸਾਲ ਹੈ ਤੇ ਸਿਰਫ਼ ਮੇਰਾ ਥੀਏਟਰ ਹੀ ਕਿਉਂ? ਰਤਨ ਥੀਯਾਮ ਦਾ ਗਰੁੱਪ ਹੈ ਅਤੇ ਹੋਰ ਵੀ ਕਈ ਡਰਾਮਾ ਗਰੁੱਪ ਹਨ, ਜੋ ਆਧੁਨਿਕ ਜੀਵਨ ਦੇ ਤਜਰਬਿਆਂ ਨੂੰ ਪ੍ਰਗਟ ਕਰਨ ਲਈ ਲੋਕ-ਕਹਾਣੀਆਂ ਦੀ ਵਰਤੋਂ ਕਰਦੇ ਹਨ। ਜਿਨ੍ਹਾਂ ਦਿਨਾਂ ਵਿਚ ਮਾਰਕਸਵਾਦ ਇੱਕ ਫੈਸ਼ਨ ਹੁੰਦਾ ਸੀ, ਤਾਂ ਸਭਿਆਚਾਰਕ ਉੱਨਤੀ ਨੂੰ ਸਮਾਜ ਦੀ ਉੱਨਤੀ ਨਾਲ ਸਿੱਧੀ ਤਰ੍ਹਾਂ ਜੁੜੀ ਹੋਈ ਸਮਝਿਆ ਜਾਂਦਾ ਸੀ। ਕਈ ਸਖਤ ਭਾਂਤ ਦੇ ਮਾਰਕਸਵਾਦੀ ਅਜੇ ਵੀ ਇਸੇ ਤਰ੍ਹਾਂ ਸੋਚਦੇ ਹਨ। ਇਹ ਗਲਤ ਧਾਰਨਾ ਹੈ, ਜੇ ਇਸ ਤਰ੍ਹਾਂ ਹੁੰਦਾ ਤਾਂ ਸਾਮੰਤਸ਼ਾਹੀ ਦੀ ਪੈਦਾਵਾਰ ਇਹ ਲੋਕ-ਕਲਾ ਰੂਪ ਸਾਮੰਤਸ਼ਾਹੀ ਦੇ ਖਾਤਮੇ ਨਾਲ ਹੀ ਅਲੋਪ ਹੋ ਗਏ ਹੁੰਦੇ। ਮਸਲੇ ਦੀ ਸੱਚਾਈ ਇਹ ਹੈ ਕਿ ਸਾਮੰਤਵਾਦ ਦੇ ਪ੍ਰਛਾਵਿਆਂ ਦੇ ਬਾਵਜੂਦ ਲੋਕ-ਕਲਾ ਇਸ ਤੋਂ ਪਾਰ ਵੇਖ ਸਕਣ ਦੇ ਕਾਬਿਲ ਹੈ। ਲੋਕ-ਕਲਾ ਵਿਚ ਹਰ ਤਰ੍ਹਾਂ ਦੇ ਵਿਸ਼ਿਆਂ ਨੂੰ ਨਜਿੱਠਣ ਦੀਆਂ ਕਾਫੀ ਸੰਭਾਵਨਾਵਾਂ ਹਨ। ਸ਼ਰਤ ਸਿਰਫ਼ ਇਹ ਹੈ ਕਿ ਲੇਖਕਾਂ ਤੇ ਨਿਰਦੇਸ਼ਕਾਂ ਨੂੰ ਲੋਕ-ਕਲਾ ਦੀ ਪਰੰਪਰਾ ਵਿਚ ਨਵੀਂ ਸ਼ਕਤੀ ਭਰਨ ਲਈ ਪ੍ਰੇਰਨਾਮਈ ਦਖਲ-ਅੰਦਾਜ਼ੀ ਦੀ ਲੋੜ ਹੈ।

? : ਰਵਾਇਤੀ ਲੋਕ ਥੀਏਟਰ ਵਿਚ ਵਸਤੂ ਉੱਤੇ ਰੂਪ ਦੇ ਭਾਰੂ ਹੋ ਜਾਣ ਦਾ ਖਦਸ਼ਾ ਹੈ। ਤੁਸੀਂ ਇਸ ਖ਼ਤਰੇ ਨਾਲ ਕਿਵੇਂ ਨਜਿੱਠੋਗੇ?

– : ਮੇਰਾ ਖਿਆਲ ਹੈ ਕਿ ਰੂਪ ਅਜਿਹਾ ਹੋਵੇ ਕਿ ਇਹ ਨਾਟਕ ਦੀ ਮੰਗ ਨੂੰ ਪੂਰਾ ਕਰੇ। ਜੇ ਸ਼ੈਲੀ ਜਾਂ ਰੂਪ ਵਿਸ਼ੇ ਵਸਤੂ ਉੱਤੇ ਭਾਰੂ ਹੋ ਜਾਵੇ ਤਾਂ ਨਾਟਕ ਤਬਾਹ ਹੋ ਜਾਂਦਾ ਹੈ। 'ਰਕਤ ਕਲਿਆਣ' ਅਤੇ 'ਰਾਇਲ ਹੰਟ ਆਫ ਦਾ ਸੰਨ' (ਲੇਖਕ ਅਲਕਾਜ਼ੀ) ਦੋ ਮਿਸਾਲਾਂ ਹਨ, ਜਿੱਥੇ ਰੂਪ ਸਿਆਣਪ ਨਾਲ ਨਹੀਂ ਸੀ ਚੁਣੀ ਗਈ। ਸਿੱਟੇ ਵਜੋਂ ਵਿਸ਼ਾ ਸ਼ੈਲੀ ਦੇ ਥੱਲੇ ਦੱਬਿਆ ਰਿਹਾ। ਅਸਲ ਵਿਚ ਸ਼ੈਲੀ ਇੱਕ ਅਮੂਰਤ ਚੀਜ਼ ਹੈ ਅਤੇ ਵਿਸ਼ੇ ਦੇ ਬਦਲਣ ਨਾਲ ਬਦਲਣੀ ਚਾਹੀਦੀ ਹੈ, ਜਿਵੇਂ ਕਿ 'ਮੁਦਰਾ ਰਾਕਸ਼ਿਸ਼'' ਦੀ ਸ਼ੈਲੀ 'ਮਿੱਟੀ ਕੀ ਗੱਦੀ' ਤੇ 'ਦੇਖ ਰਹੇ ਹੈਂ ਨਾਰਾਇਣ' ਦੀ ਸ਼ੈਲੀ ਵੱਖਰੀ ਹੈ।

? : ਹਿੰਦੀ ਤੇ ਉਰਦੂ ਦੋ ਭਾਸ਼ਾਵਾਂ ਹਨ, ਪਰ ਦੋਵੇਂ ਇਕ ਦੂਸਰੀ ਜਿਹੀਆਂ ਹਨ। ਅੱਜ ਹਿੰਦੀ ਥੀਏਟਰ ਤਾਂ ਹੈ, ਪਰ ਉਰਦੂ ਥੀਏਟਰ ਕਿਤੇ ਦਿਸਦਾ ਹੀ ਨਹੀਂ, ਭਾਵੇਂ ਕਿ ਚੰਗੇ ਜਾਂ ਬੁਰੇ ਨਾਟਕ ਉਰਦੂ ਵਿਚ ਵੀ ਲਿਖੇ ਹੀ ਜਾ ਰਹੇ ਹਨ। ਅਸਲ ਵਿਚ ਹਿੰਦੀ ਤੇ ਉਰਦੂ ਦਾ ਹਲਕਾ ਇਕੋ ਹੀ ਹੈ। ਐਸੀ ਅਵਸਥਾ ਵਿਚ ਕੀ ਉਰਦੂ ਥੀਏਟਰ ਦਾ ਕੋਈ ਭਵਿੱਖ ਹੈ? ਕੀ ਹਿੰਦਸਤਾਨੀ ਥੀਏਟਰ ਹਿੰਦੀ ਤੇ ਉਰਦੂ ਦੋਹਾਂ ਦੀ ਪ੍ਰਤੀਨਿਧਤਾ ਕਰਦਾ ਹੈ?

– : ਸ਼ਾਇਦ ਕਰਦਾ ਹੈ, ਕੁਝ ਸਮੇਂ ਪਹਿਲਾਂ ਤੀਕ, ਪਰ ਹੁਣ ਨਹੀਂ। ਉਰਦੂ ਕਿਤੇ ਵੀ ਨਹੀਂ ਹੈ, ਕਿਉਂਕਿ ਨੀਤੀ-ਘਾੜਿਆਂ ਨੇ ਇਸ ਨਾਲ ਬੁਰਾ ਵਿਹਾਰ ਕੀਤਾ ਹੈ। ਹੁਣ ਇਹ ਐਸੀ ਭਾਸ਼ਾ ਨਹੀਂ ਹੈ ਕਿ ਤੁਹਾਨੂੰ ਕਿਤੇ ਨੌਕਰੀ ਦਿਵਾ ਸਕੇ। ਸਰਕਾਰ ਦੀ ਗਲਤ ਨੀਤੀ ਨੇ ਭਾਸ਼ਾ ਦੀ ਪੱਧਰ ਉੱਤੇ ਇੱਕ ਵੱਖਵਾਦੀ ਰੁਝਾਨ ਪੈਦਾ ਕਰ ਦਿੱਤਾ ਹੈ। ਜੇ ਇਸਦੇ ਪ੍ਰਤੀਕਰਮ ਵਜੋਂ ਉਰਦੂ ਬੋਲਣ ਵਾਲੇ ਲੋਕ, ਇੱਕ ਵੱਖਰਾ ਉਰਦੂ ਥੀਏਟਰ ਚਲਾਉਣਾ ਚਾਹੁੰਦੇ ਹਨ ਤਾਂ ਇਸ ਵਿਚ ਕੋਈ ਬੁਰੀ ਗੱਲ ਨਹੀਂ ਹੈ।

? : ਦੂਸਰੀਆਂ ਭਾਰਤੀ ਭਾਸ਼ਾਵਾਂ ਦੇ ਟਾਕਰੇ ਉੱਤੇ ਹਿੰਦੀ ਥੀਏਟਰ ਦੀਆਂ ਕੀ ਪ੍ਰਾਪਤੀਆਂ ਹਨ?

– : ਹਿੰਦੀ ਥੀਏਟਰ ਨੇ ਕਈ ਸ਼ੈਲੀਆਂ ਤੇ ਰੂਪ ਵਿਕਸਿਤ ਕਰ ਲਏ ਹਨ। ਇਸਦੇ ਕਈ ਚੰਗੇ ਨਿਰਦੇਸ਼ਕ ਹੋਏ ਹਨ ਤੇ ਇਸਨੇ ਕਲਾਕਾਰਾਂ ਦੀ ਨਵੀਂ ਨਸਲ ਪੈਦਾ ਕਰ ਦਿੱਤੀ ਹੈ। ਜਿਵੇਂ ਕਿ ਓਮ ਪੁਰੀ ਤੇ ਨਸੀਰਉਦੀਨ ਸ਼ਾਹ ਆਦਿ। ਨਾਲ ਹੀ ਮੰਡੀ ਤੇ ਪ੍ਰਚਾਰ ਕਾਰਨ, ਹਿੰਦੀ ਥੀਏਟਰ ਨੇ ਆਪਣਾ ਧਿਆਨ ਚਮਕ ਦਮਕ ਤੇ ਵਿਖਾਵੇ ਵੱਲ ਮੋੜ ਲਿਆ ਹੈ। ਨਵੀਆਂ ਜੁਗਤਾਂ, ਜੋ ਸਾਡੇ ਸਮੇਂ ਦੀ ਉਪਜ ਹਨ, ਨੇ ਸਾਡੇ ਕਲਾਕਾਰਾਂ ਦੀ ਪਹੁੰਚ ਨੂੰ ਬਦਲ ਦਿੱਤਾ ਹੈ। ਮਾਈਕਰੋਫੋਨ ਨੇ ਸਾਡੇ ਕਲਾਸੀਕਲ ਸੰਗੀਤ ਨੂੰ ਚੈਂਬਰ-ਸੰਗੀਤ ਵਿਚ ਬਦਲ ਦਿੱਤਾ ਹੈ। ਸਟੇਜ ਕਲਾਕਾਰਾਂ ਨੇ ਆਪਣੇ ਫਿਲਮੀ ਭਰਾਵਾਂ ਦੀ ਨਕਲ ਕਰਨੀ ਆਰੰਭ ਕਰ ਦਿੱਤੀ ਹੈ। ਨਾਟਕ-ਲੇਖਕ ਹੁਣ ਟੀ. ਵੀ. ਨੂੰ ਸਾਹਮਣੇ ਰੱਖ ਕੇ ਛੋਟੇ ਦ੍ਰਿਸ਼ ਲਿਖਦੇ ਹਨ, ਪਰ ਉਹ ਪੁਲਾੜ ਦੀ ਸੀਮਾ ਨੂੰ ਸੀਮਤ ਕਰਨ ਦੀ ਪ੍ਰਵਾਹ ਨਹੀਂ ਕਰਦੇ। ਸ਼ਕਤੀ ਦੇ ਨਾਂ ਉੱਤੇ ਉਹ ਆਲੇ-ਦੁਆਲੇ ਦੌੜੇ ਫਿਰਦੇ ਹਨ। ਇਸ ਸਭ ਕੁਝ ਦੇ ਬਾਵਜੂਦ ਮੈਂ ਆਸ ਨਹੀਂ ਛੱਡੀ, ਕਿਉਂਕਿ ਮੇਰਾ ਅਕੀਦਾ ਹੈ ਕਿ ਇਸ ਆਪੋਧਾਪੀ ਵਿਚੋਂ ਵੀ ਚੰਗੇ ਨਾਟਕ ਲਿਖੇ ਜਾਣਗੇ।

? : ਤੁਸੀਂ 'ਗਰੁੱਪ ਥੀਏਟਰ' ਦੇ ਰੋਲ ਬਾਰੇ ਕੀ ਆਖਦੇ ਹੋ?

– : ਮੈਂ 'ਗਰੁੱਪ ਥੀਏਟਰ' ਦੀ ਇੱਕ ਵੱਖਰੀ ਹੋਂਦ ਬਾਰੇ ਕੁਝ ਨਹੀਂ ਜਾਣਦਾ। ਅਸਲ ਵਿਚ ਇਹ ਨਾਂ ਕਲਕੱਤੇ ਵਾਲਿਆਂ ਦਾ ਦਿੱਤਾ ਹੋਇਆ ਹੈ। ਉਹ ਸਾਰਾ ਸਮਾਂ ਇਸਦੀ ਮਹਿਮਾ ਗਾਉਂਦੇ ਰਹਿੰਦੇ ਹਨ। ਅਸਲ ਵਿਚ, ਜਦ ਵੀ ਕਲਾਕਾਰ ਇੱਕ ਨਾਟਕ ਨੂੰ ਵਿਕਸਿਤ ਕਰਨ ਲਈ ਇਕੱਠੇ ਹੁੰਦੇ ਹਨ, ਉਹਨਾਂ ਦੇ ਇਕੱਠੇ ਹੋਣ ਨੂੰ ਇੱਕ ਵੱਖਰੇ ਹਸਤਾਖਰ ਦਾ ਨਾਂ ਦਿੱਤਾ ਜਾਂਦਾ ਹੈ। ਫਿਰ ਇਸ ਹਸਤਾਖਰ ਨੂੰ ਡਾਇਰੈਕਟਰ ਵਲੋਂ ਇੱਕ ਵਿਸ਼ੇਸ਼ ਸ਼ੈਲੀ ਵਿਚ ਢਾਲ ਲਿਆ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਕੋਈ ਐਸਾ ਥੀਏਟਰ ਨਹੀਂ, ਜੋ ਗਰੁੱਪ ਥੀਏਟਰ ਨਹੀਂ ਹੁੰਦਾ।

ਲੋਕ-ਗਾਇਕੀ

ਮਾਰਜ਼ੀਏ ਮੈਂ ਤਾਂ ਇੱਕ ਪਰਿੰਦਾ ਹਾਂ

ਮੁਲਾਕਾਤੀ- ਥੀਓਡੋਰ ਸਟੈਂਗਰ

ਥੀਓਡੋਰ ਸਟੈਂਗਰ : ਤੁਸਾਂ ਈਰਾਨ ਕਿਉਂ ਛੱਡਿਆ?

ਮਾਰਜ਼ੀਏ : ਈਰਾਨ ਵਿਚ ਔਰਤਾਂ ਬੜੀ ਮਾੜੀ ਦਸ਼ਾ ਵਿਚ ਰਹਿ ਰਹੀਆਂ ਹਨ। ਸਿਰਫ਼ ਇੱਕ ਮਿਸਾਲ ਇਹ ਦੱਸਣ ਲਈ ਕਾਫ਼ੀ ਹੈ ਕਿ ਇਹਨਾਂ ਹੀ ਦਿਨਾਂ ਵਿਚ ਉੱਥੇ ਫੈਸਲਾ ਹੋਇਆ ਹੈ ਕਿ ਜੇ ਕਿਸੇ ਔਰਤ ਨੂੰ ਫਾਂਸੀ ਦੇਣੀ ਹੈ, ਤਾਂ ਫਾਂਸੀ ਤੋਂ ਪਹਿਲਾਂ ਉਸ ਨਾਲ ਜਬਰ-ਜਿਨਾਹ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਜੇ ਉਹ ਕੰਵਾਰੀ ਹੈ ਤਾਂ ਉਹ ਜੰਨਤ (ਸਵਰਗ) ਵਿਚ ਜਾਵੇਗੀ। ਉਂਝ ਵੀ ਨਿਤਾ-ਪ੍ਰਤੀ ਦੀ ਜ਼ਿੰਦਗੀ ਵਿਚ ਈਰਾਨ ਵਿਚ ਔਰਤਾਂ ਨਾਲ ਜੋ ਸਲੂਕ ਹੁੰਦਾ ਹੈ, ਉਸਦੇ ਚੱਲਦੇ ਮੈਂ ਉੱਥੇ ਨਹੀਂ ਰਹਿ ਸਕਦੀ ਸੀ। ਇਸ ਲਈ ਈਰਾਨ ਵਿਚ ਛੱਡੇ ਹੋਏ ਆਪਣੇ ਪਰਿਵਾਰ ਨੂੰ ਖ਼ਤਰੇ ਵਿਚ ਪਾਉਣ ਦਾ ਕਸ਼ਟ ਉਠਾ ਕੇ ਵੀ ਈਰਾਨ ਤਿਆਗ ਦਿੱਤਾ।

? : ਈਰਾਨ ਵਿਚ ਇਸਲਾਮੀ ਅਧਿਕਾਰੀਆਂ ਨੇ ਆਪ ਨੂੰ ਗਾਉਣ ਤੋਂ ਕਿਉਂ ਰੋਕਿਆ?

– : ਕੀ ਤੁਹਾਨੂੰ ਪਤਾ ਨਹੀਂ ਕਿ ਈਰਾਨ ਵਿਚ ਔਰਤ ਦੇ ਵਾਲਾਂ ਦੀ ਇੱਕ ਲਿਟ ਵੇਖੇ ਜਾਣ ਉੱਤੇ 74 ਕੋੜਿਆਂ ਦੀ ਸਜ਼ਾ ਮਿਲ ਸਕਦੀ ਹੈ। ਜੇ ਉਹ ਲਿਪਸਟਿਕ ਲਗਾਉਂਦੀ ਹੈ ਤਾਂ ਉਸਤਰੇ ਨਾਲ ਉਸਦੇ ਹੋਠਾਂ ਨੂੰ ਚੀਰ ਸਕਦੇ ਹਨ। ਜੇ ਉਹ ਮੇਕਅੱਪ ਕਰਦੀ ਹੈ ਤਾਂ ਉਸਦੇ ਚਿਹਰੇ ਉੱਤੇ ਤੇਜ਼ਾਬ ਛਿੜਕਦੇ ਹਨ। ਹੁਣ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਮੇਰੇ ਮੁਹੱਬਤ ਦੇ ਗੀਤ ਗਾਉਣ ਉੱਤੇ ਮੁੱਲਾਂ ਕੀ ਸੋਚਦੇ ਹੋਣਗੇ?

? : ਤੁਹਾਡੇ ਉੱਤੇ ਪੰਦਰਾਂ ਸਾਲਾਂ ਤੋਂ ਪਾਬੰਦੀ ਲਾਗੂ ਹੈ। ਕੀ ਆਪ ਇਕਾਂਤ ਵਿਚ ਅਜੇ ਵੀ ਗਾਉਂਦੇ ਹੋ?

– : ਹਾਂ, ਕਿਉਂ ਨਹੀਂ। ਜਦੋਂ ਮੈਂ ਆਪਣੇ ਪਿੰਡ ਸੀ, ਮੈਂ ਸਿਤਾਰਿਆਂ ਲਈ, ਨਦੀ ਲਈ, ਬਿਰਖਾਂ ਅਤੇ ਚਿੜੀਆਂ ਦੇ ਵਾਸਤੇ ਗਾਉਂਦੀ ਸੀ। ਕਈ ਵਾਰੀ ਕਈ ਲੋਕਾਂ ਨੇ ਮੈਨੂੰ ਮਹਿਫ਼ਿਲਾਂ ਵਿਚ ਜਾਣ ਲਈ ਸ਼ਾਨਦਾਰ

ਮਾਰਜ਼ੀਏ ਆਪਣੇ ਸਾਥੀ ਸੰਗੀਤਕਾਰਾਂ ਨਾਲ

ਤੇ ਬਾਹਰੋਂ ਕੌਮੀ ਜਾਇਦਾਦ ਨੂੰ ਆਪਣੇ ਨਿਜੀ ਲਾਭ ਲਈ ਬਟੋਰ ਰਹੀ ਹੈ। ਉਹ ਤਹਿਰਾਨ ਤੇ ਅਨਯਤਰ ਵਿਚ ਆਪਣੇ ਲਈ ਮਹੱਲਾਂ ਵਰਗੇ ਮਕਾਨ ਖਰੀਦ ਰਹੇ ਹਨ। ਉਹਨਾਂ ਦੀਆਂ ਬੀਵੀਆਂ ਪੈਰਿਸ ਅਤੇ ਫਿਫਥ ਐਵੀਨਿਊ (ਨਿਊਯਾਰਕ) ਵਿਚ ਖਰੀਦਦਾਰੀ ਕਰਨ ਜਾਂਦੀਆਂ ਹਨ। ਆਪਣੇ ਵਤਨ ਵਾਪਸ ਆਉਣ ਵੇਲੇ ਉਹਨਾਂ ਵਿਚੋਂ ਕਈ ਚਾਦਰਾਂ ਦੇ ਅੰਦਰ ਪੱਛਮੀ ਲਿਬਾਸ ਪਾਏ ਹੁੰਦੇ ਹਨ। ਮੁੱਲਾਂ ਬੁਲਟ ਪਰੂਫ ਮਰਸੀਡੀਜ਼ ਕਾਰਾਂ ਖਰੀਦ ਰਹੇ ਹਨ। ਉਹ 'ਕੈਵੀਅਰ' ਤੇ ਜੀਂਦੇ ਹਨ ਤੇ ਉਹਨਾਂ ਨੇ ਸੈਂਕੜੇ ਮਿਲੀਅਨ ਡਾਲਰ ਦੀ ਤਸਕਰੀ ਕਰਕੇ ਗ੍ਰਾਸ ਸਿਵਿਲ ਬੈਂਕਾਂ ਵਿਚ ਜਮਾਂ ਕਰਵਾ ਰੱਖੀ ਹੈ।

? : ਕੀ ਈਰਾਨ ਵਿਚ ਆਮ ਲੋਕਾਂ ਲਈ ਹਾਲਾਤ ਸੁਧਰੇ ਹਨ ?

– : ਇਹ ਦੁਖਦਾਈ ਹੈ, ਪਰ ਸੱਚ ਹੈ ਕਿ ਉਹ ਲੋਕ ਜੋ ਆਇਤੁੱਲਾ ਖਮੈਨੀ ਦੇ ਵਾਸਤੇ ਛਾਤੀ ਉੱਤੇ ਗੋਲੀਆਂ ਖਾਣ ਵਿਚ ਸਭ ਤੋਂ ਅੱਗੇ ਹੁੰਦੇ ਸੀ, ਸਭ ਤੋਂ ਜ਼ਿਆਦਾ ਦੁੱਖ ਝੱਲ ਰਹੇ ਹਨ। ਉਹਨਾਂ ਦੇ ਮਨ ਵਿਚ ਵਰਤਮਾਨ ਹਕੂਮਤ ਦੇ ਲਈ ਘ੍ਰਿਣਾ ਹੈ, ਪਰ ਉਹ ਕੁਝ ਕਰ ਨਹੀਂ ਸਕਦੇ?

? : ਕੀ ਹੁਣ ਈਰਾਨ ਵਿਚ ਕਲਾ ਲਈ ਕੋਈ ਉਮੀਦ ਬਚੀ ਹੈ?

– : ਕਲਾਕਾਰਾਂ ਦੇ ਬੁੱਧੀਜੀਵੀਆਂ ਦੋਵਾਂ ਨੇ ਬਹੁਤ ਕੁਝ ਝੱਲਿਆ ਹੈ। ਸਾਡੇ ਕੁਝ ਬਹੁਤ ਬੇਹਤਰੀਨ ਸੰਗੀਤਕਾਰ ਮੌਤ ਦੇ ਮੂੰਹ ਵਿਚ ਜਾ ਪਏ। ਮੁੱਲਾਂ ਮੌਲਵੀ ਹਰ ਚੀਜ਼ ਦੇ ਵਿਰੁੱਧ ਹਨ। ਖ਼ੁਦ ਆਇਤੁੱਲਾ ਖੁਮੈਨੀ ਕਲਾਵਾਂ ਪ੍ਰਤੀ ਬਹੁਤ ਚੁਕੰਨੇ ਸਨ, ਪਰ ਹਾਲੀਂ ਵੀ ਈਰਾਨ ਵਿਚ ਕਲਾਧਰਮੀਆਂ ਨੇ ਸ਼ਮਾ ਬਾਲ ਰੱਖੀ ਹੈ। ਈਰਾਨੀ ਸੁਭਾਅ ਤੋਂ ਵਿਦਰੋਹੀ ਹਨ ਤੇ ਮੈਨੂੰ ਨਹੀਂ ਲੱਗਦਾ ਕਿ ਮੁੱਲਾਂ ਉਹਨਾਂ ਦੀ ਆਤਮਾ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਸਕਦੇ ਹਨ। ਪਰ ਇਹ ਈਰਾਨ ਦੇ ਇਤਿਹਾਸ ਦਾ ਸਭ ਤੋਂ ਕਾਲਾ ਦੌਰ ਹੈ। ਕੁਝ ਇੱਕ ਲੋਕ, ਜੋ ਮੇਰੇ ਟੇਪ ਪ੍ਰਾਪਤ ਕਰ ਸਕਦੇ ਹਨ, ਮੈਨੂੰ ਸੁਣਨ ਲਈ ਹੈਡਫੋਨ ਦੀ ਵਰਤੋਂ ਕਰਦੇ ਹਨ ਤਾਂ ਕਿ ਉਹ ਫੜ੍ਹੇ ਨਾ ਜਾਣ। ਮੇਰੀ ਆਵਾਜ਼ ਅੱਧੀ ਸਦੀ ਤੋਂ ਈਰਾਨੀਆਂ ਦੇ ਨਾਲ ਹੈ ਤੇ ਇਹ ਏਨੀ ਛੇਤੀ ਮਰੀ ਨਹੀਂ। ਹੁਣ ਤਾਂ ਉਹ ਮੈਨੂੰ ਈਰਾਨ ਤੋਂ ਬਾਹਰ ਮੁਜਾਹਦੀਨਾਂ ਰਾਹੀਂ ਚਲਾਏ ਰੇਡੀਓ ਪ੍ਰਸਾਰਨ ਤੋਂ ਵੀ ਸੁਣ ਸਕਦੇ ਹਨ।

? : ਤੁਸਾਂ ਆਪਣੀ ਆਵਾਜ਼ ਨੂੰ ਹੁਣ ਤੀਕ ਏਨੀ ਸ਼ੋਖ ਕਿਵੇਂ ਬਣਾਈ ਰੱਖਿਆ ਹੈ?

– : ਮੈਂ ਇੱਕ ਵੇਰ ਫਰੈਂਕ ਸਿਨਾਤਰਾ ਨੂੰ ਸਲਾਹ ਦਿੱਤੀ ਸੀ ਕਿ ਸੰਗੀਤਕਾਰ ਨੂੰ ਆਪਣੀ ਆਵਾਜ਼ ਦਾ ਜਾਦੂ ਬਰਕਰਾਰ ਰੱਖਣ ਲਈ ਤਮਾਕੂ ਜਾਂ ਸ਼ਰਾਬ ਤੋਂ ਬਚਣਾ ਚਾਹੀਦਾ ਹੈ ਤੇ ਖੂਬ ਕਸਰਤਾਂ ਕਰਨੀਆਂ ਚਾਹੀਦੀਆਂ ਹਨ। ਮੈਂ ਘੋੜ ਸਵਾਰੀ ਤੇ ਟੈਨਿਸ ਖੇਡਣਾ ਪਸੰਦ ਕਰਦੀ ਹਾਂ ਤੇ ਇਹੋ ਕਾਰਨ ਹੈ ਕਿ ਮੇਰੀ ਆਵਾਜ਼ ਰਤੀ ਭਰ ਨਹੀਂ ਬਦਲੀ।

? : ਕੀ ਆਪ ਨੂੰ ਇੱਕ ਦਿਨ ਈਰਾਨ ਪਰਤਣ ਦੀ ਆਸ ਹੈ?

– : ਮੈਂ ਸਦਾ ਲਈ ਜਲਾਵਤਨ ਰਹਿਣ ਲਈ ਈਰਾਨ ਨਹੀਂ ਛੱਡਿਆ। ਮੈਂ ਮੁੱਲਾਂ ਦਾ ਟਾਕਰਾ ਕਰਨ ਲਈ ਹੀ ਵਿਰੋਧੀ ਤਾਕਤਾਂ ਨਾਲ ਮਿਲੀ ਹਾਂ।

ਕਵੀ ਅਤੇ ਲੋਕ

ਹਬੀਬ ਜਾਲਿਬ

ਲੋਕ ਸ਼ਾਇਰੀ ਕਰਨ ਵਾਲਾ ਕਵੀ ਹੀ ਜਿਉਂਦਾ ਰਹਿੰਦੈ



ਮੁਲਾਕਾਤੀ– ਸੁਹੇਲ ਵਹੀਦ

ਇਹ ਮੁਲਾਕਾਤ ਪਾਕਿਸਤਾਨ ਦੇ ਮਸ਼ਹੂਰ ਉਰਦੂ ਤੇ ਪੰਜਾਬੀ ਦੇ ਲੋਕ ਕਵੀ ਹਬੀਬ ਜਾਲਿਬ ਦੇ ਭਾਰਤ ਆਉਣ ਉੱਤੇ ਉਰਦੂ ਦੇ ਲੇਖਕ ਸੁਹੇਲ ਵਹੀਦ ਨੇ ਕੀਤੀ ਸੀ। ਅਸੀਂ ਇਹ ਜਾਲਿਬ ਦੇ ਭਾਈ ਸਾਹਿਬ ਸਈਦ ਪ੍ਰਵੇਜ਼ ਦੀ ਸੰਪਾਦਤ ਕੀਤੀ ਪੰਜਾਬੀ ਸ਼ਾਇਰੀ ਦੀ ਪੁਸਤਕ ''ਰਾਤ-ਕੁਲਹਿਣੀ'' ਵਿੱਚੋਂ ਪ੍ਰਾਪਤ ਕੀਤੀ ਹੈ।

ਸੁਹੇਲ ਵਹੀਦ : ਪਕਿਸਤਾਨ ਵਿੱਚ ਹੋਣ ਵਾਲੀ ਹਕੂਮਤੀ ਤਬਦੀਲੀ ਬਾਰੇ ਤੁਹਾਡੀ ਕੀ ਰਾਏ ਹੈ?

ਹਬੀਬ ਜਾਲਿਬ : ਇਹ ਤਾਂ ਹੋਣੀ ਹੀ ਸੀ। ਆਖਿਰ ਕਦੋਂ ਤੱਕ ਡਿਕਟੇਟਰਸ਼ਿਪ ਚੱਲਦੀ। ਲੋਕਾਂ ਦੇ ਸੁਪਨੇ ਇੱਕ ਇਕ ਕਰਕੇ ਟੁੱਟਦੇ ਗਏ। ਕਿਸੇ ਦੇ ਵੀ ਸੁਪਨੇ ਪੂਰੇ ਨਾ ਹੋਏ। ਏਸ ਤਰ੍ਹਾਂ ਖੱਬੇ, ਸਮਾਜਵਾਦੀ ਤੇ ਲੋਕਾਈ ਦੀ ਤਾਕਤ ਇਕੱਠੀ ਹੋਈ ਤੇ ਇਹ ਤਬਦੀਲੀ ਆਈ।

? : ਤੁਸੀ ਆਪਣੇ ਆਪ ਨੂੰ ਅਦਬੀ ਬਹੁਤਾ ਮੰਨਦੇ ਹੋ ਜਾਂ ਸਿਆਸੀ?

– : ਹੁਣ ਕੀ ਦੱਸਿਆ ਜਾਵੇ। ਜੇ ਤਾਕਤਵਰ ਪਾਰਟੀ ਨੂੰ ਹੀ ਮੰਨ ਲਿਆ ਜਾਵੇ ਤਾਂ ਉਸ ਦੀ ਕੀ ਗੱਲ ਕਰਨੀ ਏ। ਉਸੇ ਦੇ ਗੁਣ ਗਾਉਣ ਲਈ ਸਭ ਕੁਝ ਲਿੱਖਣਾ ਪੜ੍ਹਨਾ ਹੈ, ਤਾਂ ਬੇਕਾਰ ਹੈ। ਤਾਨਾਸ਼ਾਹੀ ਵਿੱਚ ਤਾਂ ਦਮ ਘੁੱਟਦਾ ਸੀ। ਤਾਂ ਹੀ ਮੈਂ ਸ਼ਾਇਰੀ ਵਿੱਚ ਵੀ ਅਤੇ ਆਪਣੀ ਜ਼ਿੰਦਗੀ ਵਿਚ ਵੀ ਸਭ ਕੁਝ ਬਦਲਿਆ ਤੇ ਸ਼ਾਇਰੀ ਕੁਝ ਕਹਿਣ ਦਾ ਵਸੀਲਾ ਬਣੀ।

? : ਤਾਂ ਕੀ ਤੁਸੀ ਸਮਝਦੇ ਹੋ ਕਿ ਬੇਨਜ਼ੀਰ ਦੀ ਹਕੂਮਤ ਤੋ ਜਿੰਨੀਆਂ ਉਮੀਦਾਂ ਕੀਤੀਆਂ ਜਾਂ ਰਹੀਆਂ ਸਨ, ਉਹ ਸਭ ਪੂਰੀਆਂ ਹੋਣਗੀਆਂ? ਤੁਸੀ ਕੀ ਸੋਚ ਕੇ ਬੇਨਜ਼ੀਰ ਨਾਲ ਜੁੜੇ?

– : ਉਸ ਪਾਸੇ ਤਾਂ ਅਸੀਂ ਜਾ ਹੀ ਨਹੀ ਸੀ ਸਕਦੇ। ਉਧਰ ਤਾਂ ਕੱਟੜ ਪ੍ਰਸਤ ਮੁਲਾਣੇ ਸਨ, ਸਮਾਜੀ ਸਿਆਸਤਦਾਨ ਬੰਦੇ ਸਨ। ਸਾਨੂੰ ਕਿਹਾ ਗਿਆ ਤੁਸੀ ਹਿੰਦੁਸਤਾਨੀ ਏਜੰਟ ਦੱਸਦੇ ਸੀ। ਅਸੀਂ ਕਿਹਾ ਠੀਕ ਹੈ। ਕੋਈ ਗੱਲ ਨਹੀਂ। ਪਰ ਅਸੀ ਰਹਾਂਗੇ ਉਸੇ ਦੇ ਨਾਲ, ਜਿਹੜਾ ਆਜ਼ਾਦੀ ਦੇ ਗੀਤ ਗਾਏ, ਜੋ ਆਜ਼ਾਦੀ ਦਾ ਚਾਹਵਾਨ ਹੋਵੇਗਾ। ਜੋ ਅਵਾਮੀ ਤਬਦੀਲੀ ਦਾ ਚਾਹਵਾਨ ਹੋਵੇਗਾ। ਹੁਣ ਉਮੀਦਾਂ ਪੂਰੀਆਂ ਹੋਣ ਜਾਂ ਨਾ, ਇਹ ਵੱਖਰੀ ਗੱਲ ਹੈ।

? : ਹੁਣ ਪਾਕਿਸਤਾਨ ਵਿੱਚ ਅਜੇ ਤੀਕਰ ਹਰ ਤਰ੍ਹਾਂ ਦੀ ਆਜ਼ਾਦੀ ਹੈ। ਏਸ ਹਾਲਤ ਵਿੱਚ ਤੁਹਾਡੀ ਨਵੀਂ ਲਹਿਰ ਕੀ ਹੋਵੇਗੀ?

– : ਅਸੀਂ ਤਾਂ ਮਾਰ ਖਾ ਖਾ ਕੇ ਪਲੇ ਆਂ। ਅਸੀਂ ਚੁੱਪ ਤਾਂ ਕਦੇ ਰਹੇ ਨਹੀਂ ਅਤੇ ਨਾ ਹੀ ਰਹਾਂਗੇ। ਜਦੋਂ ਵੇਖਾਂਗੇ ਜਮਹੂਰੀਅਤ ਨੂੰ ਖਤਰਾ ਹੈ ਤਾਂ ਉਸਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਾਂਗੇ, ਪਰ ਇਨਸਾਫ਼ ਨਾਲ ਹੀ।

? : ਪਾਕਿਸਤਾਨ ਦੇ ਸ਼ਾਇਰ ਜਿਵੇਂ ਕਿ ਤੁਸੀ ਪ੍ਰਵੀਨ ਸ਼ਾਕਰ, ਜਮੀਲ ਅਲਦੀਨ ਆਲੀ, ਜਮੀਲ ਜਾਲਬੀ, ਅਹਿਮਦ ਨਦੀਮ ਕਾਸਮੀ, ਹਮਾਬਤ ਅਲੀ ਸ਼ਾਇਰ ਅਤੇ ਨਵੇਂ ਸ਼ਾਇਰ, ਜਿਹੜੇ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਆਪਣੀ ਸ਼ਾਇਰੀ ਵਿੱਚ ਕਰਦੇ ਹਨ। ਉਹਨਾਂ ਸ਼ਬਦਾਂ ਦਾ ਉਥੇ ਪਹੁੰਚਣ ਦਾ ਸੋਮਾ ਕੀ ਹੈ? ਜਦੋਂ ਕਿ ਹਿੰਦੁਸਤਾਨੀ ਸ਼ਾਇਰ ਅਜੇਹੇ ਸ਼ਬਦ ਨਹੀ ਵਰਤਦੇ?

– : ਜਮੀਲ-ਅਲਦੀਨ ਆਲੀ ਵਿਚਾਰੇ ਦੀ ਤਾਂ ਮਜਬੂਰੀ ਹੈ। ਉਹ ਦੋਹੇ ਲਿਖਦਾ ਹੈ। ਬਾਕੀ ਦੇ ਸ਼ਾਇਰ ਉਹੀ ਜ਼ੁਬਾਨ ਵਰਤਦੇ ਹਨ ਜਿਹੜੀ ਬੋਲੀ ਜਾਂਦੀ ਹੈ।

? : ਮੈਂ ਪੁੱਛਿਆ ਹੈ ਕਿ ਸੋਮਾ ਕੀ ਹੈ। ਜਿਸ ਨਾਲ ਉਹ ਉਥੇ ਪਹੁੰਚਦੇ ਹਨ। ਕਿਉਂ ਜੋ ਐਥੋਂ ਦੇ ਉਰਦੂ ਵਿੱਚ ਇਹ ਸ਼ਬਦ ਨਹੀ ਵਰਤੇ ਜਾਂਦੇ ?

– : ਨਜ਼ੀਰ ਅਕਬਰ ਆਬਾਦੀ ਅਤੇ ਫਿਰਾਕ ਗੋਰਖਪੁਰੀ ਇਹਨਾਂ ਸ਼ਬਦਾਂ ਦੀ ਖੂਬ ਵਰਤੋਂ ਕਰਦੇ ਹਨ। ਦੂਜੀ ਗੱਲ ਇਹ ਹੈ ਕਿ ਪੰਜਾਬੀ ਜ਼ੁਬਾਨ ਵਿੱਚ ਇਹ ਸ਼ਬਦ ਆਮ ਵਰਤੇ ਜਾਂਦੇ ਹਨ। ਹਿੰਦੁਸਤਾਨੀ ਫਿਲਮਾਂ ਤੋਂ ਵੀ ਇਹ ਸ਼ਬਦ ਲਏ ਜਾਂਦੇ ਹਨ। ਹੁਣ ਤਾਂ ਸਾਰੇ ਹੀ ਹਜ਼ਾਰਾਂ ਹਿੰਦੀ ਸ਼ਬਦ ਉਰਦੂ ਦੇ ਬਣ ਚੁੱਕੇ ਹਨ। ਘੁਲ ਮਿਲ ਗਏ ਹਨ।

? : ਹਿੰਦੁਸਤਾਨੀ ਉਰਦੂ ਸ਼ਾਇਰ ਅਤੇ ਪਾਕਿਸਤਾਨੀ ਉਰਦੂ ਸ਼ਾਇਰ ਵਿੱਚ ਤੁਸੀਂ ਕੀ ਫਰਕ ਸਮਝਦੇ ਹੋ?

– : ਕਿਸੇ ਤਰ੍ਹਾਂ ਵੀ ਨਹੀ, ਲੋਕਾਂ ਦੀ ਸ਼ਾਇਰੀ, ਸ਼ਾਇਰੀ ਹੁੰਦਾ ਹੈ, ਉਹ ਕਵੀ ਜੀਉਂਦਾ ਰਹਿੰਦਾ ਹੈ, ਜਿਹੜਾ ਲੋਕਾਂ ਲਈ ਸ਼ਾਇਰੀ ਕਰਦਾ ਹੈ, ਲੋਕਾਂ ਦੀ ਬੋਲੀ ਵਿੱਚ ਗੱਲ-ਬਾਤ ਕਰਦਾ ਹੈ, ਸ਼ਾਇਰੀ ਕਰਦਾ ਹੈ।

? : ਪਾਕਿਸਤਾਨ ਵਿੱਚ ਮੁਸ਼ਾਇਰਿਆਂ ਬਾਰੇ ਕੁਝ ਦੱਸੋ?

– : ਮੁਸ਼ਹਿਰੇ ਹੁੰਦੇ ਹਨ। ਹਕੂਮਤ ਹੁਣ ਕੋਈ ਅਦਬੀ ਮਹਿਫਿਲ ਨਹੀ। ਜਿੱਥੇ ਇਕ ਦੂਜੇ ਨੂੰ ਨੀਵਾਂ ਵਿਖਾਇਆ ਜਾਂਦਾ ਹੋਵੇ, ਪਤੰਗਾਂ ਦੇ ਪੇਚਾਂ ਵਾਂਗ। ਯਹੀਯਾ ਖਾਨ ਦੇ ਜ਼ਮਾਨੇ ਵਿੱਚ ਇਕ ਮੁਸ਼ਹਿਰਾ ਹੋਇਆ ਸੀ। ਮੈਨੂੰ ਜਦੋਂ ਉਥੇ ਨਜ਼ਮ ਪੜ੍ਹਨ ਲਈ ਕਿਹਾ ਗਿਆ ਤਾਂ ਮੈਂ ਉਹਨਾਂ ਦੀ ਤਸਵੀਰ ਜਿਹੜੀ ਸਾਹਮਣੇ ਲੱਗੀ ਸੀ, ਵੱਲ ਇਸ਼ਾਰਾ ਕਰਦੇ ਹੋਇਆ ਕਿਹਾ।

ਤੁਮ ਸੇ ਪਹਿਲੇ ਵੁਹ, ਜੋ ਇੱਕ ਸ਼ਖਸ਼ ਯਹਾਂ ਤਖਤ ਨਸ਼ੀਂ ਥਾ।

ਉਸ ਕੋ ਭੀ ਅਪਨੇ ਖੁਦਾ ਹੋਨੇ ਪੇ ਇਤਨਾ ਹੀ ਯਕੀਂ ਥਾ।

ਏਸ ਤਰ੍ਹਾਂ ਮੁਸ਼ਾਇਰਾ ਖਤਮ ਹੋਇਆ ਤੇ ਹੰਗਾਮਾ ਖੜ੍ਹਾ ਹੋ ਗਿਆ। ਫੇਰ ਕੁਝ ਦਿਨਾਂ ਪਿਛੋਂ ਮੇਰੇ ਉੱਤੇ ਇਕ ਬਦਮਾਸ਼ ਨਾਲ ਝਗੜਾ ਕਰਨ ਅਤੇ ਚਾਕੂ ਮਾਰਨ ਦਾ ਇਲਜ਼ਾਮ ਲਾਇਆ ਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਹੁਣ ਮੈਂ ਜਮਹੂਰੀਅਤ ਪਸੰਦ ਹਾਂ ਤਾਂ ਕੀ ਕਰਾਂ।

? : ਤੁਸੀ ਹੁਣੇ ਕਿਹਾ ਸੀ ਕਿ ਤੁਹਾਨੂੰ ਭਾਰਤੀ ਏਜੈਂਟ ਕਿਹਾ ਜਾਂਦਾ ਹੈ?

– : ਹਾਂ, ਨੈਸ਼ਨਲ ਅਵਾਮੀ ਪਾਰਟੀ ਵਿੱਚ ਹੋਣ ਕਾਰਨ ਅਜੇਹਾ ਕਿਹਾ ਜਾਂਦਾ ਹੈ। ਕਿਉਂ ਸੋ ਅਸੀ ਜਮਹੂਰੀਅਤ ਪਸੰਦ ਹਾਂ, ਫੌਜੀ ਹਕੂਮਤ ਦੇ ਖਿਲਾਫ ਹਾਂ। ਹਮੇਸ਼ਾ ਲੋਕਾਂ ਲਈ ਲੜਦੇ ਰਹੇ ਹਾਂ, ਕਿਸੇ ਨਾ ਕਿਸੇ ਰੂਪ ਵਿੱਚ।

? : ਕਿਹਾ ਜਾਂਦਾ ਹੈ ਕਿ ਉਰਦੂ ਹਿੰਦੁਸਤਾਨ ਦੀ ਵੰਡ ਲਈ ਜਿਮੇਵਾਰ ਹੈ?

– : ਕੋਈ ਜ਼ੁਬਾਨ ਵੰਡ ਦੀ ਜ਼ਿੰਮੇਵਾਰ ਨਹੀਂ ਹੁੰਦੀ, ਪਰ ਏਸ ਦਾ ਅਸਰ ਬਹੁਤ ਵੱਡਾ ਪੈਂਦਾ ਏ। ਸਾਡੇ ਉਥੇ ਬੰਗਾਲੀ ਨਾਲ ਏਹੋ ਕੁਝ ਹੋਇਆ, ਉਸ ਦੇ ਖਿਲਾਫ ਜ਼ਹਿਰ ਫੈਲਾਇਆ ਗਿਆ। ਹੌਲੀ ਹੌਲੀ ਹੁੰਦੇ ਕਰਦੇ ਬੰਗਾਲ ਅਲੱਗ ਹੋ ਗਿਆ।

? : ਏਸ ਦਾ ਮਤਲਬ, ਬੰਗਾਲੀ, ਦੇਸ਼ ਦੇ ਵੱਖ ਹੋਣ ਅਤੇ ਉਰਦੂ ਪਾਕਿਸਤਾਨ ਦੇ ਵੱਖ ਹੋਣ ਲਈ ਜ਼ਿੰਮੇਵਾਰ ਹੈ?

– : ਗੱਲ ਇਹ ਨਹੀ। ਜ਼ੁਬਾਨਾਂ ਜੋੜਦੀਆਂ ਹਨ, ਵੱਖ ਨਹੀ ਕਰਦੀਆਂ, ਬੰਗਾਲ ਦੇ ਨਾਲ ਉਸ ਦੀਆਂ ਆਰਥਕ ਪਰੇਸ਼ਾਨੀਆਂ ਜ਼ਿਆਦਾ ਸਨ, ਰਾਜਸੀ ਅਤੇ ਭੂਗੋਲਕ ਵੀ, ਪਰ ਹਾਂ ਜ਼ੁਬਾਨ ਖਿਲਾਫ਼ ਸੋ ਜ਼ਹਿਰ ਉਗਲਿਆ ਗਿਆ, ਉਸ ਨਾਲ ਮਾਹੌਲ ਵਿਚ, ਬੰਗਾਲ ਦੇ ਵੱਖ ਵੱਖ ਹੋਣ ਵਿੱਚ ਆਸਾਨੀ ਹੋ ਗਈ। ਰਾਹ ਪੱਧਰਾ ਹੋ ਗਿਆ।

? : ਪਾਕਿਸਤਾਨ ਵਿੱਚ ਕਿਹੜੇ ਕਿਹੜੇ ਹਿੰਦੁਸਤਾਨੀ ਸ਼ਾਇਰ ਤੇ ਲਿਖਾਰੀ ਪਸੰਦ ਕੀਤੇ ਜਾਂਦੇ ਸਨ?

– : ਸਾਹਿਰ ਲੁਧਿਆਣਵੀ ਬਹੁਤ ਮਕਬੂਲ ਹੈ। ਉਂਝ ਤਾ ਕੈਫੀ ਆਜ਼ਮੀ, ਸਰਦਾਰ ਜਾਫਰੀ, ਮਜਰੂਹ ਸੁਲਤਾਨਪੁਰੀ, ਜਾਂ ਨਿਸਾਰ ਅਖ਼ਤਰ, ਬਾਰਾ ਬਾਂਕਵੀ ਆਦਿ ਸ਼ਾਇਰਾਂ ਅਤੇ ਕਹਾਣੀਕਾਰਾਂ ਵਿੱਚੋ ਸੱਭ ਤੋਂ ਬਹੁਤਾ ਰਾਜਿੰਦਰ ਸਿੰਘ ਬੇਦੀ ਪੜ੍ਹੇ ਜਾਂਦੇ ਹਨ ਪਸੰਦ ਕੀਤੇ ਜਾਂਦੇ ਹਨ। ਅਸਮਤ ਚੁਗਤਾਈ ਅਤੇ ਹੁਣ ਵਾਜਦਾ ਤਬੱਸਮ ਵੀ ਪੜ੍ਹੀ ਜਾਂਦੀ ਹੈ।

? : ਤੁਹਾਡੀ ਨਜ਼ਰ ਵਿੱਚ ਕਾਮਯਾਬ ਸ਼ਾਇਰ ਕਿਹੜਾ ਏ?

– : ਜਿਹੜਾ ਲੋਕਾਂ ਦੀ ਜ਼ੁਬਾਨ ਵਿੱਚ, ਲੋਕਾਂ ਦੇ ਮਸਲੇ ਅਤੇ ਅਜਿਹੇ ਮਸਲੇ ਜਿਨ੍ਹਾਂ ਨੂੰ ਲੋਕ ਆਪ ਨਹੀ ਦੱਸ ਸਕਦੇ, ਅਤੇ ਆਪਣੇ ਦਰਦ ਨੂੰ ਸੀਨੇ ਵਿੱਚ ਲੁਕਾਈ ਰੱਖਦੇ ਹਨ। ਅਤੇ ਜਦੋਂ ਸ਼ਾਇਰ ਗੱਲ ਕਹਿੰਦਾ ਹੈ ਤਾਂ ਕਰੋੜਾਂ ਲੋਕਾਂ ਦੀ ਤਰਜਮਾਨੀ ਹੁੰਦੀ ਹੈ। ਕਦੇ ਫੈਜ਼ ਨੇ ਕਿਹਾ ਸੀ ਕਿ ''ਵਾਹ! ਇੰਤਜ਼ਾਰ ਥਾ'' ਅਤੇ ਉਹੀ ਲੋਕ ਦਾਦ ਹਾਸਲ ਕਰਦੇ ਹਨ, ਤੇ ਨਜ਼ਮ ਕਹਿੰਦੇ ਹਨ ਜਿਹੜੀ ਦੂਰ ਦੂਰ ਤੱਕ ਪਹੁੰਚੇ।

? : ਫੈਜ਼ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਓੜਕ ਸਮਝੌਤਾ ਕਰ ਲਿਆ ਸੀ ਅਤੇ ਰੋਮਾਂਟਿਕ ਸ਼ਾਇਰੀ ਕਰਨ ਲੱਗੇ ਸਨ?

– : ਫੈਜ਼ ਨੇ ਆਪਣੀ ਸ਼ਾਇਰੀ ਵਿੱਚ ਕਿਧਰੇ ਵੀ ਸਮਝੌਤਾ ਨਹੀਂ ਕੀਤਾ। ਉਹਨਾਂ ਦੀ ਸ਼ਾਇਰੀ ਪੁਖਤਾ (ਪਰਪੱਕ) ਹੈ। ਲੋਕਾਂ ਲਈ ਸ਼ਾਇਰੀ ਹੈ। ਅਜੇਹੀ ਗੱਲ ਨਹੀ ਹੈ। ਉਂਝ ਤਾਂ ਹਰ ਇੱਕ ਬੰਦੇ ਦੇ ਵੱਖ ਵੱਖ ਹਾਲਾਤ ਹੁੰਦੇ ਹਨ। ਪਰ ਫੈਜ਼ ਨੇ ਮੇਰੀ ਸਮਝ ਵਿੱਚ ਕਿਧਰੇ ਸਮਝੌਤਾ ਨਹੀ ਕੀਤਾ।

? : ਪਾਕਿਸਤਾਨ ਦੀ ਨਵੀਂ ਸ਼ਾਇਰੀ ਬਾਰੇ ਤੁਹਾਡੀ ਕੀ ਰਾਏ ਹੈ?

– : ਚੰਗੀ ਹੈ, ਕਿਉਂ ਜੋ ਇੱਕ ਲੰਬੇ ਅਰਸੇ ਤੱਕ ਘੁੱਟਨ ਦਾ ਮਾਹੌਲ ਰਿਹਾ ਹੈ। ਉਸੇ ਕਾਰਨ ਲੋਕਾਂ ਨੇ ਵੱਖ ਵੱਖ ਢੰਗਾਂ ਨਾਲ ਆਪਣੀ ਗੱਲ ਕਹੀ ਹੈ। ਉਸੇ ਘੁੱਟਣ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਨਵੇਂ ਤਜਰਬੇ ਹੋਏ ਹਨ। ਜਿਹੜੇ ਚੰਗੇ ਰਹੇ ਹਨ। ਹੁਣ ਨਵੀਂ ਪਾਕਿਸਤਾਨੀ ਸ਼ਾਇਰੀ ਵਿੱਚ ਨਿਖਾਰ ਆਇਆ ਹੈ।

(ਜੂਨ 1989)

ਇਤਿਹਾਸਕ ਯਾਦਗਾਰਾਂ : ਬੀਤੇ ਦੀ ਯਾਦ 'ਤੇ ਭਵਿੱਖ ਦੀ ਚਿਤਾਵਨੀ

ਸਾਕਾ ਨੀਲਾ ਤਾਰਾ ਯਾਦਗਾਰ ਦੀ ਕਾਰਸੇਵਾ ਦਾ ਦ੍ਰਿਸ਼ ਤੇ ਇਨਸੈਟ ਵਿਚ ਸਾਕਾ ਨੀਲਾ ਤਾਰਾ ਯਾਦਗਾਰ ਦਾ ਮਾਡਲ

ਸਤਨਾਮ ਚਾਨਾ
vichar_manch@yahoo.com
+91-94172-70411

ਦਰਬਾਰ ਸਾਹਿਬ ਕੰਪਲੈਕਸ ਅੰਮ੍ਰਿਤਸਰ ਵਿਚ ਬਲਿਊ ਸਟਾਰ ਅਪ੍ਰੇਸ਼ਨ ਦੇ ਸ਼ਹੀਦਾਂ ਦੀ ਯਾਦਗਾਰ ਦਾ ਨੀਂਹ ਪੱਥਰ ਰੱਖੇ ਜਾਣ ਉਪਰੰਤ ਇਕ ਵਿਸ਼ੇਸ਼ ਕਿਸਮ ਦੀ ਚਰਚਾ ਛਿੜ ਪਈ ਹੈ। ਬਿਨਾ ਸ਼ੱਕ ਇਸ ਚਰਚਾ ਦੇ ਪਿੱਛੇ ਸਿਆਸੀ ਮਨੋਰਥ ਹਨ ਭਾਵੇਂ ਕਿ ਇਹ ਵੀ ਦੋਸ਼ ਲਗਾਇਆ ਜਾ ਰਿਹਾ ਹੈ ਕਿ ਯਾਦਗਾਰ ਸਥਾਪਤ ਕਰਨ ਦੇ ਪਿੱਛੇ ਵੀ ਸਿਆਸੀ ਮਨੋਰਥ ਹੀ ਕੰਮ ਕਰ ਰਹੇ ਨੇ। ਯਾਦਗਾਰ ਉਸਾਰਨ ਦਾ ਖੁੱਲ੍ਹਾ ਵਿਰੋਧ ਕਾਂਗਰਸ ਪਾਰਟੀ ਨੇ ਕੀਤਾ ਹੈ ਅਤੇ ਸਿੱਧਾ ਦੋਸ਼ ਲਗਾਇਆ ਹੈ ਕਿ ਇਸਦੇ ਪਿੱਛੇ ਹੱਥ ਪ੍ਰਕਾਸ਼ ਸਿੰਘ ਬਾਦਲ ਦਾ ਹੈ ਕਿਉਂਕਿ ਉਸਦੀ ਆਗਿਆ ਬਿਨਾ ਐਸ.ਜੀ.ਪੀ.ਸੀ. ਕੋਈ ਫੈਸਲਾ ਨਹੀਂ ਲੈ ਸਕਦੀ। ਹਾਲਾਂਕਿ ਕਿ ਸੁਰੂ-ਸੁਰੂ ਵਿਚ ਸੁਖਬੀਰ ਸਿੰਘ ਬਾਦਲ ਉਪ-ਮੁੱਖ ਮੰਤਰੀ ਪੰਜਾਬ ਨੇ ਕਿਹਾ ਸੀ ਕਿ ਇਹ ਪ੍ਰਾਜੈਕਟ ਐਸ.ਜੀ.ਪੀ.ਸੀ. ਦਾ ਹੈ ਤੇ ਸਰਕਾਰ ਦਾ ਇਸ ਨਾਲ ਕੋਈ ਲੈਣ ਦੇਣ ਨਹੀਂ ਪਰੰਤੂ ਪ੍ਰਕਾਸ਼ ਸਿੰਘ ਬਾਦਲ ਨੇ ਸਿੱਧੇ ਤੌਰ 'ਤੇ ਯਾਦਗਾਰ ਬਣਾਉਣ ਦੀ ਹਮਾਇਤ ਕਰਕੇ ਇਕ ਤਰ੍ਹਾਂ ਨਾਲ ਉਸਾਰੀ ਆਰੰਭ ਹੋਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ ਹੈ ਤੇ ਕਿਹਾ ਕਿ ਯਾਦਗਾਰ ਗੁਰਦੁਆਰੇ ਦੇ ਰੂਪ ਵਿਚ ਬਣਾਈ ਜਾ ਰਹੀ ਜਿੱਥੋਂ ਮਾਨਵਤਾ ਅਤੇ ਅਮਨ ਸ਼ਾਂਤੀ ਦਾ ਸੰਦੇਸ਼ ਦਿੱਤਾ ਜਾਇਆ ਕਰਨਾ ਹੈ। ਭਾਰਤੀ ਜਨਤਾ ਪਾਰਟੀ ਨੇ ਪਹਿਲੇ ਪਹਿਲ ਯਾਦਗਾਰ ਬਣਾਉਣ ਦਾ ਵਿਰੋਧ ਕੀਤਾ ਪਰ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣਾ ਦਖਲ, ਅਸਿੱਧੇ ਤੌਰ 'ਤੇ ਸਪੱਸ਼ਟ ਕਰ ਦੇਣ ਉਪਰੰਤ ਭਾਜਪਾ ਨੇ ਆਪਣਾ ਸਟੈਂਡ ਤਬਦੀਲ ਕਰ ਲਿਆ।

ਹੱਥਲੇ ਵਿਚਾਰ ਦਾ ਮੁੱਦਾ, ਅਸਲ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ ਉਸਾਰੀ ਜਾ ਰਹੀ ਯਾਦਗਾਰ ਨਹੀਂ ਹੈ। ਮੁੱਦਾ ਇਹ ਹੈ ਕਿ ਯਾਦਗਾਰ ਤੋਂ ਸਾਡਾ ਭਾਵ ਕੀ ਹੈ? ਯਾਦਗਾਰ ਅਸੀਂ ਕਿਉਂ ਬਣਾਉਂਦੇ ਹਾਂ ਅਤੇ ਕਿਸ ਦੀ ਬਣਾਉਂਦੇ ਹਾਂ? ਯਾਦਗਾਰ ਬਣਾਉਂਦੇ ਸਮੇਂ ਅਸੀਂ ਠੀਕ ਕਰ ਰਹੇ ਹੁੰਦੇ ਹਾਂ ਜਾਂ ਗਲਤ ਕਰ ਰਹੇ ਹੁੰਦੇ ਹਾਂ? ਠੀਕ ਜਾਂ ਗਲਤ ਦਾ ਨਿਰਣਾ ਕੌਣ ਕਰਦਾ ਹੈ? ਜਿਵੇਂ ਕਿ ਉਪਰੋਕਤ ਯਾਦਗਾਰ ਦੇ ਸਬੰਧ ਵਿਚ ਵਿਆਪਕ ਪ੍ਰਵਾਨਗੀ ਵੀ ਮਿਲੀ ਹੈ ਅਤੇ ਸਖਤ ਵਿਰੋਧ ਵੀ ਹੋਇਆ ਹੈ। ਕੌਣ ਠੀਕ ਹੈ? ਕਿਉਂਕਿ ਹਰ ਧਿਰ ਕੋਲ ਆਪਣਾ-ਆਪਣਾ ਤਰਕ ਹੈ ਅਤੇ ਕਾਰਨ ਹੈ।

ਸਭ ਨੇ ਦੇਖਿਆ ਹੈ ਕਿ ਕੁਝ ਧਿਰਾਂ ਨੇ ਥੋੜ੍ਹੇ ਜਿਹੇ ਦਿਨਾਂ ਵਿਚ ਹੀ ਆਪਣੀਆਂ ਪੁਜ਼ੀਸ਼ਨਾਂ ਤਬਦੀਲ ਕੀਤੀਆਂ ਹਨ ਅਤੇ ਵੱਖਰੇ ਤਰਕ ਪੈਦਾ ਕੀਤੇ ਹਨ। ਜਿੱਥੋਂ ਭਲੀਭਾਂਤ ਸਮਝਿਆ ਜਾ ਸਕਦਾ ਹੈ ਕਿ ਹਰ ਘਟਨਾ ਦਾ ਅਤੇ ਹਰ ਸੰਕਲਪ ਦਾ ਸੰਦਰਭ ਹੁੰਦਾ ਹੈ ਅਤੇ ਸਮੇਂ ਦੇ ਨਾਲ-ਨਾਲ ਇਸ ਦੇ ਅਰਥ ਤਬਦੀਲ ਹੁੰਦੇ ਰਹਿੰਦੇ ਹਨ ਕਿਉਂਕਿ ਇਸ ਦੀ ਪ੍ਰਸੰਗਤਾ ਤਬਦੀਲ ਹੁੰਦੀ ਰਹਿੰਦੀ ਹੈ।

ਆਪਣੀ ਇਸ ਧਾਰਨਾ ਨੂੰ ਸਪੱਸ਼ਟ ਕਰਨ ਲਈ ਇਤਿਹਾਸ ਵਿਚੋਂ ਦੋ ਉਦਾਹਰਣਾਂ ਚੁਗਦੇ ਹਾਂ। ਪਹਿਲੀ: ਬੰਦਾ ਸਿੰਘ ਬਹਾਦਰ ਦਾ ਜੋ ਪ੍ਰਤੀਬਿੰਬ ਅੱਜ ਸਾਡੇ ਦਿਮਾਗਾਂ ਵਿਚ ਹੈ, ਅਜੇ ਕੁਝ ਹੀ ਦਹਾਕੇ ਉਹ ਨਹੀਂ ਸੀ। ਇਤਿਹਾਸਕਾਰਾਂ ਨੇ ਜਿਸ ਪ੍ਰਕਾਰ ਬੰਦਾ ਸਿੰਘ ਬਹਾਦਰ ਦੀਆਂ ਪ੍ਰਾਪਤੀਆਂ ਨੂੰ ਜ਼ਿਆਦਤੀਆਂ ਬਣਾ ਕੇ ਪੇਸ਼ ਕੀਤਾ ਹੈ ਉਸ ਦੇ ਆਧਾਰ 'ਤੇ ਬੰਦਾ ਬਹਾਦਰ ਦੀ ਯਾਦਗਾਰ ਉਸਰਨ ਲਈ ਉਤਸ਼ਾਹ ਦਾ ਪੈਦਾ ਹੋਣਾ ਸੰਭਵ ਨਹੀਂ ਸੀ। ਉਨ੍ਹਾਂ ਨੂੰ ਸਿਰਮੌਰ ਇਤਿਹਾਸਕਾਰਾਂ ਨੇ "ਖੂਨ ਪੀਣਾ ਰਾਖਸ਼ਸ" ਤੱਕ ਲਿਖਿਆ ਹੋਇਆ ਹੈ ਅਤੇ ਗੁਰੂ ਸਾਹਿਬ ਦੇ ਹੁਕਮਾਂ ਦੀ ਅਵੱਗਿਆ ਕਰਨ ਵਾਲਾ ਵੀ ਸਾਬਤ ਕੀਤਾ ਹੋਇਆ ਹੈ। ਪਰੰਤੂ ਇਤਿਹਾਸ ਨੇ ਉਨ੍ਹਾਂ ਸਾਰੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੇ ਇਨ੍ਹਾਂ ਸੰਕਲਪਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ। ਬੇਲਾਗ ਦ੍ਰਿਸ਼ਟੀਕੋਣ ਉਭਰੇ ਜਿਨ੍ਹਾਂ ਨੇ ਪੁਰਾਣੇ ਦ੍ਰਿਸ਼ਟੀਕੋਣ ਦਾ ਸਿਵਾ ਜਲਾ ਦਿੱਤਾ ਅਤੇ ਅੱਜ ਬੰਦਾ ਸਿੰਘ ਬਹਾਦਰ ਦੀ ਸ਼ਾਨਦਾਰ ਹੀ ਨਹੀਂ ਸਗੋਂ ਸਭ ਤੋਂ ਉਚੀ ਯਾਦਗਾਰ ਉਸਾਰ ਦਿੱਤੀ ਗਈ ਹੈ। ਦੂਜੀ ਉਦਾਹਰਣ ਜੂਨ 1931 ਦੀ ਇਕ ਇਤਿਹਾਸਕ ਘਟਨਾ ਹੈ। ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸ਼ਹੀਦੀ ਉਪਰੰਤ ਕੁਝ ਦੇਸ਼ ਭਗਤਾਂ ਨੇ ਮਿਲ ਕੇ "ਸਰਬ ਹਿੰਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਯਾਦਗਾਰੀ ਕਮੇਟੀ" ਸਥਾਪਿਤ ਕੀਤੀ ਜਿਸਨੇ ਸ਼ਹੀਦਾਂ ਦੀ ਯਾਦਗਾਰ ਉਸਾਰਨ ਦਾ ਫੈਸਲਾ ਕੀਤਾ। ਯਾਦਗਾਰ ਕਮੇਟੀ ਨੇ ਮਹਾਤਮਾ ਗਾਂਧੀ ਨੂੰ ਵੀ ਪੱਤਰ ਲਿਖਿਆ ਕਿ ਉਹ ਯਾਦਗਾਰ ਦੇ ਉਦਘਾਟਨ ਵਿਚ ਸ਼ਾਮਿਲ ਹੋਣ। ਮਹਾਤਮਾ ਗਾਂਧੀ ਨੇ ਯਾਦਗਾਰ ਕਮੇਟੀ ਦੀ ਬੇਨਤੀ ਦਾ ਲਿਖਤੀ ਉਤਰ ਦਿੱਤਾ ਜਿਸ ਵਿਚ ਯਾਦਗਾਰ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਸੀ, ".....ਕਿਸੇ ਦੇ ਸਤਿਕਾਰ ਵਿਚ ਖੜ੍ਹੀ ਕੀਤੀ ਯਾਦਗਾਰ ਦਾ ਮਤਲਬ, ਬਿਨਾ ਸ਼ੱਕ ਇਹੀ ਹੁੰਦਾ ਹੈ ਕਿ ਯਾਦਗਾਰ ਖੜ੍ਹੀ ਕਰਨ ਵਾਲੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣਗੇ ਜਿਨ੍ਹਾਂ ਦੀ ਯਾਦਗਾਰ ਉਹ ਬਣਾਉਂਦੇ ਨੇ। ਇਸ ਕਰਕੇ ਮੈਂ ਕਿਸੇ ਵੀ ਢੰਗ ਨਾਲ ਆਪਣੇ ਆਪ ਨੂੰ ਇਸ ਯਾਦਗਾਰ ਨਾਲ ਜੋੜਨ ਤੋਂ ਅਸਮਰੱਥ ਹਾਂ...।"

ਜੱਲਿਆਂ ਵਾਲੇ ਬਾਗ ਦਾ ਖੂਨੀ ਸਾਕਾ ਚਿੱਤਰਕਾਰ ਦੀ ਨਜ਼ਰ 'ਚ

ਸਪੱਸ਼ਟ ਹੈ ਕਿ ਮਹਾਤਮਾ ਗਾਂਧੀ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਸ ਕਾਬਲ ਨਹੀਂ ਸਮਝਦੇ ਸਨ ਕਿ ਉਨ੍ਹਾਂ ਦੀ ਕੋਈ ਯਾਦਗਾਰ ਬਣਾਈ ਜਾਵੇ। ਪਰੰਤੂ ਅਜੇ ਮਸਾਂ ਪੌਣੀ ਸਦੀ ਹੀ ਬੀਤੀ ਸੀ ਕਿ ਭਾਰਤ ਦੇ ਪਾਰਲੀਮੈਂਟ ਨੇ ਮਹਾਤਮਾ ਗਾਂਧੀ ਦੀ ਇਸ ਧਾਰਨਾ ਨੂੰ ਇਕ ਵਾਰਿਓਂ ਹੀ ਰੱਦ ਕਰ ਦਿੱਤਾ ਅਤੇ 2006 ਵਿਚ ਹੀ ਸ਼ਹੀਦ ਭਗਤ ਸਿੰਘ ਦਾ ਬੁੱਤ ਪਾਰਲੀਮੈਂਟ ਵਿਚ ਲਾਉਣ ਦਾ ਫੈਸਲਾ ਕਰ ਦਿੱਤਾ। ਇਹ ਪਾਰਲੀਮੈਂਟ ਦੀ ਉਹ ਹੀ ਇਮਾਰਤ ਹੈ ਜਿੱਥੇ ਸ਼ਹੀਦ ਭਗਤ ਸਿੰਘ ਨੇ ਬੰਬ ਸੁੱਟਿਆ ਸੀ। ਹੁਣ ਮਹਾਤਮਾ ਗਾਂਧੀ ਦੀ ਉਹ ਧਾਰਨਾ ਦਾ ਕੀ ਬਣਿਆ ਜਿਹੜੀ ਭਗਤ ਸਿੰਘ ਅਤੇ ਉਸ ਦੇ ਸ਼ਹੀਦ ਸਾਥੀਆਂ ਦੀ ਕਿਤੇ ਵੀ ਯਾਦਗਾਰ ਬਣਾਉਣ ਦੇ ਖਿਲਾਫ ਸੀ । ਉਪਰੋਕਤ ਦੋਵੇਂ ਉਦਾਹਰਣਾਂ ਕੋਈ ਵੀ ਸ਼ੱਕਾਂ ਨਹੀਂ ਰਹਿਣ ਦਿੰਦੀਆਂ ਕਿ ਸਹੀ ਜਾਂ ਗਲਤ ਦਾ ਫੈਸਲਾ ਕੇਵਲ ਇਤਿਹਾਸ ਹੀ ਕਰ ਸਕਦਾ ਹੈ। ਵੱਡੇ ਤੋਂ ਵੱਡਾ ਬੁੱਧੀਮਾਨ ਅਤੇ ਵੱਡੇ ਤੋਂ ਵੱਡਾ ਹਾਕਮ ਵੀ ਇਤਿਹਾਸ ਦੇ ਸਾਹਮਣੇ ਬਹੁਤ ਛੋਟਾ ਹੈ।

ਤਾਂ ਵੀ ਕੁਝ ਇਸ ਦੇ ਅਤਿਅੰਤ ਮਹੱਤਵਪੂਰਨ ਪੱਖ ਹਨ। ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਜਦੋਂ ਵੀ ਕੋਈ ਇਤਿਹਾਸਕ ਘਟਨਾ ਵਾਪਰਦੀ ਹੈ ਤਾਂ ਉਸਦਾ ਨਿੱਜੀ ਅਤੇ ਸਮਾਜਿਕ ਮਾਨਸਿਕਤਾ ਉਪਰ ਸਦੀਵੀ ਪ੍ਰਭਾਵ ਪੈਂਦਾ ਹੈ ਅਤੇ ਉਹ ਵਿਅਕਤੀ ਅਤੇ ਵਿਅਕਤੀਆਂ ਦੇ ਚੇਤੇ ਵਿਚ ਹਮੇਸ਼ਾ ਵਾਸਤੇ ਸਥਾਨ ਗ੍ਰਹਿਣ ਕਰ ਲੈਂਦੀ ਹੈ। ਇਹ ਕਿਸੇ ਇਕ ਪੀੜ੍ਹੀ ਦੇ ਖਾਤਮੇ ਨਾਲ ਖਤਮ ਨਹੀਂ ਹੋ ਜਾਂਦੀ ਸਗੋਂ ਆਵਚੇਤਨ 'ਤੇ ਸਵਾਰ ਹੋ ਕੇ ਅਗਲੀਆਂ ਪੀੜ੍ਹੀਆਂ ਤੱਕ ਸੰਚਾਰ ਕਰਦੀ ਰਹਿੰਦੀ ਹੈ। ਇਸ ਕਰਕੇ ਕਿਵੇਂ ਵੀ ਇਤਿਹਾਸਕ ਘਟਨਾ, ਜਿਸ ਨੇ ਸਮਾਜ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੋਵੇ, ਨੂੰ ਸਮਾਜ ਮੰਤਵੀ ਸਿੱਟੇ 'ਤੇ ਪਹੁੰਚਾਏ ਤੋਂ ਬਿਨਾ ਉਂਝ ਹੀ ਹਵਾ ਵਿਚ ਨਹੀਂ ਛੱਡ ਦਿੰਦਾ। ਸਮਾਜ ਨੇ ਉਸਦਾ ਅੰਤਿਮ ਨਿਚੋੜ ਪੈਦਾ ਕਰਨਾ ਹੀ ਹੁੰਦਾ ਹੈ। ਉਹ ਆਪਣੀ ਮਾਨਸਿਕ ਭਟਕਣਾ ਨੂੰ ਹਮੇਸ਼ਾ ਲਈ ਜਾਰੀ ਨਹੀਂ ਰੱਖਦਾ। ਯਾਦ ਨੂੰ ਸਥੂਲ ਰੂਪ ਵਿਚ ਦੇਖਕੇ ਉਸਨੂੰ ਵਧੇਰੇ ਤੇ ਚਿਰਜੀਵੀ ਤਸੱਲੀ ਪ੍ਰਾਪਤ ਹੁੰਦੀ ਹੈ। ਘਟਨਾ ਭਾਵੇਂ ਗੌਰਵਮਾਈ ਹੈ ਭਾਵੇਂ ਕਰੁਣਾਮਈ।

ਹੁਣ ਜੇਕਰ ਇਕ ਤੋਂ ਵਧੇਰੇ ਯਾਦਗਾਰਾਂ ਉਸਾਰਨ ਦਾ ਮਸਲਾ ਉਠਿਆ ਹੈ ਤਾਂ ਇਸ ਦਾ ਇਹ ਹੀ ਅਰਥ ਹੈ ਕਿ ਸਮਾਜ ਦੇ ਵੱਖਰੇ-ਵੱਖਰੇ ਵਰਗ, ਜਿਹੜੇ ਆਪਣੇ ਨਾਲ ਅਨਿਆਂ ਹੋਇਆ ਮਹਿਸੂਸ ਕਰਦੇ ਹਨ, ਆਪਣੇ ਦੁੱਖ ਦਾ ਨਿਪਟਾਰਾ ਚਾਹੁੰਦੇ ਹਨ। ਜੇਕਰ ਸਮਾਜ ਦੇ ਇਕ ਹਿੱਸੇ ਨਾਲ ਹੋਈ ਜ਼ਿਆਦਤੀ ਉਸਦੇ ਦੁਖ ਤੇ ਕ੍ਰੋਧ ਦਾ ਕਾਰਨ ਹੈ ਤਾਂ ਦੂਜੇ ਵਰਗਾਂ ਨਾਲ ਹੋਏ ਅਨਿਆਏ ਦਾ ਵੀ ਇਹੋ ਹੀ ਪ੍ਰਭਾਵ ਹੋ ਸਕਦਾ ਹੈ।

ਇਹ ਸਵਾਲ ਤਾਂ ਉਠਾਇਆ ਜਾ ਸਕਦਾ ਹੈ ਕਿ ਯਾਦਗਾਰ ਬਣਾਉਣ ਦੀ ਮੰਗ ਹੁਣ, ਏਨਾ ਪਛੜਕੇ ਕਿਉਂ ਕੀਤੀ ਜਾ ਰਹੀ ਜਾਂ ਏਨਾ ਪਛੜਕੇ ਕਿਉਂ ਬਣਾਈ ਜਾ ਰਹੀ ਹੈ ਪਰੰਤੂ ਇਸ ਉਪਰ ਕਿੰਤੂ ਪਰੰਤੂ ਨਹੀਂ ਹੋ ਸਕਦਾ ਕਿ 1984 ਦੇ ਦਿੱਲੀ ਦੰਗਿਆਂ ਦੇ ਸ਼ਹੀਦਾਂ ਦੀ ਯਾਦਗਾਰ ਬਣੇ ਕਿ ਨਾ ਬਣੇ? ਹੁਣ ਤੱਕ ਅਸੀਂ ਇਹ ਹੀ ਜਾਣਦੇ ਆਏ ਹਾਂ ਕਿ ਯਾਦਗਾਰਾਂ ਨਾਇਕਾਂ ਜਾਂ ਆਗੂਆਂ ਦੀਆਂ ਹੁੰਦੀਆਂ ਨੇ। ਪਰੰਤੂ ਹੁਣ ਤੋਂ ਪਹਿਲਾਂ ਇਹ ਸਾਡੀ ਮਾਨਸਿਕਤਾ ਦਾ ਹਿੱਸਾ ਨਹੀਂ ਸੀ ਕਿ ਯਾਦਗਾਰਾਂ ਸਮੂਹਿਕ ਵੀ ਹੋ ਸਕਦੀਆਂ ਨੇ। ਇਕੋ ਮਨੋਰਥ ਲਈ ਕੁਰਬਾਨ ਹੋਏ ਸੈਂਕੜੇ ਵਿਅਕਤੀਆਂ ਦੀ ਯਾਦਗਾਰ ਵੀ ਹੋ ਸਕਦੀ ਹੈ। ਅਜਿਹੀ ਉਦਾਹਰਣ ਜਲ੍ਹਿਆਂਵਾਲੇ ਬਾਗ ਦੀ ਯਾਦਗਾਰ ਤੋਂ ਬਿਨਾ ਸ਼ਾਇਦ ਹੀ ਕੋਈ ਹੋਵੇ। ਸਮੂਹਿਕ ਸ਼ਹੀਦੀ ਯਾਦਗਾਰ ਦਾ ਸੰਕਲਪ ਹੁਣੇ-ਹੁਣੇ ਹੀ ਸਾਡੀ ਮਾਨਸਿਕਤਾ ਵਿਚ ਬੈਠਾ ਹੈ। ਅਸੀਂ ਕਦੇ ਵੀ ਨਹੀਂ ਸੋਚਿਆ ਤੇ ਅਸੀਂ ਹੁਣ ਵੀ ਨਹੀਂ ਸੋਚਦੇ ਕਿ 1947 ਦੀ ਦੇਸ਼ ਵੰਡ ਸਮੇਂ ਜਿਨ੍ਹਾਂ ਹਜ਼ਾਰਾਂ ਬੇਕਸੂਰੇ ਵਿਅਕਤੀਆਂ ਦਾ ਖੂਨ ਡੁਲ੍ਹਿਆ ਸੀ, ਉਨ੍ਹਾਂ ਦੀ ਕੋਈ ਸਾਂਝੀ ਯਾਦਗਾਰ ਹੋਣੀ ਚਾਹੀਦੀ ਹੈ ਜਿਹੜੀ ਸਾਨੂੰ ਇਤਿਹਾਸ ਦੁਹਰਾਉਣ ਵਿਰੁੱਧ ਚਿਤਾਵਨੀ ਦਿੰਦੀ ਰਹੇ।

ਹੁਣ ਜਦੋਂ ਦਿੱਲੀ ਦੰਗਿਆਂ ਵਿਚ ਮਰੇ 3000 ਸਿੱਖਾਂ ਦੀ ਯਾਦਗਾਰ ਬਣਨ ਦੀ ਚਰਚਾ ਮਘੇਗੀ ਇਹ ਵੀ ਜ਼ਰੂਰ ਯਾਦ ਆ ਜਾਏਗਾ ਕਿ ਬਲੂ ਸਟਾਰ ਆਪ੍ਰੇਸ਼ਨ ਤੋਂ ਪਹਿਲਾਂ ਪੰਜਾਬ ਵਿਚ ਜਿਨ੍ਹਾਂ ਹਜ਼ਾਰਾਂ ਬੇਕਸੂਰ ਅਤੇ ਅਣਭੋਲੇ ਵਿਅਕਤੀਆਂ ਦਾ ਖੂਨ ਵਿਹਾ ਸੀ, ਉਨ੍ਹਾਂ ਦੀ ਯਾਦਗਾਰ ਕਿਉਂ ਨਾ ਬਣੇ?

ਇਸ ਦੁਖਦਾਈ ਇਤਿਹਾਸਕ ਘਟਨਾ ਕ੍ਰਮ ਨੂੰ ਮੰਤਵੀ ਸਿੱਟੇ 'ਤੇ ਕੌਣ ਪਹੁੰਚਾਏਗਾ? ਜਦੋਂ ਸਾਡੇ ਪੁਰਾਣੇ ਸੰਕਲਪ ਪੂਰੀ ਤਰ੍ਹਾਂ ਟੁੱਟ ਜਾਣਗੇ ਤਾਂ ਫਿਰ ਸ਼ਾਇਦ ਇਹ ਸੋਝੀ ਵੀ ਆ ਜਾਵੇਗੀ ਕਿ 1947 ਦੇ ਉਜਾੜੇ ਅਤੇ ਖੂਨ ਖਰਾਬੇ ਦੀ ਭੇਂਟ ਚੜ੍ਹੀਆਂ ਹਜ਼ਾਰਾਂ ਜਾਨਾਂ ਦੀ ਸਮੂਹਿਕ ਯਾਦਕਗਾਰ ਜਿੰਨੀ ਜ਼ਰੂਰੀ ਸੀ ਅਤੇ ਕਿੰਨੀ ਮਹੱਤਵਪੂਰਨ ਸੀ। ਆਖਿਰਕਾਰ ਸਾਨੂੰ ਆਪਣੀ ਇਹ ਭੁੱਲ ਸੋਧਣੀ ਹੀ ਪੈਣੀ ਹੈ।

ਸਮੂਹਿਕ ਯਾਦਗਾਰਾਂ ਨਾਲ ਨਾਇਕ ਛੁਟਿਆਏ ਨਹੀਂ ਜਾਂਦੇ ਸਗੋਂ ਉਨ੍ਹਾਂ ਦਾ ਵਕਾਰ ਹੋਰ ਉਚਾ ਹੁੰਦਾ ਤੇ ਸਤਿਕਾਰ ਹੋਰ ਗਹਿਰਾ ਹੁੰਦਾ ਹੈ। ਪਰੰਤੂ ਨਾਇਕਾਂ ਦੀ ਯਾਦ ਵਿਚ ਸਮੂਹਿਕ ਜਾਨਾਂ ਦੇਣ ਵਾਲਿਆਂ ਨੂੰ ਭੁੱਲ ਜਾਣਾ ਉਨ੍ਹਾਂ ਦੀ ਹੱਤਕ ਸਮਾਨ ਹੈ। ਉਨ੍ਹਾਂ ਦੀ ਸ਼ਹਾਦਤ ਸਗੋਂ ਹੋਰ ਵੀ ਉੱਚੀ ਹੈ ਕਿਉਂਕਿ ਉਹ ਅਚੇਤ ਹੀ ਕਿਸੇ ਹੋਰ ਦੀ ਰਾਜਨੀਤੀ ਦਾ ਸ਼ਿਕਾਰ ਹੋ ਗਏ ਹੁੰਦੇ ਹਨ। ਇਸ ਕਰਕੇ ਯਾਦਗਾਰਾਂ ਦੀ ਪਵਿੱਤਰ ਭਾਵਨਾ ਨੂੰ ਸਮਝਣਾ ਤੇ ਆਪਣੇ ਜ਼ਿਹਨ 'ਚ ਬਿਠਾਉਣਾ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਉਨ੍ਹਾਂ ਨੂੰ ਸਥਾਪਤ ਕਰਨਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ

ਸਫਾ 31 ਦੀ ਬਾਕੀ

ਇਕ ਵਾਰ ਜਾਤ ਆਧਾਰਤ ਰਾਖਵੀਂ ਸਰਪੰਚੀ ਲਈ 'ਫੱਗੂ' ਦੀ ਘਰ ਵਾਲੀ ਪਿੰਡ ਦੀ ਸਰਪੰਚ ਬਣ ਗਈ। ਪੂਰੇ ਪੰਜ ਸਾਲ ਉਸ ਦੀ ਮੋਹਰ ਪਿੰਡ ਦੇ ਧਨੀ ਜਿਮੀਦਾਰ ਸਾਬਕਾ ਸਰਪੰਚ ਕੋਲ ਹੀ ਰਹੀ। ਉਸ ਨੂੰ ਜਦ ਹੁਕਮ ਮਿਲਦਾ ਉਹ ਰੋਟੀਆਂ ਪਕਾਉਂਦੀ, ਅੱਗ ਬਲਦੀ ਵਿਚੇ ਛੱਡ ਕੇ 'ਅਸਲ ਸਰਪੰਚ' ਦੇ ਘਰ ਦੌੜ ਉਠਦੀ। ਹਾਂ ਕਦੇ-ਕਦੇ 'ਫੱਗੂ' ਜਨਮ ਸਿੱਧ ਅਧਿਕਾਰ ਪ੍ਰਾਪਤ 'ਅਸਲ ਸਰਪੰਚ' ਦੇ ਘਰੋਂ ਦੇਸੀ ਦਾਰੂ ਦੇ ਦੋ ਪੈੱਗ ਪੀ ਕੇ ਸਰਪੰਚ ਹੋਣ ਦੇ ਭਰਮ ਵਿਚ ਵਾਪਿਸ ਆਪਣੇ ਘਰ ਨੂੰ ਜਾਂਦਾ, ਸਰਪੰਚੀ ਦੀਆਂ ਬੁਲਬੁਲੀਆਂ ਮਾਰਦਾ ਜਿਸ ਦੇ ਘਰ ਅੱਗੋਂ ਲੰਘਦਾ ਉਸ ਤੋਂ ਕੁੱਟ ਖਾਂਦਾ ਮੈਂ ਕਈ ਵਾਰੀ ਵੇਖਿਆ ਹੈ।

ਅਜੇ ਵੀ ਪਿੰਡ ਦਾ ਜੱਟ ਜਿਮੀਂਦਾਰ ਤੇ ਹੋਰ ਉਚ ਜਾਤ ਵਾਲੇ ਨੀਵੀਂ ਜਾਤ ਵਾਲਿਆਂ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਪਾ ਸਕੇ। ਬਾਬੇ ਨਾਨਕ ਦਾ ਭਾਈ ਲਾਲੋ ਨਾਲ ਖਲੋਣ ਦਾ ਫਲਸਫਾ ਰਾਜਨੀਤਿਕ ਆਜ਼ਾਦੀ ਦਾ ਹਿੱਸਾ ਨਹੀਂ ਕੇਵਲ ਅਧਿਆਤਮਕ ਆਜ਼ਾਦੀ ਦਾ ਹਿੱਸਾ ਮਾਤਰ ਹੀ ਹੈ। ਰਾਜ-ਭਾਗ 'ਮਲਿਕ ਭਾਗੋਆਂ' ਦੇ ਕੋਲ ਹੈ। ਉਹ ਕਦੀ ਚਿੱਟੀ ਪੱਗ ਬੰਨ੍ਹ ਕੇ ਆ ਜਾਂਦੇ ਹਨ, ਕਦੇ ਨੀਲੀ ਤੇ ਕਦੇ ਪੀਲੇ ਪਟਕੇ। ਨੀਵੀਂ ਜਾਤ ਵਾਲਿਆਂ ਨੂੰ ਨੌਕਰੀਆਂ ਵਿਚ ਇਕ ਚੌਥਾਈ ਹਿੱਸਾ ਆਜ਼ਾਦੀ ਮਾਨਣ ਲਈ ਦਿੱਤਾ ਤਾਂ ਉਹ ਵੀ ਉਪਰਲੇ ਮਲਿਕ ਭਾਗੋਆਂ ਦੇ ਜੋਟੀਦਾਰ ਹੀ ਖੋਹ ਕੇ ਲੈ ਗਏ। ਉੱਝ ਉਚ ਜਾਤੀ ਵਾਲਿਆਂ ਦੇ ਗਰੀਬਾਂ ਨੂੰ ਵੀ ਨੌਕਰੀ ਨਹੀਂ ਮਿਲਦੀ ਕਿਉਂਕਿ ਉਹ ਆਜ਼ਾਦੀ ਦੇ ਸਰਬਰਾਹ 'ਮਲਿਕ ਭਾਗੋਆਂ' ਦੇ ਹਾਣ ਦੇ ਨਹੀਂ ਬਣ ਸਕੇ। ਨੌਕਰੀਆਂ ਸਭ ਮਾਲਿਕ ਭਾਗੋਆਂ ਲਈ ਹੀ ਹਨ; ਉਸ ਨਾਲ ਜਾਤਪਾਤ ਦਾ ਕੋਈ ਲੈਣਾ-ਦੇਣ ਨਹੀਂ ਹੈ।

ਆਜ਼ਾਦੀ ਕਹਿੰਦੀ ਹੈ ਕਿ ਗਰੀਬ ਲੋਕ 'ਆਜ਼ਾਦੀ' ਮਾਨਣ ਦੇ ਯੋਗ ਹੀ ਨਹੀਂ ਹਨ ਕਿਉਂਕਿ ਆਜ਼ਾਦੀ ਮਾਨਣ ਲਈ ਕੁਰਬਾਨੀ ਕਰਨੀ ਪੈਂਦੀ ਹੈ। ਮੁੱਲ ਤਾਰਨਾ ਪੈਂਦਾ ਹੈ। ਆਜ਼ਾਦੀ ਦਾ ਭਾਈਵਾਲ ਬਣਨਾ ਹੈ ਤਾਂ ਮੁੱਲ ਤਾਰੋ। ਫੇਰ ਤਾਂ ਤੁਸੀਂ ਪੈਰ-ਪੈਰ 'ਤੇ ਫਿਰਦੇ ਰਵੀ ਸਿੱਧੂਆਂ ਰਾਹੀਂ ਆਈ.ਏ.ਐੱਸ, ਪੀ.ਸੀ.ਐੱਸ ਵੀ ਬਣ ਸਕਦੇ ਹੋ ਜਾਂ ਬੋਫਰਜ਼ ਤੋਪਾਂ ਖਰੀਦਣੀਆਂ ਹਨ, ਟੂ-ਜੀ ਸਪੈਕਟਰਮ ਦਾ ਲਾਭ ਲੈਣਾ ਹੈ, ਖੇਡਾਂ ਵਿਚ ਕਲਮਾਡੀ ਬਣਨਾ ਹੈ, ਖਣਿਜ ਖਾਣਾਂ ਦਾ ਮੁਫ਼ਤ ਜਿਹਾ ਸਸਤਾ ਠੇਕਾ ਲੈਣਾ ਹੈ, ਆਦਰਸ਼ ਰਿਹਾਇਸ਼ੀ ਬਿਲਡਿੰਗ ਬਣਾਉਣੀ ਹੈ, 'ਆਜ਼ਾਦੀ' ਦੇ ਰਾਖੇ ਸ਼ਹੀਦਾਂ ਦੇ ਤਬੂਤ ਖਰੀਦਣ ਨੇ ਜਾਂ 'ਆਜ਼ਾਦੀ' ਦੀ ਰਾਖੀ ਲਈ ਟੈਟਰਾ ਟਰੱਕ ਜਾਂ ਤੇਲਗੀ ਅਸ਼ਟਾਮ ਪੇਪਰ, ਪੰਜਾਬ 'ਚ ਟਾਟਾ ਹਾਊਸ ਬਿਲਡਿੰਗ ਸੁਸਾਇਟੀ ਬਣਾਉਣੀ ਹੈ ਜਾਂ ਲੁਧਿਆਣਾ ਸਿਟੀ ਸੈਂਟਰ ਬਣਾਉਣਾ ਹੈ ਜਾਂ ਈ.ਟੀ.ਟੀ/ ਟੀ.ਈ.ਟੀ, ਪੀ.ਐਮ.ਟੀ 'ਚੋਂ ਪਾਸ ਹੋਣਾ ਹੈ, ਮੁੱਲ ਤਾਂ ਤਾਰਨਾ ਹੀ ਪੈਂਦਾ ਹੈ।

ਇਹ ਕੋਈ ਰਿਸ਼ਵਤ ਨਹੀਂ ਹੈ। ਇਸ ਨੂੰ 'ਰਿਸ਼ਵਤ' ਤਾਂ ਸਿਰਫ਼ ਆਜ਼ਾਦੀ ਦੇ ਦੁਸ਼ਮਣ ਹੀ ਆਖਦੇ ਹਨ। ਆਖਰ ਪੈਸੇ ਬਿਨਾਂ ਕਿਹੜਾ ਕੰਮ ਚਲਦਾ ਹੈ। ਜਿਸ ਨੇ ਮਿਹਨਤ ਕਰਨੀ ਹੈ, ਮੁੱਲ

ਤਾਂ ਵੱਟਣਾ ਹੀ ਹੈ। 'ਪੈਸਾ ਫੇਂਕੋ, ਤਮਾਸ਼ਾ ਦੇਖੋ।' ਆਜ਼ਾਦੀ ਦਾ ਇਹੋ ਅਟੱਲ ਨਿਯਮ ਹੈ। ਲੋਕਪਾਲ ਬਿੱਲ ਜਾਂ ਵਿਦੇਸ਼ੀ ਧਨ ਵਾਪਸ ਲਿਆਉਣ ਦੀ ਮੰਗ ਕਰਕੇ ਅੰਨਾ ਹਜ਼ਾਰੇ ਬਣਦੇ ਹੋ ਤਾਂ ਕੂਚਲ ਦਿਆਂਗੇ, ਤੁਹਾਡੇ ਜੰਮਣ ਵੇਲੇ ਦੀਆਂ ਗਲਤੀਆਂ ਲੱਭ ਕੇ ਸੀ.ਬੀ.ਆਈ ਰਾਹੀਂ ਅੰਦਰ ਕਰਾਂਗੇ। ਖੂਬ ਨਸ਼ਰ ਕਰਾਂਗੇ ਤੁਹਾਨੂੰ। ਤੁਸੀਂ ਵਿਰੋਧ ਕਿਉਂ ਕਰਦੇ ਹੋ? ਆਜ਼ਾਦੀ ਦੇ ਰਾਖੇ ਆਖਦੇ ਹਨ, ''ਤੁਸੀਂ ਚੋਣਾਂ ਲੜੋ, ਪਾਰਲੀਮੈਂਟ ਵਿਚ ਪੁੱਜ ਕੇ ਰਾਜ ਭਾਗ ਦਾ ਹਿੱਸਾ ਬਣੋ। ਜੇ ਚੋਣਾਂ ਲੜਨ ਜੋਗੇ ਨਹੀਂ ਤੁਹਾਡੇ ਕੋਲ ਚੋਣਾਂ ਲੜਨ ਦਾ ਸਾਹਸ ਨਹੀਂ, ਧਨ ਨਹੀਂ ਤਾਂ ਚੁੱਪ ਕਰਕੇ ਬੈਠੋ। ਉਚੀ ਨਾ ਬੋਲੋ। ਮੂੰਹ ਅੱਗੇ ਉਂਗਲਾਂ ਧਰੋ। ਚੁੱਪ!! ਇਹ 1947 ਤੋਂ ਪਹਿਲਾਂ ਦਾ ਜ਼ਮਾਨਾ ਨਹੀਂ ਕਿ ਤੁਸੀਂ ਆਜ਼ਾਦੀ ਮੰਗੋ। ਆਜ਼ਾਦੀ ਤਾਂ ਆ ਚੁੱਕੀ ਹੈ। ਫਿਰ ਰੋਣਾ ਕਾਹਦਾ? ਜੇ ਤੁਸੀਂ ਵੋਟਾਂ ਲੈਣ ਲਈ ਪੈਸੇ ਨਹੀਂ ਖਰਚ ਸਕਦੇ, ਗਰੀਬ ਲੋਕਾਂ ਨੂੰ ਨਸ਼ੇ-ਪੱਤੇ ਨਹੀਂ ਵੰਡ ਸਕਦੇ, ਝੂਠੇ ਲਾਰਿਆਂ ਦੀਆਂ ਚੂਪਣੀਆਂ ਨਹੀਂ ਦੇ ਸਕਦੇ ਤਾਂ ਤੁਹਾਨੂੰ 'ਆਜ਼ਾਦੀ' ਮਾਨਣ ਦਾ ਕੋਈ ਹੱਕ ਨਹੀਂ, ਤੁਸੀਂ ਆਜ਼ਾਦੀ ਮਾਨਣ ਦੇ ਯੋਗ ਹੀ ਨਹੀਂ।''

ਮੇਰਾ ਦੇਸ਼ ਆਜ਼ਾਦ ਹੈ। ਹਰ ਇਕ ਨੂੰ ਨਿਆਂ ਮਿਲਿਆ ਹੈ, ਕੋਈ ਬੇ-ਇਨਸਾਫੀ ਨਹੀਂ ਹੁੰਦੀ। ਇਹ ਕੋਈ ਅੰਗਰੇਜ਼ਾਂ ਦਾ ਰਾਜ ਥੋੜ੍ਹਾ ਹੈ, ਜਿਥੇ ਕੋਈ ਇਨਸਾਫ ਤੋਂ ਵਾਂਝਾ ਰਹੇ। ਤੁਸੀਂ ਛੋਟੀ ਅਦਾਲਤ ਵਿਚ ਜਾ ਸਕਦੇ, ਫੇਰ ਹਾਈ ਕੋਰਟ ਵਿਚ ਤੇ ਜੇ ਫੇਰ ਵੀ ਇਨਸਾਫ ਨਾ ਮਿਲੇ ਤਾਂ ਸੁਪਰੀਮ ਕੋਰਟ ਵੀ ਜਾ ਸਕਦੇ ਹੋ। ਸੁਪਰੀਮ ਕੋਰਟ 'ਆਜ਼ਾਦੀ' ਦੀ ਰਾਖੀ ਕਰਨ ਵਾਲੀ ਸਰਵਉਚ ਸੰਸਥਾ ਹੈ। ਪਾਤਰ ਲਿਖਦਾ ਹੈ : ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ। ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ।

ਸੁਪਰੀਮ ਕੋਰਟ ਖੁਦ ਆਖਦੀ ਹੈ, ''ਅਦਾਲਤੀ ਪ੍ਰਬੰਧ ਹੁਣ ਗਰੀਬ ਪੱਖੀ ਨਹੀਂ ਰਿਹਾ।'' (17 ਜੁਲਾਈ, 2012 ਨੂੰ ਜਸਟਿਸ ਸਿੰਘਵੀ ਅਤੇ ਐਸ.ਜੇ ਮੁੱਖਪਾਧਿਆ ਨੇ ਸਾਂਝੇ ਤੌਰ 'ਤੇ ਐਸਾ ਹੀ ਕਿਹਾ ਹੈ) ਇੰਝ ਪਹਿਲਾਂ ਜਸਟਿਸ ਅਈਅਰ ਤੇ ਹੋਰ ਅਨੇਕਾਂ ਅਸਲ ਆਜ਼ਾਦੀ ਤੇ ਅਸਲ ਨਿਆਂ ਦੇ ਹਕੀਕੀ ਦਾਅਵੇਦਾਰ ਕਈ ਜਸਟਿਸ ਐਸਾ ਹੀ ਕਹਿੰਦੇ ਰਹੇ ਹਨ। ਪਰ 'ਆਜ਼ਾਦੀ' ਇਸ ਨਾਲ ਸ਼ਰਮਸ਼ਾਰ ਨਹੀਂ ਹੁੰਦੀ। ਅਨੇਕਾਂ ਜੱਜ ਰਿਸ਼ਵਤ ਲੈਂਦੇ ਪਕੜੇ ਗਏ ਹਨ ਪਰ ਨਿਆਂ ਦੀ ਆਜ਼ਾਦੀ ਉਵੇਂ ਬਰਕਰਾਰ ਹੈ। ਨਿਆਂ ਦੀ ਇਸ ਦੇਵੀ ਵਿਰੁੱਧ ਕੋਈ ਗੱਲ ਕਰੇਗਾ ਤਾਂ ਮਾਣਹਾਨੀ ਦੇ ਕੇਸ 'ਚ ਮੁਕੱਦਮਾ ਚੱਲੇਗਾ। ਅੰਦਰ ਹੋਵੇਗਾ। ਬਚ ਕੇ ਰਹਿਣਾ ਇਸ ਨਿਆਂ ਦੀ ਦੇਵੀ ਤੋਂ। ਕਾਨੂੰਨ ਦੀ ਰਾਖੀ ਪੁਲਿਸ ਬਾਰੇ ਸੁਪਰੀਮ ਕੋਰਟ ਨੇ, ਇਸ ਨੂੰ 'ਡਾਕੂਆਂ ਦਾ ਜਥੇਬੰਦ ਗਿਰੋਹ' ਕਿਹਾ ਸੀ। ਪਰ ਕਹਿੰਦੀ ਰਹੇ ਸੁਪਰੀਮ ਕੋਰਟ! 'ਆਜ਼ਾਦੀ' ਨੂੰ ਕੀ ਇਸ ਨਾਲ।

ਅਦਾਲਤਾਂ ਹੁਣ ਨਿਆਂ ਨਹੀਂ ਕਰਦੀਆਂ ਫੈਸਲੇ ਕਰਦੀਆਂ ਹਨ ਤੇ ਫੈਸਲੇ ਹਮੇਸ਼ਾ ਪਹੁੰਚ ਵਾਲਿਆਂ ਦੇ ਹੱਕ ਵਿਚ ਹੁੰਦੇ ਹਨ। ਮੇਰੇ ਪਿੰਡ ਦੇ 'ਫੱਗੂ' ਨੇ ਜਦ ਵੀ ਕਿਧਰੇ ਵੱਡੇ ਜਿਮੀਂਦਾਰਾਂ ਦੇ ਮੁੰਡੇ ਵੱਲੋਂ ਜਵਾਨ ਧੀ ਨਾਲ ਜ਼ਿਆਦਤੀ ਕਰਨ ਦੀ ਸ਼ਿਕਾਇਤ ਥਾਣੇ/ਕਚਹਿਰੀ ਕਰਨ ਦੀ ਜੁਰੱਤ ਕੀਤੀ ਤਾਂ ਮੂੰਹ ਦੀ ਖਾਣੀ ਪਈ। 'ਫੱਗੂ' ਨੂੰ ਨੱਕ ਨਾਲ ਲਕੀਰਾਂ ਕੱਢਣੀਆਂ ਪਈਆਂ। ਐਮ.ਐਲ.ਏ ਵੱਲੋਂ ਵੋਟਾਂ ਦੇ ਸਪੋਰਟਰ ਜਿਮੀਂਦਾਰ ਦੇ ਹੱਕ ਵਿਚ ਥਾਣੇਦਾਰ ਨੂੰ ਫੋਨ ਕਰਨ ਤੇ ਫੱਗੂ ਨੂੰ ਥਾਣੇ ਜਾ ਕੇ ਬਿਨਾਂ ਗਲਤੀ ਅਣਗਿਣਤ ਛਿੱਤਰ ਖਾਣੇ ਪਏ। ਖੂਬ ਗਿੱਦੜਕੁੱਟ ਹੋਈ ਉਸ ਦੀ। ਧੀ ਸਮੇਤ ਉਸ ਨੂੰ ਰਾਤ ਥਾਣੇ ਰਹਿ ਕੇ ਜਿਮੀਂਦਾਰ ਦੇ ਮੁੰਡੇ ਵਾਲੀਆਂ ਗੰਦੀਆਂ ਗਾਲਾਂ ਤੇ ਹਰਕਤਾਂ ਦਾ ਦੁਹਰਾਅ ਵੀ ਸਹਿਣਾ ਪਿਆ। 'ਆਜ਼ਾਦੀ ਦੇ ਰਾਖਿਆਂ' ਨੇ ਆਖਰ 'ਆਜ਼ਾਦੀ' ਨੂੰ ਖੁਸ਼ ਜੋ ਰੱਖਣਾ ਹੋਇਆ ਤੇ ਆਜ਼ਾਦੀ ਇਵੇਂ ਹੀ ਖੁਸ਼ ਰਹਿੰਦੀ ਹੈ ਜਿਵੇਂ ਚੁਣਿਆ ਹੋਇਆ ਨੁਮਾਇੰਦਾ ਚਾਹੇ। ਹਲਕੇ ਦਾ ਵਿਧਾਇਕ ਜੇ ਹਾਕਮ ਪਾਰਟੀ ਦਾ ਹੈ ਤਾਂ ਉਸ ਦੇ ਹੁਕਮ ਬਗੈਰ ਕਿਸੇ ਰੁੱਖ ਦਾ ਪੱਤਾ ਵੀ ਨਹੀਂ ਹਿਲਣਾ ਚਾਹੀਦਾ। ਹਵਾ ਵੀ ਉਸ ਨੂੰ ਪੁੱਛ ਕੇ ਹਲਕੇ ਵਿਚ ਵਿਚਰੇ। ਸੂਰਜ ਵੀ ਉਸ ਨੂੰ ਝੁਕ ਕੇ ਸਲਾਮ ਕਰਕੇ ਹਲਕੇ ਦੇ ਉਤੋਂ ਦੀ ਗੁਜਰੇ। ਹਲਕੇ ਦਾ ਵਿਧਾਇਕ ਜੇ ਹਾਰਿਆ ਹੋਇਆ ਹੈ ਪਰ ਰਾਜ ਕਰ ਰਹੀ ਪਾਰਟੀ ਦਾ ਹੀ ਹੈ ਤਾਂ ਵੀ ਹਵਾਵਾਂ, ਸੂਰਜਾਂ ਤੇ ਰੁੱਖਾਂ ਨੂੰ ਉਸ ਨੂੰ ਮਾਨਤਾ ਦੇਣੀ ਹੋਵੇਗੀ। ਥੜਾ-ਥਾਣੇਦਾਰ ਤੇ ਐਸ.ਐਸ.ਪੀ, ਆਰ.ਓ, ਡੀ.ਈ.ਓ, ਤਹਿਸੀਲਦਾਰ ਜਾਂ ਕੋਈ ਵੀ ਹੋਰ ਹਸਤੀ ਚੀਜ ਹੀ ਕੋਈ ਨਹੀਂ। ਹਰ ਅਫਸਰ ਹਾਕਮ ਪਾਰਟੀ ਦੇ ਜਿੱਤੇ ਹਾਰੇ ਵਿਧਾਇਕ ਦੇ ਹੀ ਰਹਿਮੋ ਕਰਮ 'ਤੇ ਹੋਵੇਗਾ। ਹਾਕਮ ਪਾਰਟੀ ਦੇ ਕਰਿੰਦੇ ਬਗੈਰ ਕੋਈ ਨਿੱਛ ਵੀ ਮਾਰਦਾ ਹੈ ਤਾਂ ਉਸ ਦੀ ਥਾਣੇ ਪੇਸ਼ੀ ਹੋਵੇਗੀ। ਜੇ ਥਾਣੇਦਾਰ ਆਨਾਕਾਨੀ ਕਰਦਾ ਹੈ, ਹਾਕਮ ਦਾ ਹੁਕਮ ਨਹੀਂ ਮੰਨਦਾ ਤਾਂ ਲਾਈਨ ਹਾਜ਼ਰ ਹੋਵੇਗਾ। ਤਾਂ ਹੀ 'ਫੱਗੂ' ਨਿੱਛ ਮਾਰਨੋਂ ਪਹਿਲਾਂ ਚੁਫੇਰੇ ਝਾਕਦਾ ਹੈ?

ਉਸ ਆਜ਼ਾਦੀ ਦੀ ਚਾਹਤ ਕਰਨਾ ਹੁਣ ਬਾਗੀ ਅਖਵਾਉਣ ਦੇ ਤੁੱਲ ਹੈ ਜੋ ਆਜ਼ਾਦੀ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਤੇ ਊਧਮ ਸਿੰਘ, ਸੁਭਾਸ਼ ਚੰਦਰ ਬੋਸ ਨੇ ਅਤੇ ਅਮਰੀਕਾ-ਕਨੇਡਾ ਤੋਂ ਮਿਲਦੇ ਸੁੱਖ ਤਿਆਗ ਕੇ ਕਾਮਾਗਾਟਾ ਮਾਰੂ ਜਹਾਜ਼ ਵਿਚ ਗੁਰਦਿੱਤ ਸਿੰਘ ਬਣਕੇ, ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਚੁੱਕ ਕੇ ਕਲਪੀ ਸੀ। ਉਹ ਆਜ਼ਾਦੀ ਤਾਂ 1950 ਦੇ ਸੰਵਿਧਾਨ ਵਿਚ ਹੀ ਦਫਨ ਕਰ ਦਿੱਤ ਗਈ ਸੀ।

ਹੁਣ 'ਆਜ਼ਾਦੀ' ਦਾ ਭਾਵ ਹਾਕਮਾਂ ਦੀ ਐਸੀ ਗੁਲਾਮ 'ਬਾਂਦਰੀ' ਤੋਂ ਹੈ ਜੋ ਅਵੱਸਥਾ ਦੀ ਡੁੱਗਡੁੱਗੀ ਦੇ ਤਾਲ 'ਤੇ ਖੂਬ ਨਾਚ ਕਰਦੀ ਹੈ। ਜੇ ਨਹੀਂ ਨੱਚਦੀ ਤਾਂ ਕੁੱਟ ਖਾਂਦੀ ਹੈ ਤੇ ਜਿਸ ਨੂੰ ਨੱਚਦੀ ਬਾਂਦਰੀ ਵੇਖ ਕੇ ਮੇਰੇ ਪਿੰਡ ਦਾ 'ਫੱਗੂ' ਬਹੁਤ ਖੁਸ਼ ਹੁੰਦਾ ਹੈ।

'ਆਜ਼ਾਦੀ' ਹੁਣ ਚੋਣਾਂ ਤੀਕ ਸੀਮਤ ਜਮਹੂਰੀਅਤ ਦਾ ਹੀ ਨਾਮ ਹੈ।

ਆਜ਼ਾਦੀ ਡੱਬਿਆਂ ਵਿਚ ਬੰਦ ਹੈ ਜਦ ਛਟਪਟਾਉਂਦੀ ਹੈ,
ਵਿਵਸਥਾ ਭਗਤ ਸਿੰਘ ਦੇ ਬੁੱਤ ਨੂੰ ਪਾਲਿਸ਼ ਕਰਾਉਂਦੀ ਹੈ।
ਇਹ 'ਰਾਜੇ ਰੱਬ' ਹੁੰਦੇ ਨੇ ਕਦੇ ਨਾ ਸ਼ੀਂਹ ਕਹੀਂ ਮੱਖਣਾ,
ਵਿਵਸਥਾ ਨਾਨਕਾਂ ਤੀਕਰ ਤੋਂ ਵੀ ਚੱਕੀ ਪਿਹਾਉਂਦੀ ਹੈ।
ਵਿਵਸਥਾ ਦੇ ਰਾਜਿਆਂ ਨੂੰ ਬਘਿਆੜ ਆਖੋਗੇ ਤਾਂ
ਕੁੱਟ ਖਾਉਂਗੇ, ਜਹਾਨੋਂ ਜਾਓਗੇ, ਬਾਗੀ ਕਹਾਓਗੇ।

ਜੇ ਫਿਰ ਵੀ ਤੁਸੀਂ 'ਆਜ਼ਾਦੀ' ਨੂੰ ਅਸਲ 'ਆਜ਼ਾਦੀ' ਨਹੀਂ ਆਖਦੇ, ਇਸ ਨੂੰ ਅਧੂਰੀ, ਲੰਗੜੀ ਜਾਂ ਗੁਲਾਮੀ ਵਰਗੀ ਆਖਦੇ ਹੋ ਤਾਂ ਤੁਸੀਂ ਬਾਗੀ ਹੋ। 'ਆਜ਼ਾਦ ਭਾਰਤ' ਦੇ 'ਬਾਗੀ' ਲੋਕ ਤੇ ਹਾਕਮ ਬਾਗੀਆਂ ਨਾਲ ਜਿਸ ਤਰ੍ਹਾਂ ਪੇਸ਼ ਆਉਂਦਾ ਰਿਹਾ ਹੈ, ਉਵੇਂ ਹੀ ਤੁਹਾਡੇ ਨਾਲ ਪੇਸ਼ ਆਵੇਗਾ ਮੁਗਲਾਂ, ਅੰਗਰੇਜ਼ਾਂ ਵਾਂਗ। ਜੋ 'ਆਜ਼ਾਦੀ' ਨੂੰ 'ਆਜ਼ਾਦੀ' ਨਹੀਂ ਆਖਦੇ, ਉਹਨਾਂ ਨੂੰ ਅਸਲ ਆਜ਼ਾਦੀ ਲਈ ਉਵੇਂ ਹੀ ਸਮੂਹਿਕ ਬਗਾਵਤਾਂ ਕਰਨੀਆਂ ਹੋਣਗੀਆਂ ਜਿਵੇਂ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਸਾਡੇ ਪੁਰਖਿਆਂ ਨੇ ਕੀਤੀਆਂ ਸਨ ਤੇ ਇਸ ਬਗਾਵਤ ਲਈ ਮੇਰੇ ਪਿੰਡ ਦਾ 'ਫੱਗੂ' ਤਿਆਰ-ਬਰ-ਤਿਆਰ ਹੈ। ਕੋਈ ਅਗਵਾਈ ਤਾਂ ਕਰੇ? ਹੈ ਕੋਈ?

Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room
& 10 Hours in Car
Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990

2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca



ਸੂਰਜ ਉੱਗ ਪਿਆ

ਇਹ ਪ੍ਰਿੰਸੀਪਲ ਮਲੂਕ ਚੰਦ 'ਕਲੇਰ' ਦੇ ਨਾਵਲ ''ਸੂਰਜ ਉੱਗ ਪਿਆ'' ਦੇ ਅਰੰਭਿਕਾ ਦੀ ਟੁੱਟਵੀਂ ਟੁੱਟਵੀਂ ਲਿਖਤ ਹੈ।

ਜਦੋਂ ਤੁਸੀਂ ਅਰੰਭਿਕ ਸਤਰ, ''ਜੰਗਲ ਦੀਆਂ ਪੰਜ ਸਾਲਾਂ ਬਾਅਦ ਹੋਣ ਵਾਲੀਆਂ ਚੋਣਾਂ ਸਿਰ 'ਤੇ ਆ ਗਈਆਂ।'' ਪੜ੍ਹਦੇ ਹੋ ਤਾਂ ਤੁਸੀਂ ਇਕ ਛਿਣ ਲਈ ਰੁਕ ਜਾਂਦੇ ਹੋ। ਸ਼ੁਰੂ ਦਾ ਪਹਿਲਾ ਸ਼ਬਦ 'ਜੰਗਲ' ਤੁਹਾਡੀ ਹੈਰਾਨੀ ਦਾ ਕੇਂਦਰ ਬਣ ਜਾਂਦਾ ਹੈ। ਤੁਸੀਂ ਸੋਚਦੇ ਹੋ ਕਿ, ਕੀ ਕਦੀ ਜੰਗਲਾਂ ਵਿਚ ਵੀ ਚੋਣਾਂ ਹੁੰਦੀਆਂ ਹਨ, ਹੋਈਆਂ ਜਾਂ ਹੋਣਗੀਆਂ? ਪਰ, ਤੁਸੀਂ ਕੋਈ ਜਵਾਬ ਜਾਂ ਨਿਰਨਾ ਲਏ ਬਿਨਾ ਅੱਗੇ ਵੱਧ ਜਾਂਦੇ ਹੋ। ਫਿਰ ਜਦੋਂ ਤੁਸੀਂ ਅੱਗੇ ਜਾ ਕੇ ਓਪਰੀ ਨਜ਼ਰੇ ਸ਼ੇਰ, ਚੀਤਾ, ਹਿਰਨ, ਖ਼ਰਗੋਸ਼, ਬਾਂਦਰ, ਗਿੱਦੜ, ਰਿੱਛ, ਸੂਰ ਲੂੰਬੜ, ਹਾਥੀ ਤੇ ਊਠ ਆਦਿ ਜਾਨਵਰਾਂ ਦੇ ਨਾਂ ਪੜ੍ਹਦੇ ਹੋ ਤਾਂ ਤੁਹਾਨੂੰ ਇੰਜ ਜਾਪਦਾ ਹੈ ਜਿਵੇਂ ਤੁਸੀਂ ਬਾਲ ਸਾਹਿਤ ਪੜ੍ਹ ਰਹੇ ਹੋਵੋਂ। ਪਰ, ਜਦੋਂ ਤੁਸੀਂ ਚੋਣਾਂ, ਤਾਨਾਸ਼ਾਹ, ਕੰਮ ਚਲਾਊ ਕਠਪੁਤਲੀ ਮੰਤਰੀ ਮੰਡਲ, ਸਾਮਰਾਜੀ ਤਾਕਤ, ਲੋਕ ਰਾਜ, ਸਿਆਸਤ ਦਾ ਮਾਰੂਥਲ ਆਦਿ ਸ਼ਬਦ ਪੜ੍ਹਦੇ ਹੋ ਤਾਂ ਤੁਸੀਂ ਪਰਤ ਕੇ ਅਰੰਭਿਕਾ ਦੇ, ਜੰਗਲ ਨਾਲ ਸ਼ੁਰੂ ਹੋਣ ਵਾਲੇ ਪਹਿਲੇ ਵਾਕ ਵਲ ਆ ਜਾਂਦੇ ਹੋ ਤੇ ਫਿਰ ਤੁਸੀਂ ਨਿਰਨਾ ਲੈਂਦੇ ਹੋ ਕਿ ਮੈਂ ਬਾਲ ਸਾਹਿਤ ਨਹੀਂ ਪੜ੍ਹ ਰਿਹਾ ਹਾਂ ਸਗੋਂ, ਕੋਈ ਗੰਭੀਰ ਵਿਸ਼ੇ 'ਤੇ ਲਿਖੀ ਲਿਖਤ ਪੜ੍ਹ ਰਿਹਾ ਹਾਂ ਜਿਸ ਨੂੰ, ਲੇਖਕ ਨੇ ਆਪਣੀ ਭੂਮਿਕਾ ਵਿਚ ਬਿਨਾ ਕਿਸੇ ਇਸ਼ਾਰੇ ਦੇ ਜੰਗਲ ਤੇ ਜਾਨਵਰਾਂ ਦੇ ਪ੍ਰਤੀਕਾਂ ਰਾਹੀਂ ਦਰਸਾਉਣ ਦਾ ਯਤਨ ਕੀਤਾ ਹੈ।

ਦੇਖਣ ਵਿਚ ਆਇਆ ਹੈ ਕਿ ਲੇਖਕ ਨੇ ਜਿਨ੍ਹਾਂ ਜਾਨਵਰਾਂ ਦੇ ਨਾਂ ਆਪਣੇ ਇਸ ਵਿਸ਼ੇ ਦੀ ਪੇਸ਼ਕਾਰੀ ਦਾ ਮੰਤਵ ਪੂਰਾ ਕਰਨ ਲਈ ਚੁਣੇ ਹਨ, ਮਨੁੱਖ ਜਾਤੀ ਦੇ ਬਹੁਤ ਸਾਰੇ ਬੰਦਿਆਂ ਦੇ ਚਰਿੱਤਰ ਵੀ ਇਹੋ ਜਿਹੇ ਹੁੰਦੇ ਹਨ। ਇਸ ਤੋਂ ਇਲਾਵਾ ਮਨੁੱਖ ਨੇ ਉਨ੍ਹਾਂ ਨਾਲ ਸੰਬੰਧਤ ਬਹੁਤ ਸਾਰੀਆਂ ਕਹਾਣੀਆਂ ਵੀ ਬਣਾਈਆਂ ਹੋਈਆਂ ਹਨ ਜਿਵੇਂ, ਸ਼ੇਰ ਤੇ ਚੂਹਾ, ਹਾਥੀ ਤੇ ਭੂਰੀ ਕੀੜੀ, ਕੱਛੂ ਤੇ ਖ਼ਰਗੋਸ਼ ਦੀ ਦੌੜ ਆਦਿ। ਇਸੇ ਤਰ੍ਹਾਂ ਕਹਾਵਤਾਂ ਤੇ ਆਖਾਣ ਜਿਵੇਂ ਆਪਾਂ ਆਖਦੇ ਹਾਂ, ਫ਼ਲਾਨਾ ਲੂੰਬੜੀ ਵਰਗਾ ਮੱਕਾਰ ਹੈ। ਉਹ ਗਿੱਦੜ ਵਰਗਾ ਡਰਪੋਕ ਸੀ। ਉਹ ਸ਼ੇਰ ਵਰਗਾ ਬਹਾਦਰ ਹੈ। ਉਸ ਦਾ ਦਿਮਾਗ਼ ਖੋਤੇ ਦਾ ਜਾਂ ਘਾਹ ਚਰਨ ਗਿਆ ਹੈ। ਉਸ ਵਿਚ ਹਾਥੀ ਜਿੰਨੀ ਤਾਕਤ ਹੈ। ਫ਼ਲਾਨਾ ਸੁੱਸਰੀ ਵਰਗਾ ਸੁੱਸਤ ਹੈ। ਉਹ ਚੀਤੇ ਵਾਂਗੂੰ ਤੇਜ਼ ਭੱਜਦਾ ਹੈ। ਉਹ ਬਾਂਦਰ ਵਾਂਗੂੰ ਚਾਮਲਿਆ ਰਹਿੰਦਾ ਜਾਂ, ''ਉਏ ਕਿਉਂ ਬਾਂਦਰ ਵਾਂਗੂੰ ਚਾਮਿਲਆਂ?'' ਉਹ ਕੀੜੀ ਵਾਂਗੂੰ ਆਪਣੇ ਕੰਮ ਵਿਚ ਲੱਗੀ ਰਹਿੰਦੀ ਹੈ ਆਦਿ।

ਤੁਸੀਂ ਫਿਰ ਜੰਗਲ ਵਿਚ ਚੋਣਾਂ ਬਾਰੇ ਸੋਚਦੇ ਹੋ। ਇੱਥੇ ਆ ਕੇ ਤੁਸੀਂ ਜੰਗਲ ਦੇ ਪ੍ਰਤੀਕ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਸਗੋਂ ਜਾਣ ਜਾਂਦੇ ਹੋ ਕਿ ਜੰਗਲ ਇਕ ਫ਼ਰਜ਼ੀ ਮੁਲਕ, ਰਿਆਸਤ ਜਾਂ ਦੇਸ ਹੈ ਜਿੱਥੇ ਹਰ ਪੰਜ ਸਾਲਾਂ ਬਾਅਦ ਚੋਣਾਂ ਹੁੰਦੀਆਂ ਹਨ ਤੇ ਉੱਥੇ ਦੇ ਵਸਨੀਕ ਉਕਤ ਜਾਨਵਰਾਂ ਵਰਗੇ ਕਿਰਦਾਰਾਂ ਵਾਲੇ ਹਨ ਤੇ ਇੰਨ-ਬਿੰਨ ਇਨ੍ਹਾਂ ਜਾਨਵਰਾਂ ਵਾਂਗੂੰ ਹੀ ਸਮਾਜ ਵਿਚ ਵਿਚਰਦੇ ਹਨ। ਇਸ ਤਰ੍ਹਾਂ ਪਹਿਲਾ ਵਾਕ, ''ਜੰਗਲ ਦੀਆਂ ਪੰਜ ਸਾਲਾਂ ਬਾਅਦ ਹੋਣ ਵਾਲੀਆਂ ਚੋਣਾ ਸਿਰ 'ਤੇ ਆ ਗਈਆਂ।'' ਦਾ ਭੇਦ ਆਪਣੇ ਆਪ ਖੁੱਲ੍ਹ ਕੇ ਤੁਹਾਡੇ ਸਾਹਮਣੇ ਆ ਜਾਂਦਾ ਹੈ। ਇਸੇ ਨਾਲ ਤੁਹਾਨੂੰ ਨਾਵਲ ਦੇ ਵਿਸ਼ੇ ਦਾ ਕਾਫ਼ੀ ਗਿਆਨ ਵੀ ਹੋ ਜਾਂਦਾ ਹੈ ਪਰ, ਸਾਰਾ ਭੇਦ ਉਦੋਂ ਖੁੱਲ੍ਹਦਾ ਹੈ ਜਦੋਂ ਨਾਵਲ ਦਾ ਨਾਇਕ ਫ਼ਜਲੂ ਕੱਛੂ, ਮੰਚ 'ਤੇ ਆਉਂਦਾ ਹੈ।

ਨਾਵਲ ਦੀ ਸੰਖੇਪ ਜਿਹੀ ਕਹਾਣੀ ਕੁਝ ਇਸ ਤਰ੍ਹਾਂ ਹੈ। ਇਕ ਜੰਗਲ ਹੈ। ਜਿੱਥੇ ਚੋਣਾਂ ਹੋਣ ਵਾਲੀਆਂ ਹਨ। ਉੱਥੇ ਦਾ ਹੁਕਮਰਾਨ ਇਕ ਤਾਨਾਸ਼ਾਹ ਸ਼ੇਰ ਹੈ ਜੋ ਬਰਾਏ ਨਾਮ ਦੇ ਲੋਕ ਤੰਤਰ ਦੇ ਨਾਂ ਹੇਠ ਸਾਮਰਾਜੀ ਹਕੂਮਤ ਚਲਾਉਂਦਾ ਹੈ। ਉਸ ਦੀ ਬਾਦਸ਼ਾਹੀ ਪੁਸ਼ਤਾਂ ਤੋਂ ਚਲੀ ਆ ਰਹੀ ਹੈ। ਪਰ ਇਸ ਵਾਰ ਇਕ ਕੱਛੂ ਫਜ਼ਲੂ ਉਸਦੀ ਮੁਖ਼ਾਲਫਤ ਕਰਦਾ ਹੈ। ਉਹ ਜੰਗਲ ਦੇ ਰੀਂਘਣ ਵਾਲੇ ਜਾਨਵਰ, ਪੰਛੀ ਤੇ ਹੋਰ ਜਾਨਵਰਾਂ ਨੂੰ ਉਨ੍ਹਾਂ ਦੇ ਬੜੇ ਵਡੇਰਿਆਂ ਦੇ ਕਾਰਨਾਮੇ ਦੱਸ ਕੇ ਜਾਗਰੂਕ ਕਰਦਾ ਹੈ ਤੇ ਫਿਰ ਉਨ੍ਹਾਂ ਦਾ ਇਕ ਸੰਗਠਨ ਬਣਾ ਲੈਂਦਾ ਹੈ ਜਿਸ ਨੂੰ ਉਹ ਦੂਜੀ ਧਿਰ ਦਾ ਨਾਂ ਦਿੰਦਾ ਹੈ ਤੇ ਸ਼ੇਰ ਨੂੰ ਦਿਮਾਗੀ ਮੁਕਾਬਲੇ ਲਈ ਚਿਤਾਵਨੀ ਦਿੰਦਾ ਹੈ। ਸ਼ੇਰ ਹਾਰ ਜਾਂਦਾ ਹੈ। ਫ਼ਜਲੂ ਉਸ ਨੂੰ ਜੰਗਲ ਵਿੱਚੋਂ ਕੱਢ ਦਿੰਦਾ ਹੈ। ਇਸ ਤਰ੍ਹਾਂ ਉਹ ਛੋਟੀ ਜਾਤੀ ਦੇ ਜਾਨਵਰਾਂ ਕੀੜੀ, ਸੱਪ, ਕਾਂ ਆਦਿ ਅਤੇ ਕੁੱਝ ਤਾਕਤਵਾਰ ਜਾਨਵਰ ਜਿਵੇਂ ਹਾਥੀ, ਊਠ ਆਦਿ ਦੀ ਹਕੂਮਤ ਸਥਾਪਤ ਕਰ ਲੈਂਦਾ ਹੈ।

ਨਦੀਮ ਪਰਮਾਰ
+1-604-298-2920

ਇਸ ਵਿਚ ਕੋਈ ਸ਼ੁੱਕ ਨਹੀਂ ਕਿ ਇਸ ਉਪਨਿਆਸ (ਨਾਵਲ) ਦਾ ਵਿਸ਼ਾ ਅੱਛਾ, ਅਛੂਤਾ ਤੇ ਖਿੱਚਵਾਂ ਹੈ। ਪਾਤਰਾਂ ਦੀ ਚੋਣ ਨਾਵਲ ਵਿਚ ਉਨ੍ਹਾਂ ਦੀ ਭੂਮਿਕਾ ਅਨੁਸਾਰ ਠੀਕ ਹੈ। ਪਰ ਬੋਲੀ ਤੇ ਵਿਸ਼ੇ ਵਲੋਂ ਠੋਸ ਹੁੰਦਾ ਹੋਇਆ ਵੀ ਨਾਵਲ ਵਿਧਾ ਪੱਖੋਂ ਕਮਜ਼ੋਰ ਹੈ। ਨਾਵਲ ਵਿਧਾ ਦੇ ਬਹੁਤ ਸਾਰੇ ਅੰਸ਼ ਗੁੰਮ ਹਨ। ਮੈਂ ਇਨ੍ਹਾਂ ਅੰਸ਼ਾਂ ਦਾ ਜ਼ਿਕਰ ਜਾਂ ਵਿਸਥਾਰ ਨਾ ਦਿੰਦਾ ਹੋਇਆ ਸਿਰਫ ਇਕ ਮੁੱਖ ਅੰਸ਼ ਦੀ ਹੀ ਗੱਲ ਛੇੜਦਾ ਹਾਂ।

ਨਾਵਲ ਵਿਚ ਨਾਵਲਕਾਰ ਜੋ ਕਹਿਣਾ ਜਾਂ ਸੰਦੇਸ਼ ਦੇਣਾ ਚਾਹੁੰਦਾ ਹੈ ਉਹ ਨਾਵਲ ਵਿਚ ਆਪਣੇ ਪਾਤਰਾਂ ਦੇ ਵਾਰਤਾਲਾਪ ਰਾਹੀਂ ਦਿੰਦਾ ਹੈ। ਪਰ, ਇਸ ਨਾਵਲ ਵਿਚ ਕਥਾਕਾਰ ਪਾਤਰਾਂ ਦੀ ਥਾਂ ਆਪ ਬੋਲਦਾ ਹੈ ਤੇ ਬਹੁਤ ਵਿਸਥਾਰ ਵਿਚ ਬੋਲਦਾ ਹੈ। ਬਹੁਤ ਸਾਰੀ ਜਾਣਕਾਰੀ ਉਹ ਆਪ ਦਿੰਦਾ ਹੈ। ਜਿਵੇਂ, ਧਰਤ ਦੀ ਪਾਣੀ ਤੇ ਖੁਸ਼ਕੀ ਦੀ ਵੰਡ। ਜ਼ਮੀਨ ਤੇ ਪਾਣੀ ਵਿਚ ਰਹਿਣ ਵਾਲੇ ਜੀਵ ਜੰਤੂਆਂ ਦੀ ਆਬਾਦੀ ਦਾ ਵੇਰਵਾ, ਜੰਗਲਾਂ ਦੀ ਕਟਾਈ ਤੇ ਮਨੁੱਖ ਜਾਤੀ ਦਾ ਜੰਗਲਾਂ ਤੇ ਜੰਗਲੀ ਜਾਨਵਰਾਂ ਪ੍ਰਤੀ ਕਿਰਦਾਰ। ਆਦਿ।

ਗਲਪ ਵਿਚ ਇਹ ਕਥਨ ਪ੍ਰਸਿੱਧ ਹੈ ਕਿ ਹਰ ਨਾਵਲਕਾਰ ਦਾ ਪਹਿਲਾ ਨਾਵਲ ਉਸ ਦੀ ਆਪ ਬੀਤੀ ਹੁੰਦਾ ਹੈ। ਇਸ ਤੋਂ ਅਗਲੇ ਨਾਵਲ ਜਾਂ ਰਚਨਾਵਾਂ, ਜੀਵਨ ਦੇ ਸਰੋਕਾਰਾਂ ਸੰਬੰਧੀ ਆਪਣੇ ਚੌਗਿਰਦੇ ਵਿੱਚੋਂ ਲਿਆ ਮਸੌਦਾ। ਹੱਥਲੀ ਰਚਨਾ ਕਲੇਰ ਸਾਹਿਬ ਦੀ ਆਪ ਬੀਤੀ ਹੈ ਜਾ ਅਨੁਭਵ, ਇਸ ਦਾ ਮੈਨੂੰ ਗਿਆਨ ਨਹੀਂ। ਹਾਂ, ਇਸ ਤੋਂ ਪਹਿਲਾਂ ਉਹ ਆਪਣੀ ਸਵੈਜੀਵਨੀ ''ਕੋਰੇ ਘੜੇ ਦਾ ਪਾਣੀ'' ਜ਼ਰੂਰ ਲਿਖ ਚੁੱਕੇ ਹਨ।

ਖੈਰ, ਇਹ ਜੋ ਕੁਛ ਵੀ ਹੈ, ਆਪ ਬੀਤੀ ਜਾਂ ਅਨੁਭਵ! ਮੈਂ ਕਲੇਰ ਜੀ ਨੂੰ, ਇਸ ਅਛੂਤੇ ਵਿਸ਼ੇ 'ਤੇ ਰਚੀ ਇਸ ਰਚਨਾ ਲਈ ਵਧਾਈ ਪੇਸ਼ ਕਰਦਾ ਹੋਇਆ ਇਨ੍ਹਾਂ ਦੇ ਇਸ ਉਪਨਿਆਸ ਨੂੰ ਜੀ ਆਇਆਂ ਕਹਿੰਦਾ ਹਾਂ।

ਨਾਵਲ ਪ੍ਰਾਪਤੀ ਲਈ ਲੇਖਕ ਨਾਲ
+1-778-321-6139 'ਤੇ ਜਾਂ
#41-8555 King George Blvd.
Surrey, BC
V3W 5C3
ਸੰਪਰਕ ਕੀਤਾ ਜਾ ਸਕਦਾ ਹੈ।

ਪੱਤੇ ਦੀ ਮਹਾਯਾਤਰਾ

'ਪੱਤੇ ਦੀ ਮਹਾਯਾਤਰਾ' ਪਰਮਿੰਦਰ ਸੋਢੀ ਰਚਿਤ ਕੇਵਲ ਕਾਵਿ-ਸੰਗ੍ਰਹਿ ਹੀ ਨਹੀਂ ਸਗੋਂ ਪੁਸਤਕ-ਸੰਗ੍ਰਹਿ ਵੀ ਹੈ। ਇਸ ਵੱਡ-ਅਕਾਰੀ ਪੁਸਤਕ ਵਿਚ ਸੋਢੀ ਦੁਆਰਾ ਸੰਨ 2009 ਤਕ ਪ੍ਰਕਾਸਿਤ ਸਾਰੀਆਂ ਕਾਵਿ-ਪੁਸਤਕਾਂ ਸ਼ਾਮਲ ਹਨ। ਕਵੀ ਦੇ ਸਾਹਿਤਕ ਸਫ਼ਰ ਤੇ ਰਚਨਾ-ਪ੍ਰਕਿਰਿਆ ਦੀ ਨਿਰੰਤਰਤਾ ਨੂੰ ਸਮਝਣ ਵਿਚ ਅਜਿਹੀ ਪੁਸਤਕ ਨਿਸ਼ਚੈ ਹੀ ਸਹਾਈ ਹੁੰਦੀ ਹੈ। ਇਸ ਪੁਸਤਕ ਵਿਚ ਪਾਠਕ ਸੋਢੀ-ਕਾਵਿ ਦੇ 'ਉਤਸਵ'- ਪੜਾਅ ਤੋਂ ਲੈ ਕੇ 'ਤੇਰੇ ਜਾਣ ਤੋਂ ਬਾਅਦ', 'ਇਕ ਚਿੜੀ ਤੇ ਮਹਾਨਗਰ', 'ਸਾਂਝੇ ਸਾਹ ਲੈਂਦਿਆਂ' ਪੜਾਵਾਂ 'ਚੋਂ ਗੁਜ਼ਰਦਾ 'ਝੀਲ ਵਾਂਗ ਰੁਕੋ' ਪੜਾਅ 'ਤੇ ਆ ਰੁਕਦਾ ਹੈ ਤੇ ਇਹ ਮਹਿਸੂਸ ਕੀਤੇ ਬਗੈਰ ਨਹੀਂ ਰਹਿੰਦਾ ਕਿ ਇਹ ਸਾਰੀ ਯਾਤਰਾ ਸਹਿਜ ਤੇ ਸੂਰਜ ਨੂੰ ਅਰਪਿਤ ਹੈ।

ਪਰਮਿੰਦਰ ਸੋਢੀ ਪਰਵਾਸੀ ਕਵੀ ਹੈ। ਉਸ ਦੇ ਅਤੇ ਦੂਸਰੇ ਪਰਵਾਸੀ ਪੰਜਾਬੀ ਕਵੀਆਂ ਵਿਚ ਸਾਂਝ ਇਹ ਹੈ ਕਿ ਦੋਵੇਂ ਹੀ ਉਨੱਤ ਦੇਸ਼ਾਂ ਵਿਚ ਰਹਿ ਰਹੇ ਹਨ। ਫਰਕ ਇਹ ਹੈ ਕਿ ਜਿੱਥੇ ਬਾਕੀ ਪਰਵਾਸੀ ਕਵੀ ਪੱਛਮ ਦੇ ਉਨੱਤ ਦੇਸ਼ਾਂ ਵਿਚ ਜੀਵਨ ਬਸਰ ਕਰ ਰਹੇ ਹਨ, ਉਥੇ ਪਰਮਿੰਦਰ ਸੋਢੀ ਪੂਰਬ ਦੇ ਉੱਨਤ ਦੇਸ਼ ਜਾਪਾਨ ਵਿਚ ਵਸਿਆ ਹੋਇਆ ਹੈ। ਇਸ ਲਈ ਸੋਢੀ ਦੀ ਕਵਿਤਾ ਵਿਚ ਸਭਿਆਚਾਰਕ ਸੰਕਟ, ਭੂ-ਹੇਰਵੇ ਆਦਿ ਦੇ ਵਿਸ਼ੇ ਪ੍ਰਵੇਸ਼ ਨਹੀਂ ਕਰਦੇ ਅਤੇ ਨਾ ਹੀ ਪੱਛਮ ਵਰਗਾ ਵਿਅਕਤੀਵਾਦ ਤੇ ਖੰਡਿਤ ਮਾਨਸਿਕਤਾ ਦਾ ਕੋਈ ਅੰਸ਼ ਉਸ ਦੀ ਕਵਿਤਾ ਵਿਚ ਮਹਿਸੂਸ ਹੁੰਦਾ ਹੈ। ਪੂਰਬ ਦੇ ਚਿੰਤਨ ਨਾਲ ਓਤਪੋਤ ਉਸ ਦੀ ਕਵਿਤਾ ਸ਼ਾਂਤ-ਚਿੱਤ ਮਨ ਦਾ ਅਕਸ ਹੈ ਤੇ ਇਸ ਦਾ ਕੁੱਝ ਪ੍ਰਭਾਵ ਬਿਲਕੁਲ ਰੁਕੀ ਹੋਈ ਝੀਲ ਵਰਗਾ ਹੈ। ਰੂਪੀ ਪ੍ਰਕਾਸ਼ਨ ਨੇ ਪੁਸਤਕ ਬੜੀ ਰੀਝ ਨਲ ਪ੍ਰਕਾਸ਼ਿਤ ਕੀਤੀ ਹੈ।

ਕਿਤਾਬ : ਪੱਤੇ ਦੀ ਮਹਾਯਾਤਰਾ
(ਕਾਵਿ-ਸੰਗ੍ਰਹਿ)
ਕਵੀ : ਪਰਮਿੰਦਰ ਸੋਢੀ



Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
• High Pressure Nozzles
• Trailer/Truck
• Fleet Washing With Under Mobile Brush Wash System
• Oil Change and Grease

For more info Call:
BIN: (780) 267-9102
CAM: (780) 238-8161

ਮੇਰੇ ਬੀਜੀ

ਸੁਰਜੀਤ ਕੌਰ ਬੈਂਸ

‘ਇਕ ਸਾਲ ਤਾਂ ਨਵੇਂ ਘਰ ਨੂੰ ਸਮਝਣ ਵਿਚ ਲੱਗ ਜਾਂਦਾ ਏ। ਜ਼ਬਾਨ ਦਰਾਜ਼ੀ ਵਿਚੋਂ ਕਦੀ ਨਹੀਂ ਨਿਕਲਦਾ। ਆਪਣੀ ਅਕਲ ਨਾਲ ਨਵੇਂ ਘਰ ਵਿਚ ਆਪਣੀ ਜਗਾਹ ਬਣਾਵੋ। ਅੱਜ ਕੱਲ ਦੇ ਤੱਟ-ਫੱਟ ਫੈਸਲਿਆਂ ਦੀ ਸਮਝ ਨਹੀਂ ਪੈਂਦੀ। ਬੱਚੀਆਂ ਨੂੰ ਹੌਂਸਲਾ ਦਿਓ ਕਿ ਮਾਂ-ਬਾਪ ਤੁਹਾਡੇ ਨਾਲ ਹਨ। ਦੋ ਵੱਖਰੀਆਂ ਜਵਾਨ ਹਸਤੀਆਂ ਨੂੰ ਜੋੜਨ ਲਈ ਦੋਵਾਂ ਦੇ ਮਾਂ-ਬਾਪ ਨੂੰ ਦੋਵੀਂ ਪਾਸੀਂ ਲੇਅ ਲਾਉਣ ਪੈਂਦੇ ਹਨ।’

ਮੈਂ ਬਾਪੂ ਜੀ ਦੀ ਬਹੁਤ ਲਾਡਲੀ ਸੀ। ਲੱਗਦਾ ਸੀ ਕਿ ਬਾਪੂ ਜੀ ਵਰਗਾ ਕੋਈ ਹੋਰ ਇਨਸਾਨ ਹੋ ਹੀ ਨਹੀਂ ਸਕਦਾ। ਮੈਨੂੰ ਵਿਆਹ ਵੇਲੇ ਬੀਜੀ ਨੇ ਸਮਝਾਇਆ, ‘ਹਰ ਆਦਮੀ ਦਾ ਇਕ ਦੂਸਰਾ ਰੂਪ ਵੀ ਹੁੰਦਾ ਏ ਜਿਸਦਾ ਸਿਰਫ਼ ਔਰਤ ਨੂੰ ਹੀ ਪਤਾ ਹੁੰਦਾ ਏ। ਐਵੇਂ ਸਹੁਰੇ ਘਰ ਜਾ ਕੇ ਬਾਪ ਦੀ ਮਾਲਾ ਨਾ ਜਪੀ ਜਾਵੀਂ।’ ਹੁਣ ਜਦੋਂ ਪਿਛਾਂਹ ਮੁੜਕੇ ਵੇਖਦੀ ਹਾਂ ਤਾਂ ਸਮਝ ਆਉਂਦੀ ਏ ਕਿ ਬਾਪੂ ਜੀ ਦੀ ਸ਼ਾਨ ਬਣਾਈ ਰੱਖਣ ਵਿਚ ਬੀਜੀ ਦਾ ਕਿੰਨਾ ਹੱਥ ਸੀ। ਬੱਚਿਆਂ ਦੇ ਦਿਲਾਂ ਵਿਚ ਘਰ ਦੀ ਸ਼ਾਨ ਬਣਾਈ ਰੱਖਣ ਵਿਚ ਔਰਤ ਕੀ ਕੁਝ ਚੁੱਪ-ਚਾਪ ਪੀ ਜਾਂਦੀ ਏ ਕਿਉਂਕਿ ਬੱਚਿਆਂ ਨੂੰ ਮਾਂ ਸੁੱਚੀ ਤੇ ਬਾਪ ਉੱਚਾ ਚਾਹੀਦਾ ਏ।

ਬੀਜੀ ਵਰਗੀ ਰੋਟੀ ਸਾਡੇ ਕੋਲੋਂ ਹਾਲੇ ਵੀ ਨਹੀਂ ਬਣਦੀ। ਉਹ ਘਰ ਦੀ ਸਰਦਾਰਨੀ ਵੀ ਸਨ ਅਤੇ ਸੁਚੱਜੀ ਨਾਰ ਵੀ ਸਨ। ਬੀਜੀ ਕਹਿੰਦੇ ਸਨ ਕਿ ਜਿਸ ਔਰਤ ਨੂੰ ਰੋਟੀ ਨਹੀਂ ਆਉਂਦੀ ਉਹ ਔਰਤ ਨਹੀਂ। ਅੰਨ ਭਗਵਾਨ, ਰਸੋਈ ਪੂਜਾ ਅਤੇ ਭੋਜਨ ਲੰਗਰ ਸੀ ਜਿਸ ਵਿਚ ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾਂਦਾ ਸੀ।

ਇਕ ਵਾਰੀ ਮੇਰੀ ਸਹੇਲੀ ਬੜੀ ਪ੍ਰੇਸ਼ਾਨ ਮੇਰੇ ਕੋਲ ਆਈ। ‘ਮਿਸਿਜ਼ ਬੈਂਸ ਮੈਨੂੰ ਕਿਸੇ ਚੰਗੇ ਜਿਹੇ ਬਿਊਟੀਸ਼ੀਅਨ ਕੋਲ ਲੈ ਚੱਲੋ। ਚੋਪੜਾ ਸਾਹਬ ਦੀਆਂ ਸਮਾਰਟ ਸੈਕਟਰੀਆਂ ਮੇਰੀ ਜਾਨ ਦਾ ਖੋਅ ਬਣੀਆਂ ਹੋਈਆਂ ਨੇ।’

ਕੀ ਤੁਹਾਡੇ ਘਰ ਕੋਈ ਆਉਂਦੀ ਹੈ ਜਾਂ ਪੈਸਾ ਕਿਤੇ ਬਾਹਰ ਜਾਂਦਾ ਏ?’ ਕਿਉਂਕਿ ਮਿਸਿਜ਼ ਚੋਪੜਾ ਬੜੀ ਸਮਾਰਟ ਅਤੇ ਬਹੁਤ ਸੋਹਣੀ ਔਰਤ ਸਨ। ਬੀਜੀ ਸਦਾ ਕਹਿੰਦੇ ਸਨ ਕਿ ਬਹੁਤੀ ਬੇਵਿਸਾਹੀ ਨਹੀਂ ਕਰੀਦੀ, ਐਵੇਂ ਫਜ਼ੂਲ ਕਿਆਫ਼ੇ ਨਹੀਂ ਲਾਈਦੇ, ਘਰ ਵਸਾਉਣ ਲਈ ਬਹੁਤ ਸਬਰ ਦੀ ਲੋੜ ਹੰਦੀ ਏ। ਆਦਤਾਂ ਤਾਂ ਕਿਤੇ ਬਦਲ ਵੀ ਜਾਣ ਪਰ ਵਾਦੀਆਂ ਕਦੀ ਨਹੀਂ ਬਦਲਦੀਆਂ। ਔਰਤ ਦਾ ਇਕ ਦੂਜਾ ਖਸਮ ਵੀ ਹੈ। ਉਹ ਹੈ ਰਿਜਕ ਕਿਉਂਕਿ ਜੇ ਚਾਰ ਪੈਸੇ ਔਰਤ ਕੋਲ ਹੋਣਗੇ ਤਾਂ ਘਰ ਦੀ ਛੱਤ ਹੇਠਾਂ ਬੱਚੇ ਪਾਲ ਲਵੇਗੀ। ਨਿਰੀ ਔਰਤ ਹੀ ਨਾ ਬਣੇ ਰਵ੍ਹੋ, ਕਦੀ ਮਾਂ ਵੀ ਬਣੋ।

ਬੀਜੀ ਦੀ ਇਕ ਸਹੇਲੀ ਗੱਲ ਕਰ ਰਹੀ ਸੀ, ‘ਭੈਣ ਜੀ, ਧੀ ਘਰੋਂ ਉੱਜੜ ਕੇ ਆ ਗਈ, ਕੋਈ ਗੱਲ ਨਹੀਂ, ਮਾਂ ਬਾਪ ਕਾਹਦੇ ਲਈ ਹੁੰਦੇ ਹਨ। ਸੋਚਿਆ ਸੀ ਬੁੱਢੇ ਵਾਰੇ ਧੀ ਦਾ ਆਸਰਾ ਹੋਵੇਗਾ, ਉਹਦੇ ਬੱਚੇ ਨਾਲ ਘਰ ਵਿਚ ਰੌਣਕ ਆ ਜਾਵੇਗੀ। ਪਰ ਚਾਰ ਸਾਲ ਹੋ ਗਏ ਨੇ ਧੀ ਨੇ ਘਰ ਵਿਚ ਸੱਥਰ ਵਿਛਾ ਛੱਡੀ ਏ। ਨੱਕ ਪੂੰਝ ਪੂੰਝ ਕੇ ਕੰਧਾਂ ਲਿੰਬ ਦਿੱਤੀਆਂ ਨੇ।’ ਖੁਸ਼ੀਆਂ ਦੇ ਮੇਲੇ ਹਰ ਕੋਈ ਲਾਉਂਦਾ ਪਰ ਦੁੱਖਾਂ ਦਾ ਸਦਾ ਭੋਗ ਪਾਇਆ ਜਾਂਦਾ ਏ।

ਮੈਂ ਵੀ ਇਕ ਵਾਰੀ ਬੜਾ ਰੋ ਰੋ ਬੀਜੀ ਨੂੰ ਟੈਲੀਫੋਨ ਕੀਤਾ, ‘ਮੈਨੂੰ ਹੁਣੇ ਆ ਕੇ ਲੈ ਜਾਵੋ।’ ਮੇਰੀ ਮਾਂ ਦਾ ਜਵਾਬ ਸੀ, ‘ਕੀ ਤੂੰ ਕਦੀ ਇੱਕਲੀ ਸਫ਼ਰ ਨਹੀਂ ਕੀਤਾ? ਮੈਨੂੰ ਤੇਰੇ ਇਸ ਯਤੀਮਾਂ ਵਾਲੇ ਰੋਣ ਦੀ ਸਮਝ ਨਹੀਂ ਆਈ।’ ਮੇਰੇ ਵਿਚ ਪਤਾ ਨਹੀਂ ਕਿਥੋਂ ਹਿੰਮਤ ਆਈ ਮੈਂ ਰਿਕਸ਼ਾ ਕੀਤਾ , ਬੱਸ ਪਕੜੀ ਤੇ ਸ਼ਾਮ ਤਕ ਪਟਿਆਲੇ ਪਹੁੰਚ ਗਈ। ਬਾਪੂ ਜੀ ਬੀਜੀ ਤਾਸ਼ ਖੇਡ ਰਹੇ ਸਨ।

‘ਆ ਬਈ, ਸਮੋਸੇ ਜਲੇਬੀਆਂ ਤੇਰਾ ਇੰਤਜ਼ਾਰ ਕਰ ਰਹੇ ਹਨ। ਚਾਹ ਪੀ, ਬੈਡਮਿੰਟਨ ਖੇਡ, ਨਹਾ ਧੋ ਤੇ ਚੈਨ ਨਾਲ ਸੌਂ ਜਾਹ। ਬਾਕੀ ਗੱਲਾਂ ਬਾਤਾਂ ਸਵੇਰੇ ਕਰਾਂਗੇ।’ ਦੁੱਖਾਂ ਦੇ ਪਹਾੜ ਡਿੱਗੇ, ਮੌਤ ਜਹੇ ਮਾਤਮਾਂ ਵਿਚ ਕੁਰਲਾਏ ਵੀ ਪਰ ਜ਼ਖ਼ਮ ਕੁਰੇਦਨ ਨਾਲੋਂ, ਮਲਹਮ ਲਾਉਣ ਨੂੰ ਤਰਜੀਹ ਦਿੱਤੀ। ਸੁੰਨੇ ਮਹਿਲ ਡਰਾਉਣੇ, ਬਰਕਤ ਜੀਆਂ ਨਾਲ, ਰੱਬਾ ’ਕੱਲਾ ਤਾਂ ਰੁੱਖ ਵੀ ਨਾ ਹੋਵੇ, ਲੜਨ ਰਾਤ ਹੋਵੇ ਪਰ ਵਿਛੜਨ ਰਾਤ ਨਾ ਹੋਵੇ, ਰੱਬਾ ਰੱਖੀ ਮਿੱਸੀ ਵਿਚ ਬਰਕਤ ਪਾਵੀਂ, ਸਰਬਤ ਦਾ ਭਲਾ ਮੰਗਿਆ, ਦੁੱਖ ਸੁੱਖ ਵੰਡਿਆ, ਕਦੀ ਚੁੱਪ ਨਹੀਂ ਸਾਧੀ, ਹਰ ਕੁੜਿਤਣ ਨੂੰ ਮਜ਼ਾਕ ਵਿਚ ਬਦਲ ਦਿੱਤਾ। ਗਲੀ ਦੇ ਕੱਖਾਂ ਦੀ ਵੀ ਲੋੜ ਪੈ ਜਾਂਦੀ ਏ। ਥੋਹੜੀ ਕੀਤਿਆਂ ਕਿਸੇ ਨਾਲ ਵਿਗਾੜੀ ਨਹੀਂ ਪਰ ਕਿਸੇ ਬਦੀ ਨੂੰ ਆਪਣੀ ਜੂਹ ਦੇ ਲਾਗੇ ਫਟਕਣ ਵੀ ਨਹੀਂ ਦਿੱਤਾ। ਬੜੀ ਨਿਡਰ ਸ਼ੇਰਨੀ ਸੀ ਮੇਰੀ ਮਾਂ, ਉਹ ਮੌਤ ਨੂੰ ਸੱਚ ਮੰਨਦੇ ਸਨ ਤਾਂ ਕਦੇ ਜ਼ਿੰਦਗੀ ਨੂੰ ਵੀ ਝੂਠ ਨਹੀਂ ਆਖਿਆ। ਬੰਗਲਾ ਸਾਹਿਬ ਗੁਰਦੁਆਰੇ ਮੇਰੇ ਅੱਗੇ ਅੱਗੇ ਇਕ ਔਰਤ ਜਾ ਰਹੀ ਸੀ। ਪੇਟ ਤੋਂ ਪੂਰੇ ਦਿਨ ਲੱਗ ਰਹੇ ਸਨ। ਉਹਦੀ ਸਲਵਾਰ ਨਾਲ ਲਟਕਿਆ ਚਾਰ ਸਾਲ ਦਾ ਬੱਚਾ ਬੜੀ ਰਿਆੜ ਕਰ ਰਿਹਾ ਸੀ। ਮਾਂ ਨੇ ਮਾੜੀ ਜਿਹੀ ਫਟੋਕੀ ਬੱਚੀ ਦੇ ਛੁਹਾਈ। ਇਕ ਲੰਮਾ ਚੌੜਾ ਆਦਮੀ ਪਿਛਾਂਹ ਮੁੜਿਆ ਤੇ ਵੱਟ ਕੇ ਚਪੇੜ ਔਰਤ ਦੇ ਮੂੰਹ ਉੱਤੇ ਜੜ੍ਹ ਦਿੱਤੀ।

ਦੂਜੀ ਵਾਰੀ ਉਹਨੇ ਹੱਥ ਚੁੱਕਿਆ ਹੀ ਸੀ ਕਿ ਮੈਂ ਗੁੱਟ ਤੋਂ ਉਹਦਾ ਹੱਥ ਜ਼ੋਰ ਨਾਲ ਪਕੜ ਲਿਆ। ਮੇਰੀਆਂ ਅੱਖਾਂ ਦੀ ਅੱਗ ਵੇਖ ਕੇ ਉਹ ਦੈਂਤ ਪਾਣੀਓਂ ਪਾਣੀ ਹੋ ਗਿਆ। ਉਸ ਵਕਤ ਮੇਰੇ ਅੰਦਰ ਮੇਰੀ ਨਿਡਰ ਮਾਂ ਸੀ। ‘ਜੇ ਮੈਂ ਚੁੱਪ-ਚਾਪ ਮਾਰ ਖਾ ਲਵੇਗੀ ਤਾਂ ਅੱਗੋਂ ਆਪਣੀ ਔਲਾਦ ਨੂੰ ਜੁੱਤੀਆਂ ਜੋਗੀ ਕਰ ਜਾਵਾਂਗੀ। ਆਦਮੀ ਔਰਤ ਦਾ ਫਰਕ ਤਾਂ ਹੈ ਪਰ ਬਹੁਤਾ ਮਨ ਦੀ ਅਵਸਥਾ ਤੇ ਹਾਲਾਤ ਦੀ ਮਜਬੂਰੀ ਏ। ਆਤਮਾ-ਰਾਮ ਦੀ ਵੀ ਸੁਣਨੀ ਚਾਹੀਦੀ ਏ। ਬੇਟਾ ਕਿਸੇ ਵੀ ਮਜਬੂਰੀ ਨੂੰ ਬੇਵਸੀ ਨਾ ਬਣਨ ਦਿਓ ਏ।’ ਬੀਜੀ ਸਿਰਫ਼ ਗੁਟਕੇ ਤੋਂ ਪਾਠ ਕਰ ਸਕਦੇ ਸਨ ਤੇ ਮਾੜੀ ਮੋਟੀ ਚਿੱਠੀ ਲਿਖ ਲੈਂਦੇ ਸਨ। ਏਸ ਤੋਂ ਵੱਧ ਹੋਰ ਕੋਈ ਪੜ੍ਹਾਈ ਨਹੀਂ ਸੀ ਪਰ ਬਹੁਤ ਸ਼ੌਕ ਸੀ ਧੀਆਂ ਨੂੰ ਵੱਧ-ਵੱਧ ਵਿਦਿਆ ਦੇਣ ਦਾ। ‘ਨੌਕਰੀਆਂ ਕਰੋ, ਪੈਰਾਂ ’ਤੇ ਖੜੇ ਹੋਵੋ, ਲਿਆਕਤ ਵਿਚ ਕਿਸੇ ਤੋਂ ਘੱਟ ਨਹੀਂ ਰਹਿਣਾ।’ ਸਭ ਤੋਂ ਵੱਡੀ ਗੱਲ ਹੈ ਕਿ ਵਿਆਹ ਨੂੰ ਕੋਈ ਮਜਬੂਰੀ ਬਣਾ ਕੇ ਪੇਸ਼ ਨਹੀਂ ਕੀਤਾ। ਇਨਸਾਨ ਸਾਰੇ ਇਨਸਾਨ ਹਨ, ਰੱਬ ਹੀ ਰੱਬ ਹੈ। ਰੱਬ ਵੀ ਕਿਸ਼ਨ ਰੂਪ ਹੈ, ਕੋਈ ਜੋਗੀ ਸਨਿਆਸੀ ਨਹੀਂ। ਮੁਹੱਬਤ ਦੀ ਜਾਚ ਮਾਂ ਨੇ ਸਿਖਾਈ। ਹਰ ਕਿਸੇ ਨੂੰ ਆਪਣਾ ਬਣਾ ਲੈਣਾ, ਆਪਾ ਵਾਰਨ ਤਕ ਜਾਣਾ, ਆਪਣੇ ਸਾਦੇ ਜਹੇ ਸੁਵਾਦੀ ਲੰਗਰ ਨਾਲ, ਹੱਥਾਂ ਦੀ ਸੇਵਾ ਨਾਲ ਹਰ ਇਕ ਦੇ ਮਨ ਵਿਚ ਘਰ ਕਰ ਜਾਣਾ, ਮੇਰੀ ਮਾਂ ਦਾ ਕਮਾਲ ਸੀ। ਸਾਲਾਂ ਦੇ ਸਾਲ ਟੱਬਰਾਂ ਦੇ ਟੱਬਰ ਸਾਡੇ ਘਰ ਵਿਚ ਪਲੇ। ਤਾਹੀਉਂ ਹੁਣ ਦੀ ਇਕੱਲ ਮੈਥੋਂ ਬਰਦਾਸ਼ਤ ਨਹੀਂ ਹੁੰਦੀ। ਟੀ.ਵੀ. ਨੇ ਵਿਹੜਿਆਂ ਦੀ ਰੌਣਕ ਖਾ ਲਈ ਏ। ਹੁਣ ਕੋਈ ਨਾਨੀ-ਦਾਦੀ ਤੋਂ ਬਾਤਾਂ ਨਹੀਂ ਸੁਣਦਾ। ਟੀ.ਵੀ. ਨੇ ਜ਼ਬਾਨ ਨੂੰ ਜੰਦਰੇ ਲਾ ਦਿੱਤੇ ਨੇ। ਏਸ ਹਾਲ ਤਾਂ ਬੱਚਿਆਂ ਕੋਲ ਆਪਾ ਪਰਗਟ ਕਰਨ ਲਈ ਅੱਖਰ ਹੀ ਨਹੀਂ ਰਹਿਣੇ।

ਬੀਜੀ ਯਕਾਦਾਏ ਸਨ, ਕਈ ਵਾਰੀ ਝੂਠ ਵੀ ਬੋਲ ਲੈਂਦੇ ਸਨ। ਮੇਰੀਆਂ ਇਹ ਲਾਈਨਾਂ ਆਪਣੀ ਮਾਂ ਲਈ ਹਨ:

ਝੂਠ ਬੋਲਦੀ ਪਾਕ ਪਵਿੱਤਰ।
ਪੱਟ ਵਿਛਾਉਂਦੀ, ਗੁੱਦੜ ਸਹਿੰਦੀ।
ਬਰਫ਼ਾਂ ਵਾਂਗੂੰ ਖੁਰ ਖੁਰ ਜਾਂਦੀ।
ਪਰਬਤ ਦੇ ਵਾਂਗੂੰ ਥਿਰ ਰਹਿੰਦੀ।

ਬਿਨਾਂ ਬਾਂਸ ਤੋਂ ਵੱਜਦੀ ਬੰਸਰੀ

ਮਨਜੀਤ ਸਿੰਘ ਟਿਵਾਣਾ

ਟੀ.ਵੀ. ਦਾ ਸਵਿੱਚ ਔਨ ਕਰਦਿਆਂ ਹੀ ਮੈਂ ਆਦਤ-ਮੁਜਬਰ ਖ਼ਬਰਾਂ ਸੁਣਨ ਲਈ ਚੈਨਲ ਬਦਲਦਾ ਹਾਂ। ਖੂਬਸੂਰਤ ਨਿਊਜ਼ ਰੀਡਰ ਕੁੜੀ ਆਪਣੇ ਦਿਲਕਸ਼ ਅੰਦਾਜ਼ ’ਚ ਦੱਸਦੀ ਹੈ ਕਿ ਹੁਣ ਅਸੀਂ ਤੁਹਾਨੂੰ ਲੈ ਚਲਦੇ ਹਾਂ ਉੱਤਰ ਪ੍ਰਦੇਸ਼ ਦੇ ਦੂਰ ਇਕ ਪਿੰਡ ’ਚ ਜਿਥੋਂ ਦੇ ਇਕ ਜੋਤਸ਼ੀ ਕੁੰਜੀ ਲਾਲ ਨੇ ਅੱਜ ਸ਼ਾਮ 3 ਤੋਂ 4 ਵਜੇ ਦੇ ਵਿਚਕਾਰ ਆਪਣੀ ਮੌਤ ਹੋ ਜਾਣ ਦੀ ਭਵਿੱਖਬਾਣੀ ਕੀਤੀ ਹੈ। ਟੀ.ਵੀ. ਦੀ ਸਕਰੀਨ ’ਤੇ ਕੁੰਜੀ ਲਾਲ ਦੀ ਵੱਡੀ ਸਾਰੀ ਫੋਟੋ ਦੇ ਨਾਲ ਲਿਖਿਆ ਆਉਂਦਾ ਹੈ, ‘ਆਜ ਮਰੂੰਗਾ ਮੈਂ’। ਫਿਰ ਕੈਮਰਾ ਉੱਤਰ ਪ੍ਰਦੇਸ਼ ਦੇ ਦੂਰ-ਦੁਰਾਡੇ ਦੇ ਇਕ ਪਿੰਡ ਦੇ ਦਰਸ਼ਨ ਕਰਵਾਉਂਦਾ ਹੈ। ਕੁੰਜੀ ਲਾਲਾ ਆਪਣੇ ਮੰਦਰ ਨੁਮਾ ਘਰ ’ਚ ਹਨੂੰਮਾਨ ਦੀ ਮੂਰਤ ਅੱਗੇ ਸਮਾਧੀ ਲਗਾ ਕੇ ਬੈਠਾ ਹੈ। ਆਸ-ਪਾਸ ਦੇ ਪਿੰਡਾਂ ਤੋਂ ਲੋਕਾਂ ਦੀ ਭੀੜ ਉਥੇ ਇੱਕਠੀ ਹੋ ਚੁੱਕੀ ਹੈ। ਕੁਝ ਲੋਕ ਪ੍ਰਭੂ ਭਗਤੀ ਦਾ ਉੱਚੀ-ਉੱਚੀ ਗਾਇਨ ਕਰ ਰਹੇ ਹਨ। ਕੁੰਜੀ ਲਾਲ ਦੀ ਪਤਨੀ ਤੇ ਉਸਦੇ ਪੁੱਤਰ ਵਾਰ-ਵਾਰ ਟੀ.ਵੀ. ’ਤੇ ਆ ਕੇ ਕੁੰਜੀ ਲਾਲਾ ਦੀ ਭਵਿੱਖਬਾਣੀ ਬਾਰੇ ਦੱਸਦੇ ਹਨ। ਪੁੱਤਰ ਰੋ ਰਹੇ ਹਨ ਅਤੇ ਪਤਨੀ ਦੁੱਖ ’ਚ ਮਾਯੂਸ ਦੱਸ ਰਹੀ ਹੈ ਕਿ ਅੱਜ ਕਰਵਾ ਚੌਥ ਦਾ ਦਿਨ ਹੈ। ਮੈਂ ਰੱਬ ਅੱਗੇ ਅਰਦਾਸ ਕਰਾਂਗੀ ਕਿ ਉਹ ਮੇਰੇ ਪਤੀ ਨੂੰ ਬਖ਼ਸ਼ ਦੇਵੇ ਤੇ ਉਸਦੀ ਲੰਮੀ ਉਮਰ ਕਰੇ। ਟੀ.ਵੀ. ਪੱਤਰਕਾਰ ਇਹ ਵੀ ਦੱਸਦਾ ਹੈ ਕਿ ਕੁੰਜੀ ਲਾਲਾ ਦੇ ਪਿਤਾ, ਜੋ ਖੁਦ ਇਕ ਮੰਨਿਆ-ਪ੍ਰਮੰਨਿਆ ਜੋਤਸ਼ੀ ਸੀ, ਨੇ ਵੀ ਆਪਣੀ ਮੌਤ ਦੀ ਭਵਿੱਖਬਾਣੀ ਕੀਤੀ ਸੀ। ਪੱਤਰਕਾਰ ਇਹ ਵੀ ਦੱਸਦਾ ਹੈ ਕਿ ਕੁੰਜੀ ਲਾਲ ਦਾ ਪਿਤਾ ਜੋਤਿਸ਼ ਦਾ ਜੋ ਇਲਮ ਜਾਣਦਾ ਸੀ, ਉਸਦੀ ਜਾਣਕਾਰੀ ਉਹ ਮਰਨ ਤੋਂ ਪਹਿਲਾਂ ਕੁੰਜੀ ਲਾਲਾ ਨੂੰ ਦੇ ਗਿਆ ਸੀ। ਮੇਰੀ ਘਰਵਾਲੀ ਦੱਸਦੀ ਹੈ ਕਿ ਇਹ ਡਰਾਮਾ ਸਵੇਰ ਤੋਂ ਚਲ ਰਿਹਾ ਹੈ ਤੇ ਹੁਣ ਦੁਪਹਿਰ ਹੋ ਚੁੱਕੀ ਹੈ। ਟੀ.ਵੀ. ਚੈਨਲ ਸਾਰਾ ਘਟਨਾਕ੍ਰਮ ਲਾਈਵ ਦਿਖਾ ਰਿਹਾ ਹੈ। ਪਹਿਲਾਂ ਇਥੇ ਕੁਝ ਲੋਕ ਸਨ ਪਰ ਹੁਣ ਭੀੜ ਬਹੁਤ ਵੱਧ ਚੁੱਕੀ ਹੈ। ਸ਼ਾਇਦ ਆਸ-ਪਾਸ ਦੇ ਲੋਕ ਟੀ.ਵੀ. ਚੈਨਲ ’ਤੇ ਇਹ ਖਬਰ ਵੇਖ ਕੇ ਹੀ ਇਥੇ ਅੱਪੜ ਗਏ ਹੋਣ। ਹੁਣ ਲੋਕਾਂ ਨੂੰ ਕਾਬੂ ਕਰਨ ਲਈ ਪੁਲਿਸ ਬੁਲਾਉਣੀ ਪੈ ਗਈ ਹੈ। ਸਾਰਾ ਦੇਸ਼ ਸਾਹ ਰੋਕ ਕੇ ਤਿੰਨ ਵੱਜਣ ਦੀ ਉਡੀਕ ਕਰ ਰਿਹਾ ਹੈ। ਡਾਕਟਰ ਵਾਰ-ਵਾਰ ਕੁੰਜੀ ਲਾਲ ਦਾ ਚੈਕਅਪ ਕਰ ਰਹੇ ਹਨ। ਟੀ.ਵੀ. ਚੈਨਲ ’ਤੇ ਮਨੋਚਕਿਤਸਕਾਂ, ਤਰਕਸ਼ੀਲਾਂ, ਵਿਦਵਾਨਾਂ ਨਾਲ ਗੱਲ ਕਰਵਾਈ ਜਾ ਰਹੀ ਹੈ। ਆਖਰ ਤਿੰਨ ਵੱਜਦੇ ਹੀ ਹਨ ਪਰ ਕੁੰਜੀ ਲਾਲ ਸਾਬਤ-ਸਬੂਤਾ ਅੱਖਾਂ ਜਿਹੀਆਂ ਮਟਕਾਉਂਦਾ ਘਰ ਦੇ ਅੰਦਰ ਚਲਾ ਜਾਂਦਾ ਹੈ। ਟੀ.ਵੀ. ਪੱਤਰਕਾਰ ਦੱਸਦਾ ਹੈ ਕਿ ਬਿਪਤਾ ਦੀ ਘੜੀ ਟਲ ਗਈ ਹੈ। ਉਸਦੇ ਮੁਤਾਬਕ ਕੁੰਜੀ ਲਾਲ ਨੇ ਪਹਿਲਾਂ ਵੀ ਆਪਣੇ ’ਤੇ ਚਾਰ ਵਾਰ ਮੌਤ ਦੀ ਘੜੀ ਆਉਣ ਬਾਰੇ ਦੱਸਿਆ ਹੈ ਪਰ ਹਰ ਵਾਰ ਉਹ ਆਪਣੀਆਂ ਗੁਪਤ ਜੁਗਤਾਂ ਨਾਲ ਇਹ ਘੜੀ ਟਾਲਣ ’ਚ ਕਾਮਯਾਬ ਰਹਿੰਦਾ ਹੈ। ਮੈਨੂੰ ਦੇਸ਼ ’ਚ ਟੀ.ਵੀ. ਦੁਆਲੇ ’ਕੱਠੀਆਂ ਹੋਈਆਂ ਉਨ੍ਹਾਂ ਮਾਈਆਂ ਦੀ ਵਾਖਰੂ....ਵਾਖਰੂ.... ਤੇ ਰਾਮ....ਰਾਮ..... ਦੀ ਆਵਾਜ਼ ਸੁਣਾਈ ਦਿੰਦੀ ਹੈ ਜਿਹੜੀਆਂ ਵਿਚਾਰੀਆਂ ਕੁੰਜੀ ਲਾਲ ਦੀ ਜਾਨ ਬਚਾਉਣ ਲਈ ਸਵੇਰ ਤੋਂ ਟੀ.ਵੀ. ਦੇ ਮੂਹਰੇ ਬੈਠੀਆਂ ਤਪ ਕਰ ਰਹੀਆਂ ਸਨ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਕੁੰਜੀ ਲਾਲ ਕਿੰਨਾ ਸ਼ਤਿਰ ਹੈ.....ਟੀ.ਵੀ. ਚੈਨਲ ਦਾ ਮਾਲਕ ਕਿੰਨਾ ਬੇਈਮਾਨ ਹੈ ਤੇ ਉਹ ਪੱਤਰਕਾਰ.....ਸ਼ੋਹਰਤ ਦਾ ਕਿੰਨਾ ਭੁੱਖਾ ਹੈ।

ਪੰਜਾਬੀ ਨਾਟ-ਜਗਤ ’ਚ ਭਾਈ ਮੰਨਾ ਸਿੰਘ ਦੇ ਨਾਮ ਨਾਲ ਮਸ਼ਹੂਰ ਗੁਰਸ਼ਰਨ ਸਿੰਘ ਦਾ ਬਹੁਚਰਚਿਤ ਨਾਟਕ ਹੈ ‘ਟੋਆ’। ਉਸ ਵਿੱਚ ਵੀ ਇਕ ਪੱਤਰਕਾਰ ਟੋਏ ’ਚ ਡਿੱਗੇ ਇਕ ਭਾਰਤੀ ਨਾਗਰਿਕ ਨੂੰ ‘ਟੋਏ’ ’ਚੋਂ ਕੱਢਣ ਦੀ ਬਜਾਇ ਉਸ ਤੋਂ ਪੁੱਛ ਰਿਹਾ ਹੈ ਕਿ ਜਦੋਂ ਉਹ ਟੋਏ ’ਚ ਡਿੱਗਣ ਲੱਗਾ ਤਾਂ ਉਸ ਨੇ ਕੀ ਮਹਿਸੂਸ ਕੀਤਾ ਸੀ। ਬਿਲਕੁਲ ਇਸੇ ਤਰ੍ਹਾਂ ਪਿੱਛੇ ਜਿਹੇ ਆਏ ਸੁਨਾਮੀ ਤੂਫ਼ਾਨ ਵੇਲੇ ਕਾਰ-ਨਿਕੋਬਾਰ ’ਚ ਇਕ ਛੋਟੀ ਜਿਹੀ ਬੱਚੀ ਮੇਘਨਾ ਸਮੁੰਦਰੀ ਲਹਿਰਾਂ ਨਾਲ ਜੂਝਣ ਤੋਂ ਬਾਅਦ ਬਚ ਨਿਕਲਦੀ ਹੈ। ਰਾਹਤ ਕੈਂਪ ’ਚ ਆਪਣੇ ਪਰਿਵਾਰ ਦੀ ਮੌਤ ਦੇ ਗ਼ਮ ’ਚ ਡੁੱਬੀ ਇਸ ਬੱਚੀ ਦੀ ਖ਼ਬਰ ਨੂੰ ਸਨਸਨੀਖੇਜ਼ ਤੇ ਮਸਾਲਾ ਲਾ-ਲਾ ਕੇ ਪੇਸ਼ ਕਰਨ ’ਚ ਹਰ ਟੀ.ਵੀ. ਚੈਨਲ ’ਚ ਹੋੜ ਲੱਗੀ ਹੋਈ ਸੀ। ਉਸ ਵਕਤ ਇੱਕ ਪੱਤਰਕਾਰ ਬਹੁਤ ਹੀ ਫੁਹੜ ਕਿਸਮ ਦੇ ਸਵਾਲ ਕਰਦਾ ਹੈ, ‘ਮੇਘਨਾ, ਆਪਣੇ ਪਰਿਵਾਰ ਨੂੰ ਖੋ ਲੈਣ ਤੋਂ ਬਾਅਦ ਹੁਣ ਤੂੰ ਕੀ ਕਰੇਂਗੀ?’ ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਮੇਘਨਾ ਹਟਕੋਰੇ ਲੈ ਕੇ ਰੋਣ ਲੱਗ ਪੈਂਦੀ ਹੈ। ਉਦੋਂ ਤਾਂ ਹੱਦ ਹੀ ਹੋ ਜਾਂਦੀ ਹੈ ਜਦੋਂ ਇਹ ਪੱਤਰਕਾਰ ਦੱਸਦਾ ਹੈ ਕਿ , ਮੇਘਨਾ, ਤੇਰਾ ਸਕੂਲ ਦਾ ਇਕ ਹੋਰ ਸਹਿਪਾਠੀ ਰਾਜੂ ਬਚ ਗਿਆ ਹੈ, ਤੂੰ ਰਾਜੂ ਨਾਲ ਬਿਤਾਏ ਪਲ ..... ਕੋਈ ਘਟਨਾ ਸਾਨੂੰ ਦੱਸਣਾ ਚਾਹੋਂਗੀ।’

ਇਲੈਕਟ੍ਰਾਨਿਕ ਮੀਡੀਆ ਦੁਆਰਾ ਪੱਤਰਕਾਰੀ ਦੇ ਖੇਤਰ ’ਚ ਪਾਏ ਯੋਗਦਾਨ ਤੋਂ ਕਦੇ ਵ

ਬੋਲਟ ਬਣਿਆ ਬੁਲੇਟ

ਲੰਡਨ: ਜਮੈਕਾ ਦੇ ਸਟਾਰ ਦੌੜਾਕ ਓਸੈਨ ਬੋਲਟ ਨੇ ਲੰਡਨ ਓਲੰਪਿਕ ਵਿਚ ਆਪਣਾ ਦਬਦਬਾ ਕਾਇਮ ਰੱਖਦਿਆਂ ਪੁਰਸ਼ਾਂ ਦੀ 100 ਮੀਟਰ ਦੌੜ ਵਿਚ ਰਿਕਾਰਡ ਟਾਈਮਿੰਗ ਨਾਲ ਖ਼ਿਤਾਬ ਬਰਕਰਾਰ ਰੱਖਿਆ ਬੋਲਟ ਨੇ ਬੀਤੀ ਰਾਤ ਹੋਏ ਇਸ ਮੁਕਾਬਲੇ ਵਿਚ 9.63 ਸੈਕਿੰਡ ਦਾ ਓਲੰਪਿਕ ਰਿਕਾਰਡ ਸਮਾਂ ਕੱਢਿਆ, ਜੋ ਇਤਿਹਾਸ ਵਿਚ ਦੂਜਾ ਸਭ ਤੋਂ ਤੇਜ਼ ਸਮਾਂ ਹੈ ਹੁਣ ਬੋਲਟ ਦੀ ਨਜ਼ਰਾਂ ਮੰਗਲਵਾਰ ਨੂੰ ਹੋਣ ਵਾਲੀ ਦੋ ਸੌ ਮੀਟਰ ਦੌੜ 'ਤੇ ਹੋਵੇਗੀ, ਜਿਸ ਵਿਚ ਉਹ ਜਿੱਤ ਦੇ ਮਜ਼ਬੂਤ ਦਾਅਵੇਦਾਰ ਹਨ। ਦੁਨੀਆ 'ਚ ਸਭ ਤੋਂ ਤੇਜ਼ ਦੌੜਨ ਵਾਲੇ ਬੋਲਟ ਦੇ ਉਤਰਾਧਿਕਾਰੀ ਮੰਨੇ ਜਾਣ ਵਾਲੇ ਉਨ੍ਹਾਂ ਦੇ ਦੀ ਦੇਸ਼ ਦੇ ਯੋਹਾਨ ਬਲੈਕ ਨੇ 9.75 ਸੈਕਿੰਡ ਨਾਲ ਚਾਂਦੀ ਤਮਗੇ 'ਤੇ ਕਬਜਾ ਕੀਤਾ ਬਲੈਕ ਨੇ ਇਹ ਸਮਾਂ ਕੱਢ ਕੇ ਵਿਅਕਤੀਗਤ ਸਰਵੋਤਮ ਪ੍ਰਦਰਸ਼ਨ ਦੀ ਬਰਾਬਰੀ ਕੀਤੀ ਬਲੈਕ ਨੇ ਇਕ ਮਹੀਨੇ ਪਹਿਲਾਂ ਜਮੈਕਾਈ ਟ੍ਰਾਇਲ ਦੌਰਾਨ ਬੋਲਟ ਨੂੰ ਹਰਾਇਆ ਸੀ, ਪਰ ਇਥੇ ਬੋਲਟ ਨੇ ਉਨ੍ਹਾਂ ਨੂੰ ਕੋਈ ਮੌਕਾ ਨਹੀਂ ਦਿੱਤਾ।

ਲੜਦੇ ਰਹਿ ਗਏ ਟੈਨਿਸ ਖਿਡਾਰੀ

ਟੈਨਿਸ ਵਿਚ ਭਾਰਤੀ ਖਿਡਾਰੀਆਂ ਦੀ ਆਪਸੀ ਲੜਾਈ ਦਾ ਨਤੀਜਾ ਕੀ ਹੁੰਦਾ ਹੈ, ਇਹ ਸਾਫ਼ ਦਿਖਿਆ ਹੈ। ਮਹੇਸ਼ ਭੂਪਤੀ ਆਪਣੇ ਮਨਪਸੰਦ ਪਾਟਨਰ ਰੋਹਨ ਬੋਪੰਨਾ ਨਾਲ ਕਿਸੇ ਤਰ੍ਹਾਂ ਇਕ ਰਾਊਂਡ ਦਾ ਮੈਚ ਜਿੱਤਣ ਵਿਚ ਸਫ਼ਲ ਰਹੇ, ਪਰ ਦੂਸਰੇ ਰਾਊਂਡ ਵਿਚ ਬੁਰੀ ਤਰ੍ਹਾਂ ਹਾਰੇ। ਦੂਸਰੇ ਪਾਸੇ ਵਿਸ਼ਣੂ ਵਰਧਨ ਨਾਲ ਲਿਅੰਡਰ ਪੇਸ ਨੇ ਚੰਗਾ ਪ੍ਰਦਰਸ਼ਨ ਕੀਤਾ। ਉਹ ਵੀ ਦੂਸਰੇ ਰਾਊਂਡ ਵਿਚ ਹਾਰੇ, ਪਰ ਚੰਗੇ ਪ੍ਰਦਰਸ਼ਨ ਨਾਲ। ਮਿਕਸਡ ਡਬਲਜ਼ ਵਿਚ ਲਿਅੰਡਰ ਪੇਸ ਅਤੇ ਸਾਨੀਆ ਮਿਰਜ਼ਾ ਦੀ ਜੋੜੀ ਬਣਾਈ ਗਈ ਸੀ, ਪਰ ਉਹ ਵੀ ਇਕ ਹੀ ਮੈਚ ਜਿੱਤ ਸਕੇ। ਕਿਹਾ ਤਾਂ ਇਹ ਜਾ ਰਿਹਾ ਸੀ ਕਿ ਮਿਕਸਡ ਡਬਲਜ਼ ਵਿਚ ਭਾਰਤ ਦੇ ਤਮਗੇ ਜਿੱਤਣ ਦੀ ਉਮੀਦ ਹੈ। ਸਿੰਗਲਜ਼ ਵਿਚ ਸੋਮਦੇਵ ਇਕ ਰਾਊਂਡ ਵਿਚ ਵੀ ਮੈਚ ਨਹੀਂ ਜਿੱਤ ਸਕੇ, ਇਹੀ ਹਾਲ ਵਿਸ਼ਣੂ ਵਰਧਨ ਦਾ ਰਿਹਾ।

ਲੰਦਨ ਓਲੰਪਿਕ 'ਚ ਖੁਲ੍ਹੀ ਭਾਰਤ ਦੇ ਦਾਅਵਿਆਂ ਦੀ ਪੋਲ, ਹਾਕੀ ਮੁੱਧੇ ਮੂੰਹ

ਲੰਦਨ ਓਲੰਪਿਕ ਆਪਣੇ ਆਖਰੀ ਪੜਾਅ ਵਿਚ ਪ੍ਰਵੇਸ਼ ਕਰ ਗਿਆ ਹੈ ਅਤੇ ਹੁਣ ਟ੍ਰੈਕ ਐਂਡ ਫੀਲਡ ਮੁਕਾਬਲੇ ਸ਼ੁਰੂ ਹੋ ਗਏ ਹਨ। ਹਾਲੇ ਤੱਕ ਭਾਰਤੀ ਪ੍ਰਦਰਸ਼ਨ 'ਤੇ ਨਜ਼ਰ ਮਾਰੀਏ ਤਾਂ ਪਤਾ ਚੱਲੇਗਾ ਕਿ ਖੇਡ ਸੰਘਾਂ ਅਤੇ ਅਧਿਕਾਰੀਆਂ ਦੇ ਜ਼ਿਆਦਾ ਤੋਂ ਜ਼ਿਆਦਾ ਮੈਡਲ ਜਿੱਤਣ ਦੇ ਦਾਅਵਿਆਂ ਨੂੰ ਤਕੜਾ ਝਟਕਾ ਲੱਗਿਆ ਹੈ। ਰਾਸ਼ਟਰ ਮੰਡਲ ਅਤੇ ਏਸ਼ੀਆਈ ਖੇਡਾਂ ਵਿਚ ਆਪਣੇ ਪ੍ਰਦਰਸ਼ਨ ਦਾ ਦਮ ਦਿਖਾਉਣ ਵਾਲੇ ਭਾਰਤੀ ਐਥਲੀਟ ਓਲੰਪਿਕ ਵਰਗੇ ਮੁਕਾਬਲਿਆਂ ਵਿਚ ਆ ਕੇ ਫਾਡੀ ਸਾਬਤ ਹੋ ਜਾਂਦੇ ਹਨ। ਓਲੰਪਿਕ ਸ਼ੁਰੂ ਹੋਣ ਤੋਂ ਪਹਿਲਾਂ ਭਾਰਤ ਨੇ ਕਈ ਦਾਅਵੇ ਕੀਤੇ ਸਨ। ਤੀਰਅੰਦਾਜ਼ੀ ਤੋਂ ਲੈ ਕੇ ਟੈਨਿਸ ਤੱਕ ਤਮਗੇ ਜਿੱਤਣ ਦੇ ਦਾਅਵੇ ਕੀਤੇ ਗਏ ਸਨ, ਪਰ ਸੱਚਾਈ ਇਹ ਹੈ ਕਿ ਭਾਰਤ ਨੂੰ ਜਿਹੜੇ ਤਿੰਨ ਤਮਗੇ ਹਾਸਲ ਹੋਏ ਹਨ, ਇਹ ਨਿਸ਼ਾਨੇਬਾਜ਼ੀ ਅਤੇ ਬੈਡਮਿੰਟਨ ਵਿਚ ਹਨ।

ਖੇਡ ਸੰਘਾਂ ਅਤੇ ਭਾਰਤੀ ਅਧਿਕਾਰੀਆਂ ਦੇ ਵੱਡੇ ਬੋਲ ਖੋਖਲੇ ਸਾਬਤ ਹੋਏ ਹਨ ਅਤੇ ਇਕ ਵਾਰ ਫਿਰ ਸਵਾਲ ਉਠਣ ਲੱਗੇ ਹਨ ਕਿ ਭਾਰਤ ਦੀ ਖੇਡ ਨੀਤੀ ਕਿਸ ਦਿਸ਼ਾ ਵਿਚ ਜਾ ਰਹੀ ਹੈ। ਕੀ ਇਕ-ਦੋ ਖਿਡਾਰੀਆਂ ਦੇ ਵਿਅਕਤੀਗਤ ਪ੍ਰਦਰਸ਼ਨ ਨੂੰ ਖੇਡ ਨੀਤੀ ਦੀ ਸਫ਼ਲਤਾ ਮੰਨੀ ਜਾਵੇਗੀ, ਸ਼ਾਇਦ ਨਹੀਂ।

ਗਾਇਬ ਹੋਈ ਹਾਕੀ ਟੀਮ

ਖੇਡ ਮੰਤਰਾਲੇ ਵੱਲੋਂ ਕਰੋੜਾਂ ਰੁਪਏ ਖਰਚ ਕੇ ਵੀ ਹਾਕੀ ਟੀਮ ਦਾ ਪ੍ਰਦਰਸ਼ਨ ਬੇਹੱਦ ਨਿਰਾਸ਼ਾਜਨਕ ਰਿਹਾ। ਕੁਝ ਕੁ ਖਿਡਾਰੀਆਂ ਨੂੰ ਛੱਡ ਕੇ ਬਾਕੀ ਖਿਡਾਰੀਆਂ ਦਾ ਪ੍ਰਦਰਸ਼ਨ ਖਰਾਬ ਰਿਹਾ। ਚਾਰ ਵਿਚੋਂ ਚਾਰ ਮੈਚਾਂ ਵਿਚ ਮਿਲੀ ਹਾਰ ਭਾਰਤੀ ਹਾਕੀ ਦੇ ਭਵਿੱਖ 'ਤੇ ਕਈ ਸਵਾਲ ਖੜ੍ਹੇ ਹੋ ਗਏ ਹਨ।

ਬੈਡਮਿੰਟਨ ਖਿਡਾਰੀਆਂ ਨੇ ਦਿਲ ਜਿੱਤਿਆ

ਬੈਡਮਿੰਟਨ ਵਿਚ ਭਾਰਤੀ ਖਿਡਾਰੀਆਂ ਨੇ ਦਿਖਾਇਆ ਕਿ ਉਸ ਵਿਚ ਦਮ ਹੈ। ਜ਼ਰੂਰਤ ਸਿਰਫ਼ ਸਹੀ ਟ੍ਰੇਨਿੰਗ ਅਤੇ ਵੱਧ ਤੋਂ ਵੱਧ ਕੌਮਾਂਤਰੀ ਮੈਚ ਖੇਡਣ ਦੀ ਹੈ।

ਸਾਇਨਾ ਨੇਹਵਾਲ ਨੇ ਦਿਖਾਇਆ ਕਿ ਉਨ੍ਹਾਂ ਨੂੰ ਉਂਝ ਹੀ ਭਾਰਤ ਦੀ ਸਟਾਰ ਖਿਡਾਰੀ ਨਹੀਂ ਮੰਨਿਆ ਜਾਂਦਾ। ਹਾਲਾਂਕਿ ਉਹ ਤਮਗਾ ਜਿੱਤਣ ਵਿਚ ਖੁਸ਼ਕਿਸਮਤ ਰਹੀ ਕਿਉਂਕਿ ਚੀਨ ਦੀ ਖਿਡਾਰੀ ਸ਼ਿਨ ਵਾਂਗ ਉਨ੍ਹਾਂ ਤੋਂ ਇਕ ਗੇਮ ਜਿੱਤ ਚੁੱਕੀ ਸੀ, ਪਰ ਜ਼ਖ਼ਮੀ ਹੋਣ ਦੇ ਕਾਰਨ ਉਹ ਮੈਚ ਤੋਂ ਹਟ ਗਈ ਅਤੇ ਸਾਇਨਾ ਨੂੰ ਕਾਂਸੇ ਦਾ ਤਮਗਾ ਮਿਲ ਗਿਆ। ਉਂਝ ਸਾਇਨਾ ਨੇ ਓਲੰਪਿਕ ਸੈਮੀਫਾਈਨਲ ਵਿਚ ਪਹੁੰਚ ਕੇ ਭਾਰਤ ਲਈ ਇਤਿਹਾਸ ਰਚ ਦਿੱਤਾ।

ਪੁਰਸ਼ ਬੈਡਮਿੰਟਨ ਵਿਚ ਭਾਰਤ ਲਈ ਸਟਾਰ ਬਣ ਕੇ ਉਭਰੇ ਹਨ ਪੀ. ਕਸ਼ੱਯਪ। ਉਨ੍ਹਾਂ ਤੋਂ ਕਿਸੇ ਨੇ ਵੀ ਕੋਈ ਖਾਸ ਉਮੀਦ ਨਹੀਂ ਕੀਤੀ ਸੀ। ਪਰ ਉਨ੍ਹਾਂ ਨੇ ਕੁਆਟਰ ਫਾਈਨਲ ਤੱਕ ਜਗ੍ਹਾ ਬਣਾਈ। ਸੈਮੀਫਾਈਨਲ ਵਿਚ ਉਹ ਨਹੀਂ ਪਹੁੰਚ ਸਕੇ, ਪਰ ਦੁਨੀਆ ਦੇ ਨੰਬਰ ਇਕ ਖਿਡਾਰੀ ਨੂੰ ਉਨ੍ਹਾਂ ਨੇ ਚੰਗੀ ਚੁਣੌਤੀ ਦਿੱਤੀ।

ਮਿਕਸਡ ਡਬਲਜ਼ ਵਿਚ ਜਵਾਲਾ ਗੁੱਟਾ ਅਤੇ ਵੀ. ਦੀਜੂ ਦੀ ਜੋੜੀ ਇਕਦਮ ਫਲਾਪ ਰਹੀ, ਹਾਲਾਂਕਿ ਮਹਿਲਾਵਾਂ ਦੇ ਡਬਲਜ਼ ਵਿਚ ਜਵਾਲਾ ਗੁੱਟਾ ਅਤੇ ਅਸ਼ਵਿਨੀ ਪੋਨੱਪਾ ਦੀ ਜੋੜੀ ਬਦਕਿਸਮਤ ਰਹੀ ਅਤੇ ਅੰਕੜਿਆਂ ਵਿਚ ਉਲਝ ਕੇ ਕੁਆਟਰ ਫਾਈਨਲ ਵਿਚ ਨਹੀਂ ਪਹੁੰਚ ਸਕੀ।

ਮੁੱਕੇਬਾਜ਼ਾਂ ਦਾ ਮਿਲਿਆ-ਜੁਲਿਆ ਪ੍ਰਦਰਸ਼ਨ

ਮੁੱਕੇਬਾਜ਼ੀ ਵਿਚ ਭਾਰਤ ਦੇ ਸੱਤ ਪੁਰਸ਼ ਮੁੱਕੇਬਾਜ਼ਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚੋਂ ਚਾਰ ਬਾਹਰ ਹੋ ਚੁੱਕੇ ਹਨ। ਇਸ ਵਾਰ ਭਾਰਤ ਨੂੰ ਮੁੱਕੇਬਾਜ਼ ਵਿਜੇਂਦਰ ਤੋਂ ਕਾਫੀ ਉਮੀਦਾਂ ਸਨ, ਪਰ ਉਹ ਹਾਰ ਨਾਲ ਬਾਹਰ ਹੋ ਗਿਆ। ਇਸ ਤੋਂ ਇਲਾਵਾ ਭਾਰਤੀ ਮਹਿਲਾ ਮੁੱਕੇਬਾਜ਼ ਐਮ.ਸੀ ਮੈਰੀਕਾਮ 51 ਕਿਲੋਗ੍ਰਾਮ ਮੁਕਾਬਲੇ ਦੇ ਸੈਮੀਫਾਈਨਲ ਵਿਚ ਪਹੁੰਚ ਗਈ ਹੈ। ਉਸ ਦੀ ਇਸ ਜਿੱਤ ਨਾਲ ਭਾਰਤ ਦਾ ਇਕ ਹੋਰ ਤਮਗਾ ਪੱਕਾ ਹੋ ਗਿਆ ਹੈ।

ਜੁਡੋ ਵਿਚ ਗਰਿਮਾ ਚੌਧਰੀ ਪਹਿਲੇ ਹੀ ਦੌਰ ਵਿਚ ਬੁਰੀ ਤਰ੍ਹਾਂ ਹਾਰੇ। ਰੋਵਿੰਗ ਵਿਚ ਸਵਰਨ ਸਿੰਘ ਸਿੰਗਲ ਸਕਲ ਅਤੇ ਸੰਦੀਪ ਕੁਮਾਰ, ਮਨਜੀਤ ਸਿੰਘ ਲਾਈਟਵੇਟ ਡਬਲ ਸਕਲ ਦੇ ਫਾਈਨਲ ਤੱਕ ਗਏ, ਪਰ ਉਥੇ ਹਾਰ ਗਏ।

ਨਿਸ਼ਾਨੇਬਾਜ਼ਾਂ ਨੇ ਲਗਾਇਆ ਸਹੀ ਨਿਸ਼ਾਨਾ

ਨਿਸ਼ਾਨੇਬਾਜ਼ੀ ਵਿਚ ਪਹਿਲਾਂ ਗੱਲ ਮਹਿਲਾ ਨਿਸ਼ਾਨੇਬਾਜ਼ਾਂ ਦੀ, ਜਿਸ ਵਿਚੋਂ ਕਿਸੇ ਨੇ ਵੀ ਕਿਸੇ ਵੀ ਮੁਕਾਬਲੇ ਦੇ ਫਾਈਨਲ ਵਿਚ ਜਗ੍ਹਾ ਨਹੀਂ ਬਣਾਈ ਅਤੇ ਕੁਆਲੀਫਾਈਂਗ ਰਾਊਂਡ ਵਿਚ ਹੀ ਬਾਹਰ ਹੋ ਗਈ। ਸ਼ਗੁਨ ਚੌਧਰੀ, ਰਾਹੀ ਸਰਨੋਬਤ, ਅਨੁਰਾਜ ਸਿੰਘ ਅਤੇ ਹਿਨਾ ਸਿੱਧੂ ਵਿਚੋਂ ਕਿਸੇ ਨੇ ਵੀ ਪ੍ਰਭਾਵਿਤ ਨਹੀਂ ਕੀਤਾ। ਪੁਰਸ਼ ਨਿਸ਼ਾਨੇਬਾਜ਼ਾਂ ਨੇ ਜ਼ਰੂਰ ਪ੍ਰਭਾਵਿਤ ਕੀਤਾ ਅਤੇ ਭਾਰਤ ਨੂੰ ਤਿੰਨ ਵਿਚੋਂ ਦੋ ਤਮਗੇ ਪੁਰਸ਼ ਨਿਸ਼ਾਨੇਬਾਜ਼ਾਂ ਨੇ ਹੀ ਦਿਵਾਏ। ਗਗਨ ਨਾਰੰਗ ਅਤੇ ਵਿਜੇ ਕੁਮਾਰ ਨੇ ਭਾਰਤ ਦੀ ਲਾਜ ਰੱਖੀ ਹੈ। ਨਾਰੰਗ ਨੇ 10 ਮੀਟਰ ਏਅਰ ਰਾਈਫਲ ਵਿਚ ਕਾਂਸੇ ਦਾ ਤਮਗਾ ਜਿੱਤਿਆ ਤਾਂ ਵਿਜੇ ਕੁਮਾਰ ਨੇ 25 ਮੀਟਰ ਰੈਪਿਡ ਫਾਈਅਰ ਪਿਸਟਲ ਵਿਚ ਚਾਂਦੀ ਦਾ ਤਮਗਾ। ਅਭਿਨਵ ਬਿੰਦਰਾ ਨਹੀਂ ਚੱਲੇ, ਤਾਂ ਰੰਜਨ ਸਿੰਘ ਸੋਢੀ ਵੀ ਹਾਰ ਗਏ। ਜੈਦੀਪ ਕਰਮਾਕਰ ਵੀ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ। ਟੇਬਲ ਟੈਨਿਸ ਵਿਚ ਸੌਮਯਾਜੀਤ ਘੋਸ਼ ਦੂਸਰੇ ਰਾਊਂਡ ਤੱਕ ਗਏ, ਪਰ ਅੰਕਿਤਾ ਦਾਸ ਪਹਿਲੇ ਰਾਊਂਡ ਵਿਚ ਹੀ ਹਾਰ ਕੇ ਬਾਹਰ ਹੋ ਗਏ।

ਸਫ਼ਾ ਇਕ ਦੀ ਬਾਕੀ

ਟਰੈਮਪੋਲੀਨ 'ਚ ਕਨੇਡਾ ਨੂੰ ਸੋਨ ਤਮਗਾ

ਹਾਸਲ ਕਰਨ ਸਮੇਂ ਦਰਸ਼ਕਾਂ ਵੱਲ ਹੱਥ ਹਿਲਾ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ "ਓ ਕੈਨੇਡਾ" ਦੀ ਧੁਨ ਵੀ ਵਜਾਈ ਗਈ। ਟਰੈਕ ਸਾਈਕਲਿੰਗ ਵਿੱਚ ਔਰਤਾਂ ਦੇ ਮੁਕਾਬਲੇ ਵਿੱਚ ਆਸਟਰੇਲੀਆ ਦੀ ਖਿਡਾਰਨ ਨੇ ਪਹਿਲੇ ਸਥਾਨ ਉੱਤੇ ਆਉਣ ਲਈ ਕਾਫੀ ਸੰਘਰਸ਼ ਕੀਤਾ, ਪਿਛਲੀ ਵਾਰੀ ਬੀਜਿੰਗ ਓਲੰਪਿਕਸ ਵਿੱਚ ਉਸ ਨੂੰ ਸੱਤਵਾਂ ਸਥਾਨ ਹਾਸਲ ਹੋਇਆ ਸੀ। ਸ਼ਾਨਸਾਨ ਹੁਆਂਗ ਨੇ ਇਸ ਖੇਡ ਵਿੱਚ 56.730 ਅੰਕ ਹਾਸਲ ਕਰਕੇ ਚਾਂਦੀ ਦਾ ਤਮਗਾ ਜਿੱਤਿਆ ਤੇ ਚੀਨ ਦੀ ਵੈਨਾ ਹੀ ਨੇ 55.950 ਅੰਕਾਂ ਨਾਲ ਤੀਜੇ ਸਥਾਨ ਉੱਤੇ ਰਹੀ। ਹੁਆਂਗ ਵੱਲੋਂ ਆਖਰੀ ਪਲਾਂ ਵਿੱਚ ਦਿੱਤੀ ਗਈ ਟੱਕਰ ਕਾਰਨ ਕੇਰਨ ਕੌਕਬਰਨ ਕੋਈ ਸਥਾਨ ਹਾਸਲ ਨਹੀਂ ਕਰ ਸਕੀ। ਪਿਛਲੀਆਂ ਤਿੰਨ ਓਲੰਪਿਕ ਖੇਡਾਂ ਵਿੱਚ ਤਮਗੇ ਜਿੱਤਣ ਵਾਲੀ ਸਟੱਫਵਿੱਲੇ, ਓਨਟਾਰੀਓ ਦੀ ਕੌਕਬਰਨ 55.860 ਅੰਕਾਂ ਨਾਲ ਚੌਥੇ ਸਥਾਨ ਉੱਤੇ ਰਹੀ।

ਕਾਂਸੀ ਨਾਲ ਸੋਨੇ ਵਰਗੀ ਖੁਸ਼ੀ

ਕਨੇਡੀਅਨ ਤੈਰਾਕ ਐਮਿਲੀ ਹੇਮਨਜ਼ ਨੇ ਆਪਣੀ ਭਾਈਵਾਲ ਜੈਨੀਫਰ ਏਬਲ ਨਾਲ ਰਲ ਕੇ ਇੱਕ ਵਾਰੀ ਮੁੜ ਇਤਿਹਾਸ ਦੁਹਰਾਉਂਦਿਆਂ 'ਤੈਰਾਕੀ' 'ਚ ਚੌਥੇ ਓਲੰਪਿਕ ਤਮਗੇ ਉਤੇ ਕਬਜ਼ਾ ਜਮਾਇਆ। ਸੇਂਟ ਲੈਂਬਰਟ, ਕਿਊਬਿਕ ਦੀ ਹੇਮਨਜ਼ ਤੇ ਲਵਲ, ਕਿਊਬਿਕ ਦੀ ਏਬਲ ਨੇ ਮਹਿਲਾਵਾਂ ਦੇ ਸਿੰਕ੍ਰੋਨਾਈਜ਼ਡ ਤਿੰਨ ਮੀਟਰ ਸਪਰਿੰਗਬੋਰਡ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਲੰਡਨ 2012 ਖੇਡਾਂ ਵਿੱਚ ਕਨੇਡਾ ਦਾ ਇਹ ਪਹਿਲਾ ਮੈਡਲ ਹੈ। ਆਪਣੀ ਬਿਹਤਰੀਨ ਕਾਰਗੁਜ਼ਾਰੀ ਸਦਕਾ ਹੇਮਨਜ਼ ਪਹਿਲੀ ਕਨੇਡਾ ਦੀ ਅਜਿਹੀ ਖਿਡਾਰੀ ਬਣ ਗਈ ਹੈ ਜਿਸਨੇ ਲਗਾਤਾਰ ਚਾਰ ਓਲੰਪਿਕ ਖੇਡਾਂ ਵਿੱਚ ਤਮਗੇ ਜਿੱਤੇ ਹਨ। ਹੇਮਨਜ਼ ਨੇ ਦੱਸਿਆ ਕਿ ਇਸ ਮੁਕਾਬਲੇ ਲਈ ਉਨ੍ਹਾਂ ਬਹੁਤ ਸਖਤ ਮਿਹਨਤ ਤੇ ਜ਼ਬਰਦਸਤ ਤਿਆਰੀ ਕੀਤੀ ਸੀ। ਉਸ ਨੇ ਆਖਿਆ ਕਿ ਉਹ ਤੇ ਉਸ ਦੀ ਭਾਈਵਾਲ ਬਹੁਤ ਖੁਸ਼ ਹਨ ਕਿ ਸੱਭ ਕੁੱਝ ਵਧੀਆ ਰਿਹਾ। ਹੇਮਨਜ਼ ਨੇ ਪਹਿਲੀ ਵਾਰੀ ਸਿਡਨੀ ਓਲੰਪਿਕ ਵਿੱਚ ਸੰਨ 2000 ਵਿੱਚ ਓਲੰਪਿਕ ਤਮਗਾ ਜਿੱਤਿਆ ਸੀ। ਉਸ ਸਮੇਂ ਉਸ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ ਸੀ। 2004 ਵਿੱਚ ਉਸ ਨੇ ਬਲਿੱਥ ਹਾਰਟਲੇ ਨਾਲ ਭਾਈਵਾਲੀ ਕਰਕੇ ਕਾਂਸੀ ਦਾ ਤਮਗਾ ਹਾਸਲ ਕੀਤਾ ਸੀ। ਬੀਜਿੰਗ ਵਿੱਚ 2008 ਵਿੱਚ ਹੋਈਆਂ ਓਲੰਪਿਕ ਖੇਡਾਂ ਵਿੱਚ ਹੇਮਨਜ਼ ਨੇ ਆਪਣਾ ਪਹਿਲਾ ਵਿਅਕਤੀਗਤ ਚਾਂਦੀ ਦਾ ਤਮਗਾ ਜਿੱਤਿਆ ਸੀ।

ਲੰਦਨ, (ਨਦਬ) : ਓਲੰਪਿਕ ਵਿਚ ਮੈਡਲ ਦਾ ਸੋਕਾ ਚੌਥੇ ਦਿਨ ਖ਼ਮ ਹੋ ਗਿਆ। ਨਿਸ਼ਾਨੇਬਾਜ਼ ਗਗਨ ਨਾਰੰਗ ਨੇ ਦੇਸ਼ ਲਈ ਪਹਿਲਾ ਮੈਡਲ (ਕਾਂਸੀ) ਜਿੱਤ ਲਿਆ। ਰੋਮਾਨੀਆ (702.1) ਨੇ ਗੋਲਡ, ਜਦੋਂ ਕਿ ਇਟਲੀ (701.5) ਨਾਲ ਸਿਲਵਰ ਜਿੱਤਿਆ। ਓਲੰਪਿਕ ਇਤਿਹਾਸ ਵਿਚ ਭਾਰਤ ਦਾ ਇਹ 21ਵਾਂ ਜਦੋਂ ਕਿ ਨਿਸ਼ਾਨੇਬਾਜ਼ੀ ਵਿਚ ਤੀਸਰਾ ਤਮਗਾ ਹੈ। ਪਿਛਲੀਆਂ ਓਲੰਪਿਕ ਖੇਡਾਂ ਵਿਚ ਸੋਨੇ ਦਾ ਤਮਗਾ ਜਿੱਤਣ ਵਾਲੇ ਅਭਿਨਵ ਬਿੰਦਰਾ ਇਸ ਵਾਰ 16ਵੇਂ ਨੰਬਰ 'ਤੇ ਰਹੇ। ਇਸ ਦੇ ਨਾਲ ਹੀ ਉਨ੍ਹਾਂ ਦਾ ਓਲੰਪਿਕ ਸਫ਼ਰ ਖ਼ਤਮ ਹੋ ਗਿਆ।

PHF
PUNJABI HERITAGE FOUNDATION
Presents

ਕੈਨੇਡਾ ਪੰਜਾਬ ਮੇਲਾ 2012

12TH AUG
2:00 PM

Sherwood park,
Festival place
100 festival way.

Dedicated to:
RUSTAM-E-HIND
DARA SINGH

For More info please call
Manjit Singh
Cultural director
780 952 5075

Designed & printed by: DEEP GHRAPHICS & SIGNS 780 935 4797

Creative Doors & Mouldings Ltd.

"Your Complete Finishing Store"

* Interior * Prehung Units
* Locks & Hardware * French Doors
* Bi-Folds * Mouldings * Accessories
* Railing

Phone: 780 438 2224
Fax: 780 438 4422

9838-60 Avenue Edmonton, AB T6E 0C5

All Vehicles Certified & Carproof Verified

MILLWOODS SUZUKI.COM
PRE-OWNED SUPER CENTER

Top $$$ For Your Trade In

SHOP 24/7 @ www.millwoodssuzuki.com
Over 500 vehicles to choose from. Lease Rates As Low As 0.9%*

2008 ACURA MDX
#11796-0; NAV, LOADED WITH BACK UP CAMERA
$33,995

2008 FORD ESCAPE XLT 4X4
#12045-0; LEATHER
~~$17,995~~ $16,995

2008 HONDA FIT SPORT 5 DR H/B
#11T209-2
$13,995

2007 HONDA CIVIC SI
#12004-1; 2 DR COUPE, LOW KMS
~~$17,995~~ $16,995

2011 SUZUKI KIZASHI
#12060-0; WHITE, FWD, 33000 KMS
~~$18,995~~ $17,995

2010 DODGE GRAND CARAVAN SE
#12056-0; STOW/GO, 68000 KMS
~~$15,995~~ $14,995

2010 TOYOTA MATRIX 5DR H/B
#12102-0
~~$15,995~~ $14,995

2010 HYUNDAI GENESIS COUPE
#11C203-1
~~$22,995~~ $21,995

2008 SUZUKI XL7
#12058-0; JLX-L W/ LEATHER, 7 PASS, 4X4
~~$20,995~~ $19,995

2010 NISSAN SENTRA
#12115-0; LOADED
~~$15,995~~ $14,995

2008 LEXUS RX350 AWD
#12110-0; 104,000 KMS
~~$23,995~~ $24,995

2012 FORD ESCAPE
#12089-0
~~$28,995~~ $26,995

2008 MAZDA6 i V6 H/B
#12081-0; LOADED
$13,995

2011 SUZUKI SX4 JA
#11992-0
~~$14,995~~ $13,995

2012 SUZUKI GRAND VITARA JLX
#12T394-0; CLOTH, 4X4, LOADED
$25,995

2010 KIA RIO 5 HATCHBACK
#12073-0; FULLY LOADED
$11,995

2009 CHEVROLET IMPALA LS
#11976-1; LOADED
$12,995

2010 COROLLA LE
#12113-0; LOADED
~~$15,995~~ $14,995

2009 PORSCHE CAYENNE AWD
#12108-0
~~$43,995~~ $42,995

2006 FORD F-350 C/C 4X4 DIESEL XLT
#C301169-1
~~$21,995~~ $18,995

2008 SUZUKI SX4 SPORT
#12092-0; LOADED
~~$10,995~~ $9,995

2007 JEEP COMPASS 4X2
#TJ99853
~~$9,995~~ $8,995

SERVICE DEPARTMENT SPECIAL
10% OFF
ALL FLUID CHANGES WITH THIS COUPON

Apply @ MWSCREDIT.CA Your guaranteed approval!

$500 OFF YOUR VEHICLE PURCHASE WITH THIS AD

LANA JEFFREY
Service Department Manager
NAND BHASIN
Used Vehicle Manager

780-450-4500
34th AVE AUTO ROW | 3403-93 ST. | SPECIAL TOLL FREE 1-866-897-4500
*FOR 24 MONTHS ON SELECT MODELS

BBB ACCREDITED BUSINESS
Alberta Motor Vehicle Industry Council

NEW WAY
Stucco Ltd.
Quality work at reasonable rates.

We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

Moga Painting Company
Serving Since 1985
Experts in Interior & Exterior Paint

Residential & Commercial
> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT
Edmonton (780) 934-3535 Winnipeg (204) 979-7070

Sales Representative
Harinder Hundal
M.Sc. Eco, M.B.A

Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

50 SunnyVale Gate, Unit # 7,
Brampton, ON L6S OC4

ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)

Charanjit Brar
Producer & Host
Ph: 647 300 8436
cbrar@rogers.com

5ਵਾਂ ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ ਸਫ਼ਲਤਾ ਪੂਰਵਕ ਸਮਾਪਤ

ਕੈਲਗਰੀ ਦੀਆਂ ਟੀਮਾਂ ਨੇ ਵੀ ਲਿਆ ਭਾਗ–ਪ੍ਰਬੰਧਕਾਂ ਵੱਲੋਂ ਸਪਾਂਸਰਾਂ ਤੇ ਲੋਕਾਂ ਦਾ ਧੰਨਵਾਦ

ਐਡਮਿੰਟਨ, (ਕਿਰਤਮੀਤ)- ਪ੍ਰੋਗਰੈਸਿਵ ਪੀਪਲਜ਼ ਯੂਨਾਇਟਡ ਸਪੋਟਰਸ ਐਂਡ ਹੈਰੀਟੇਜ਼ ਐਸੋਸ਼ੀਏਸ਼ਨ ਭਗਤ ਸਿੰਘ ਤੇ ਸਾਥੀਆਂ ਸ਼ਹੀਦ ਰਾਜਗੁਰੂ, ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ 7 ਅਤੇ 8 ਗਿਆ। ਐਡਮਿੰਟਨ ਦੇ ਪੋਲਰ ਮੈਡੋਜ਼ ਸਕੂਲ ਦੀਆਂ ਸਾਲ ਉਮਰ ਵਰਗ ਤੋਂ ਲੈ ਕੇ ਓਪਨ ਵਰਗ ਤੱਕ ਦੇ 6 ਸਾਲ ਤੋਂ 16 ਸਾਲ ਦੀ ਉਮਰ ਦੇ ਖਿਡਾਰੀਆਂ/ ਕਰੀਬ 2 ਮਹੀਨੇ ਸਿਖਲਾਈ ਦੇਣ ਉਪਰੰਤ ਉਨ੍ਹਾਂ ’ਚ ਸ਼ਾਮਿਲ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਪ੍ਰਧਾਨ ਦਲਬੀਰ ਸਾਂਗਿਆਂਣ, ਸਕੱਤਰ ਕਿਰਤਮੀਤ ਡਾ. ਪੀ.ਆਰ.ਕਾਲੀਆ, ਸੋਨੀ ਗਿੱਲ, ਗੁਰਬਚਨ ਹਰਜਿੰਦਰ ਬਦੇਸ਼ਾ, ਜਸਵੀਰ ਦਿਉਲ, ਜਸਵੀਰ ਮੋਹਿੰਦਰ ਬੰਗਾ, ਇਕਬਾਲ ਮਾਹਲ, ਕਸ਼ਮੀਰ ਗਿੱਲ, ਕਮਲਜੀਤ ਸਿੱਧੂ,ਰਾਜੂ ਵਿਰਕ ਆਦਿ ਨੇ ਦੱਸਿਆ ਕਿ ਹਰ ਪੱਖੋਂ ਸਫ਼ਲ ਰਹੇ ਇਸ ਟੂਰਨਾਮੈਂਟ ’ਚ ਖਿਡਾਰੀਆਂ ਨੇ ਦਿਲਚਸਪੀ ਤੇ ਉਤਸਾਹ ਨਾਲ ਭਾਗ ਲਿਆ। ਟੂਰਨਾਮੈਂਟ ’ਚ ਕੈਲਗਰੀ ਦੀਆਂ ਟੀਮਾਂ ਨੇ ਉਨ੍ਹਾਂ ਦੇ ਵਿਸ਼ੇਸ ਸੱਦੇ ’ਤੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦੇ ਸਫ਼ਲ ਰਹਿਣ ਦਾ ਕਾਰਨ ਆਪਣੇ ਭਾਈਚਾਰੇ ਦੇ ਲੋਕਾਂ ਦਾ ਸਾਕਰ ਪ੍ਰਤੀ ਉਤਸਾਹ, ਇਥੇ ਦੇ ਜੰਮਪਲ੍ਹ ਬੱਚਿਆਂ ਦਾ ਇਸ ਖੇਡ ਨਾਲ ਜੁੜੇ ਹੋਣਾ , ਮਾਪਿਆਂ ਦਾ ਸਹਿਯੋਗ ਅਤੇ ਸਪਾਂਸਰਾਂ ਵੱਲੋਂ ਮਿਲਿਆ ਵਿਸ਼ੇਸ਼ ਸਹਿਯੋਗ ਹੈ। ਪਹਿਲੇ ਦਿਨ ਐਮ.ਐਲ.ਏ. ਨਰੇਸ਼ ਭਾਰਦਵਾਜ ਨੇ ਨੀ ਸ਼ਮੂਲੀਅਤ ਕੀਤੀ।

ਬੱਚਆਂ ਨੂੰ ਇਨਾਮ ਡਾ. ਰਾਜ ਪੰਨੂ (ਸਾਬਕਾ ਵਿਧਾਇਕ ਐਨ. ਡੀ. ਪੀ.), ਡਾ. ਪੀ. ਆਰ. ਕਾਲੀਆ ਅਤੇ ਸਿਟੀ ਕੌਂਸਲਰ ਅਮਰਜੀਤ ਸੋਹੀ ਵੱਲੋਂ ਤਕਸੀਮ ਕੀਤੇ ਗਏ। ਜਦਕਿ ਇਸ ਟੂਰਨਾਮੈਂਟ ’ਚ ਜੇਤੂ ਰਹਿਣ ਵਾਲੀਆਂ ਲੜਕਿਆਂ ਦੀ ਟੀਮਾਂ ਨੂੰ ਆਲਟਾ ਵਿੰਡੋਜ਼ ਦੇ ਪ੍ਰਰਮਜੀਤ ਉੱਭੀ ਵੱਲੋਂ ਪਹਿਲਾ ਇਨਾਮ, ਅਰਿਸਟੋਕਰੈਟ ਲਿਕਰ ਦੇ ਮਨਜੀਤ ਧਾਲੀਵਾਲ ਵੱਲੋਂ ਦੂਸਰਾ ਇਨਾਮ ਸਪਾਂਸਰ ਕੀਤਾ ਗਿਆ। ਜੇਤੂ ਰਹਿਣ ਵਾਲੀਆਂ ਲੜਕੀਆਂ ਦੀ ਟੀਮਾਂ ਨੂੰ ਯੂਨੀਕ ਸਟੋਨ ਐਂਡ ਟਾਈਲਜ਼ ਦੇ ਪਰਮ ਤੇ ਜੈਸ ਗਿੱਲ ਵੱਲੋਂ ਪਹਿਲਾ ਇਨਾਮ, ਆਲਟਾ ਵਿੰਡੋਜ਼ ਦੇ ਪ੍ਰਰਮਜੀਤ ਉੱਭੀ ਵੱਲੋਂ ਦੂਸਰਾ ਇਨਾਮ ਸਪਾਂਸਰ ਕੀਤਾ ਗਿਆ। ਮਿਲਵੂਡਜ਼ ਸਜ਼ੂਕੀ ਅਤੇ ਰੌਇਲ ਅਗਜੀਕਿਊਟਿਵ ਹੋਮਜ਼ ਨੇ ਇਸ ਟੂਰਨਾਮੈਂਟ ਦੇ ਮੈਗਾ ਸਪਾਂਸਰ ਸਨ। ਪ੍ਰਬੰਧਕਾਂ ਤੇ ਖਿਡਾਰੀਆਂ ਨੇ ਇਨ੍ਹਾਂ ਸਪਾਂਸਰਾਂ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਪਾਈਆਂ ਸਨ। ਪੰਜਾਬੀ ਖਾਣੇ ਦੇ ਨਾਲ-ਨਾਲ ਹਾਟ ਡਾਗ ਦੇ ਲੰਗਰ ਵੀ ਵਰਤਾਏ ਗਏ।

ਫਾਊਡੇਸ਼ਨ ਆਫ਼ ਐਡਮਿੰਟਨ ਅਤੇ ਪੰਜਾਬ ਆਫ਼ ਐਡਮਿੰਟਨ ਵੱਲੋਂ ਸਾਝੇ ਤੌਰ ’ਤੇ ਸ਼ਹੀਦ ਸੁਖਦੇਵ ਨੂੰ ਸਮਰਪਿਤ ਦੋ ਦਿਨਾਂ 5ਵਾਂ ਸ਼ਹੀਦ ਜੁਲਾਈ ਨੂੰ ਸਫ਼ਲਤਾ ਪੂਰਵਕ ਸਮਾਪਤ ਹੋ ਗਰਾਊਂਡਾਂ ’ਚ ਹੋਏ ਇਸ ਟੂਰਨਾਮੈਂਟ ’ਚ 6 800 ਖਿਡਾਰੀਆਂ/ ਖਿਡਾਰਨਾਂ ਨੇ ਭਾਗ ਲਿਆ। ਖਿਡਾਰਨਾਂ ਨੂੰ ਬੇਹਤਰੀਨ ਕੋਚਾਂ/ਪ੍ਰਬੰਧਕਾਂ ਵੱਲੋਂ ਦੀਆਂ 32 ਟੀਮਾਂ ਟੀਮਾਂ ਬਣਾਂ ਕੇ ਟੂਰਨਾਮੈਂਟ ਦਿੰਦੇ ਹੋਏ ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਦੇ ਕੁਹਾੜ, ਖ਼ਜਾਨਚੀ ਨਵਤੇਜ ਬੈਂਸ, ਬ਼ਖਸ਼ ਸੰਘਾ, ਬਰਾੜ, ਜੋਗਿੰਦਰ ਰੰਧਾਵਾ, ਸੁਰਿੰਦਰ ਦਿਉਲ, ਸੰਘਾ,'ਪੰਜਾਬ ਯੂਨਾਇਟਡ ਸਪੋਟਸ' ਦੇ

“Looking Out For Your Best Interest”

CENTUM
CENTUM HOME LOAN INC

Best RATES from major Banks
Ph: 403 473 3493

- First time Buyer / New to Canada
- Re-Finance
- Line of Credit
- Business Buyer
- A Wide variety of Mortgage & Financing Solutions
- Finding the Best Mortgage at the Best Rate
- No down payment Mortgage

Call today for Pre-Approval and hedge against Rate Increase

Avijit Ghatak
Broker/Owner
avijit_ghatak@centum.ca
4805 Westwinds Dr NE Calgary AB T3J 4L4
Ph: 403 473 3493
Fax: 1 877 733 3148

Bliss catering

9332 - 34 Avenue
Edmonton, AB
T6E 5X8
Bus: 780 438-6116
Phone: 780-497-0995

For all your Catering needs.

South Common
Farmers' Market

Now Open Saturday & Sunday from 10-4pm

19th ave & Parsons Rd. , Go to
www.southcommonmarket.ca for more infromation
Bring this ad to the Kettle Corn booth for a dollar off a reg. size bag of great tasting Kettle corn.

DASHMESH TIRE & LUBE

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
Call: Manjit S.Khosa, Garry Dhaliwal
Ph: 780-298-1114, 780-993-4441
6609 34 St, Edmonton, Alberta.

HARRY'S EXCAVATING
Ph 780-918-2252

Specialist in : Digging Basements
& All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

WILDROSE MASONARY & STONE WORKS

Commertial & Residential
Ph: 780 340 1400
Off: 780 450 1413
Fax: 780 490 4888
Dave Johal

Culture Stone | Bricks
Blocks | Glass Blocks

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ

email:wildrosemasonary@live.ca ✦ 1404-69th St. SW Edmonton, AB T6L 1L4

STP ELECTRIC LTD.

stpelectric@hotmail.com

Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

ਮੰਟੋ ਬਨਾਮ ਪੰਜਾਬੀ ਕਹਾਣੀਕਾਰ



1947 ਦੀ ਇਹ ਵੰਡ ਉਸ ਭਾਵੀ ਵਾਂਗ ਵਾਪਰੀ ਸੀ ਜਿਸ ਨੇ ਪੰਜਾਬ ਵਿਚ ਰਚਵੇਂ ਸਭਿਆਚਾਰ ਦੀ ਸੰਭਾਵਨਾ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ। ਪੰਜਾਬ ਦੇ ਇਕੋ-ਇਕ ਕੌਮੀ ਸ਼ਾਇਰ ਸ਼ਾਹ ਮੁਹੰਮਦ ਨੇ 'ਜੰਗਨਾਮਾ ਸਿੰਘਾਂ ਅਤੇ ਫਰੰਗੀਆਂ' ਵਿਚ ਇਸ ਦੀ ਸੰਭਾਵਨਾ ਵੱਲ ਬੜੀ ਰੀਝ ਨਾਲ ਸੰਕੇਤ ਕੀਤਾ ਸੀ। ਰਣਜੀਤ ਸਿੰਘ ਦੇ ਰਾਜ ਢਹਿ ਢੇਰੀ ਹੋ ਜਾਣ, ਪੰਜਾਬ ਵਿਚ ਅੰਗਰੇਜ਼ਾਂ ਦੀ ਬਸਤੀਵਾਦੀ ਹਕੂਮਤ ਦੇ ਆਉਣ ਨਾਲ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਵਿਚਕਾਰ ਉਹ ਪਾੜਾ ਪੈ ਗਿਆ ਜਿਸ ਨੂੰ ਭਰਨ ਲਈ ਕਿਸੇ ਦੀ ਦਿਲਚਸਪੀ ਨਾ ਬਣ ਸਕੀ। ਮੁਸਲਮਾਨਾਂ ਦੇ ਅੰਜੂਮਨ, ਹਿੰਦੂਆਂ ਦੇ ਸਮਾਜ ਅਤੇ ਸਿੱਖਾਂ ਦੀਆਂ ਸਭਾਵਾਂ ਕਿਸੇ ਨੂੰ ਇਹ ਅਹਿਸਾਸ ਵੀ ਨਾ ਹੋ ਸਕਿਆ ਕਿ ਪੰਜਾਬ ਦੇ ਭਵਿੱਖ ਲਈ ਇਸ ਪਾੜੇ ਨੂੰ ਭਰਨਾ ਕਿੰਨਾ ਜ਼ਰੂਰੀ ਸੀ। ਨਤੀਜੇ ਵਜੋਂ 1947 ਵਿਚ ਆਜ਼ਾਦੀ ਦੇ ਆਗਮਨ ਨਾਲ ਪੰਜਾਬ ਦੀ ਵੰਡ ਦਾ ਵਾਪਰਨਾ ਭਾਵੇਂ ਅਟੱਲ ਹੋ ਗਿਆ। ਭਾਵੇਂ ਜੋ ਵਾਪਰਿਆ ਉਸ ਦਾ ਪੂਰਾ ਵੇਰਵਾ ਤਾਂ ਕਿਤੇ ਵੀ ਪ੍ਰਾਪਤ ਨਹੀਂ ਪਰ ਅਨੁਮਾਨ ਮੁਤਾਬਕ ਸੱਠ ਲੱਖ ਲੋਕਾਂ ਨੂੰ ਖੁਆਰ ਹੋ ਕੇ ਬੇਘਰ ਹੋਣਾ ਪਿਆ। ਰਲਾ ਮਿਲਾ ਕੇ ਦੋ ਲੱਖ ਬੰਦੇ ਕਤਲ ਹੋਏ ਅਤੇ ਲਗਭਗ ਪੰਜਾਹ ਹਜ਼ਾਰ ਔਰਤਾਂ ਨੂੰ ਉਧਾਲਿਆ ਗਿਆ। ਜਿਸ ਇੰਤਕਾਮ ਦੀ ਭਾਵਨਾ ਨਾਲ ਉਨ੍ਹਾਂ ਦਾ ਬਲਾਤਕਾਰ ਹੋਇਆ, ਉਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਆਉਂਦੇ ਕੁਝ ਕੁ ਘੱਲੂ-ਘਾਰਿਆਂ ਤੋਂ ਹੀ ਮਿਲਦੀ ਹੈ। ਸਿਤਮ ਵਾਲੀ ਗੱਲ ਇਹ ਹੈ ਕਿ ਇਹ ਸਭ ਕੁਝ ਛੇ ਕੁ ਮਹੀਨਿਆਂ ਵਿਚ ਹੀ ਵਾਪਰ ਗਿਆ। ਇਹ ਅਜਿਹੀ ਇਤਿਹਾਸਕ ਘਟਨਾ ਸੀ ਜੋ ਕਹਿਰ ਦੀ ਕਠੋਰਤਾ ਨਾਲ ਵਾਪਰੀ ਅਤੇ ਦੋਨਾਂ ਪੰਜਾਬਾਂ ਵਿਚ ਸਮਾਜਕ ਵਰਤਾਰੇ ਨੂੰ ਅਤਿ ਦੇ ਦੁੱਖ ਅਤੇ ਸੰਤਾਪ ਦੇ ਹਵਾਲੇ ਕਰ ਗਈ।

ਜਿਸ ਹਿੰਸਾ, ਜਬਰ, ਜਨੂੰਨ, ਭੈਅ ਅਤੇ ਹਲਕ ਦੀਆਂ ਵੰਡ ਦੌਰਾਨ ਵਾਪਰੀਆਂ ਘਟਨਾਵਾਂ ਇਜ਼ਹਾਰ ਕਰਦੀਆਂ ਸਨ, ਉਨ੍ਹਾਂ ਦੀ ਇਕਹਿਰੀ ਜਿਹੀ ਨਿਸ਼ਾਨਦੇਹੀ ਤਾਂ ਸਆਦਤ ਹਸਨ ਮੰਟੋ ਦੀਆਂ 'ਸਿਆਹ ਹਾਸ਼ੀਏ' ਦੀਆਂ ਬੁਝਾਰਤਾ-ਨੁਮਾ ਟਿੱਪਣੀਆਂ ਵਿਚੋਂ ਹੀ ਹੋ ਜਾਂਦੀ ਹੈ। ਇਸ ਪ੍ਰਸੰਗ ਵਿਚ ਦੋ ਉਹਾਹਰਣਾਂ ਲਈਆਂ ਜਾ ਸਕਦੀਆਂ ਹਨ। ਇਕ ਵਿਚ ਇਕ ਮੁਸਲਮਾਨ ਜੋੜਾ ਅਜੋਕੇ ਘਰ ਵਿਚ ਸ਼ਰਨ ਲੈਣ ਲਈ ਮਜਬੂਰ ਹੈ ਜਿਸ ਵਿਚ ਇਕ ਜੈਨ ਟੱਬਰ ਵਸਿਆ ਹੋਇਆ ਹੈ। ਹਰ ਵਕਤ ਇਕੋ ਕਮਰੇ ਵਿਚ ਲੁਕੇ ਰਹਿਣਾ ਖਾਵੰਦ ਅਤੇ ਬੀਵੀ ਨੂੰ ਗਵਾਰਾ ਨਹੀਂ। ਬਹੁਤ ਜ਼ਿਆਦਾ ਉਕਤਾ ਕੇ ਉਹ ਬਾਹਰ ਆ ਜਾਂਦੇ ਹਨ ਅਤੇ ਆਪਣੇ ਆਪ ਨੂੰ ਜੈਨ ਟੱਬਰ ਦੇ ਹਵਾਲੇ ਕਰ ਦਿੰਦੇ ਹਨ। ਉਹ ਬਚੇ ਰਹਿੰਦੇ ਹਨ ਜਾਂ ਕਤਲ ਹੋ ਜਾਂਦੇ ਹਨ, ਇਸ ਦਾ ਹੁਣ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਜੈਨ ਟੱਬਰ ਦੇ ਜੀਆਂ ਦਾ ਆਪਣੇ ਧਰਮ ਵਿਚ ਅਟੁੱਟ ਵਿਸ਼ਵਾਸ ਹੈ, ਜਿਸ ਕਾਰਨ ਉਹ ਉਨ੍ਹਾਂ ਦਾ ਵਾਲ ਵਿੰਗਾ ਕਰਨ ਦਾ ਵੀ ਨਹੀਂ ਸੋਚ ਸਕਦੇ। ਸੋ ਮੁਸਲਮਾਨ ਜੋੜਾ ਇਕ ਹੋਰ ਟੱਬਰ ਦੇ ਹਵਾਲੇ ਹੋ ਜਾਂਦਾ ਹੈ ਜਿਸ ਦੇ ਜੀਆਂ ਦਾ ਅਹਿੰਸਾ ਨਾਲ ਦੂਰ ਦਾ ਵੀ ਵਾਸਤਾ ਨਹੀਂ। ਉਨ੍ਹਾਂ ਲਈ ਮੁਸਲਮਾਨ ਜੋੜੇ ਨੂੰ ਕਤਲ ਕਰਨਾ ਪੁੰਨ ਦਾ ਕੰਮ ਹੈ ਜੋ ਬੜੇ ਫਖ਼ਰ ਨਾਲ ਨੇਪਰੇ ਚਾੜ੍ਹ ਦਿੱਤਾ ਜਾਂਦਾ ਹੈ। ਬੁਝਾਰਤ-ਨੁਮਾ ਇਸ ਘਟਨਾ ਤੋਂ ਪ੍ਰਤੱਖ ਹੋ ਜਾਂਦਾ ਹੋ ਕਿ ਉਨ੍ਹਾਂ ਖੂਨੀ ਦਿਨਾਂ ਵਿਚ ਮਜ਼ਹਬੀ ਰਵਾਦਾਰੀ ਇਕ ਢਕੋਂਸ ਬਣ ਕੇ ਰਹਿ ਗਈ ਸੀ। ਇਸ ਲਈ ਅਜਿਹੀ ਹਿੰਸਾ ਦਾ ਕਾਰਨ ਤਸੱਵਰ ਵਿਚ ਆਉਣਾ ਵੀ ਨਾ-ਮੁਮਕਿਨ ਸੀ।

ਇਸੇ ਤਰ੍ਹਾਂ ਦੀ ਹੈ ਦੂਜੀ ਬੁਝਾਰਤ-ਨੁਮਾ ਘਟਨਾ ਜਿਸ ਵਿਚ ਇਕ ਹਿੰਦੂ ਮਰਦ ਉਸ ਮੁਹੱਲੇ ਵਿਚ ਘਿਰ ਜਾਂਦਾ ਹੈ, ਜਿਸ ਵਿਚ ਬਹੁਤ ਘਰ ਮੁਸਲਮਾਨਾਂ ਦੇ ਹਨ। ਜਾਨ ਬਚਾਉਣ ਦੀ ਖ਼ਾਤਰ ਉਹ ਸੁੰਨਤ ਕਰਵਾ ਲੈਂਦਾ ਹੈ ਤਾਂ ਜੋ ਕਿਸੇ ਨੂੰ ਉਸ ਦੇ ਹਿੰਦੂ ਹੋਣ ਬਾਰੇ ਕੋਈ ਸ਼ੱਕ ਸ਼ੁਬ੍ਹਾ ਨਾ ਹੋਵੇ। ਉਸ ਦੀ ਤਰਕੀਬ ਠੀਕ ਬੈਠਦੀ ਹੈ ਅਤੇ ਉਹ ਉਸ ਮੁਹੱਲੇ ਵਿਚੋਂ ਬਚ ਨਿਕਲਣ ਵਿਚ ਕਾਮਯਾਬ ਹੋ ਜਾਂਦਾ ਹੈ। ਜਿਵੇਂ ਕਹਾਵਤ ਹੈ 'ਮੂਸਾ ਨੱਠਾ ਮੌਤ ਤੋਂ ਅਗੇ ਮੌਤ ਖੜ੍ਹੀ, ਉਸ ਦੀ ਤਕਦੀਰ ਉਸ ਨੂੰ ਅਜਿਹੇ ਮੁਹੱਲੇ ਵਿਚ ਲਿਆ ਵਾੜ੍ਹਦੀ ਹੈ ਜਿਥੇ ਹਿੰਦੂ ਟੱਬਰ ਹੀ ਰਹਿੰਦੇ ਹਨ। ਉਹ ਉਸ ਦਾ ਮੁਆਇਨਾ ਕਰਦੇ ਹਨ ਅਤੇ ਆਪਣੇ ਯਕੀਨ ਲਈ ਉਸ ਨੂੰ ਨੰਗਾ ਕਰਕੇ ਦੇਖਦੇ ਹਨ। ਇਹ ਦੇਖ ਕੇ ਕਿ ਉਸ ਨੇ ਸੁਨੰਤ ਕੀਤੀ ਹੋਈ ਹੈ। ਉਹ ਤੈਸ਼ ਵਿਚ ਆ ਜਾਂਦੇ ਹਨ ਅਤੇ ਉਸ ਦੇ ਲਿੰਗ ਨੂੰ ਸਰੀਰ ਨਾਲੋਂ ਅਲਹਿਦਾ ਕਰ ਦਿੰਦੇ ਹਨ। ਅਜਿਹਾ ਕਰਨ ਵੇਲੇ ਉਨ੍ਹਾਂ ਨੂੰ ਕੋਈ ਗਿਲਾਨੀ ਮਹਿਸੂਸ ਨਹੀਂ ਹੁੰਦੀ। ਪਰਾਈ ਪੀੜਾਂ ਤੋਂ ਆਨੰਦ ਮਾਣਨ ਦਾ ਇਹ ਗ਼ੈਰ-ਕੁਦਰਤੀ ਕਾਰਜ ਉਨ੍ਹਾਂ ਨੂੰ ਜ਼ਰਾ ਵੀ ਮਾੜਾ ਨਹੀਂ ਲਗਦਾ। ਇਸ ਤੋਂ ਵੀ ਉਨ੍ਹਾਂ ਨੂੰ ਪੁੰਨ ਵਾਲਾ ਹੀ ਅਹਿਸਾਸ ਹੁੰਦਾ ਹੈ।

ਉਪਰੋਕਤ ਸੰਗ੍ਰਹਿ ਦੀਆਂ ਇਹ ਸਭ ਤੋਂ ਕਰੂੜ ਕਿਸਮ ਦੀਆਂ ਬੁਝਾਰਤ-ਨੁਮਾ ਟਿੱਪਣੀਆਂ ਹਨ। ਇਨ੍ਹਾਂ ਦੇ ਟਾਕਰੇ ਵਿਚ ਬਾਕੀ ਦੀਆਂ ਤਾਂ ਜ਼ਿਹਨੀ ਕਸਰਤ ਦੀਆਂ ਧਾਰਨੀ ਹੀ ਲਗਦੀਆਂ ਹਨ ਜਿਨ੍ਹਾਂ ਵਿਚ 'ਜੈਲੀ' ਆਦਿ ਨੂੰ ਸਹਿਜੇ ਹੀ ਸੁਮਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਬੁਝਾਰਤ-ਨੁਮਾ ਟਿੱਪਣੀਆਂ ਵਿਚ ਵਰਤਾਰੇ ਦਾ ਅਚੇਤ ਹੀ ਹਿੰਸਾ ਬਣ ਗਏ ਜ਼ਬਰ ਅਤੇ ਜਨੂੰਨ ਨੂੰ ਨੰਗਾ ਕਰਨ ਦਾ ਕੰਮ ਐਨਾ ਪਾਠ ਦੇ ਨਹੀਂ ਜਿੰਨਾ ਉਪ-ਪਾਠ ਦੇ ਹਿੱਸੇ ਆਉਂਦਾ ਹੈ। ਇਹ ਪਾਠਕ 'ਤੇ ਨਿਰਭਰ ਕਰਦਾ ਹੈ ਕਿ ਪਾਠ ਨੂੰ ਚਿਹਨਕ ਵਜੋਂ ਲੈ ਕੇ ਉਹ ਕਿਸ ਕਦਰ ਉਪ-ਪਾਠ ਦੀ ਚਿਹਨਤਾ ਵਿਚ ਉਭਰਦਾ ਹੈ। ਕੋਈ ਅੰਤਰ-ਦ੍ਰਿਸ਼ਟੀ ਗ੍ਰਹਿਣ ਕਰਨ ਜਾਂ ਪ੍ਰਤੀ-ਧੁਨੀ ਬੁਣਨ ਲਈ ਪਾਠਕ ਨੂੰ ਲੇਖਕ ਜਿੰਨਾ ਹੀ ਤਰੱਦਦ ਕਰਨਾ ਪੈਂਦਾ ਹੈ। ਬਹੁਤ ਹਾਲਤਾਂ ਵਿਚ ਇਸ ਦੀ ਮਾਤਰਾ ਜ਼ਿਆਦਾ ਵੀ ਹੋ ਜਾਂਦੀ ਹੈ। ਕਿਉਂਕਿ ਲੇਖਕ ਤਾਂ ਨਸਤਰ ਮੁਹੱਈਆ ਕਰਕੇ ਲਾਂਭੇ ਹੋ ਗਿਆ ਹੈ। ਜਿਸ ਕਾਮੇ ਦੀ ਚੀਰ-ਫਾੜ ਕਰਨੀ ਹੈ, ਉਸ ਨੂੰ ਮੁੱਖ ਭੂਮੀ ਵਿਚ ਲਿਆਉਣ ਦੀ ਜ਼ਿੰਮੇਵਾਰੀ ਤਾਂ ਹੁਣ ਪਾਠਕ ਦੀ ਹੀ ਬਣ ਜਾਂਦੀ ਹੈ।ਮੰਟੋ ਦੀਆਂ ਬੇਹਾਲ ਕਰ ਦੇਣ ਵਾਲੀਆਂ ਪੂਰੀਆਂ ਕਹਾਣੀਆਂ 'ਤੇ ਇਹ ਬੰਦਸ਼ ਲਾਗੂ ਨਹੀਂ ਹੁੰਦੀ। ਇਨ੍ਹਾਂ ਵਿਚੋਂ ਤਿੰਨ ਤਾਂ ਅਜਿਹੀਆਂ ਹਨ, ਜਿਨ੍ਹਾਂ ਨਾਲ ਖੋਝਣ ਤੋਂ ਬਿਨਾਂ ਗੁਜ਼ਾਰਾ ਨਹੀਂ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਵਿਚੋਂ ਇਕ ਭਾਵ 'ਠੰਢਾ ਗੋਸ਼ਤ' ਸਨਸਨੀ ਨੂੰ ਵੇਦਨਾ ਦਾ ਬਦਲ ਹੀ ਸਮਝ ਲੈਂਦੀ ਹੈ। ਕਹਾਣੀ ਵਿਚ ਇਕ ਸਿੱਖ ਧਾੜਵੀ ਪੇਸ਼ ਹੈ ਜੋ ਹਰ ਰੋਜ਼ ਪਾਕਿਸਤਾਨ ਨੂੰ ਹਿਜ਼ਰਤ ਕਰਨ ਵਾਲੇ ਮੁਸਲਮਾਨਾਂ ਦੇ ਘਰਾਂ ਵਿਚੋਂ ਸਾਜ਼ੋ-ਸਾਮਾਨ ਦੀ ਲੁੱਟ-ਖੋਹ ਕਰਦਾ ਹੈ। ਇਕ ਦਿਨ ਈਸ਼ਰ ਸਿੰਘ ਨਾਮ ਦੇ ਇਸ ਧਾੜਵੀ ਦੇ ਹੱਥ ਇਕ ਬਹੁਤ ਹੀ ਖੂਬਸੂਰਤ ਮੁਟਿਆਰ ਲੱਗ ਜਾਂਦੀ ਹੈ ਜੋ ਮੁਸਲਮਾਨ ਪਿਛੋਕੜ ਦੀ ਹੈ ਅਤੇ ਬੇਹਿਸ ਪਈ ਹੈ। ਉਸ ਦੀ ਬੇਹਿਸ ਹਾਲਤ ਵਿਚ ਇਹ ਸਿੱਖ ਧਾੜਵੀ ਉਸ ਦਾ ਬਲਾਤਕਾਰ ਕਰਦਾ ਹੈ। ਇਸ ਦੌਰਾਨ ਵੀ ਉਸ ਦੇ ਜਿਸਮ ਵਿਚ ਕੋਈ ਹਰਕਤ ਨਹੀਂ ਆਉਂਦੀ। ਆਪਣੀ ਹਵਸ ਪੂਰੀ ਕਰਕੇ ਜਦੋਂ ਉਹ ਉਸ ਬੇਹਿਸ ਮੁਟਿਆਰ ਵੱਲ ਗਹੁ ਨਾਲ ਦੇਖਦਾ ਹੈ ਤਾਂ ਉਸ ਨੂੰ ਪਤਾ ਚਲਦਾ ਹੈ ਕਿ ਉਹ ਬਦਕਿਸਮਤ ਤਾਂ ਬੇਜਾਨ ਹੈ। ਪਤਾ ਚਲਣ ਦੀ ਦੇਰ ਹੈ ਕਿ ਉਹ ਬੇਪਨਾਹ ਸਦਮੇ ਨਾਲ ਗ੍ਰਸਿਆ ਜਾਂਦਾ ਹੈ। ਇਸ ਨੂੰ ਅਸਹਿ ਪਾ ਕੇ ਉਹ ਇਕਦਮ ਕਾਮ ਉਤੇਜਨਾ ਤੋਂ ਵਿਹੂਣਾ ਹੋ ਜਾਂਦਾ ਹੈ। ਇਸ ਅਸਹਿ ਹਾਲਤ ਵਿਚ ਜਦੋਂ ਉਹ ਵਾਪਸ ਆਉਂਦਾ ਹੈ ਤਾਂ ਉਸ ਦੀ ਹਮਜੋਲੀ ਕੁਲਵੰਤ ਕੌਰ ਬਥੇਰਾ ਉਸ ਨੂੰ ਕ੍ਰੀਡਾ ਲਈ ਉਕਸਾਉਂਦੀ ਹੈ ਪਰ ਉਸ ਨੂੰ ਇਸ ਦੀ ਰਤਾ ਭਰ ਵੀ ਉਤੇਜਨਾ ਮਹਿਸੂਸ ਨਹੀਂ ਹੁੰਦੀ। ਕ੍ਰੋਧ ਵਿਚ ਆ ਕੇ ਉਹ ਉਸੇ ਦੀ ਤਲਵਾਰ ਨਾਲ ਧੜ ਨਾਲੋਂ ਉਸ ਦਾ ਸਿਰ ਵੱਖ ਕਰ ਦਿੰਦੀ ਹੈ। ਆਖ਼ਰੀ ਘੜੀ ਆਪਣੇ ਜੁਰਮ ਦਾ ਇਕਬਾਲ ਕਰ ਲੈਣ ਤੋਂ ਬਿਨਾਂ ਉਸ ਨੂੰ ਕੋਈ ਹੋਰ ਗੱਲ ਨਹੀਂ ਪੁਹੰਦੀ।



ਡਾ. ਤੇਜਵੰਤ ਸਿੰਘ ਗਿੱਲ
+1-734-330-2273
tejwant_gill@yahoo.com

ਕਹਾਣੀ ਦਾ ਘਟਨਾਕ੍ਰਮ ਬੇਜਾਨ ਮੁਟਿਆਰ ਦਾ ਬਲਾਤਕਾਰ ਨਤੀਜੇ ਵਜੋਂ ਸਿੱਖ ਧਾੜਵੀ ਦਾ ਕਾਮ ਉਤੇਜਨਾ ਤੋਂ ਵਿਹੂਣਾ ਹੋ ਜਾਣਾ ਅਤੇ ਉਸ ਦੀ ਹਮਜੋਲੀ ਹੱਥੋਂ ਬੇਰਹਿਮੀ ਨਾਲ ਉਸ ਦਾ ਕਤਲ ਉਸ ਜਬਰ ਅਤੇ ਜਨੂੰਨ 'ਤੇ ਉਂਗਲ ਧਰਨ ਵਿਚ ਕੋਈ ਕਸਰ ਨਹੀਂ ਛੱਡਦੇ ਜਿਨ੍ਹਾਂ ਦੀ ਰਲਵੀਂ ਮਿਲਵੀਂ ਪਰਲੋ ਨੇ ਸਮਾਜਕ ਵਰਤਾਰੇ ਨੂੰ ਐਨਾ ਭਾਵਹੀਣ ਕਰ ਛੱਡਿਆ ਹੈ। ਇਸ ਦੀ ਇਹ ਮੁੱਖ ਪਰਤ ਤਾਂ ਇਕਦਮ ਬੇਨਕਾਬ ਹੋ ਜਾਂਦੀ ਹੈ ਪਰ ਇਸ ਦੇ ਅੰਤਰਗਤ ਜੋ ਅੰਤ੍ਰੀਵ ਪਰਤਾਂ ਬੇਚੈਨ ਅਤੇ ਬੇਹਾਲ ਕਰਨ ਦੇ ਮੰਤਵ ਨਾਲ ਉਭਰਨ ਹਿਤ ਹਨ, ਕਈ ਬਾਕੀ ਸਫਾ 41 'ਤੇ

Harjeet Sandhu
REALTOR
''Serving all your Real Estate needs''
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

LIQUOR STORE ON SALE
Located In a Very Busy Plaza
Close To Cineplex, Restaurants
ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।
ਵਾਜਬ ਕੀਮਤ, ਇਨਵੈਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।
Contact ਸੰਪਰਕ : ਪਾਲ ਬੜਵਾਲ
587-708-6866

A City Limos Ltd.
Ph: 780-462-4940
Toll Free: 1-888-462-4623

Wedding
School Proms
Birthday
City Tours
Airport Service
Edmonton-Calgary
Vancouver
Contact
780-951-7260

e-mail: dhaliwalsd@hotmail.com, www.acitylimousine.com

ਸਫਾ 40 ਦੀ ਬਾਕੀ

ਤਰ੍ਹਾਂ ਦੇ ਨਕਾਬਾਂ ਵਿਚ ਉਲਝ ਕੇ ਰਹਿ ਜਾਂਦੀਆਂ ਹਨ। ਮਿਸਾਲ ਦੇ ਤੌਰ 'ਤੇ ਧਾੜਵੀ ਨੂੰ ਸਿੱਖ ਦਰਸਾਉਣ ਤੋਂ ਕੀ ਭਾਵ ਹੈ? ਕੀ ਇਸ ਤੋਂ ਇਹ ਸਮਝ ਲਿਆ ਜਾਵੇ ਕਿ ਇਸ ਪੜਾਅ 'ਤੇ ਜਦ ਮੁਸਲਮਾਨਾਂ ਨੇ ਰਜ਼ਾਕਾਰ ਹੋਣ ਦਾ ਨਕਾਬ ਪਹਿਣ ਰੱਖਿਆ ਸੀ, ਸਿੱਖਾਂ ਲਈ ਬੇਕਾਬੂ ਹੋ ਕੇ ਧਾੜਵੀਆਂ ਵਜੋਂ ਵਿਚਰਨਾ ਹੀ ਸੰਭਵ ਸੀ? ਉਸ ਦਾ ਈਸ਼ਰ ਸਿੰਘ ਅਤੇ ਉਸ ਦੀ ਹਮਜੋਲੀ ਦਾ ਕੁਲਵੰਤ ਕੌਰ ਵਜੋਂ ਨਾਮਕਰਨ ਸਿੰਘ ਮਨ ਲਈ ਕਿਸ ਤਰ੍ਹਾਂ ਦੀ ਵਿਡੰਬਨਾ ਦੀ ਅਲਾਮਤ ਹੈ? ਬੇਜਾਨ ਮੁਸਲਮਾਨ ਮੁਟਿਆਰ ਨਾਲ ਬਲਾਤਕਾਰ ਅਤੇ ਨਤੀਜੇ ਵਜੋਂ ਈਸ਼ਰ ਸਿੰਘ ਦਾ ਕਾਮ ਉਤੇਜਨਾ ਤੋਂ ਵਿਹੂਣਾ ਹੋ ਜਾਣਾ ਉਸ ਦੀ ਦੇਹ ਨਾਲ ਹੀ ਸੰਬਧਤ ਹੈ ਜਾਂ ਇਸ ਦਾ ਕੋਈ ਨਾਤਾ ਧਰਮ ਨਾਲ ਵੀ ਜੁੜਦਾ ਹੈ? ਕੁਲਵੰਤ ਕੌਰ ਵੱਲੋਂ ਤੈਸ਼ ਵਿਚ ਆ ਕੇ ਉਸ ਦਾ ਕਤਲ ਔਰਤ-ਮਰਦ ਵਿਚਕਾਰ ਪਲਮਦੀ ਹਸਦ ਕਾਰਨ ਹੀ ਹੈ ਜਾਂ ਸਿੱਖ ਵਰਤਾਰੇ 'ਤੇ ਹਾਵੀ ਹੋ ਜਾਣ ਵਾਲੀ ਭਾਵੀ ਗੱਲ ਵੀ ਇਸ ਦਾ ਕੋਈ ਸੰਕੇਤ ਬਣਦਾ ਹੈ? ਇਨ੍ਹਾਂ ਗੁੰਝਲਾਂ 'ਤੇ ਧਿਆਨ ਕੇਂਦਰਤ ਕਰਨ ਨਾਲ ਜੁੜੀਆਂ ਅੰਤਰ-ਦ੍ਰਿਸ਼ਟੀਆਂ ਕਹਾਣੀ ਦੇ ਤਾਣੇ-ਪੇਟੇ ਵਿਚ ਹਾਜ਼ਰ ਜ਼ਰੂਰ ਹਨ, ਉਨ੍ਹਾਂ ਦੀਆਂ ਪ੍ਰਤੀ-ਧੁਨੀਆਂ ਸੁਣਾਈ ਦਿੰਦੀਆਂ ਹਨ ਪਰ ਉਨ੍ਹਾਂ ਦਾ ਉਭਾਰ ਅਤੇ ਉਨ੍ਹਾਂ ਦੀ ਆਵਾਜ਼ ਦਾ ਕੋਈ ਬਹੁ-ਪਰਤੀ ਨੈਟਵਰਕ ਨਹੀਂ ਬਣਦਾ। ਇਕ ਜਮਘਟ ਜਿਹਾ ਹੀ ਹੈ ਜੋ ਫੈਲ ਜਾਂਦਾ ਹੈ, ਇਕ ਗੜਬੜ ਜਹੀ ਹੀ ਹੈ ਹੋ ਸੁਣਾਈ ਦਿੰਦੀ ਹੈ।

ਦੂਜੀਆਂ ਦੋ ਕਹਾਣੀਆਂ ਇਨ੍ਹਾਂ ਨੁਕਸਾਂ ਤੋਂ ਪੂਰੀ ਤਰ੍ਹਾਂ ਮੁਕਤ ਹਨ। 'ਖੋਲ੍ਹ ਦੇ' ਵਿਚ ਪਾਕਿਸਤਾਨ ਨੂੰ ਹਿਜਰਤ ਦੌਰਾਨ ਇਕ ਮੁਸਲਮਾਨ ਕੰਜਕ ਆਪਣੇ ਬਾਪ ਤੋਂ ਵਿਛੜ ਜਾਂਦੀ ਹੈ ਕਿਉਂਕਿ ਇਹ ਹਿਜਰਤ ਘੋਰ ਤਰ੍ਹਾਂ ਦੀ ਭਗਦੜ ਹੀ ਸੀ। ਇਸ ਲਈ ਉਸ ਦੇ ਬਾਪ ਨੂੰ ਉਸ ਦੀ ਕੋਈ ਸੂਹ ਨਹੀਂ ਮਿਲਦੀ। ਉਹ ਥਾਂ ਪਰ ਥਾਂ ਭਟਕਦਾ ਰਿਹਾ ਪਰ ਆਪਣੀ ਪਿਆਰੀ ਬੇਟੀ ਸਕੀਨਾ ਦਾ ਪਤਾ ਨਾ ਪਾ ਸਕਿਆ। ਉਸ ਨੇ ਰਜ਼ਾਕਾਰਾਂ ਨੂੰ ਇਲਤਜਾ ਕੀਤੀ ਕਿ ਉਹੀ ਉਸ ਦੀ ਕੋਈ ਮਦਦ ਕਰਨ ਕਿਉਂਕਿ ਨਿਆਸਰਿਆਂ ਦਾ ਆਸਰਾ ਹੋਣ ਦਾ ਉਹ ਬੜਾ ਦਿਖਾਵਾ ਕਰ ਰਹੇ ਸਨ। ਰਜ਼ਾਕਾਰਾਂ ਨੇ ਉਸ ਬਜ਼ੁਰਗ ਨੂੰ ਧਰਵਾਸ ਦਿੱਤੀ ਕਿ ਉਸ ਦੀ ਬੇਟੀ ਨੂੰ ਉਹ ਜ਼ਰੂਰ ਹੀ ਲੱਭ ਕੇ ਉਸ ਨੂੰ ਮਿਲਾ ਦੇਣਗੇ। ਦੱਸ ਦਿਨ ਦੀ ਇਬਾਦਤ ਅਤੇ ਇੰਤਜ਼ਾਰ ਮਗਰੋਂ ਬਜ਼ੁਰਗ ਨੂੰ ਖ਼ਬਰ ਪਹੁੰਚੀ ਕਿ ਉਸ ਦੀ ਬੇਟੀ ਲੱਭ ਪਈ ਹੈ। ਉਹ ਬੇਸੁੱਧ ਪਈ ਸੀ, ਜਦੋਂ ਬੜੇ ਚਾਅ ਨਾਲ ਉਹ ਉਸ ਕੋਲ ਪਹੁੰਚਿਆ। ਇਹ ਹਸਪਤਾਲ ਸੀ ਜਿਸ ਦੇ ਬੰਦ ਖਿੜਕਿਆਂ ਵਾਲੇ ਕਮਰੇ ਵਿਚ ਡਾਕਟਰ ਉਸ ਦਾ ਮੁਆਇਨਾ ਕਰ ਰਿਹਾ ਸੀ। ਕਮਰੇ ਵਿਚ ਬਹੁਤ ਹੀ ਹੁਮੱਸ ਹੋਣ ਕਾਰਨ ਡਾਕਟਰ ਨੇ ਉੱਚੀ ਆਵਾਜ਼ ਵਿਚ ਬਜ਼ੁਰਗ ਨੂੰ ਖਿੜਕੀ ਖੋਲ੍ਹਣ ਲਈ ਆਖਿਆ। ਡਾਕਟਰ ਦੇ ਮੂੰਹੋਂ ਇਕ-ਦੋ ਲਫ਼ਜ਼ ਨਿਕਲੇ ਹੀ ਸਨ ਕਿ ਉਸ ਬੇਸੁੱਧ ਕੰਜਕ ਨੇ ਆਪਣੀ ਸਲਵਾਰ ਲੱਕ ਤੋਂ ਨੀਚੇ ਖਿਸਕਾ ਦਿੱਤੀ।

ਸਪੱਸ਼ਟ ਹੈ ਦਸ ਦਿਨ ਉਹ ਰਜ਼ਾਕਾਰ, ਜਿਨ੍ਹਾਂ ਨੇ ਨਿਆਸਰਿਆਂ ਦਾ ਆਸਰਾ ਬਣਨ ਦਾ ਨਕਾਬ ਪਹਿਣ ਰੱਖਿਆ ਸੀ, ਉਸ ਮਾਸੂਮ ਨਾਲ ਜ਼ਬਰ ਜਨਾਹ ਕਰਦੇ ਰਹੇ ਸਨ। ਜਿਸ ਦਲੇਰੀ ਅਤੇ ਸਾਫ਼ਗੋਈ ਨਾਲ ਮੰਟੋ ਨੇ ਮੁਸਲਿਮ ਲੀਗੀਆਂ ਦੇ ਉਸ ਫਰੇਬ ਨੂੰ ਬੇਨਕਾਬ ਕੀਤਾ ਹੈ ਜੋ ਉਨ੍ਹਾਂ ਵੱਲੋਂ ਰੱਖੀ ਪਾਕਿਸਤਾਨ ਦੀ ਮੰਗ ਦਾ ਆਧਾਰ ਸੀ, ਉਹ ਵੰਡ ਬਾਰੇ ਲਿਖੀ ਕਹਾਣੀ ਵਿਚ ਬੇਮਿਸਾਲ ਹੈ। ਇਸ ਦਾ ਇਹ ਮਤਲਬ ਨਹੀਂ ਕਿ ਉਹ ਹਿੰਦੂ ਪਾਖੰਡੀਆਂ ਜਾਂ ਸਿੱਖ ਧਾੜਵੀਆਂ ਪ੍ਰਤੀ ਨਰਮ ਰਵੱਈਆ ਰੱਖਦਾ ਸੀ। ਉਨ੍ਹਾਂ ਨੂੰ ਵੀ ਉਹ ਬੇਲਿਹਾਜ਼ ਘਿਰਣਾ ਦੇ ਪਾਤਰ ਸਮਝਦਾ ਸੀ। ਇਸ ਲਿਹਾਜ਼ ਨਾਲ ਉਸ ਦੀ ਧਾਰਨਾ ਦੀ ਅੰਤਰੀਵ ਪਾਤਰ ਇਹ ਆ ਬਣਦੀ ਹੈ ਕਿ ਜੋ ਰਜ਼ਾਕਾਰ, ਜਿਨ੍ਹਾਂ ਲਈ ਪਾਕਿਸਤਾਨ ਪਹੁੰਚਣਾ ਬਹਿਸ਼ਤ ਵਿਚ ਸ਼ਾਮਲ ਹੋਣ ਸਮਾਨ ਸੀ, ਜਬਰ ਜਨਾਹ ਵਰਗੇ ਘੋਰ ਕੁਕਰਮ ਦੇ ਭਾਗੀ ਸਨ ਤਾਂ ਹੋਰਾਂ ਦੇ ਮੱਥੇ ਕੀ ਦਾ ਇਲਜ਼ਾਮ ਮੜ੍ਹਿਆ ਜਾਵੇ ਜੋ ਇਸ ਤਰ੍ਹਾਂ ਦੇ ਆਦਰਸ਼ ਦਾਅਵਾ ਨਹੀਂ ਕਰਦੇ ਸਨ। ਆਪਣੀ ਬੇਟੀ ਦੇ ਅਚੇਤ ਹੀ ਹਿਲਦੇ ਹੱਥ ਨੂੰ ਭਾਂਪਦੇ ਬਜ਼ੁਰਗ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ।

ਇਸ ਤੋਂ ਇਹ ਸੰਕੇਤ ਮਿਲਣ ਲੱਗ ਪੈਂਦਾ ਹੈ ਕਿ ਕਹਾਣੀਕਾਰ ਦੀ ਨਜ਼ਰ ਵਿਚ ਪਿਆਰ ਦਾ ਜਜ਼ਬਾ ਹਰੇਕ ਤਰ੍ਹਾਂ ਦੇ ਜਬਰ ਅਤੇ ਜ਼ੁਲਮ ਦੇ ਬਾਵਜੂਦ ਲੋਪ ਨਹੀਂ ਹੁੰਦਾ। ਇਸ ਔਰਤ ਦ੍ਰਿਸ਼ਟੀ ਦੇ ਸਾਹਮਣੇ ਸ਼ਰਧਾ ਵਜੋਂ ਸਿਰ ਝੁਕ ਜਾਂਦਾ ਹੈ ਜਿਵੇਂ ਇਹ ਕਹਾਣੀ ਦੇ ਪਾਠ ਵਿਚ ਉਭਰਦੀ ਹੈ। ਉਸ ਦੀ ਬਦੌਲਤ ਕਹਾਣੀ ਕਲਾ ਸਿਖ਼ਰ ਨੂੰ ਪਹੁੰਚ ਜਾਂਦੀ ਹੈ, ਨਾਲ ਹੀ ਉਪ-ਪਾਠ ਤੋਂ ਇਹ ਪ੍ਰਤੀ-ਧੁਨੀ ਵੀ ਸੁਣਾਈ ਦੇਣ ਲੱਗ ਪੈਂਦੀ ਹੈ ਕਿ ਕੀ ਜਬਰ, ਜ਼ੁਲਮ, ਜਨੂੰਨ ਅਤੇ ਹਿੰਸਾ ਨਾਲ ਵਲੂੰਧਰੀ ਇਸ ਜ਼ਿੰਦਗੀ ਨੂੰ ਜਿਉਣ ਲਈ ਇਹ ਪਰਵਾਸ ਕਾਫ਼ੀ ਹੈ। ਇਹ ਵਿਰੋਧੀ ਧੁਨੀ ਕਹਾਣੀ ਨੂੰ ਹੋਰ ਵੀ ਲਿਸ਼ਕਾ ਦਿੰਦੀ ਹੈ।

ਇਸ ਪੱਖ ਤੋਂ ਮੰਟੋ ਦਾ ਸ਼ਾਹਕਾਰ ਤਾਂ 'ਟੋਬਾ ਟੇਕ ਸਿੰਘ' ਨੂੰ ਮੰਨਿਆ ਜਾਂਦਾ ਹੈ। ਇਸ ਦਾ ਘਟਨਾ-ਸਥਾਨ ਇਕ ਪਾਗਲਖਾਨਾ ਹੈ ਜਿਸ ਵਿਚ ਦੋ ਪਾਗਲ ਇਕ ਮੁਸਲਮਾਨ ਅਤੇ ਦੂਜਾ ਸਿੱਖ, ਦੋਨਾਂ ਫਿਰਕਿਆਂ ਦੇ ਪ੍ਰਥਮ ਨੇਤਾਵਾਂ ਦਾ ਕਿਰਦਾਰ ਨਿਭਾਉਣ ਦਾ ਪਰਪੰਚ ਕਰਦੇ ਹਨ। ਜਿੱਥੇ ਮੁਸਲਮਾਨ ਪਾਗਲ ਮੁਹੰਮਦ ਅਲੀ ਜਿਨਾਹ ਦਾ ਕਿਰਦਾਰ ਨਿਭਾਉਂਦਾ ਹੈ, ਉਥੇ ਸਿੱਖ ਪਾਗਲ ਆਪਣੇ ਆਪ ਨੂੰ ਮਾਸਟਰ ਤਾਰਾ ਸਿੰਘ ਦਰਸਾਉਂਦਾ ਹੈ। ਇਸ ਤਰ੍ਹਾਂ ਜਿੱਥੇ ਪਾਗਲਖਾਨਾ ਸਮੁੱਚੇ ਦੇਸ਼ ਦਾ ਪੈਰਾਡਾਇਸ ਹੋ ਨਿਬੜਿਆ ਹੈ, ਉਥੇ ਵੱਖਰੇ-ਵੱਖਰੇ ਫਿਰਕੇ ਪਾਗਲਪਨ ਦੀ ਇੰਤਹਾ ਨੂੰ ਪਹੁੰਚੇ ਲਗਦੇ ਹਨ। ਵਿਚ-ਵਿਚਾਲਿਉਂ ਦੂਜੀ ਪ੍ਰਤੀ-ਧੁਨੀ ਉਭਰਦੀ ਹੈ ਜਿਸ ਦਾ ਭਾਵ ਇਹ ਆ ਬਣਦਾ ਹੈ ਕਿ ਪਾਗਲਖਾਨਾ ਤਾਂ ਦੇਸ਼ ਨਾਲੋਂ ਕਿਤੇ ਬਿਹਤਰ ਹੈ। ਇਸ ਵਿਚਲਾ ਕਿਰਦਾਰ ਬਿਸ਼ਨ ਸਿੰਘ ਇਹ ਸਮਝਣ ਤੋਂ ਅਸਮਰੱਥ ਹੈ ਕਿ ਟੋਬਾ ਟੇਕ ਸਿੰਘ ਹਿੰਦੁਸਤਾਨ ਵਿਚ ਹੈ ਜਾਂ ਪਾਕਿਸਤਾਨ ਵਿਚ। ਜਿਸ ਤਰ੍ਹਾਂ ਖੰਡਿਤ ਵਾਕ ਬਣਤਰ ਅਰਥ-ਨਿਹੂਣੀ ਸ਼ਬਦਾਵਲੀ ਅਤੇ ਚੀਕ-ਪੁਕਾਰ ਰਾਹੀਂ ਉਸ ਦੀ ਵੇਦਨਾ ਪ੍ਰਗਟ ਹੁੰਦੀ ਹੈ, ਉਹ ਬੇਮਿਸਾਲ ਹੈ। ਅਰੰਭ ਤੋਂ ਅੰਤ ਤਕ ਕਹਾਣੀ ਵਿਚ ਐਸਾ ਪੜਯਥਾਰਥਵਾਦੀ ਮਾਹੌਲ ਸਿਰਜਿਆ ਜਾਂਦਾ ਹੈ ਜੋ ਪਾਠ ਨੂੰ ਉਪ-ਪਾਠ ਦੀਆਂ ਕੁਲ ਪਰਤਾਂ ਪੇਸ਼ ਕਰਨ ਦੇ ਯੋਗ ਬਣਾ ਦਿੰਦਾ ਹੈ। ਦੋਨਾਂ ਦਾ ਅਜਿਹਾ ਅੰਤਰ ਸਬੰਧ ਬਣਦਾ ਹੈ ਜਿਸ ਦੇ ਮੁਹਾਜ ਤੋਂ ਵੰਡ ਦੇ ਸੰਕਟ ਨੂੰ ਸਮਝਣਾ ਹੀ ਯੋਗ ਨਹੀਂ, ਸਗੋਂ ਕਹਾਣੀ ਕਲਾ ਇਸ ਵਿਚ ਇਸ ਦਾ ਯੋਗਦਾਨ ਕੀ ਹੋ ਸਕਦਾ ਹੈ, ਇਸ ਦਾ ਵੀ ਬਰਾਬਰ ਅਹਿਸਾਸ ਹੋ ਜਾਂਦਾ ਹੈ।

ਇਸ ਦੇ ਬਾਵਜੂਦ, ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਵੰਡ ਦੀ ਪੇਸ਼ਕਾਰੀ ਵਿਚ ਸਆਦਤ ਹਸਨ ਮੰਟੋ ਦੀ ਦ੍ਰਿਸ਼ਟੀ ਅਜਿਹੀ ਗਲੀ ਵਿਚ ਬੰਦ ਹੈ ਜਿਸ ਦਾ ਪ੍ਰਵੇਸ਼-ਦੁਆਰ ਤਾਂ ਹੈ ਪਰ ਪ੍ਰਸਥਾਨ-ਦੁਆਰ ਨਹੀਂ। ਫਲਸਰੂਪ ਉਸ ਨੂੰ ਵੰਡ ਵੇਲੇ ਦੇ ਜ਼ੁਲਮ, ਜ਼ਬਰ, ਜਨੂੰਨ ਅਤੇ ਆਤੰਕ ਨੂੰ ਬੇਨਕਾਬ ਕਰਨ ਦਾ ਤਾਂ ਪੂਰਾ ਅਵਸਰ ਮਿਲ ਜਾਂਦਾ ਹੈ ਪਰ ਇਸ ਤੋਂ ਪਾਰ ਦੀ ਜੀਵਨ-ਜਾਚ ਦਾ ਅਹਿਸਾਸ ਉਸ ਦੀ ਕਹਾਣੀ ਕਲਾ ਵਿਚੋਂ ਖਾਰਜ ਹੋਇਆ ਰਹਿੰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਤੁਲਨਾ ਆਪੇਖਿਆ ਸੂਫ਼ੀ-ਸ਼ਇਰਾਂ ਨਾਲ ਹੋ ਜਾਂਦੀ ਹੈ ਜਿਨ੍ਹਾਂ ਦੀ ਕੈਫ਼ੀਅਤ ਇਨ੍ਹਾਂ ਦੋਨਾਂ ਪ੍ਰਵਿਰਤੀਆਂ ਨਾਲ ਟੱਕਰ ਅਤੇ ਟਕਰਾਉ ਵਿਚ ਆਉਂਦੀ ਸੀ। ਇਸ ਲਿਹਾਜ਼ ਨਾਲ ਉਸ ਦੀ ਤੁਲਨਾ ਆਪੇਖਿਆ ਸੰਤ ਸਿੰਘ ਸੇਖੋਂ ਅਤੇ ਕੁਲਵੰਤ ਸਿੰਘ ਵਿਰਕ ਨਾਲ ਵੀ ਬਣ ਜਾਂਦੀ ਹੈ, ਜਿਨ੍ਹਾਂ ਦੀਆਂ ਵੰਡ ਬਾਰੇ ਲਿਖੀਆਂ ਕਹਾਣੀਆਂ ਬਦਲਵੀਂ ਦ੍ਰਿਸ਼ਟੀ ਦੀਆਂ ਧਾਰਨੀ ਹਨ। ਬਹੁਤੇ ਪੰਜਾਬੀ ਕਹਾਣੀਕਾਰਾਂ ਨੇ ਸੁਚੇਤੇ ਜਾਂ ਅਚੇਤ ਮੰਟੋ ਦੀ ਰੀਸ ਵੰਡ ਬਾਰੇ ਲਿਖਿਆ ਹੈ। ਇਸ ਤੋਂ ਇਹ ਵੀ ਪ੍ਰਤੱਖ ਹੋ ਜਾਂਦਾ ਹੈ ਕਿ ਮੰਟੋ ਦਾ ਲਿਖਿਆ ਕਿੰਨਾ ਨਿੱਗਰ ਹੈ। ਵੰਡ ਬਾਰੇ ਪੰਜਾਬੀ ਵਿਚ ਲਿਖੀਆਂ ਗਈਆਂ ਬਹੁਤ ਸਾਰੀਆਂ ਕਹਾਣੀਆਂ ਮੂਲੋਂ ਹੀ ਸਰਲ ਅਤੇ ਸਪੱਸ਼ਟ ਹਨ। ਭਾਵੇਂ ਉਹ ਮੰਟੋ ਦੇ ਹਾਣੀਆਂ ਦੇਵਿੰਦਰ ਸਤਿਆਰਥੀ ਦੀਆਂ ਹੋਣ ਜਾਂ ਬਲਵੰਤ ਗਾਰਗੀ ਦੀਆਂ, ਉਹ ਸਾਰੀਆਂ ਇਸੇ ਤਰਜ਼ ਦੀਆਂ ਹਨ। ਪਿਛਲੀਆਂ ਪੁਸ਼ਤਾਂ ਦੇ ਮਹਿੰਦਰ ਸਿੰਘ ਸਰਨਾ, ਗੁਰਬਚਨ ਸਿੰਘ ਭੁੱਲਰ ਅਤੇ ਸੁਖਵੰਤ ਕੌਰ ਮਾਨ ਆਦਿ ਨੇ ਵੀ ਇਸ ਥਾਂ ਵਿਚ ਕੋਈ ਵਿੱਢ ਨਹੀਂ ਪਾਈ। ਇਨ੍ਹਾਂ ਕਹਾਣੀਆਂ ਵਿਚ ਸਾਰਾ ਜ਼ੋਰ ਕਿਸੇ ਨਾ ਕਿਸੇ ਧਾਰਨਾ ਨੂੰ ਸਿੱਧ ਕਰਨ ਵਿਚ ਹੀ ਲੱਗ ਜਾਂਦਾ ਹੈ। ਆਮ ਪ੍ਰਚਲਤ ਵਿਚਾਰਾਂ ਤੋਂ ਇਹ ਧਾਰਨਾ ਬਹੁਤੀ ਵੱਖ ਵੀ ਨਹੀਂ ਹੁੰਦੀ। ਇਨ੍ਹਾਂ ਕਹਾਣੀਆਂ ਦੀਆਂ ਕਈ ਕੋਟੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਵਿਚ ਕਿਸੇ ਨਾ ਕਿਸੇ ਧਾਰਨਾ ਦੀ ਹੀ ਪੈਰਵੀ ਹੋਈ ਹੁੰਦੀ ਹੈ। ਪਹਿਲੀ ਕੋਟੀ ਉਨ੍ਹਾਂ ਕਹਾਣੀਆਂ ਦੀ ਹੈ, ਜਿਨ੍ਹਾਂ ਵਿਚ ਵੰਡ ਦੇ ਕਾਰਨਾਂ ਨੂੰ ਪ੍ਰਸਤੁਤ ਕਰਨ ਦਾ ਯਤਨ ਹੈ। ਇਸ ਪ੍ਰਸੰਗ ਵਿਚ ਦੇਵਿੰਦਰ ਸਤਿਆਰਥੀ ਦੀ ਕਹਾਣੀ 'ਜਨਮ ਭੂਮੀ' ਦੇ ਉਲੇਖ ਤੋਂ ਗੱਲ ਅਰੰਭ ਹੋ ਸਕਦੀ ਹੈ। ਇਸ ਵਿਚ ਜੋ ਧਾਰਨਾ ਪੇਸ਼ ਹੈ, ਉਹ ਕਿਸੇ ਵੀ ਥਾਂ ਸਮੇਤ ਜਨਮ-ਭੂਮੀ ਨਾਲ ਪਿਆਰ ਨੂੰ ਵੰਡ ਕਾਰਨ ਉਪਜੇ ਸੰਤਾਪ ਦਾ ਕਾਰਨ ਮੰਨਦੀ ਹੈ। ਨਾਲ ਹੀ ਇਸ ਦੀ ਜ਼ਿੰਮੇਵਾਰੀ ਅੰਗਰੇਜ਼ੀ ਸਰਕਾਰ 'ਤੇ ਪਾ ਦਿੱਤੀ ਜਾਂਦੀ ਹੈ, ਜਿਸ ਨੇ ਜ਼ਿੰਦਗੀ ਦਾ ਭੂ-ਦ੍ਰਿਸ਼ ਹੀ ਤਬਦੀਲ ਕਰ ਦਿੱਤਾ। ਵਿਚੋਂ ਹੀ ਇਹ ਵੀ ਕਿਹਾ ਜਾਣ ਲੱਗ ਪੈਂਦਾ ਹੈ ਕਿ ਭਾਰਤ ਵਾਸੀਆਂ ਨੇ ਪਹਿਲਾਂ ਅੰਗਰੇਜ਼ੀ ਰਾਜ ਨੂੰ ਸਵੀਕਾਰ ਕੀਤਾ ਅਤੇ ਫੇਰ ਦੁਰਕਾਰ ਦਿੱਤਾ। ਇਹ ਬੱਜਰ ਅਪਰਾਧ ਸੀ ਜਿਸ ਦੀ ਵੰਡ ਦੇ ਰੂਪ ਵਿਚ ਸਜ਼ਾ ਮਿਲਣੀ ਹੀ ਸੀ। ਗੁਰਬਚਨ ਭੁੱਰਲ ਦੀ 'ਫੱਤੂ ਮਰਾਸੀ' ਅਤੇ ਸੁਖਵੰਤ ਕੌਰ ਮਾਨ ਦੀ 'ਚੇਤਨਾ' ਦਾ ਵੀ ਇਸੇ ਕੋਟੀ ਵਿਚ ਸੁਮਾਰ ਹੋ ਜਾਂਦਾ ਹੈ।

ਭੁੱਲਰ ਅਨੁਸਾਰ ਇਸ ਕਰੋਪੀ ਲਈ ਜ਼ਿੰਮੇਵਾਰੀ ਕਿਸੇ ਗੈਬੀ ਤਾਕਤ 'ਤੇ ਆਉਂਦੀ ਹੈ, ਜਿਸ ਨੂੰ ਵਾਸਤਵਿਕ ਪੱਖ ਤੋਂ ਪਾਉਣਾ ਠੀਕ ਨਹੀਂ। ਨਿਰਸੰਦੇਹ ਦੇਖਣ ਨੂੰ ਇਹ ਕਹਿਰ ਅਤੇ ਪਰਲੋ ਨਾਲ ਤੁਲਨਾਈ ਜਾਣ ਵਾਲੀ ਘਟਨਾ ਗੈਬੀ ਤਾਕਤ ਦਾ ਹੀ ਕੌਤਕ ਲਗਦੀ ਹੈ ਪਰ ਇਤਿਹਾਸਕ ਹੋਣ ਦੇ ਨਾਤੇ ਅਸਲ ਵਿਚ ਤਾਂ ਇਹ ਵਾਸਤਵਿਕ ਕਾਰਨਾਂ ਦੀ ਹੀ ਉਪਜ ਸੀ। ਦੋਨਾਂ ਵਿਚਕਾਰ ਨਿਖੇੜਾ ਨਾ ਕਰ ਸਕਣ ਕਾਰਨ ਭੁੱਲਰ ਦੀ ਇਸ ਕਹਾਣੀ ਵਿਚ ਪ੍ਰਤੱਖ ਨੂੰ ਪ੍ਰਮਾਣ ਕੀ ਵਾਲੀ ਕਹਾਵਤ ਦਾ ਹੀ ਪੱਖ ਪੂਰਿਆ ਜਾਂਦਾ ਹੈ। ਸੁਖਵੰਤ ਕੌਰ ਮਾਨ ਦੀ 'ਚੱਠੂ' ਨਾਮੀ ਕਹਾਣੀ ਹੈ ਜਿਸ ਵਿਚ ਵੰਡ ਦਾ ਸਾਰਾ ਇਲਜ਼ਾਮ ਮੁਹੰਮਦ ਅਲੀ ਜਿਨਹਾ ਅਤੇ ਜਵਾਹਰ ਲਾਲ ਨਹਿਰੂ ਦੇ ਸਿਰ ਮੜ੍ਹ ਦਿੱਤਾ ਗਿਆ ਹੈ। ਕਹਾਣੀ ਦੀ ਪ੍ਰਮੁੱਖ ਪਾਤਰ ਜੋ ਇਕ ਬਜ਼ੁਰਗ ਔਰਤ ਹੈ, ਜਦੋਂ ਖਬਰਾਂ ਵਿਚ ਇਨ੍ਹਾਂ ਨੇਤਾਵਾਂ ਦਾ ਨਾਂ ਸੁਣਦੀ ਹੈ ਤਾਂ ਉਹ ਇਨ੍ਹਾਂ ਨੂੰ ਸਰਾਪ ਦੇਣ ਤਕ ਉਤਰ ਆਉਂਦੀ ਹੈ। ਵੰਡ ਦੌਰਾਨ ਉਸ ਨੇ ਜੋ ਸੰਤਾਪ ਭੋਗਿਆ ਹੈ, ਉਸ ਲਈ ਇਨ੍ਹਾਂ ਪ੍ਰਥਮ ਨੇਤਾਵਾਂ ਨੂੰ ਉਹ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਉਂਦੀ ਹੈ। ਇਥੇ ਰਾਜਨੀਤੀ ਦਾ ਜਾਇਜ਼ਾ ਲੋਕ-ਸੂਝ ਰਾਹੀਂ ਲਿਆ ਗਿਆ ਹੈ, ਜੋ ਉਸ ਦੇ ਅਮਲ ਨੂੰ ਆਮ ਬੰਦਿਆਂ ਦੀਆਂ ਖਾਹਸ਼ਾਂ ਅਤੇ ਨਰਾਜ਼ਗੀਆਂ ਤਕ ਘਟਾ ਦਿੰਦੀ ਹੈ। ਜਿਵੇਂ ਭੁੱਲਰ ਦੀ ਕਹਾਣੀ ਵਿਚ ਇਹ ਅਨਿਆਂ ਇਤਿਹਾਸ ਨਾਲ ਵਾਪਰਦਾ ਹੈ। ਇਸ ਕਹਾਣੀ ਵਿਚ ਰਾਜਨੀਤੀ ਇਸ ਦਾ ਸ਼ਿਕਾਰ ਹੋ ਜਾਂਦੀ ਹੈ।

ਦੂਜੀ ਕੋਟੀ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ 'ਮੁਬੀਨਾ ਕਿ ਸਕੀਨਾ', ਬਲਵੰਤ ਗਾਰਗੀ ਦੀ 'ਭੂਆ ਫਾਤਿਮਾ' ਅਤੇ ਮਹਿੰਦਰ ਸਿੰਘ ਸਰਨਾ ਦੀ 'ਚੀਰ ਹਰਨ' ਆਦਿ ਕਹਾਣੀਆਂ ਆ ਜਾਂਦੀਆਂ ਹਨ। ਵੰਡ ਦੇ ਅਟੱਲ ਹੋ ਜਾਣ ਨਾਲ ਭੈਅ ਅਤੇ ਦਹਿਲ ਦਾ ਮਾਹੌਲ ਕਿਵੇਂ ਭਾਰੂ ਹੋ ਜਾਂਦਾ ਹੈ ਇਸ ਨੂੰ ਪੇਸ਼ ਕਰਨਾ ਇਨ੍ਹਾਂ ਕਹਾਣੀਆਂ ਦਾ ਮੁੱਖ ਕਰਤੱਵ ਹੈ। ਗੁਰਬਖ਼ਸ਼ ਸਿੰਘ ਦੀ ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਵੰਡ ਦੇ ਮੰਡਰਾਉਣ ਨਾਲ ਪਿੰਡ ਦੇ ਗਰੀਬਾਂ ਨੇ ਤਾਂ ਸਹਿਮਣਾ ਹੀ ਸੀ, ਅਮੀਰ ਵੀ ਕੰਬਣ ਲੱਗ ਪੈਂਦੇ ਸਨ। ਇਕ ਜੋੜਾ ਆਪਣੀ ਨੰਨ੍ਹੀ ਬੱਚੀ ਨੂੰ ਇਸ ਕਾਰਨ ਛੱਡ ਕੇ ਚਲਾ ਜਾਂਦਾ ਹੈ ਤਾਂ ਜੋ ਉਸ ਦੇ ਰੋਣ ਨਾਲ ਉਹ ਦੰਗਾਕਾਰੀਆਂ ਦੇ ਹੱਥ ਨਾ ਆ ਜਾਣ। ਬਲਵੰਤ ਗਾਰਗੀ ਦੀ ਕਹਾਣੀ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਵਿਚਕਾਰ ਫਿਰਕੂ ਕੁੜੱਤਣ ਐਨੀ ਜ਼ਿਆਦਾ ਦਿਖਾਈ ਗਈ ਹੈ ਕਿ ਪਹਿਲੀ ਰਵਾਦਾਰੀ ਗੁੰਮ ਹੋ ਕੇ ਰਹਿ ਜਾਂਦੀ ਹੈ। ਹੁਣ ਤਾਂ ਗੁਰਦੁਵਾਰਿਆਂ ਵਿਚ ਚਲ ਰਹੇ ਕੀਰਤਨਾਂ ਅਤੇ ਮਸਜਿਦਾਂ ਵਿਚ ਗਾਈਆਂ ਜਾ ਰਹੀਆਂ ਕੱਵਾਲੀਆਂ ਦਾ ਕੰਮ ਵੀ ਇਸ ਕੁੜੱਤਣ ਨੂੰ ਵਡਾਵਾ ਦੇਣਾ ਹੀ ਬਣ ਜਾਂਦਾ ਹੈ। ਮਹਿੰਦਰ ਸਿੰਘ ਸਰਨਾ ਦੀ ਕਹਾਣੀ ਵਿਚ ਹਰੇਕ ਪਾਸੇ ਕਤਲਾਂ ਦਾ ਹੀ ਆਲਮ

ਪੰਜਾਬੀ ਕਹਾਣੀ

ਪਰਖਵੱਟੀ

ਸੰਤੋਖ ਸਿੰਘ ਧੀਰ

'ਪਰਖਵੱਟੀ' ਮਾਨਵਵਾਦੀ ਵਿਚਾਰਧਾਰਾ ਦੀ ਕਹਾਣੀ ਹੈ। ਇਹ ਇਸ ਅਗਾਂਹਵਧੂ ਤੇ ਵਿਗਿਆਨਿਕ ਧਾਰਨਾ ਨੂੰ ਦ੍ਰਿੜ੍ਹਾਉਂਦੀ ਹੈ ਕਿ ਮਨੁੱਖ ਦੀ ਫਿਰਕੂ ਪਛਾਣ ਮਹਿਜ਼ ਇਕ ਸਬੱਬ ਹੈ। ਇਕ ਸਬੱਬ ਹੀ ਉਸ ਨੂੰ ਸਿੱਖ, ਹਿੰਦੂ, ਇਸਾਈ, ਮੁਸਲਮਾਨ ਦੀ ਬਾਹਰੀ ਪਛਾਣ ਵਿਚ ਜਕੜ ਦਿੰਦਾ ਹੈ ਜਦ ਕਿ ਇਹ ਪਛਾਣ ਕਿਸੇ ਮਨੁੱਖ ਦੇ ਮਾਨਵੀ ਗੁਣਾਂ ਦੀ ਅਸਲ ਕਸਵੱਟੀ ਨਹੀਂ ਹੁੰਦੀ। ਮਨੁੱਖੀ ਸ਼ਖਸੀਅਤ ਦੀ ਅਸਲ ਪਰਖਵੱਟੀ ਉਸ ਦੀ ਸੋਚ, ਸਿਧਾਂਤ ਤੇ ਸੰਵੇਦਨਾ ਹੁੰਦੀ ਹੈ। ਕੇਵਲ ਬਾਹਰੀ ਦਿੱਖ ਹੀ ਜੇਕਰ ਇਨਸਾਨ ਦੀ ਸਮੁੱਚੀ ਅਸਲੀਅਤ ਹੁੰਦੀ ਤਾਂ ਦੇਸ਼-ਵੰਡ ਸਮੇਂ ਲੱਖਾਂ ਚੰਗੇ-ਭਲੇ ਦਿਖਾਈ ਦੇਣ ਵਾਲੇ 'ਇਨਸਾਨ' ਰਾਤੋ ਰਾਤ ਹੈਵਾਨ ਨਾ ਬਣਦੇ। ਪਰਖਵੱਟੀ ਕਹਾਣੀ ਦੇ ਦੋ ਕਾਲ-ਪਾਸਾਰ ਹਨ, ਇਕ ਦੇਸ਼-ਵੰਡ ਸਮੇਂ ਦਾ, ਜਦੋਂ ਮਾਨਵਤਾ ਦਾ ਵਿਆਪਕ ਪੱਧਰ 'ਤੇ ਘਾਣ ਹੁੰਦਾ ਹੈ। ਮਾਸੂਮ ਹੱਤਿਆਰਿਆਂ ਦੀ ਭੇਂਟ ਚੜ੍ਹਦੇ ਹਨ ਤਾਂ ਕੁਝ ਸੂਰਮੇ ਮਾਸੂਮਾਂ ਦੀ ਰਾਖੀ ਕਰਨ ਵੀ ਅੱਗੇ ਆਉਂਦੇ ਹਨ। ਮਾਸੂਮਾਂ ਦੇ ਹਮਦਰਦ ਜੋ ਕੁਝ ਕਰ ਸਕਦੇ ਸਨ, ਕਰਦੇ ਹਨ, ਤੇ ਅੱਗੋਂ ਦੇਸ਼-ਵੰਡ ਤੋਂ ਮਗਰੋਂ ਦਾ ਸਮਾਂ ਆਰੰਭ ਹੁੰਦਾ ਹੈ ਜਦੋਂ ਸੰਤਾਲੀ ਦੀ ਤ੍ਰਾਸਦੀ ਸਮੇਂ ਨਿਰਦੋਸ਼ਾਂ ਦੀ ਸਹਾਇਤਾ ਲਈ ਨਿੱਤਰਣ ਵਾਲੇ ਅੱਗੋਂ ਫਿਰ ਮਹਾਨ ਮਾਨਵਵਾਦੀ ਕਦਰਾਂ-ਕੀਮਤਾਂ ਲਈ ਸੰਘਰਸ਼ ਜਾਰੀ ਰੱਖਦੇ ਹਨ, ਧਰਮ ਨਿਰਪੇਖਤਾ ਦੀ ਵਿਚਾਰਧਾਰਾ ਨੂੰ ਅਰਪਿਤ ਹੋ ਕੇ ਲੋਕ-ਮੁਕਤੀ ਲਈ ਸੰਘਰਸ਼ ਜਾਰੀ ਰੱਖਦੇ ਹਨ। ਦੇਸ਼-ਵੰਡ ਸਬੰਧੀ ਪੰਜਾਬੀ ਕਹਾਣੀਆਂ ਵਿਚ ਕਹਾਣੀਕਾਰਾਂ ਨੇ ਲੋਕਾਂ ਨੂੰ ਉਜੜਕੇ ਚਮਤਕਾਰੀ ਊਰਜਾ ਦਾ ਪ੍ਰਦਰਸ਼ਨ ਕਰਦਿਆਂ ਮੁੜ ਵਸਦੇ ਤਾਂ ਦਿਖਾਇਆ ਹੈ, ਪਰ ਵਡੇਰੇ ਸਮਾਜਿਕ ਮੁੱਲਾਂ ਲਈ ਸੰਘਰਸ਼ੀਲ ਪਾਤਰ ਸ਼ਾਇਦ ਕੇਵਲ ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਵਿਚ ਹੀ ਮਿਲਦੇ ਹਨ। -ਸੰਪਾਦਕ

ਕੁਲਵੰਤ ਕੌਰ ਕੌਲ ਅੱਜ-ਕੱਲ੍ਹ ਬੀਬੀ ਸਤਿਨਾਮ ਕੌਰ ਦੇ ਖੋਲ੍ਹੇ ਹੋਏ ਕਾਲਜ ਵਿਚ ਪ੍ਰੋਫੈਸਰ ਲੱਗੀ ਹੋਈ ਸੀ। ਕੁਦਰਤ ਵੱਲੋਂ ਕੁਲਵੰਤ ਕੌਰ ਨੂੰ ਬੜੀ ਹੀ ਪ੍ਰਭਾਵਸ਼ਾਲੀ ਸ਼ਖਸੀਅਤ ਮਿਲੀ ਹੋਈ ਸੀ। ਕਣਕਵੰਨਾ ਰੰਗ ਤੇ ਸ਼ਕਲ ਬੜੀ ਸੁਹਣੀ ਤੇ ਦਿਲਕਸ਼। ਠੋਡੀ ਉਤੇ ਹਰੇ ਰੰਗ ਦਾ ਖੁਣਿਆ ਹੋਇਆ ਦਾਗ ਸੀ, ਜੋ ਬੜਾ ਹੀ ਸੁਹਣਾ ਲਗਦਾ ਸੀ ਤੇ ਉਸ ਦੀ ਸ਼ਕਲ-ਸੂਰਤ ਨੂੰ ਪਹਾੜੀ ਝਲਕ ਦੇ ਰਿਹਾ ਸੀ। ਅੱਜ-ਕੱਲ੍ਹ ਅਜਿਹੇ ਦਾਗ਼ ਚਿਹਰੇ ਉਤੇ ਖੁਣਵਾਉਣ ਦਾ ਰਿਵਾਜ ਨਹੀਂ ਰਿਹਾ ਸੀ; ਪਰ ਤਾਂ ਵੀ ਉਹਦੇ ਚਿਹਰੇ ਉਤੇ ਇਹ ਕਦੇ ਖੁਣਿਆ ਗਿਆ ਸੀ। ਨਿਰਸੰਦੇਹ ਇਹ ਠੋਡੀ ਉਤੇ ਖੁਣਿਆ ਹੋਇਆ ਹਰਾ ਦਾਗ ਉਸ ਦੇ ਸੁਹੱਪਣ ਵਿਚ ਕੁਝ ਵਾਧਾ ਹੀ ਕਰ ਰਿਹਾ ਸੀ ਤੇ ਇਸ ਨਾਲ ਉਹ ਹੋਰਾਂ ਨਾਲੋਂ ਵੱਖ ਹੀ ਨਜ਼ਰ ਆਉਂਦੀ ਸੀ। ਖਾਸ ਕਰ ਉਹ ਆਪਣੀਆਂ ਕੁਲੀਗ ਲੇਡੀ ਪ੍ਰੋਫੈਸਰਾਂ ਨਾਲੋਂ।

ਬੀਬੀ ਸਤਿਨਾਮ ਕੌਰ ਨੇ ਨੇੜੇ ਹੀ ਇਕ ਪਿੰਡ ਵਿਚ ਦੇਸ਼ ਭਗਤਾਂ ਦੀਆਂ ਕੁੜੀਆਂ ਨੂੰ ਸੰਭਾਲਣ ਅਤੇ ਪੜ੍ਹਾਉਣ ਲਈ ਇਕ ਆਸ਼ਰਮ ਖੋਲ੍ਹਿਆ ਹੋਇਆ ਸੀ। ਛੋਟੀ ਉਮਰ ਵਿਚ ਹੀ ਕੁਲਵੰਤ ਕੌਰ ਇਸ ਆਸ਼ਰਮ ਵਿਚ ਆ ਗਈ ਸੀ। ਏਥੇ ਹੀ ਉਹ ਰਹੀ ਤੇ ਪੜ੍ਹੀ। ਆਸ਼ਰਮ ਵਿਚ ਦੇਸ਼ ਭਗਤਾਂ ਦੀਆਂ ਹੋਰ ਵੀ ਬਹੁਤ ਕੁੜੀਆਂ ਸਨ ਤੇ ਸਾਰੀਆਂ ਸਾਊ ਤੇ ਸੁੱਘੜ ਸਨ, ਕੁਲਵੰਤ ਕੌਰ ਕੌਲ ਪਰ ਬੀਬੀ ਜੀ ਦੇ ਮਨ ਵਿਚ ਕੁਝ ਬਹੁਤਾ ਹੀ ਪੁੜੀ ਹੋਈ ਸੀ। ਸ਼ਾਇਦ ਇਸ ਦਾ ਵੱਡਾ ਕਾਰਨ ਕੁਲਵੰਤ ਕੌਰ ਕੌਲ ਨੂੰ ਕੁਦਰਤ ਵੱਲੋਂ ਦਿੱਤਾ ਗਿਆ ਇਕ ਅਜਿਹਾ ਜੀਵਨ ਸੀ ਜਿਸ ਵਿਚੋਂ ਲੰਘਦੀ ਹੋਈ ਉਹ ਬੀਬੀ ਸਤਿਨਾਮ ਕੌਰ ਦੇ ਆਸ਼ਰਮ ਵਿਚ ਆ ਗਈ ਸੀ। ਨਿਰਸੰਦੇਹ ਇਸ ਜੀਵਨ ਨੇ ਹੀ ਬੀਬੀ ਸਤਿਨਾਮ ਕੌਰ ਦੇ ਦਿਲ ਨੂੰ ਟੁੰਬ ਦਿੱਤਾ ਸੀ ਤੇ ਬੀਬੀ ਜੀ ਦੇ ਦਿਲ ਵਿਚ ਕੁਲਵੰਤ ਕੌਰ ਕੌਲ ਲਈ ਇਕ ਖਾਸ ਥਾਂ ਬਣ ਗਈ ਸੀ। ਇਹ ਜੀਵਨ ਹਿੰਦ-ਪਾਕਿ ਦੀ ਵੰਡ ਨੇ ਉਨ੍ਹਾਂ ਨੂੰ ਦਿੱਤਾ ਸੀ।

ਪਾਕਿਸਤਾਨ ਬਣ ਗਿਆ। ਆਬਾਦੀਆਂ ਬਦਲ ਰਹੀਆਂ ਸਨ। ਹਿੰਦੂ-ਸਿੱਖ ਪਾਕਿਸਤਾਨ ਤੋਂ ਹਿੰਦੋਸਤਾਨ ਆ ਗਏ ਸਨ ਤੇ ਮੁਸਲਮਾਨ ਹਿੰਦੋਸਤਾਨ ਤੋਂ ਪਾਕਿਸਤਾਨ ਜਾ ਰਹੇ ਸਨ। ਕਾਫ਼ਲਿਆਂ ਦੀ ਸ਼ਕਲ ਵਿਚ ਇਹ ਲੋਕੀਂ ਸੜਕ ਰਾਹੀਂ ਗੱਡਿਆਂ ਉਤੇ ਵੀ ਜਾਂਦੇ ਸਨ ਤੇ ਰੇਲ ਗੱਡੀਆਂ ਰਾਹੀਂ ਵੀ। ਦੋਵੇਂ ਪਾਸੇ ਬੇਗੁਨਾਹਾਂ ਦੇ ਕਤਲ ਤਾਂ ਹੋ ਰਹੇ ਹੀ ਸਨ, ਉਜੜ-ਪੁੱਜੜ ਕੇ ਜਾ ਰਹੇ ਸ਼ਰਨਾਰਥੀਆਂ ਦੇ ਕਾਫ਼ਲਿਆਂ ਉਤੇ ਵੀ ਹਮਲੇ ਕੀਤੇ ਜਾਂਦੇ ਸਨ। ਰੇਲ ਗੱਡੀਆਂ ਰਾਹਾਂ ਵਿਚ ਖਲ੍ਹਿਆਰ ਲਈਆਂ ਜਾਂਦੀਆਂ ਤੇ ਗੁੰਡਿਆਂ-ਮੁਸ਼ਟੰਡਿਆਂ ਦੀ ਭੀੜ ਜਾਂ ਮੁਲਖਈਏ ਵੱਲੋਂ ਬਰਛਿਆਂ-ਗੰਡਾਸਿਆਂ ਨਾਲ ਕਤਲੇਆਮ ਕੀਤਾ ਜਾਂਦਾ। ਪੁਲਿਸ-ਫੌਜ ਵੀ ਨਾ ਸੀ। ਡਰਾਈਵਰ, ਦੋਵੇਂ ਪਾਸੇ, ਫਿਰਕੂ ਰੰਗ ਵਿਚ ਰੰਗੇ ਹੋਏ ਸਨ।

ਮੁਸਲਮਾਨਾਂ ਦੀ ਭਰੀ ਹੋਈ ਇਕ ਸਪੈਸ਼ਲ ਰੇਲਗੱਡੀ ਪਾਕਿਸਤਾਨ ਜਾ ਰਹੀ ਸੀ। ਰਾਤ ਦੇ ਅੱਠ ਕਿ ਨੌਂ ਵੱਜੇ ਸਨ। ਜਲੰਧਰ ਤੋਂ ਥੋੜ੍ਹਾ ਉਰਲੇ ਪਾਸੇ ਇਸ ਗੱਡੀ ਨੂੰ ਰੋਕਿਆ ਗਿਆ। ਇਕਦਮ ਗੱਡੀ ਉਤੇ ਬਰਛਿਆਂ-ਗੰਡਾਸਿਆਂ ਵਾਲੀ ਭੀੜ ਟੁੱਟ ਕੇ ਪੈ ਗਈ। ਬੱਚਾ, ਬੁੱਢਾ, ਮਰਦ, ਔਰਤ ਕਿਸੇ ਨਹੀਂ ਸੀ ਦੇਖਿਆ। ਨਾ ਹੀ ਕਿਸੇ ਦੀ ਦਾਦ-ਫਰਿਆਦ ਜਾਂ ਮਿੰਨਤ ਆਦਿ ਹੀ ਸੁਣੀ ਗਈ ਸੀ। ਸਮਝਿਆ ਇਹ ਜਾਂਦਾ ਸੀ ਕਿ ਜੋ ਕੁਝ ਇਹ ਹੋ ਰਿਹਾ ਸੀ, ਬੜਾ ਹੀ ਠੀਕ ਹੋ ਰਿਹਾ ਸੀ। ਦੋਵੇਂ ਪਾਸੇ ਇਸ ਕੰਮ ਨੂੰ ਪੁੰਨ ਜਾਂ ਸਵਾਬ ਦਾ ਹੀ ਕੰਮ ਸਮਝਿਆ ਜਾਂਦਾ ਸੀ। ਲਹੂ ਦੀਆਂ ਤਤ੍ਰੀਰੀਆਂ ਛਡਦੀ ਗੱਡੀ ਚਲੀ ਗਈ ਸੀ।

ਬਿੱਛੂ ਬੂਟੀ ਦੇ ਕੋਲ ਹੀ ਜਿਵੇਂ ਪਾਲਕ ਉਗਿਆ ਹੁੰਦਾ ਹੈ, ਇਸੇ ਤਰ੍ਹਾਂ ਪਾਪੀਆਂ-ਕੁਕਰਮੀਆਂ ਦੇ ਨੇੜੇ-ਤੇੜੇ ਹੀ ਧਰਮੀ ਪੁਰਸ਼ ਵੀ ਹੁੰਦੇ ਹਨ। ਜਦੋਂ ਇਉਂ ਰੇਲਗੱਡੀਆਂ ਵੱਢੀਆਂ-ਟੁੱਕੀਆਂ ਜਾਂਦੀਆਂ ਸਨ ਤਾਂ ਕੁ ਲੋਕਾਂ ਨੂੰ ਰੇਲ ਦੇ ਡੱਬਿਆਂ ਦੇ ਅੰਦਰ ਹੀ ਮਾਰਿਆ ਜਾਂਦਾ ਸੀ ਤੇ ਕੁਝ ਲੋਕਾਂ ਨੂੰ ਬਾਹਰ ਕੱਢ ਕੇ ਰੇਲ ਦੀ ਲੀਹ ਦੇ ਨਾਲ ਹੀ। ਉਦੋਂ ਕੁਝ ਕਾਮਰੇਡ, ਗੱਡੀ ਲੰਘ ਜਾਣ ਮਗਰੋਂ, ਰੇਲ ਦੀ ਲੀਹ ਦੇ ਨਾਲ ਪਈਆਂ ਲਾਸ਼ਾਂ ਕੋਲ ਜਾਂਦੇ ਤੇ ਉਨ੍ਹਾਂ ਵਿਚੋਂ ਜ਼ਖ਼ਮੀਆਂ ਜਾਂ ਸਹਿਕ ਰਹੇ ਲੋਕਾਂ ਨੂੰ ਬਚਾਉਣ ਦਾ ਯਤਨ ਕਰਦੇ ਹੋਏ ਫਸਟਏਡ ਦਿੰਦੇ ਜਾਂ ਹਸਪਤਾਲ ਲੈ ਕੇ ਜਾਂਦੇ। ਇਹ ਕੰਮ ਉਹ ਛੁਪ-ਛੁਪਾ ਕੇ, ਬਚਾ-ਬਚਾ ਕੇ ਕਰਦੇ ਸਨ। ਕਿਉਂਕਿ ਇਸ ਕੰਮ ਕਾਰਨ ਫਸਾਦੀਆਂ ਵੱਲੋਂ ਉਨ੍ਹਾਂ ਨੂੰ ਵੀ ਮਾਰੇ ਜਾਣ ਦਾ ਖ਼ਤਰਾ ਸੀ। ਫਸਾਦੀਆਂ ਦੀਆਂ ਨਜ਼ਰਾਂ ਵਿਚ ਇਹ ਪੁੰਨ ਨਹੀਂ, ਪਾਪ ਸੀ ਤੇ ਦੇਸ਼ ਨਾਲ ਗੱਦਾਰੀ ਵੀ। ਉਦੋਂ ਲੋਕਾਂ ਦੀ ਸੋਚ ਹੀ ਅਜਿਹੀ ਬਣੀ ਹੋਈ ਸੀ।

ਬੈਟਰੀ ਦੇ ਚਾਨਣ ਨਾਲ ਹਨ੍ਹੇਰੇ ਵਿਚ ਰਾਹ ਲੱਭਦੇ, ਕਾਮਰੇਡ ਪ੍ਰੇਮ ਸਿੰਘ ਤੇ ਉਸ ਦੇ ਪੰਜ ਕੁ ਸੱਤ ਸਾਥੀ ਰੇਲ ਦੀ ਇਸ ਲਹੂ-ਭਿੱਜੀ ਪਟੜੀ ਵੱਲ ਆ ਰਹੇ ਸਨ। ਜਦ ਉਹ ਨੇੜੇ ਆਏ ਤਾਂ ਉਨ੍ਹਾਂ ਨੂੰ ਇਕ ਬੱਚੇ ਦੇ ਵਿਲਕਣ ਦੀ ਆਵਾਜ਼ ਪਈ। ਇਹ ਬੱਚਾ ਲਾਸ਼ਾਂ ਦੀ ਇਕ ਢੇਰੀ ਵਿਚ ਰੋ ਰਿਹਾ ਸੀ ਜੋ ਕਿਸਮਤ ਨਾਲ ਰਾਖਸ਼ਾਂ ਦੇ ਬਰਛਿਆਂ-ਗੰਡਾਸਿਆਂ ਦੀ ਮਾਰ ਤੋਂ ਬਚ ਗਿਆ ਸੀ। ਉਨ੍ਹਾਂ ਨੇ ਇਸ ਬੱਚੇ ਨੂੰ ਲਹੂ-ਭਿੱਜੀਆਂ ਲਾਸ਼ਾਂ ਵਿਚੋਂ ਕੱਢਿਆ ਅਤੇ ਸਾਂਭਿਆ। ਇਹ ਬੱਚਾ ਇਕ ਲੜਕੀ ਸੀ, ਜੋ ਦੇਸ਼-ਵੰਡ ਦੇ ਬਦਨਸੀਬ ਸਮੇਂ ਰੋ ਰਹੀ ਸੀ। ਇਹ ਕੁਲਵੰਤ ਕੌਰ ਕੌਲ ਸੀ।

ਕਾਮਰੇਡ ਪ੍ਰੇਮ ਸਿੰਘ ਦੇ ਆਪਣੇ ਕੋਈ ਬੱਚਾ ਨਹੀਂ ਸੀ। ਉਹ ਇਸ ਲੜਕੀ ਨੂੰ ਆਪਣੇ ਘਰ ਲੈ ਆਇਆ ਤੇ ਪਤਨੀ ਦੇ ਹਵਾਲੇ ਕੀਤਾ, ''ਇਹ ਆਪਣੀ ਬੱਚੀ ਹੈ ਤੇ ਇਹ ਆਪਣੀ ਕੁਲ ਨੂੰ ਸਮਝੋ ਅੱਗੇ ਤੋਰਨ ਵਾਲੀ ਹੈ। ਲੋਕੀ ਆਪਣੀਆਂ ਕੁਲਾਂ ਨੂੰ ਆਪਣੇ ਮੁੰਡਿਆਂ ਨਾਲ ਤੋਰਦੇ ਹਨ, ਅਸੀਂ ਕਾਮਰੇਡ ਹਾਂ, ਸਾਡੀਆਂ ਕੁਲਾਂ ਨੂੰ ਸਾਡੀਆਂ ਕੁੜੀਆਂ ਅੱਗੇ ਤੋਰਨ ਵਾਲੀਆਂ ਹਨ। ਇਸ ਗੱਲੋਂ ਅਸੀਂ ਆਮ ਲੋਕਾਂ ਨਾਲੋਂ ਨਿਆਰੇ ਹਾਂ। ਪੁੱਠੇ, ਕੁਰਾਹੀਏ।'' ਉਹਨੇ ਹੱਸ ਕੇ ਆਖਿਆ। ਕਿਉਂਕਿ ਇਨ੍ਹਾਂ ਕੁਲਾਂ ਆਦਿ ਨੂੰ ਤੋਰਨ ਵਾਲੀਆਂ ਗੱਲਾਂ ਵਿਚ ਵਿਸ਼ਵਾਸ ਤਾਂ ਉਹਦਾ ਸੀ ਹੀ ਨਹੀਂ। ਐਵੇਂ ਹਾਸਾ-ਠੱਠਾ ਸੀ ਇਕ।

ਪਤਨੀ ਬਹੁਤ ਖੁਸ਼ ਹੋਈ। ਗਲੀ-ਗੁਆਂਢ ਵੀ ਖੁਸ਼ ਹੋਇਆ। ਬੱਚੀ ਬਹੁਤ ਸੁਹਣੀ ਸੀ। ਉਹਨਾ ਵੱਲੋਂ ਇਸ ਦਾ ਨਾਂਅ ਕੁਲਵੰਤ ਕੌਰ ਰੱਖਿਆ ਗਿਆ।

ਜ਼ਰੂਰ ਇਸ ਬੱਚੀ ਦਾ ਕੋਈ ਪਹਿਲਾ ਵੀ ਨਾਂਅ ਹੋਵੇਗਾ ਜੋ ਮੁਸਲਮਾਨੀ ਹੋਵੇਗਾ। ਪਰ ਉਸ ਨਾਂਅ ਦਾ ਕਿਸੇ ਨੂੰ ਵੀ ਕੋਈ ਪਤਾ ਨਹੀਂ ਸੀ। ਮੁਸਲਮਾਨ ਮਾਪਿਆਂ ਨੇ ਉਸ ਨੂੰ ਜਨਮ ਦਿੱਤਾ ਸੀ, ਮੁਸਲਮਾਨੀ ਨਾਂਅ ਸੀ। ਸਿੱਖ ਮਾਪੇ ਬਣ ਗਏ ਤਾਂ ਸਿੱਖ ਨਾਂਅ ਹੋ ਗਿਆ ਸੀ। ਉਹ ਤਾਂ ਇਕ ਮਨੁੱਖ ਸੀ। ਪਰ ਮਨੁੱਖ ਨੂੰ ਧਰਮ-ਮਜ਼ਬ ਮਨੁੱਖ ਰਹਿਣ ਦਿੰਦੇ ਨਹੀਂ। ਮੱਲੋ-ਮੱਲੀ ਉਹ ਆਪਣਾ ਆਪ ਮਨੁੱਖ ਉਤੇ ਲੱਦ ਦਿੰਦੇ ਹਨ।

ਕਾਮਰੇਡ ਪ੍ਰੇਮ ਸਿੰਘ ਤੇ ਉਸ ਦੀ ਪਤਨੀ ਹਰਬੰਸ ਕੌਰ ਦੋਵੇਂ ਕਮਿਊਨਿਸਟ ਪਾਰਟੀ ਦੇ ਕੁਲਵਕਤੀ ਕਾਰਕੁੰਨ ਸਨ। ਕਾਮਰੇਡ ਪ੍ਰੇਮ ਸਿੰਘ ਕਿਸਾਨ ਸਭਾ ਦਾ ਆਗੂ ਸੀ, ਕਾਮਰੇਡ ਹਰਬੰਸ ਕੌਰ ਇਸਤਰੀ ਸਭਾ ਦੀ ਕਾਰਕੁੰਨ। ਪਹਿਲਾਂ-ਪਹਿਲ ਉਹਨਾਂ ਨੂੰ ਕੋਈ ਬਹੁਤੀ ਮੁਸ਼ਕਿਲ ਨਹੀਂ ਆਈ। ਕਾਮਰੇਡ ਹਰਬੰਸ ਕੌਰ ਕੁਲਵੰਤ ਕੌਰ ਨੂੰ ਗੋਦੀ ਚੁੱਕੇ ਕੇ ਆਪਣੇ ਨਾਲ ਲੈ ਜਾਂਦੀ ਸੀ। ਕਿਸੇ ਪ੍ਰੋਗਰਾਮ ਲਈ ਉਹ ਦੋਵੇਂ ਜਣੇ ਜਾਂਦੇ ਤਾਂ ਹੋਰ ਵੀ ਸੌਖ ਰਹਿੰਦੀ ਸੀ। ਪਰ ਜਦ ਉਹ ਕੁਝ ਵੱਡੀ ਹੋਈ ਤਾਂ ਮੁਸ਼ਕਿਲ ਹੋਣ ਲੱਗ ਪਈ। ਠੀਕ ਹੈ, ਗਲੀ-ਗੁਆਂਢ ਵੀ ਕਦੇ ਸਾਂਭ ਲੈਂਦਾ ਸੀ, ਪਰ ਫੇਰ ਵੀ ਮੁਸ਼ਕਿਲ ਹੁੰਦੀ ਸੀ। ਹੁਣ ਉਹ ਸਕੂਲ ਭੇਜਣ ਦੇ ਯੋਗ ਵੀ ਹੋ ਗਈ ਸੀ।

ਹਿਮਾਚਲ ਵਿਚ ਕਾਂਗੜੇ ਵੱਲ ਇਕ ਬੜਾ ਹੀ ਚੰਗਾ ਕਾਮਰੇਡ ਕਿਸ਼ੋਰ ਚੰਦ ਕੌਲ ਸੀ ਜੋ ਪਾਰਟੀ ਦੀਆਂ ਮੀਟਿੰਗ ਲਈ ਪੰਜਾਬ ਆਉਂਦਾ ਰਹਿੰਦਾ ਸੀ। ਉਦੋਂ ਪੰਜਾਬ ਇਕੱਠਾ ਸੀ। ਹਿਮਾਚਲ ਅਤੇ ਹਰਿਆਣਾ ਕਾਫੀ ਮਗਰੋਂ ਵੱਖ ਹੋਏ ਸਨ। ਇਸ ਕਾਰਨ ਕਮਿਊਨਿਸਟ ਪਾਰਟੀ ਵੀ ਇਕੋ ਸੀ। ਹਿਮਾਚਲ-ਹਰਿਆਣਾ ਸਾਰਿਆਂ ਦੀ ਇਕੋ ਹੀ ਪੰਜਾਬ ਕਮਿਊਨਿਸਟ ਪਾਰਟੀ ਸੀ।

ਇਹ ਮਸਲਾ ਕਾਮਰੇਡ ਪ੍ਰੇਮ ਸਿੰਘ ਦਾ ਨਹੀਂ ਸੀ, ਸਗੋਂ ਸਾਰੀ ਪਾਰਟੀ ਨੇ ਹੀ ਆਪਣਾ ਸਮਝਿਆ ਹੋਇਆ ਸੀ। ਪਾਰਟੀ ਨੇ ਸੋਚਿਆ, ਕੁਲਵੰਤ ਕੌਰ ਨੂੰ ਕਾਮਰੇਡ ਕਿਸ਼ੋਰ ਚੰਦ ਕੌਲ ਕੋਲ ਉਸ ਦੇ ਪਿੰਡ ਭੇਜ ਦੇਵੇ। ਕਾਮਰੇਡ ਕਿਸ਼ੋਰ ਚੰਦ ਆਪਣੀ ਬੁੱਢੀ ਮਾਂ ਨਾਲ ਇਕੱਲਾ ਹੀ ਰਹਿ ਰਿਹਾ ਸੀ। ਵਿਆਹਿਆ ਹੋਇਆ ਨਹੀਂ ਸੀ। ਕੁੱਲਵਕਤੀ ਹੋਣ ਕਾਰਨ, ਵਿਆਹ ਬਾਰੇ ਅਜੇ ਉਹਨੇ ਸੋਚਿਆ ਹੀ ਨਹੀਂ ਸੀ। ਉਥੇ ਉਹਦੀ ਬੁੱਢੀ ਮਾਂ ਕੁਲਵੰਤ ਕੌਰ ਦੀ ਘਰ ਵਿਚ ਸੰਭਾਲ ਕਰਦੀ ਰਹੇਗੀ। ਕੁਝ ਵਰ੍ਹੇ ਉਹ ਉਥੇ ਰਹੀ। ਪਰ ਫੇਰ ਉਹਨੂੰ ਬੀਬੀ ਸਤਿਨਾਮ ਕੌਰ ਦੇ ਆਸ਼ਰਮ ਵਿਚ ਭੇਜ ਦੇਣ ਦੀ ਸੋਚ ਪਈ। ਕੁਲਵੰਤ ਕੌਰ ਲਈ ਇਹ ਆਸ਼ਰਮ ਸਭ ਤੋਂ ਚੰਗੀ ਜਗ੍ਹਾ ਸੀ।

ਕੁਲਵੰਤ ਕੌਰ ਬੀਬੀ ਜੀ ਦੇ ਆਸ਼ਰਮ ਵਿਚ ਆਈ ਤਾਂ ਹੁਣ ਉਹ ਕੁਲਵੰਤ ਕੌਰ ਕੌਲ ਬਣ ਕੇ ਆਈ ਸੀ। ਕਾਮਰੇਡ ਕਿਸ਼ੋਰ ਚੰਦ ਕੌਲ ਵਾਲਾ 'ਕੌਲ' ਉਹਦੇ ਨਾਂਅ ਨਾਲ ਲੱਗ ਗਿਆ ਸੀ। ਹੁਣ ਉਹ ਆਸ਼ਰਮ ਵਿਚ ਕਾਮਰੇਡ ਕਿਸ਼ੋਰ ਚੰਦ ਕੌਲ ਦੀ ਛੋਟੀ ਭੈਣ ਸੀ। ਕਾਮਰੇਡ ਕਿਸ਼ੋਰ ਚੰਦ ਵੀ ਆਖਿਰ ਦੇਸ਼ ਭਗਤ ਹੀ ਸੀ? ਦੇਸ਼ ਭਗਤ ਦੀ ਭੈਣ ਨੂੰ ਇਥੇ ਰੱਖਿਆ ਜਾਣਾ ਉਚਿਤ ਸੀ।

ਆਸ਼ਰਮ ਵਿਚ ਆਉਂਦਿਆਂ ਹੀ ਕੁਲਵੰਤ ਕੌਰ ਬੀਬੀ ਜੀ ਦੇ ਬਹੁਤ ਨੇੜੇ ਹੋ ਗਈ ਸੀ। ਬਚਪਨ ਵਿਚ ਹੀ ਬੀਬੀ ਜੀ ਦੀਆਂ ਅੱਖਾਂ ਚਲੀਆਂ ਗਈਆਂ ਸਨ। ਕੁਲਵੰਤ ਕੌਰ ਕੌਲ ਹੀ ਹੁਣ ਬੀਬੀ ਜੀ ਦੀ ਉਂਗਲੀ ਫੜ ਕੇ ਉਹਨਾਂ ਦੀ ਅਗਵਾਈ ਕਰਦੀ ਤੇ ਏਧਰ-ਉਧਰ ਲੈ ਕੇ ਜਾਂਦੀ। ਨੌਂ ਕੁ ਵਰ੍ਹੇ ਦੀ ਉਮਰ ਸੀ ਕੁਲਵੰਤ ਕੌਰ ਦੀ ਬੀਬੀ ਜੀ ਦੇ ਆਸ਼ਰਮ ਵਿਚ ਆਉਣ ਵੇਲੇ। ਏਥੇ ਹੀ ਉਹ ਵੱਡੀ ਹੋਈ ਤੇ ਏਥੇ ਹੀ ਉਹ ਪੜ੍ਹੀ-ਲਿਖੀ ਤੇ ਬੀ.ਏ, ਐਮ.ਏ ਪਾਸ ਕੀਤੀ। ਪਹਿਲਾਂ ਛੋਟੀ ਪੱਧਰ ਉਤੇ ਬੀਬੀ ਜੀ ਵੱਲੋਂ ਖੋਲ੍ਹੇ ਗਏ ਸਕੂਲ ਵਿਚ ਪੜ੍ਹਾਉਂਦੀ ਰਹੀ। ਫੇਰ ਕਾਲਜ ਬਣਿਆ ਤਾਂ ਕਾਲਜ ਵਿਚ ਪ੍ਰੋਫੈਸਰ ਲੱਗੀ।

ਇਸ ਸਮੇਂ ਉਹ ਬੀਬੀ ਜੀ ਦੀ ਪੀ.ਏ ਵੀ ਸੀ ਤੇ ਸੈਕਟਰੀ ਵੀ; ਉਹਨਾਂ ਦੀ ਸਲਾਹਕਾਰ ਤੇ ਅਤਿ ਦੀ ਨਿਕਟਵਰਤੀ ਵੀ। ਆਸ਼ਰਮ ਵਿਚ ਉਹ ਬੀਬੀ ਜੀ ਤੋਂ ਦੂਜੇ ਦਰਜੇ ਉਤੇ ਸੀ ਤੇ ਕਾਲਜ ਵਿਚ ਪ੍ਰੋਫੈਸਰ ਹੀ ਨਹੀਂ, ਉਹ ਬੀਬੀ ਜੀ ਦੀ ਪ੍ਰਤੀਨਿਧ ਵੀ ਸੀ। ਪ੍ਰਿੰਸੀਪਲ-ਪ੍ਰੋਫੈਸਰ ਉਹਨੂੰ ਸਾਰੇ ਇਉਂ ਹੀ ਲੈਂਦੇ ਸਨ। ਪਰ ਜੇਕਰ ਕਿਧਰੇ ਬੀਬੀ ਜੀ ਨੂੰ ਆਉਣ-ਜਾਣ ਦੀ ਲੋੜ ਪੈਂਦੀ ਤਾਂ ਬੀਬੀ ਜੀ ਦੀ ਉਂਗਲੀ ਬਹੁਤਾ ਹੁਣ ਵੀ ਉਹੀਓ ਫੜਦੀ ਹੁੰਦੀ। ਬੀਬੀ ਜੀ ਦੀ ਉਂਗਲੀ ਫੜ ਕੇ ਉਹ ਆਪਣੇ ਆਪ ਨੂੰ ਬਹੁਤ ਹੀ ਉਚੀ ਪਦਵੀ ਉਤੇ ਲੈ ਜਾਂਦੀ ਸੀ। ਬੀਬੀ ਜੀ ਵੀ ਚਾਹੁੰਦੇ ਹੁੰਦੇ ਕਿ ਉਨ੍ਹਾਂ ਦੀ ਉਂਗਲੀ ਉਹੀਓ ਫੜੇ। ਬੀਬੀ ਜੀ ਨੂੰ ਆਪਣਾ ਹੱਥ ਕੁਲਵੰਤ ਕੌਰ ਦੇ ਹੱਥ ਵਿਚ ਦੇ ਕੇ ਅਪਣੱਤ ਮਹਿਸੂਸ ਹੁੰਦੀ ਸੀ। ਹੋਰ ਦਾ ਹੱਥ ਉਨ

ਸਫਾ 42 ਦੀ ਬਾਕੀ

ਝਲਕ ਵੀ ਪੈਂਦੀ ਐ। ਖੁਣੀ ਹੋਈ ਠੋਡੀ ਨਾਲ ਤਾਂ ਬਿਲਕੁਲ ਇਉਂ ਲਗਦੈ ਜਿਵੇਂ ਉਹ ਪਹਾੜਨ ਹੀ ਹੋਵੇ।''

''ਨਾ ਪਰ ਕਿਸ਼ੋਰ ਚੰਦ ਕੌਲ ਦੀ ਭੈਣ ਕੁਲਵੰਤ ਕੌਰ ਕਿਵੇਂ ਹੋਈ? ਉਹ ਕਲਾਵਤੀ ਕਿਉਂ ਨਾ ਹੋਈ? ਦੇਵਕੀ, ਸ਼ੁਕੰਤਲਾ ਜਾਂ ਹੋਰ ਕੁਝ ਕਿਉਂ ਨਾ ਹੋਈ?''

''ਏਨਾ ਨਹੀਂ ਪਤਾ। ਰੱਖ ਲਿਆ ਹੋਣੈ ਨਾਂਅ ਸ਼ੌਕ-ਸ਼ੁਕ ਵਜੋਂ ਹੀ। ਕਾਮਰੇਡ ਹਿੰਦੂ-ਸਿੱਖ ਬਣ ਕੇ ਨਹੀਂ ਸੋਚਦੇ। ਇਹ ਹਿੰਦੂ-ਸਿੱਖ-ਮੁਸਲਮਾਨ-ਈਸਾਈ ਸਭ ਕੁਝ ਹੁੰਦੇ ਨੇ।''

ਇਕ ਪ੍ਰੋਫੈਸਰ ਆਸ਼ਰਮ ਵਿਚ ਆਉਂਦਾ-ਜਾਂਦਾ ਰਹਿੰਦਾ ਤੇ ਬੀਬੀ ਸਤਿਨਾਮ ਕੌਰ ਨੂੰ ਮਿਲਦਾ-ਗਿਲਦਾ ਰਹਿੰਦਾ ਸੀ। ਕੁਲਵੰਤ ਕੌਰ ਕੌਲ ਬਾਰੇ ਉਹਨੂੰ ਸਾਰਾ ਹੀ ਪਤਾ ਸੀ ਕਿ ਉਹਦੀ ਕੀ ਕਹਾਣੀ ਹੈ। ਘਰ ਵਾਂਗ ਹੀ ਆਸ਼ਰਮ ਵਿਚ ਉਹਦਾ ਆਉਣਾ-ਜਾਣਾ ਸੀ। ਉਹਨੇ ਕਿਹਾ, ''ਅਸਲ ਵਿਚ ਇਹ ਇਕ ਮੁਸਲਮਾਨ ਲੜਕੀ ਸੀ, ਹਿੰਦੂ-ਸਿੱਖ ਨਹੀਂ ਸੀ।''

''ਮੁ-ਸ-ਲ-ਮਾ-ਨ...?''

''ਹਾਂ''

ਤੇ ਫੇਰ ਉਹਨੇ ਕੁਲਵੰਤ ਕੌਰ ਦੀ, ਰੇਲ ਦੀ ਲੀਹ ਤੋਂ ਅੱਜ ਤੱਕ ਦੀ, ਸਾਰੀ ਕਹਾਣੀ ਉਹਨਾਂ ਨੂੰ ਦੱਸੀ। ਬੜੀ ਅਜੀਬ ਕਹਾਣੀ ਸੀ। ਸਭ ਨੂੰ ਬੜੀ ਹੈਰਾਨੀ ਸੀ।

''ਭਲਾ ਜੇ ਇਹ ਲੜਕੀ ਬਚ ਕੇ ਪਾਕਿਸਤਾਨ ਚਲੀ ਜਾਂਦੀ, ਫੇਰ ਇਹ ਉਥੇ ਕੀ ਹੁੰਦੀ? ਏਥੇ ਅੱਜ ਇਹ ਪ੍ਰੋਫੈਸਰ ਕੁਲਵੰਤ ਕੌਰ ਕੌਲ ਐ। ਉਥੇ ਭਲਾ ਇਹ ਕੀ ਹੁੰਦੀ?''

''ਇਹ ਤਾਂ ਕਲਪਨਾਵਾਂ ਹਨ। ਕੀ ਕਿਹਾ ਜਾ ਸਕਦਾ ਹੈ? ਕੀ ਪਤਾ ਹੈ ਉਥੇ ਇਹ ਹੀਰਾ ਮੰਡੀ ਦੀ ਵੇਸਵਾ ਹੁੰਦੀ। ਕਿਸੇ ਅਮੀਰ ਮੁਸਲਮਾਨ ਦੀ ਬੇਗਮ ਵੀ ਹੋ ਸਕਦੀ ਸੀ। ਪਰ ਇਹ ਸੰਭਾਵਨਾ ਘੱਟ ਸੀ। ਟਰੇਨਾਂ ਵਿਚ ਗਰੀਬ ਲੋਕ ਹੀ ਕਾਫਲਿਆਂ ਵਿਚ ਜਾਂਦੇ ਸਨ ਜੋ ਧਾੜਵੀਆਂ-ਬਦਮਾਸ਼ਾਂ ਹੱਥੋਂ ਕੱਟੇ-ਵੱਢੇ ਜਾਂਦੇ ਸਨ। ਅਮੀਰਾਂ ਲਈ ਤਾਂ ਦੋਵੇਂ ਪਾਸੇ ਹਵਾਈ ਜਹਾਜ਼ ਹੁੰਦੇ ਸਨ। ਏਧਰ ਵੀ, ਸਬੱਬ ਨਾਲ, ਇਹ ਚੰਗੇ ਹੱਥਾਂ ਵਿਚ ਆ ਗਈ ਤੇ ਚੰਗੀ ਤਰ੍ਹਾਂ ਸੰਭਾਲੀ ਗਈ। ਨਹੀਂ ਤਾਂ ਮੁਸਲਮਾਨ ਕੁੜੀਆਂ ਦੀ ਸਾਡੇ ਪਾਸੇ ਕਿਹੜਾ ਘੱਟ ਦੁਰਦਸ਼ਾ ਕੀਤੀ ਗਈ ਹੈ। ਔਰਤ ਦੀ ਤਾਂ ਹਰ ਪਾਸੇ ਹੀ ਦੁਰਦਸ਼ਾ ਹੁੰਦੀ ਰਹੀ ਹੈ ਤੇ ਅੱਜ ਵੀ ਹੋ ਰਹੀ ਹੈ। ਭਾਵੇਂ ਮੁਸਲਮਾਨ ਹੋਣ ਤੇ ਭਾਵੇਂ ਹਿੰਦੂ-ਸਿੱਖ ਹੋਣ।''

''ਬੀਬੀ ਜੀ ਦੇ ਬਹੁਤ ਨੇੜੇ ਐ...।''

''ਉਹਦੀ ਤਾਂ ਇਹ ਧੀ ਹੀ ਹੈ। ਸਭ ਤੋਂ ਵੱਡੀ ਵਿਸ਼ਵਾਸ ਪਾਤਰ। ਸੱਜੀ ਬਾਂਹ ਹੈ ਇਕ ਤਰ੍ਹਾਂ। ਬਿਲਕੁਲ ਉਨ੍ਹਾਂ ਦੀ ਸੱਜੀ ਬਾਂਹ। ਪਰਿਵਾਰ ਦੀ ਹੀ ਅੰਗ ਸਗੋਂ। ਬੀਬੀ ਜੀ ਨੂੰ ਭੂਆ ਜੀ ਤੇ ਬੀਬੀ ਜੀ ਦੇ ਭਰਾਵਾਂ ਨੂੰ, ਸਰਦਾਰਾਂ ਨੂੰ, ਚਾਚਾ ਜੀ ਕਹਿੰਦੀ ਐ। ਲੋਕਾਂ ਲਈ ਤਾਂ ਉਨ੍ਹਾਂ ਦੇ ਪਰਿਵਾਰ ਦਾ ਹੀ ਮੈਂਬਰ ਹੈ ਇਹ।''

ਬੀਬੀ ਸਤਿਨਾਮ ਕੌਰ ਤੇ ਉਨ੍ਹਾਂ ਦੇ ਆਲੇ-ਦੁਆਲੇ ਦੇ ਸਿਹਤਮੰਦ ਪ੍ਰਭਾਵ ਕਾਰਨ ਕੁਲਵੰਤ ਕੌਰ ਕੌਲ ਵੀ ਸਮਾਜਵਾਦੀ ਵਿਚਾਰਧਾਰਾ ਦੀ ਧਾਰਨੀ ਬਣ ਚੁੱਕੀ ਸੀ। ਮਹਾਨ ਗ਼ਦਰੀ ਬਾਬੇ ਤੇ ਆਸ਼ਰਮ ਵਿਚ ਆਉਂਦੇ-ਜਾਂਦੇ ਕਮਿਊਨਿਸਟ ਘੁਲਾਈਏ ਉਹਨੂੰ ਬਹੁਤ ਚੰਗੇ ਲਗਦੇ ਸਨ। ਉਹ ਉਨ੍ਹਾਂ ਨੂੰ ਸਭ ਨੂੰ ਮਿਲ ਜਾਣ ਕੇ ਬਹੁਤ ਹੀ ਖੁਸ਼ ਹੁੰਦੀ ਸੀ। ਇਕ ਵਾਰ ਉਹਨੇ ਇਕ ਗ਼ਦਰੀ ਬਾਬੇ ਨੂੰ ਆਖਿਆ, ''ਬਾਬਾ ਜੀ! ਅਸੀਂ ਤੁਹਾਡਾ ਜੀਵਨ ਜਾਨਣਾ ਚਾਹੁੰਦੀਆਂ ਹਾਂ। ਸਾਨੂੰ ਆਪਣਾ ਜੀਵਨ ਦੱਸੋ।'' ਉਸ ਸਮੇਂ ਉਸ ਨਾਲ ਇਕ-ਦੋ ਕੁੜੀਆਂ ਹੋਰ ਵੀ ਸਨ।

ਬਾਬਾ ਜੀ ਨੇ ਉਤਰ ਦਿੱਤਾ, ''ਬੀਬਾ ਜੀ, ਕੀ ਕਰੋਂਗੀਆਂ ਮੇਰੇ ਜੀਵਨ ਨੂੰ ਜਾਣ ਕੇ? ਮੇਰਾ ਜੀਵਨ ਗੁਰੂ ਗੋਬਿੰਦ ਸਿੰਘ ਦੇ ਜੀਵਲ ਨਾਲੋਂ ਤਾਂ ਉਚਾ ਨਹੀਂ। ਸਾਰੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਜਾਣਦੇ ਨੇ, ਪਰ ਆਪ ਕੀ ਕਰ ਰਹੇ ਨੇ? ਹੈ ਕਿਸੇ ਨੂੰ ਕੋਈ ਖਿਆਲ ਦੇਸ਼ ਦਾ ਜਾਂ ਕੌਮ ਦਾ? ਲੁਟੇਰੇ ਸਭ ਤੋਂ ਅੱਗੇ ਨੇ ਤੇ ਦਨਦਨਾਉਂਦੇ ਫਿਰਦੇ ਨੇ।''

ਬਾਬਾ ਜੀ ਸੱਚ ਕਹਿ ਰਹੇ ਸਨ।

ਕੁਲਵੰਤ ਕੌਰ ਕੌਲ ਨੂੰ ਸਾਹਿਤ ਪੜ੍ਹਨ ਦਾ ਸ਼ੌਕ ਸੀ ਤੇ ਸਾਹਿਤ ਵੀ ਉਹ ਬਹੁਤਾ ਅਗਾਂਹਵਧੂ ਹੀ ਪੜ੍ਹਦੀ ਹੁੰਦੀ ਸੀ। ਸ਼ੋਲੋਖੋਵ ਦਾ ਨਾਵਲ 'ਤੇ ਡਾਨ ਵਹਿੰਦਾ ਰਿਹਾ' ਉਹਨੂੰ ਕਾਫੀ ਚੰਗਾ ਲੱਗਾ ਸੀ। ''ਰੂਸ ਦੇ ਸਮਾਜ ਦਾ ਨਿਘਾਰ ਅਤੇ ਗੰਦ ਉਹਨੇ ਬੜੇ ਹੀ ਵਿਸਥਾਰ ਨਾਲ ਇਸ ਨਾਵਲ ਵਿਚ ਦੱਸਿਆ ਹੈ'' ਉਹ ਆਮ ਹੀ ਆਖਦੀ ਹੁੰਦੀ ਸੀ। ਦੋ ਕਿ ਤਿੰਨ ਵਾਰ ਉਹਨੇ ਇਸ ਨਾਵਲ ਨੂੰ ਪੜ੍ਹਿਆ ਸੀ।

ਇਸ ਸਮੇਂ ਕੁਲਵੰਤ ਕੌਰ ਅਠਾਈ ਵਰ੍ਹੇ ਦੇ ਨੇੜੇ ਸੀ। ਵਿਆਹ ਹੋਣ ਦਾ ਸਮਾਂ ਸੀ। ਬੀਬੀ ਜੀ ਨੂੰ ਇਸ ਬਾਰੇ ਕੁਝ ਚਿੰਤਾ ਜਿਹੀ ਰਹਿੰਦੀ ਸੀ। 'ਹੁਣ ਤਾਂ ਕੁਲਵੰਤ ਦਾ ਵਿਆਹ ਹੋ ਜਾਣਾ ਚਾਹੀਦੈ। ਉਮਰ ਵੱਡੀ ਹੋ ਰਹੀ ਹੈ।' ਉਹ ਆਪਣੇ ਆਪ ਨੂੰ ਆਖਦੇ। ਪਰ ਵਿਆਹ ਹੋਵੇ ਕਿਸ ਨਾਲ? ਇਹ ਵੀ ਇਕ ਸਮੱਸਿਆ ਸੀ। 'ਕੁਲਵੰਤ ਕੌਰ ਨੂੰ ਬੜਾ ਹੀ ਸੁਹਣਾ ਜੋੜ ਜੁੜਨਾ ਚਾਹੀਦੈ-ਜਿਹੋ ਜਿਹੀ ਉਹ ਆਪ ਹੈ।' ਬੀਬੀ ਜੀ ਨੂੰ ਕੁਲਵੰਤ ਕੌਰ ਦਾ ਚਿਹਰਾ-ਮੁਹਰਾ ਜਾਂ ਕੱਦ-ਬੁੱਤ ਭਾਵੇਂ ਦਿਸਦਾ ਨਹੀਂ ਸੀ, ਪਰ ਬੀਬੀ ਜੀ ਨੂੰ ਫੇਰ ਵੀ ਉਸ ਦਾ ਸਾਰਾ ਕੁਝ ਹੀ ਦਿਸਦਾ ਸੀ। ਉਸ ਦਾ ਸੁਹਣਾ ਮੂੰਹ ਹੀ ਨਹੀਂ, ਠੋਡੀ ਉਤੇ ਖੁਣਿਆ ਹੋਇਆ ਹਰੇ ਰੰਗ ਦਾ ਦਾਗ ਵੀ ਜੋ ਨਿਰਸੰਦੇਹ ਉਸ ਦੇ ਰੂਪ ਵਿਚ ਚਾਰ ਚੰਨ ਲਾ ਰਿਹਾ ਸੀ। ਉਨ੍ਹਾਂ ਦੀ ਅੰਤਰ-ਦ੍ਰਿਸ਼ਟੀ ਉਹਨਾਂ ਨੂੰ ਸਾਰਾ ਕੁਝ ਦੱਸ ਰਹੀ ਸੀ।

ਆਸ਼ਰਮ ਵਿਚ ਇਕ ਬਹੁਤ ਵੱਡਾ ਇਨਕਲਾਬੀ ਦੇਸ਼ ਭਗਤ, ਜੋ ਕਾਫੀ ਲੰਮੇ ਸਮੇਂ ਤੋਂ ਮਫ਼ਰੂਰ ਚਲਿਆ ਆਉਂਦਾ ਸੀ, ਕਦੇ-ਕਦੇ ਸ਼ਰਨ ਲੈਣ ਲਈ ਆਉਂਦਾ-ਜਾਂਦਾ ਰਹਿੰਦਾ ਸੀ। ਸਹਾਇਕ ਵਜੋਂ ਇਕ-ਦੋ ਬੰਦੇ ਹੋਰ ਵੀ ਉਸ ਨਾਲ ਹੁੰਦੇ ਸਨ ਜੋ ਉਸ ਦੇ ਅੰਗ-ਰੱਖਿਅਕ ਵੀ ਸਨ ਤੇ ਜੀਪ ਦੇ ਡਰਾਈਵਰ ਵੀ। ਉਹਨਾਂ ਵਿਚੋਂ ਇਕ ਬੰਦਾ ਉਸ ਦੇ ਬਹੁਤ ਨੇੜੇ ਸੀ ਜੋ ਉਸ ਦੀ ਸੱਜੀ ਬਾਂਹ ਹੀ ਸੀ-ਬਹੁਤ ਡੂੰਘਾ ਵਿਸ਼ਵਾਸ ਪਾਤਰ, ਸਲਾਹਕਾਰ, ਪੀ.ਏ, ਉਹ ਉਸ ਦਾ ਸਾਰਾ ਕੁਝ ਹੀ ਸੀ। ਜੱਸ ਸਿੰਘ ਸੀ ਉਸ ਦਾ ਨਾਂਅ। ਇਨਕਲਾਬੀ ਦੇਸ਼ ਭਗਤ ਸਰਕਾਰਾਂ ਦੀਆਂ ਡਿਕਸ਼ਨਰੀਆਂ ਵਿਚ ਆਮ ਕਰਕੇ ਕਾਤਲ ਜਾਂ ਡਾਕੂ ਮੰਨੇ ਜਾਂਦੇ ਹਨ। ਪੁਲਿਸ ਨਾਲ ਮੁਠਭੇੜਾਂ ਹੁੰਦੀਆਂ ਹੀ ਰਹਿੰਦੀਆਂ। ਜੱਸਾ ਸਿੰਘ ਦੇ ਕੰਨ ਕੋਲੋਂ ਪੁਲਿਸ ਦੀਆਂ ਗੋਲੀਆਂ ਕਈ ਵਾਰ ਸਨਸਨਾਉਂਦੀਆਂ ਗੀਤ ਗਾਉਂਦੀਆਂ ਲੰਘੀਆਂ ਜੋ ਨਾਲੋ-ਨਾਲ ਇਨਕਲਾਬ-ਜ਼ਿੰਦਾਬਾਦ ਵੀ ਆਖਦੀਆਂ। ਇਹੋ ਜਿਹਾ ਜੀਵਨ ਜਿਉਣਾ ਬਿਲਕੁਲ ਹੋਰ ਗੱਲ ਹੈ ਤੇ ਇਹੋ ਜਿਹੇ ਜੀਵਨ ਦੀਆਂ ਕਹਾਣੀਆਂ ਬਿਲਕੁਲ ਹੋਰ ਗੱਲ। ਗੰਨੇ ਦੀ ਛਲਕਦੀ ਪੋਰੀ ਵਾਂਗ, ਇਹ ਕਹਾਣੀਆਂ ਰਸ ਨਾਲ ਭਰਪੂਰ, ਰੋਮਾਂਟਿਕ ਹੁੰਦੀਆਂ ਹਨ ਜੋ ਨਾਵਲੀ ਕਹਾਣੀਆਂ ਵਾਂਗ, ਸੁਣਨ ਵਾਲੇ ਦੀ ਰੂਹ ਨੂੰ ਆਨੰਦ-ਵਿਭੋਰ ਕਰ ਦਿੰਦੀਆਂ ਹਨ। ਇਹ ਕਹਾਣੀਆਂ ਸੁਣ-ਸੁਣ ਕੁਲਵੰਤ ਕੌਰ ਜੱਸਾ ਸਿੰਘ ਦੇ ਨਾਇਕਤਵ ਵੱਲ ਖਿੱਚੀ ਗਈ। ਜੱਸਾ ਸਿੰਘ ਸੁਹਣਾ ਨਹੀਂ ਸੀ ਤੇ ਉਮਰ ਵਿਚ ਵੀ ਵੱਡਾ ਸੀ ਤੇ ਸਗੋਂ ਕਾਫੀ ਵੱਡਾ ਸੀ। ਪਰ ਉਸ ਦਾ ਇਨਕਲਾਬੀ ਜੀਵਨ ਇਹੋ ਜਿਹੀਆਂ ਸਾਰੀਆਂ ਗੱਲਾਂ ਨੂੰ ਅੱਖੋਂ ਓਹਲੇ ਕਰ ਦਿੰਦਾ ਸੀ। ਸੋ ਜੱਸਾ ਸਿੰਘ ਨੂੰ ਉਹਨੇ ਆਪਣੇ ਵਰ ਵਜੋਂ ਚੁਣ ਲਿਆ ਸੀ।

ਲੋਕਾਂ ਨੂੰ ਹੈਰਾਨੀ ਹੋਈ।

''ਇਹ ਕਿਹੋ ਜਿਹਾ ਵਰ ਚੁਣਿਆ ਏ ਕੁਲਵੰਤ ਕੌਰ ਕੌਲ ਨੇ? ਇਹਨੂੰ ਇਹੋ ਲੱਭਾ ਸੀ?''

''ਮੇਲ ਨਹੀਂ ਉੱਕਾ ਕੋਈ। ਨਾ ਉਮਰ, ਨਾ ਸ਼ਕਲ-ਸੂਰਤ।''

''ਅਖੇ ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ ਵਿਆਹ ਕੇ ਲੈ ਗਿਆ ਤੂਤ ਦੀ ਛਟੀ।''

''ਇਹ ਤਾਂ ਉਹੀ ਗੱਲ ਐ ਜਿਵੇਂ ਕਿਸੇ ਪਰੀ ਨੂੰ ਕੋਈ ਜਿੰਨ ਹੀ ਲੈ ਕੇ ਉਡ ਜਾਵੇ।''

ਕਾਲਜ ਦੇ ਪ੍ਰੋਫੈਸਰ ਵੀ ਕੁਝ ਚੁੱਪ ਜਿਹੇ ਹੋ ਗਏ ਸਨ। ਉਨ੍ਹਾਂ ਨੂੰ ਇਹ ਗੱਲ ਜਿਵੇਂ ਬੜੀ ਹੀ ਬੇਢਬੀ ਲੱਗੀ।

''ਸਮਝ ਨਹੀਂ ਆਈ, ਇਹ ਕੀ ਸੋਚਿਆ ਕੌਲ ਨੇ! ਆਖਿਰ ਪਰਸਨੈਲਿਟੀ ਵੀ ਤਾਂ ਬੰਦੇ ਦੀ ਹੋਵੇ ਕੁਝ ਨਾ ਕੁਝ। ਆਪ ਏਨੀ ਸੁਹਣੀ ਐ, ਸਮਾਰਟ ਐ...।''

''ਕੀ ਇਹ ਅਣਵਿਆਹਿਆ ਹੀ ਸੀ ਅਜੇ, ਕਾਮਰੇਡ ਜੱਸਾ ਸਿੰਘ, ਏਡੀ ਵੱਡੀ ਉਮਰ ਦਾ? ਜਾਪਦਾ ਤਾਂ ਇਉਂ ਸੀ ਜਿਵੇਂ ਵਿਆਹਿਆ ਹੋਵੇ ਤੇ ਘੱਟੋ-ਘੱਟ ਚਾਰ ਜਾਂ ਪੰਜ ਬੱਚਿਆਂ ਦਾ ਬਾਪ ਹੋਵੇ।''

''ਸ਼ਾਇਦ ਅਣਵਿਆਹਿਆ ਈ ਹੋਵੇ। ਇਨਕਲਾਬੀ ਕਾਮਰੇਡ ਕਈ ਵਾਰੀ ਨਹੀਂ ਵੀ ਕਰਵਾਉਂਦੇ ਹੁੰਦੇ ਵਿਆਹ-ਵਿਊਹ।''

ਬੀਬੀ ਸਤਿਨਾਮ ਕੌਰ ਨੂੰ ਜਦੋਂ ਪਤਾ ਲੱਗਾ ਸੀ ਤਾਂ ਉਨ੍ਹਾਂ ਨੂੰ ਵੀ ਇਹ ਗੱਲ ਕੁਝ ਠੀਕ ਨਹੀਂ ਲੱਗੀ ਸੀ। ਉਨ੍ਹਾਂ ਨੇ ਹੈਰਾਨੀ ਨਾਲ ਕੁਲਵੰਤ ਕੌਰ ਨੂੰ ਆਖਿਆ, ''ਬੇਟਾ, ਕੁਲਵੰਤ, ਇਹ ਤੂੰ ਆਪਣੇ ਵਿਆਹ ਬਾਰੇ ਕੀ ਫੈਸਲਾ ਲਿਆ ਏ? ਜੱਸਾ ਸਿੰਘ, ਠੀਕ ਹੈ, ਲੋਕਾਂ ਲਈ ਲੜ ਰਿਹਾ ਹੈ, ਬਹਾਦਰ ਹੈ, ਸੰਗਰਾਮੀਆ ਹੈ, ਪਰ ... ਵਿਆਹ ਲਈ, ਕੁਲਵੰਤ ਬੇਟੀ, ਇਹ ਤੇਰੇ ਯੋਗ ਨਹੀਂ ਹੈ, ਇਕ ਤਾਂ ਉਮਰ ਵੱਡੀ ਹੈ, ਤੇਰੇ ਨਾਲੋਂ ਬਹੁਤ ਵੱਡੀ, ਦੂਜੇ ਰੰਗ-ਰੂਪ ਵੀ ਕੋਈ ਮਿਲਦੇ ਹੋਣੇ ਚਾਹੀਦੇ ਨੇ। ਤੇਰੀ ਜੋ ਸ਼ਖਸੀਅਤ ਐ, ਉਹਦੀ ਉਹ ਸ਼ਖਸੀਅਤ ਨਹੀਂ। ਕਿਥੇ ਉਹ, ਕਿਥੇ ਤੂੰ! ਕੀ ਕਹਿਣਗੇ ਲੋਕ ਮੈਨੂੰ? ਮੈਂ ਤੇਰੀ ਮਾਂ ਹਾਂ। ਤੇਰੀ ਸਭ ਤੋਂ ਵੱਡੀ ਹਿੱਤੂ। ਮੈਂ ਤਾਂ ਤੈਨੂੰ ਚੰਨ-ਸੂਰਜ ਜਿਹਾ ਵਰ ਮੇਚਣਾ ਚਾਹੁੰਦੀ ਆਂ ਜਿਸ ਨਾਲ ਤੂੰ ਖੜ੍ਹੀ-ਬੈਠੀ, ਫਿਰਦੀ-ਤੁਰਦੀ ਸੁਹਣੀ ਲੱਗੇਂ। ਪਰ... ਤੂੰ।''

ਕੁਲਵੰਤ ਕੌਰ ਬੋਲੀ, ''ਭੂਆ ਜੀ, ਜੋ ਕੁਝ ਤੁਸੀਂ ਕਹਿਨੇ ਓਂ, ਉਹ ਬਿਲਕੁਲ ਠੀਕ ਕਹਿਨੇ ਓਂ। ਮੈਨੂੰ ਤੁਹਾਡੀਆਂ ਭਾਵਨਾਵਾਂ ਦੀ ਪੂਰੀ-ਪੂਰੀ ਕਦਰ ਐ। ਭੂਆ ਜੀ, ਮੈਂ ਤੁਹਾਡੀ ਛਤਰ-ਛਾਇਆ ਹੇਠ ਪਲੀ ਆਂ। ਤੁਹਾਡੀ ਛਤਰ-ਛਾਇਆ ਹੇਠ ਹੀ ਮੇਰੀ ਦ੍ਰਿਸ਼ਟੀ ਬਣੀ ਐ। ਇਸੇ ਦ੍ਰਿਸ਼ਟੀ ਨਾਲ ਹੀ ਮੈਂ ਕਾਮਰੇਡ ਜੱਸਾ ਸਿੰਘ ਦੀ ਨਿਰਖ-ਪਰਖ ਕੀਤੀ ਹੈ। ਭੂਆ ਜੀ, ਮੈਂ ਕਾਮਰੇਡ ਦਾ ਬਾਹਰੀ ਰੂਪ ਨਹੀਂ ਦੇਖਿਆ, ਨਾ ਹੀ ਉਹਦੀ ਉਮਰ ਦੇਖੀ। ਮੈਂ ਤਾਂ, ਭੂਆ ਜੀ, ਉਹਦੇ ਕੇਵਲ ਵਿਚਾਰਾਂ ਦੇ ਸੁਹੱਪਣ ਦੇਖੇ। ਉਹਦੇ ਲੋਕਾਂ ਦੇ ਲੇਖੇ ਲੱਗੇ ਜੀਵਨ ਦੀ ਵਡਿਆਈ। ਉਹਦੇ ਉਚੇ ਤੇ ਇਨਕਲਾਬੀ ਕੰਮਾਂ ਦੀ ਉਚਿਆਈ ਦੇਖੀ। ਉਹਦੇ ਉਚੇ ਤੇ ਗੌਰਵਸ਼ਾਲੀ ਲਕਸ਼ ਦੀ ਮਹਾਨਤਾ।

''ਭੂਆ ਜੀ, ਮੈਂ ਜਜ਼ਬਿਆਂ ਦੇ ਵੇਗਾਂ ਵਿਚ ਨਹੀਂ ਰੁੜੀ, ਸੂਝ-ਬੂਝ ਤੋਂ ਕੰਮ ਲੈ ਕੇ ਇਹ ਫੈਸਲਾ ਕੀਤਾ ਹੈ। ਤੁਸੀਂ ਇਹ ਨਾ ਸੋਚਣਾ ਕਿ ਮੈਂ ਨਿਆਣਮੱਤ ਵਿਚ ਕੋਈ ਗਲਤੀ ਕਰ ਰਹੀ ਹੋਵਾਂਗੀ।''

''ਨਹੀਂ, ਇਹ ਮੈਂ ਨਹੀਂ ਸੋਚਦੀ। ਮੈਂ ਤਾਂ ਸਿਰਫ ਜੋੜੀ ਮਿਲਣ ਦੇ ਪੱਖੋਂ ਹੀ ਸੋਚ ਰਹੀ ਹਾਂ।''

''ਜੋੜੀ ਸਾਡੀ ਮਿਲਦੀ ਏ। ਜਦੋਂ ਸਾਡੀ ਸਮਝ-ਬੂਝ ਤੇ ਸੋਚ-ਵਿਚਾਰ ਮਿਲਦੇ ਨੇ ਤਾਂ ਸਾਰਾ ਕੁਝ ਈ ਮਿਲਦਾ ਏ। ਮੈਂ ਤਾਂ ਸੋਚ-ਵਿਚਾਰ ਨੂੰ ਹੀ, ਭੂਆ ਜੀ, ਪਹਿਲ ਦੇ ਰਹੀ ਆਂ। ਜਾਂ ਸੰਗਰਾਮੀਆ ਜੀਵਨ ਨੂੰ ਜੋ ਲੋਕਾਂ ਦੇ ਕਲਿਆਣ ਦੇ ਉਚੇ ਕਾਜ਼ ਦੇ ਲੇਖੇ ਲੱਗਾ ਹੈ। ਇਹ ਹੈ ਮੇਰੀ ਪਰਖਵੱਟੀ।''

''ਇਹ ਤਾਂ ਗੱਲ ਠੀਕ ਏ ਤੇਰੀ।''

''ਇਹੋ ਗੱਲ ਏ ਭੂਆ ਜੀ ਬੱਸ। ਵੱਡੀ ਗੱਲ ਇਹੋ ਈ ਏ।''

''ਚਲੋ, ਠੀਕ ਐ। ਜਿਵੇਂ ਤੇਰੀ ਮਰਜ਼ੀ।'' ਬੀਬੀ ਜੀ ਸਹਿਮਤ ਹੋ ਗਏ ਸਨ।

ਲੋਕੀ ਦੇਖ ਰਹੇ ਸਨ, ਕੁਲਵੰਤ ਕੌਰ, ਸ਼ਾਨ ਨਾਲ, ਆਪਣੇ ਜੀਵਨ-ਸਾਥੀ ਨਾਲ ਜੀਵਨ ਬਸਰ ਕਰ ਰਹੀ ਸੀ। ਉਹਦੇ ਮਨ ਦੀ ਦੁਨੀਆ ਵਿਚ ਹੋਰ ਵੀ ਸੁਹਣੇ ਹੋਣ ਦੇ ਅਹਿਸਾਸ ਵਿਚਰ ਰਹੇ ਸਨ।

ਐ ਮਾਲਿਕ ਕਿਸ ਕੇ ਬੰਦੇ ਹਮ?

ਸੋਮਾ ਸਬਲੋਕ

ਇਨਸਾਨ ਸਿਰਫ਼ ਤੇ ਸਿਰਫ਼ ਧਰਤੀ ਦਾ ਬਾਸ਼ਿੰਦਾ ਹੈ, ਉਸ ਧਰਤੀ ਦਾ ਜਿਸ ਨੂੰ ਰਾਜਾਂ ਤੇ ਦੇਸ਼ਾਂ ਦੀ ਹੱਦ ਵਿਚ ਬੰਨ੍ਹ ਦਿੱਤਾ ਗਿਆ ਹੈ। ਇੱਕ ਰਾਜ। ਦੇਸ਼ ਵਿਚ ਵੱਖ-ਵੱਖ ਲੋਕਾਂ ਨਾਲ ਭਾਵੇਂ ਕੁੱਝ ਵੱਖਰਾ ਹੋ ਰਿਹਾ ਹੋਵੇ, ਪਰ ਇਨਸਾਨੀਅਤ ਦੇ ਪੱਖੋਂ ਜੇਕਰ ਦੇਖਿਆ ਜਾਵੇ ਤਾਂ ਇਹ ਵਰਤਾਰਾ ਸਮੁੱਚੀ ਇਨਸਾਨੀਅਤ ਨਾਲ ਹੀ ਹੁੰਦਾ ਹੈ।

ਪਿਛਲੇ ਦਿਨੀਂ ਟੈਲੀਵਿਜ਼ਨ ਚਲਾਇਆ। ਖ਼ਬਰਾਂ ਵਾਲੇ ਚੈਨਲ 'ਤੇ ਜੋ ਦੇਖਿਆ, ਕਲੇਜਾ ਮੂੰਹ ਨੂੰ ਆ ਗਿਆ। ਇਹ ਸੀਨ ਤੀਸਰੀ ਵਾਰ ਅੱਖਾਂ ਮੂਹਰੇ ਆਇਆ ਸੀ। ਪਹਿਲੀ ਵਾਰ ਉਦੋਂ ਜਦੋਂ ਮਰਾਠੀ ਲੇਖਕ ਸ਼ਰਣ ਕੁਮਾਰ ਕਿੰਬਾਲੇ ਦੀ ਸਵੈ-ਜੀਵਨੀ 'ਅੱਕਰਮਾਸ਼ੀ' ਦਾ ਡਾ. ਸੁਰੇਂਦਰ ਅਜਨਾਤ ਪੰਜਾਬੀ ਵਿਚ ਉੱਲਥਾ ਕਰ ਰਹੇ ਸਨ ਤਾਂ ਅਚਾਨਕ ਉਹ ਭਾਵੁਕ ਹੋ ਗਏ। ਕਹਿਣ ਲੱਗੇ-ਦੇਖ, ਇਸ ਵਿਚ ਕੀ ਲਿਖਿਆ ਹੈ...। ਸਵੈ-ਜੀਵਨੀ ਲੇਖਕ ਦੇ ਘਰ ਗਰੀਬੀ ਦਾ ਨੰਗਾ ਨਾਚ....ਗੋਹੇ ਵਿਚੋਂ ਅਨਾਜ ਦੇ ਦਾਣੇ ਚੁੱਗ ਕੇ, ਧੋ ਕੇ, ਸੁਕਾ ਕੇ ਤੇ ਫੇਰ ਉਨ੍ਹਾਂ ਨੂੰ ਪੀਹਣਾ...ਬੋਅ ਮਾਰਦੀ ਰੋਟੀ...ਇਹ ਇਨਸਾਨੀਅਤ ਦਾ ਸੱਚ....ਇਹ ਇਨਸਾਨੀਅਤ ਦਾ ਸੱਚ.....ਅਸੀਂ ਦੋਵੇਂ ਜੀਅ ਬੜੇ ਭਾਵੁਕ ਹੋਏ ਤੇ ਆਖ਼ਰ ਰੋ ਹੀ ਪਏ...।

ਦੂਜੀ ਵਾਰ ਮਨ ਉਦੋਂ ਹਠਕੋਰੇ ਭਰਨ ਲੱਗਾ ਜਦੋਂ ਹੈਦਰਾਬਾਦ ਵਿਖੇ ਨੈਸ਼ਨਲ ਵਰਕਸ਼ਾਪ ਦੌਰਾਨ ਸੋਮਾਲੀਆ ਵਿਚ ਭੁੱਖ ਦੇ ਨੰਗੇ ਨਾਚ ਨਾਲ ਸਰਾਬੋਰ ਫਿਲਮ ਦੇਖੀ। ਇੱਕ ਪਾਸੇ ਬਾਦਸ਼ਾਹ ਦੀਆਂ ਚਾਂਦੀ ਦੀਆਂ ਕਾਰਾਂ ਦਾ ਕਾਫ਼ਲਾ, ਆਲੀਸ਼ਾਨ ਰਾਜ ਮੱਹਲ ਤੇ ਦੂਜੇ ਪਾਸੇ ਇੱਕ ਬੱਚਾ ਭੁੱਖਮਰੀ ਦਾ ਮਾਰਿਆ ਹੋਇਆ ਪੈਰਾਂ ਭਾਰ ਬੈਠਾ ਸੀ। ਉਸ ਵਿਚ ਤੁਰਨ ਦੀ ਐਨੀ ਹਿੰਮਤ ਨਹੀਂ ਸੀ ਕਿ ਉਹ ਰਾਹਤ ਕੈਂਪ ਤਕ ਜਾ ਕੇ ਰਾਹਤ ਸਮੱਗਰੀ ਲੈ ਸਕੇ। ਉਸ ਦੇ

ਵਰ ਦੀ ਲੋੜ

Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.
Email: baljitsall62@hotmail.com

ਕੰਨਿਆ ਦੀ ਲੋੜ

Jat Sikh parents from U.S, seeking match for their U.S born son, handsome, 29, 6'-0'', running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields.
E-mail: rnnahal@gmail.com

Matrimonial

ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

ਵਰ ਦੀ ਲੋੜ

ਖੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

---

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਖੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਵਰ ਦੀ ਲੋੜ

ਜੱਟ ਸਿੱਖ ਚੰਡੀਗੜ੍ਹ (ਭਾਰਤ) ਵਾਸੀ 31 ਸਾਲਾ 5'3" ਡੈਂਟਿਸ ਤੇ ਮਾਸਟਰਜ਼ ਆਫ਼ ਪਬਲਿਕ ਹੈਲਥ, ਸੋਹਣੀ-ਸੁੱਨਖੀ ਲੜਕੀ ਲਈ ਯੋਗ ਵਰ ਦੀ ਜਰੂਰਤ ਹੈ। ਲੜਕਾ ਕਨੇਡਾ ਦਾ ਪੱਕਾ ਵਾਸੀ ਜਾਂ ਸਿਟੀਜਨ ਹੋਣਾ ਚਾਹੀਦਾ ਹੈ। 011-91-98728-92317 (ਭਾਰਤ), 780-298-1234 (ਕਨੇਡਾ) 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੰਨਿਆ ਦੀ ਲੋੜ

Seeking beautiful & compatible match for handsome professionally qualified Assistant Professor, 4.12 AM, 18-11-12, 6', Ludhiana born boy from reputed family of Mullapur (LDH.) Father Associate Professor in Govt. College, having 16 acres of agricultural land and urban properties. Only son, two sisters married. Pretty and educated girl required. contact 98785-31166, navneen.mlp@gmail.com

Classified Plus

Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

SOLD

HOUSE FOR RENT

3 bedroom bungalow, 2 bathroom, double attached garage on Acreage property including utility in Beaumont. House has a location in front of shopping mall and golf course. Call: 780 929 9504.

RENTED

ਸਿਟੀ ਅਸਟੇਟਸ

City Estates

All Types of Property, Plots & Kothis available for Sale & Purchase in Chandigarh/Mohali/ Panchkula.

ਖਰੀਦ ਤੇ ਵੇਚ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
011 91 98147 11263 or 011 91 98729 73304

Fort Road Drycleaners

Dry cleaning Elegance...through pride of Craftsmanship



* Wedding Dresses * Leather
* Suede * Drapes * Sleeping Bags
* Quilts * Featuring Deluxe Shirts Service

Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4 780-478-1811

Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ
ਪ੍ਰਾਪਰਟੀ ਖਰੀਦਣ
ਜਾਂ ਵੇਚਣ ਲਈ
ਭਰੋਸੇਮੰਦ
ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ
ਫੋਨ ਕਰੋ।

PROFESSIONAL REALTY GROUP

Cell: 780-909-5154
9222-51 Avenue, Edmonton, AB T6E 5L8
Phone: 780-439-9818, Fax: 780-439-1257

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ ਲੜੀ ਨੰਬਰ : 8

ਵੇਖਿਆ ਸ਼ਹਿਰ ਬੰਬਈ

ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਅੱਜ ਫਿਲਮਿਸਤਾਨ ਸਟੂਡੀਓ ਵਿਚ ਇਕ ਗਾਣਾ ਫਿਲਮਾਉਣ ਲਈ ਸੈਟ ਲੱਗਿਆ ਹੋਇਆ ਸੀ। ਦੋ ਤਿੰਨ ਕਮਰਿਆਂ ਦਾ ਇਕ ਬਹੁਤ ਹੀ ਆਲੀਸ਼ਾਨ ਘਰ ਤੇ ਇਸ ਵਿਚ ਵਧੀਆ ਸਿਟਿੰਗ ਰੂਮ, ਮਖਮਲੀ ਗੱਦੇ, ਕਾਰਪੈਟ ਤੇ ਇਕ ਬਾਥਰੂਮ ਆਰਟ ਡਾਇਰੈਕਟਰ ਨੇ ਡਿਜ਼ਾਈਨ ਕੀਤਾ ਸੀ। ਮੈਂ ਵੀ ਪਿਛਲੇ ਦਸ ਦਿਨ ਤੋਂ ਬੰਬਈ ਆਇਆ ਹੋਇਆ ਹਾਂ।

ਕੈਮਰਾਮੈਨ ਸ਼ਾਹ ਜੀ ਹੁਣ ਜਦ ਵੀ ਮਦਰਾਸ ਤੋਂ ਫਿਲਮਿੰਗ ਲਈ ਆਉਂਦਾ ਹੈ ਤਾਂ ਉਹ ਹੋਟਲ ਹੀ ਠਹਿਰਦਾ ਹੈ ਅਤੇ ਜਿੰਨੇ ਦਿਨ ਸ਼ਾਹ ਜੀ ਹੋਟਲ ਵਿਚ ਠਹਿਰਦਾ ਉਨੇ ਦਿਨ ਸੁਖਵੰਤ ਵੀ ਉੱਥੇ ਹੀ ਆ ਟਿਕਦਾ ਹੈ। ਵੇਖੋ ਪਲਾਨ ਕਿਵੇਂ ਉਲਟਾ ਹੋ ਗਿਆ। ਸ਼ਾਹ ਜੀ ਨੂੰ ਸਾਈਨ ਕਰਨ ਵੇਲੇ ਤਾਂ ਸੁਖਵੰਤ ਨੇ ਇਹ ਕਿਹਾ ਸੀ ਕਿ ਉਹ ਜਦ ਮਦਰਾਸ ਤੋਂ ਆਇਆ ਕਰੇਗਾ ਤਾਂ ਉਸਦੇ ਫਲੈਟ ਵਿਚ ਉਹ ਠਹਿਰਿਆ ਕਰੇਗਾ ਪਰ ਹੁਣ ਜਿੰਨੇ ਦਿਨ ਸ਼ਾਹ ਜੀ ਹੋਟਲ ਠਹਿਰੇ ਸੁਖਵੰਤ ਉੱਥੇ ਸ਼ਿਫਟ ਹੋ ਜਾਵੇ। ਪ੍ਰੋਡਿਊਸਰ ਦੇ ਸਿਰ 'ਤੇ ਸਾਰਾ ਖਰਚਾ ਜੋ ਪੈਣਾ ਸੀ। ਹੱਦ ਹੋ ਗਈ ਸੀ ਬੇਸ਼ਰਮੀ ਦੀ...

ਖੈਰ ਤਿੰਨ ਚਾਰ ਦਿਨ ਤਾਂ ਹੋਟਲ ਦੇ ਕਮਰੇ ਵਿਚ ਬੀਅਰਾਂ ਤੇ ਚਾਹਾਂ ਦੇ ਦੌਰ ਵਿਚ ਇਹ ਫੈਸਲਾ ਹੁੰਦਾ ਰਿਹਾ ਕਿ ਗਾਣੇ ਨੂੰ ਫਿਲਮਾਉਣਾ ਕਿਵੇਂ ਹੈ ਤੇ ਇਸ ਤਰ੍ਹਾਂ ਇਹ ਸੈੱਟ ਲਾਉਣ ਦੀ ਸਕੀਮ ਤਿਆਰ ਹੋ ਗਈ ਸੀ ਜਦ ਕਿ ਇਹਨਾਂ ਚੀਜ਼ਾਂ ਦੀ ਪਲੈਨਿੰਗ ਬਹੁਤ ਪਹਿਲਾਂ ਹੀ ਕਰ ਲੈਣੀ ਚਾਹੀਦੀ ਸੀ। ਆਮ ਤੌਰ 'ਤੇ ਹੁੰਦਾ ਇਹ ਹੈ ਕਿ ਇਹੋ ਜਿਹੇ ਸੈੱਟਾਂ 'ਤੇ ਜਿੱਥੇ ਜਿੱਥੇ ਕਿਸੇ ਸੀਨ ਨੂੰ ਫਿਲਮਾਉਣਾ ਹੋਵੇ ਉਹਨਾਂ ਥਾਵਾਂ ਨੂੰ ਲੋੜ ਮੁਤਾਬਕ ਖੂਬਸੂਰਤੀ ਨਾਲ ਦਿਲਕਸ਼ ਬਣਾ ਲਿਆ ਜਾਂਦਾ ਹੈ, ਪਰ ਬਾਹਰੋਂ ਜਿਥੋਂ ਕੋਈ ਸ਼ਾਟ ਨਾ ਲੈਣਾ ਹੋਵੇ ਤਾਂ ਬੱਸ ਫੱਟੇ, ਬੱਲੀਆਂ ਤੇ ਟੁੱਟੇ ਫੁੱਟੇ ਲੱਕੜਾਂ ਦੇ ਟੁਕੜੇ ਹੀ ਵਿਖਾਈ ਦਿੰਦੇ ਹਨ। ਆਰਟ ਡਾਇਰੈਕਟਰ ਨਿਤਿਨ ਡਿਸਾਈ ਨੇ ਅੰਦਰ ਕਮਾਲ ਦੀ ਇੰਟੀਰੀਅਰ ਕੀਤੀ ਸੀ ਪਰ ਬਾਹਰੋਂ ਉੱਪਰ ਲਿਖੇ ਵਾਂਗ ਲੱਕੜਾਂ ਦੇ ਟੋਟੇ ਹੀ ਨਜ਼ਰ ਆ ਰਹੇ ਸਨ। ਅਚਾਨਕ ਸ਼ਾਹ ਜੀ ਤੇ ਸੁਖਵੰਤ ਦਾ ਇਰਾਦਾ ਬਦਲਦਾ ਹੈ ਤੇ ਉਹ ਡਾਂਸ ਡਾਇਰੈਕਟਰ ਸਰੋਜ ਖਾਨ ਨੂੰ ਬਾਹਰੋਂ ਸ਼ਾਟ ਲੈਣ ਲਈ ਵੀ ਮਜਬੂਰ ਕਰਦੇ ਹਨ, ਜਿਸ ਦਾ ਮਤਲਬ ਕਿ ਘਰ ਨੂੰ ਬਾਹਰੋਂ ਖੂਬਸੂਰਤ ਕਰਨ ਵਿਚ ਮੇਰਾ ਇਕ ਲੱਖ ਰੁਪਿਆ ਹੋਰ ਲੱਗਣਾ ਸੀ।

ਤੇ ਮੈਂ ਕੌਣ ਹੁੰਦਾ ਹਾਂ ਡਾਇਰੈਕਟਰ ਤੇ ਕੈਮਰਾਮੈਨ ਦੀ ਸੋਚ 'ਤੇ ਟਿੱਪਣੀ ਕਰਨ ਵਾਲਾ ਤੇ ਇਸ ਤਰ੍ਹਾਂ ਸ਼ਿਫਟਾਂ ਲੁਆ ਕੇ ਦੋ ਦਿਨ ਅੰਦਰ ਬਾਹਰ ਵੀ ਇਸਦੀ ਡੈਕੋਰੇਸ਼ਨ ਕਰ ਦਿੱਤੀ ਗਈ।

ਦੁੱਖ ਮੈਨੂੰ ਇਸ ਗੱਲ ਦਾ ਸਭ ਤੋਂ ਵੱਧ ਲੱਗਾ ਕਿ ਏਨਾ ਖਰਚਾ ਬਾਹਰ ਲਈ ਕਰਨ ਦੇ ਬਾਵਜੂਦ ਇਕ ਸਿੰਗਲ ਸ਼ਾਟ ਵੀ ਬਾਹਰ ਦਾ ਨਹੀਂ ਲਿਆ ਗਿਆ ਤੇ ਪੂਰਾ ਗਾਣਾ ਹੀ ਬੈਡਰੂਮ, ਲੌਂਜ ਤੇ ਬਾਥਰੂਮ ਵਿਚ ਫਿਲਮਾਇਆ ਗਿਆ। ਤਿੰਨ ਲੱਖ ਰੁਪਏ ਤੋਂ ਉੱਪਰ ਲੱਗ ਗਏ ਸਨ ਇਹ ਸੈਟ ਲਗਵਾਉਣ ਲਈ, ਡੇਢ ਲੱਖ ਤੋਂ ਉੱਪਰ ਸਿਰਫ ਵੇਸਟ ਕੀਤਾ ਗਿਆ ਸੀ ਸਹੀ ਪਲੈਨਿੰਗ ਨਾ ਹੋਣ ਕਰਕੇ। ਪਰ ਮੈਂ ਬੇਬਸ ਹੋ ਗਿਆ ਵੇਖੀਂ ਜਾ ਰਿਹਾ ਸਾਂ, ਫਿਲਮ ਨੂੰ ਸ਼ੂਟ ਕਿਵੇਂ ਕਰਨਾ ਹੈ ਇਸਦਾ ਸਿਰਫ਼ ਸੁਝਾਅ ਹੀ ਦੇ ਸਕਦਾ ਸਾਂ ਮੈਂ, ਮਜਬੂਰ ਨਹੀਂ ਸਾਂ ਕਰ ਸਕਦਾ। ਸੁਖਵੰਤ ਦੀਆਂ ਨਜ਼ਰਾਂ ਵਿਚ ਸ਼ਾਹ ਜੀ ਕਿਉਂਕਿ ਬਹੁਤ ਵੱਡਾ ਕੈਮਰਾਮੈਨ ਸੀ, ਇਸ ਲਈ ਉਹ ਉਸਦੀ ਹਰ ਗੱਲ ਮੰਨਦਾ ਸੀ, ਪਝੱਤਰ ਪ੍ਰਤੀਸ਼ਤ ਫਿਲਮ ਤਾਂ ਸ਼ਾਹ ਜੀ ਹੀ ਡਾਇਰੈਕਟ ਕਰ ਰਿਹਾ ਸੀ, ਸੁਖਵੰਤ ਤਾਂ ਸਿਰਫ ਉਸਦਾ ਚਿਮਚਾ ਹੀ ਸੀ। ਪਹਿਲੀ ਬੰਦ ਕੀਤੀ ਫਿਲਮ ਦਾ ਡਾਇਰੈਕਟਰ ਮੈਂ ਸੁਨੀਲ ਘੋਸ਼ ਲੈ ਲਿਆ ਸੀ ਜੋ ਬੰਗਾਲੀ ਸੀ ਤੇ ਡਾਕੂਮੈਂਟਰੀ ਫਿਲਮਾਂ ਬਣਾਉਂਦਾ ਆਇਆ ਸੀ ਤੇ ਇਸ ਨਵੀਂ ਫਿਲਮ ਦਾ ਪੰਜਾਬੀ ਮਿਲ ਗੋਭਾ ਮਰਦਾਸੀ ਲੈ ਲਿਆ ਸੀ ਜੋ ਕਿ ਆਰਟ ਫਿਲਮਾਂ ਬਣਾਉਂਦਾ ਆ ਰਿਹਾ ਸੀ।

ਫਿਲਮਾਂ ਦਾ ਸ਼ੌਕ ਬਹੁਤ ਹੀ ਅਵੱਲਾ ਹੈ ਜੋ ਇਕ ਦਿਨ ਰੋਗ ਬਣ ਕੇ ਰਹਿ ਜਾਂਦਾ ਹੈ। ਜਿਸ ਤਰ੍ਹਾਂ ਸਰੀਰ ਵਿਚ ਕਈ ਵਾਰੀ ਪਹਿਲੇ ਅਲਸਰ ਬਣਦਾ ਤੇ ਫਿਰ ਵਧ ਕੇ ਉਹ ਕੈਂਸਰ ਬਣ ਕੇ ਲਾਇਲਾਜ ਹੋ ਜਾਂਦਾ ਹੈ। ਇਹ ਫਿਲਮੀ ਰੋਗ ਵੀ ਕੁਝ ਇਸੇ ਤਰ੍ਹਾਂ ਦਾ ਬਣ ਜਾਂਦਾ ਹੈ ਇਕ ਦਿਨ। ਇਹ ਰੋਗ ਸਿਰਫ ਮੈਨੂੰ ਹੀ ਨਹੀਂ ਲੱਗਿਆ ਹੋਇਆ। ਅਨੇਕਾਂ ਸ਼ੌਕੀਨ ਲੋਕ ਬਾਹਰੋਂ ਬੰਬਈ ਆਉਂਦੇ ਹਨ। ਕੋਈ ਹੀਰੋ ਬਣਨ ਲਈ, ਕੋਈ ਹੀਰੋਇਨ, ਕੋਈ ਕਰੈਕਟਰ ਐਕਟਰ, ਕੋਈ ਸੰਗੀਤਕਾਰ ਤੇ ਕੋਈ ਡਾਇਰੈਕਟਰ।

... ਤੇ ਕਈ ਮੇਰੇ ਵਰਗੇ ਆ ਪਹੁੰਚਦੇ ਹਨ। ਪੈਸਾ ਬਰਬਾਦ ਕਰਦੇ ਹਨ, ਫਿਲਮਾਂ ਦੇ ਨਕਲੀ ਰੰਗਾਂ ਵਿਚ ਰੰਗੇ ਜਾਂਦੇ ਹਨ। ਰਾਤਾਂ ਨੂੰ ਚਕਾਚੌਂਧ ਕਰਨ ਵਾਲੀਆਂ ਰੌਸ਼ਨੀਆਂ, ਕਾਮਯਾਬ ਹੋ ਕੇ ਸਟਾਰ ਬਣ ਚੁੱਕੇ ਹੀਰੋ ਹੀਰੋਇਨਾਂ ਦੀ ਝਲਕ, ਸੋਹਣੇ ਖੂਬਸੂਰਤ ਚਿਹਰਿਆਂ ਦਾ ਸਾਥ ਉਹਨਾਂ ਨੂੰ ਮੱਕੜੀ ਜਾਲ ਵਿਚੋਂ ਨਿਕਲਣ ਨਹੀਂ ਦਿੰਦਾ, ਜਿੰਨੀ ਦੇਰ ਜੇਬ ਵਿਚ ਪੈਸਾ ਰਹਿੰਦਾ ਹੈ ਉਹ ਇਸੇ ਤਰ੍ਹਾਂ ਫਸਿਆ ਰਹਿੰਦਾ ਹੈ.... ਗਲੈਮਰ... ਰੌਸ਼ਨੀਆਂ...ਹੁਸੀਨ ਚਿਹਰੇ। ਇਸ ਜਾਲ ਵਿਚ ਫਸ ਕੇ ਅਨੇਕਾਂ ਲੋਕ ਤਬਾਹ ਹੋਏ ਹਨ। ਕਈਆਂ ਦੇ ਕਰੋੜਾਂ ਦੇ ਕਾਰੋਬਾਰ ਖਤਮ ਹੋਏ ਹਨ, ਕਈਆਂ ਦੇ ਘਰ ਬਰਬਾਦ ਹੋਏ ਹਨ, ਬੀਵੀ ਬੱਚਿਆਂ ਨੂੰ ਉਹਨਾਂ ਛੱਡ ਦਿੱਤਾ ਹੈ। ਆਸਮਾਨਾਂ 'ਤੇ ਉਡਦੀ ਉਹਨਾਂ ਦੀ ਜ਼ਿੰਦਗੀ ਦੀ ਪਤੰਗ ਪੈਰਾਂ ਵਿਚ ਰੁਲਦੀ ਵੇਖੀ ਹੈ ਮੈਂ। ਬੰਬਈ ਰਹਿੰਦਿਆਂ ਇਹੋ ਜਿਹੇ ਕਈ ਲੋਕਾਂ ਨਾਲ ਮੇਰਾ ਵਾਸਤਾ ਪਿਆ ਜਿਹੜੇ ਮੇਰੇ ਵਾਂਗ ਹੀ ਇਸ ਉਪਰਲੀ ਬਿਮਾਰੀ ਦੇ ਰੋਗੀ ਬਣੇ ਹੋਏ ਸਨ। ਕਿਹਦੀ ਕਿਹਦੀ ਗੱਲ ਦੱਸਾਂ, ਅਨੇਕਾਂ ਕਹਾਣੀਆਂ ਹਨ, ਅਨੇਕਾਂ ਦਰਦ ਹਨ, ਜਿਹਨਾਂ ਮੇਰਾ ਦਿਲ ਜ਼ਖਮੀ ਕੀਤਾ ਹੋਇਆ ਹੈ, ਵਲੂੰਧਰਿਆ ਹੋਇਆ ਹੈ, ਅੱਖਾਂ ਵਿਚੋਂ ਅੱਥਰੂਆਂ ਦੀ ਜਗ੍ਹਾ ਖੂਨ ਵਹਾਇਆ ਹੋਇਆ ਹੈ। ਉਹਨਾਂ ਦਿਨਾਂ ਵਿਚ ਇੰਗਲੈਂਡ ਵਿਚ ਪੰਜਾਬੀ ਭੰਗੜਾ ਮਿਊਜ਼ਿਕ ਨਵਾਂ ਨਵਾਂ ਬੜਾ ਹੀ ਚੱਲਣਾ ਸ਼ੁਰੂ ਹੋ ਗਿਆ ਸੀ ਭਾਵੇਂ ਇਸ ਦੀ ਸ਼ੁਰੂਆਤ ਕੁਝ ਸਾਲ ਪਹਿਲਾਂ ਅਲਾਪ ਗਰੁੱਪ ਦੇ ਚੰਨੀ ਨੇ ਕੀਤੀ ਸੀ ਜਿਸਦਾ ਇਹ ਗੀਤ, 'ਭਾਬੀਏ ਨੀ ਭਾਬੀਏ, ਨੱਚ ਭਾਬੀਏ' ਤੇ ਕੰਗ ਦਾ ਇਹ ਗਾਣਾ 'ਗਿੱਧਿਆਂ ਦੀ ਰਾਣੀਏ ਨੀ, ਗਿੱਧੇ ਵਿਚ ਆ, ਗਿੱਧੇ ਵਿਚ ਆ ਕੇ ਜ਼ਰਾ ਨੱਚ ਕੇ ਵਿਖਾ' ਹਰ ਪਾਰਟੀ ਵਿਚ ਰੰਗ ਬੰਨ੍ਹ ਰਹੇ ਸਨ।

ਇਹਨਾਂ ਤੋਂ ਬਾਅਦ ਫਿਰ ਆਏ ਬ੍ਰਮਿੰਘਮ ਦੇ ਦੋ ਗਰੁੱਪ ਇਕ 'ਆਪਣਾ ਸੰਗੀਤ' ਤੇ ਦੂਸਰਾ ਮੰਗਲ ਦਾ ਇਹ ਗੀਤ, ਜਿਸ ਦੇ ਬੋਲ ਕੁਝ ਇਸ ਤਰ੍ਹਾਂ ਹਨ,

'ਰਲ ਮੁੰਡਿਆਂ ਨੇ ਸਾਰੇ ਮਿਲ ਕੇ ਕੌਮੀ ਰੇਲ ਬਣਾਈ
ਆ ਜਾ ਸੋਹਣੀਏ ਸਾਡੀ ਰੇਲ ਗੱਡੀ ਆਈ
ਸਾਡੀ ਰੇਲ ਗੱਡੀ ਆਈ....

ਇਹ ਰੇਲ ਗੱਡੀ ਦਾ ਗੀਤ ਏਨਾ ਮਸ਼ਹੂਰ ਹੋਇਆ ਕਿ ਇਸ ਨੇ ਪੌਪ ਮਿਊਜ਼ਿਕ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਇਸ ਗੀਤ ਤੋਂ ਬਗੈਰ ਕੋਈ ਵੀ ਪਾਰਟੀ, ਪਾਰਟੀ ਨਹੀਂ ਸੀ ਹੁੰਦੀ। ਸਭ ਮਹਿਮਾਨ ਅੱਗੇ ਵਾਲੇ ਦਾ ਪਿਛਿਉਂ ਲੱਕ ਫੜ ਕੇ ਰੇਲ ਗੱਡੀ ਬਣਾਉਂਦੇ, ਕੂਕਾਂ ਮਾਰਦੇ, ਸੀਟੀਆਂ ਵਜਾਉਂਦੇ ਤੇ ਪਾਰਟੀਆਂ ਦਾ ਆਨੰਦ ਮਾਣਦੇ। ਮੈਂ ਇਸ ਭੰਗੜਾ ਗੀਤ ਨੂੰ ਆਪਣੀ ਫਿਲਮ ਵਿਚ ਲੈਣ ਦਾ ਮਨ ਬਣਾਇਆ ਹੋਇਆ ਸੀ ਤੇ ਇਸ ਗੀਤ ਦੀ ਕੈਸਿਟ ਵੀ ਮੈਂ ਰਾਮ ਲਕਸ਼ਮਨ ਤੇ ਉਸਦੇ ਮਿਊਜ਼ਿਕ ਅਰੇਂਜਰ ਉੱਤਮ ਸਿੰਘ ਨੂੰ ਦਿੱਤੀ ਹੋਈ ਸੀ ਜਿਹਨਾਂ ਇਸ ਨੂੰ ਅੱਗੇ ਫਿਲਮੀ ਸੰਗੀਤ ਵਿਚ ਤਿਆਰ ਕਰਨਾ ਸੀ।

ਇਸ ਗੀਤ ਦੀ ਕਾਮਯਾਬੀ ਤੋਂ ਬਾਅਦ ਮੰਗਲ ਵੀ ਉਹਨੀਂ ਦਿਨੀਂ ਬੰਬਈ ਦੇ ਫਿਲਮੀ ਸੰਗੀਤਕਾਰਾਂ ਕੋਲ ਅਪਣੀ ਆਵਾਜ਼ ਦੇਣ ਲਈ ਹੱਥ ਪੈਰ ਮਾਰ ਰਿਹਾ ਸੀ। ਮੇਰੀ ਤੇ ਮੰਗਲ ਦੀ ਇਸ ਭਟਕਣ ਵਿਚ ਵਾਹਵਾ ਦੋਸਤੀ ਹੋ ਗਈ ਸੀ। ਦੇਸੋਂ ਪਰਦੇਸ ਗਏ ਤੇ ਫਿਰ ਪਰਦੇਸੋਂ ਪਰਤੇ ਜਦ ਉਹ ਹੀ ਲੋਕ ਫਿਰ ਅਪਣੇ ਦੇਸ਼ ਮਿਲਦੇ ਹਨ ਤਾਂ ਸਾਂਝ ਕੁਝ ਹੋਰ ਹੀ ਹੁੰਦੀ ਹੈ। ਤੁਸੀਂ ਇਕ ਵੱਖਰੇ ਕਲਚਰ ਨੂੰ ਬਾਹਰ ਕਹਿ ਕੇ ਮਾਣਿਆ ਹੁੰਦਾ ਹੈ, ਤੁਹਾਡੀਆਂ ਆਦਤਾਂ ਬਦਲ ਚੁੱਕੀਆਂ ਹੁੰਦੀਆਂ ਹਨ ਤੇ ਤੁਹਾਨੂੰ ਕਈ ਦੇਸੀ ਆਦਤਾਂ ਫਿਰ ਚੰਗੀਆਂ ਨਹੀਂ ਲੱਗਦੀਆਂ। ਇਹੋ ਜਿਹੇ ਮੌਕੇ ਜਦ ਦੋ ਪਰਦੇਸੀ ਮਿਲਦੇ ਹਨ ਤਾਂ ਇੰਜ ਲੱਗਦਾ ਹੈ ਜਿਵੇਂ ਕੋਈ ਅਪਣਾ ਮਿਲ ਗਿਆ ਹੋਵੇ, ਦੋ ਵਿਛੜੇ ਦੋਸਤ ਮਿਲ ਗਏ ਹੋਣ। ਮੰਗਲ ਉਹਨੀਂ ਦਿਨੀਂ ਈਸਟ ਅੰਧੇਰੀ ਦੀ ਸ਼ੇਰੇ ਪੰਜਾਬ ਕਲੋਨੀ ਵਿਚ ਰਹਿੰਦਾ ਸੀ ਜਦ ਕਿ ਮੈਂ ਰੇਲਵੇ ਲਾਈਨ ਦੇ ਦੂਸਰੇ ਪਾਸੇ ਵੈਸਟ ਅੰਧੇਰੀ ਵਿਚ। ਉਸ ਵੀ ਮੇਰੇ ਵਾਂਗ ਹੀ ਕਿਰਾਏ ਦਾ ਇਹ ਫਲੈਟ ਲਿਆ ਹੋਇਆ ਸੀ, ਜਿਹੜਾ ਛੜਿਆਂ ਦਾ ਅੱਡਾ ਬਣਿਆ ਰਹਿੰਦਾ ਸੀ। ਇਕ ਬ੍ਰਮਿੰਘਮ ਤੋਂ ਤੇ ਦੂਸਰਾ ਲੰਡਨ ਤੋਂ, ਅਸੀਂ ਦੋ ਚਾਰ ਦਿਨ ਬਾਅਦ ਸ਼ਾਮਾਂ ਨੂੰ ਮਿਲਣਾ ਤੇ ਇਕੱਠਿਆਂ ਦਾਰੂ ਦੇ ਦੌਰ ਵਿਚ ਆਪੋ ਅਪਣੇ ਗਮਾਂ ਨੂੰ ਭੁਲਾਉਣ ਦੀ ਕੋਸ਼ਿਸ਼ ਕਰਨੀ। ਮੰਗਲ ਨੇ ਪੰਜਾਬ ਤੋਂ ਇਕ ਮੁੰਡਾ ਘਰ ਦੇ ਕੰਮ ਕਾਜ ਲਈ ਸੱਦਿਆ ਹੋਇਆ ਸੀ ਜਿਸਦਾ ਨਾਂ ਮਦਨ ਲਾਲ ਸੀ। ਮਦਨ ਨੇ ਆਇਆਂ ਮਹਿਮਾਨਾਂ ਦੀ ਦਿਲ ਲਾ ਕੇ ਸੇਵਾ ਕਰਨੀ। ਵਧੀਆ ਗਰਮ ਗਰਮ ਸਬਜ਼ੀ ਤੇ ਦਾਲਾਂ, ਫੁੱਲੇ ਹੋਏ ਗਰਮ ਫੁਲਕੇ ਸਾਨੂੰ ਘਰ ਦੀ ਯਾਦ ਦਿਵਾ ਦਿੰਦੇ ਸਨ। ਮਦਨ ਅਸਲ ਵਿਚ ਇੰਗਲੈਂਡ ਆਉਣ ਦੇ ਸੁਪਨੇ ਲੈ ਕੇ ਮੰਗਲ ਦੇ ਚਰਨੀਂ ਲੱਗਾ ਹੋਇਆ ਸੀ। ਉਸ ਫਲੈਟ ਦੀ ਸਫਾਈ ਕਰਨੀ, ਸਾਨੂੰ ਰੋਟੀ ਖੁਆ ਕੇ ਬਰਤਨ ਧੋਣੇ ਤੇ ਫਿਰ ਮੰਗਲ ਦੇ ਪੈਰ ਤੇ ਲੱਤਾਂ ਘੁੱਟਣ ਬੈਠ ਜਾਣਾ। ਮੰਗਲ ਤਾਂ ਉਸ ਨੂੰ ਇੰਗਲੈਂਡ ਲਿਆ ਨਾ ਸਕਿਆ ਪਰ ਬਾਅਦ ਵਿਚ ਸੁਰਗਵਾਸੀ ਮਸ਼ਹੂਰ ਪੰਜਾਬੀ ਪ੍ਰੋਡਿਊਸਰ, ਡਾਇਰੈਕਟਰ ਤੇ ਹੀਰੋ ਵਰਿੰਦਰ ਦੀ ਪਤਨੀ ਨੇ ਕਬੂਤਰ ਬਣਾ ਕੇ ਉਸ ਨੂੰ ਇੰਗਲੈਂਡ ਪਹੁੰਚਾ ਦਿੱਤਾ। ਅੱਜ ਕੱਲ੍ਹ ਮਦਨ ਲਾਲ ਸਾਊਥਾਲ ਵਿਚ ਬਿਲਡਰ ਬਣਿਆ ਖੂਬ ਪੈਸਾ ਕਮਾ ਰਿਹਾ ਹੈ।

'ਗੁੱਡ ਲਕ ਮਦਨ ਲਾਲ'

ਗੱਲ ਮੰਗਲ ਦੀ ਹੋ ਰਹੀ ਸੀ। ਮੈਂ ਉਸ ਨੂੰ ਅਪਣੇ ਹੀਰੋ ਜੈਕੀ ਨਾਲ ਮਿਲਾ ਕੇ, ਜੈਕੀ ਨੂੰ ਰਾਜ਼ੀ ਕਰਵਾ ਲਿਆ ਕਿ ਜੇ ਗੱਡੀ ਵਾਲੇ ਗਾਣੇ ਦਾ ਅਸਲੀ ਮਜ਼ਾ ਲੈਣਾ ਹੈ ਤਾਂ ਮੰਗਲ ਦੀ ਆਵਾਜ਼ ਹੀ ਬੈਕ ਗਰਾਊਂਡ ਵਿਚ ਸੂਟ ਕਰੇਗੀ। ਆਮ ਤੌਰ 'ਤੇ ਐਸਟੈਬਲਿਸਡ ਸਟਾਰ ਕਿਸੇ ਨਵੀਂ ਆਵਾਜ਼ ਨੂੰ ਮੌਕਾ ਦੇ ਕੇ ਅਪਣੀ ਇਮੇਜ਼ ਖਰਾਬ ਹੋ ਜਾਣ ਦਾ ਖਤਰਾ ਮੁੱਲ ਨਹੀਂ ਲੈਂਦੇ। ਜੈਕੀ ਨੂੰ ਅਸਲ ਵਿਚ ਮੈਂ ਪਹਿਲੇ ਹੀ ਇਸ ਗਾਣੇ ਦੀ ਕੈਸਿਟ ਦਿੱਤੀ ਹੋਈ ਸੀ ਤੇ ਉਸ ਜ਼ਰੂਰ ਇਸ ਨੂੰ ਕਈ ਵਾਰੀ ਸੁਣਿਆ ਹੋਵੇਗਾ। ਇਸੇ ਲਈ ਉਸ ਕੋਈ ਇਤਰਾਜ਼ ਨਾ ਕੀਤਾ ਤੇ ਝਟ ਰਾਜ਼ੀ ਹੋ ਗਿਆ। ਹੀਰੋ ਮੰਨ ਗਿਆ, ਸੰਗੀਤਕਾਰ ਮੰਨ ਗਿਆ, ਪ੍ਰੋਡਿਊਸਰ ਤੇ ਦੋਸਤ ਮੰਗਲ ਨੂੰ ਹੋਰ ਕੀ ਚਾਹੀਦਾ ਸੀ। ਇਸ ਤੋਂ ਪਹਿਲਾਂ ਮੰਗਲ ਦੀ ਨਿੱਜੀ ਜ਼ਿੰਦਗੀ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਸੀ ਤੇ ਨਾ ਹੀ ਇੰਗਲੈਂਡ ਰਹਿੰਦਿਆਂ ਮੈਂ ਕਦੇ ਉਸ ਨੂੰ ਮਿਲਿਆ ਸਾਂ। ਇਸ ਤਰ੍ਹਾਂ ਉਸ ਦੇ ਪਰਿਵਾਰ, ਬੀਵੀ ਬੱਚਿਆਂ ਬਾਰੇ ਵੀ ਮੈਨੂੰ ਕੋਈ ਜਾਣਕਾਰੀ ਨਹੀਂ ਸੀ।

ਇਕ ਦਿਨ ਅਚਾਨਕ ਇਕ ਗੋਰੀ ਚਿੱਟੀ ਖੂਬਸੂਰਤ ਪੰਜਾਬਣ ਔਰਤ ਮੇਰੇ ਫਲੈਟ ਵਿਚ ਆਈ ਤਾਂ ਮੈਂ ਕੁਝ ਹੈਰਾਨ ਹੋਇਆ ਪਰ ਕਿਉਂਕਿ ਮੰਗਲ ਦਾ ਨੌਕਰ ਮਦਨ ਲਾਲ ਉਸਦੇ ਨਾਲ ਸੀ ਇਸ ਲਈ ਮੈਂ ਗੱਲ ਨੂੰ ਕੁਝ ਸਮਝ ਨਾ ਸਕਿਆ, ਦੋਵਾਂ ਦੇ ਚਿਹਰੇ ਬੁਝਾਰਤ ਬਣੇ ਹੋਏ ਸਨ। ਅਸਲ ਵਿਚ ਮੈਨੂੰ ਨਹੀਂ ਸੀ ਪਤਾ ਕਿ ਮੰਗਲ ਪਿਛਲੇ ਕਈ ਮਹੀਨਿਆਂ ਤੋਂ ਅਪਣਾ ਇੰਗਲੈਂਡ ਵਿਚ ਕਾਮਯਾਬੀ ਨਾਲ ਚੱਲ ਰਿਹਾ ਸੰਗੀਤਕ ਪ੍ਰੋਗਰਾਮ ਦਾ ਕੰਮ ਤੇ ਉਸਦੀ ਬੀਵੀ ਵਲੋਂ ਚਲਾਈ ਜਾ ਰਹੀ ਦੁਕਾਨ ਨੂੰ ਉਸ ਇਕੱਲੀ ਉੱਪਰ ਛੱਡ ਕੇ ਬੰਬਈ ਟਿਕਿਆ ਹੋਇਆ ਸੀ।

ਇਹ ਮਿੱਠੇ ਬੋਲਾਂ ਵਾਲੀ ਔਰਤ ਮੰਗਲ ਦੀ ਬੀਵੀ ਸੀ ਜੋ ਪਿੱਛੇ ਬਰਮਿੰਘਮ ਵਿਚ ਅਪਣੇ ਦੁੱਖਾਂ ਦਾ ਬੋਝ ਨਾ ਸਹਾਰਦੀ ਹੋਈ ਮੰਗਲ ਨੂੰ ਵਾਪਸ ਘਰ ਆ ਜਾਣ ਲਈ ਤਰਲਾ ਕਰਨ ਆਈ ਸੀ।

ਕਹਿੰਦੇ ਨੇ ਕਿ ਗੱਲਾਂ 'ਚੋਂ ਗੱਲ ਨਿਕਲਦੀ ਹੈ। ਜਦ ਦਿਲਾਂ ਦੇ ਪਰਦੇ ਖੁੱਲ੍ਹਦੇ ਹਨ ਤਾਂ ਨਾਸੂਰ ਨਜ਼ਰ ਆਉਂਦੇ ਨੇ, ਜ਼ਖਮ ਰਿਸਦੇ ਵਿਖਾਈ ਦਿੰਦੇ ਹਨ। ਕੋਈ ਕਿਵੇਂ ਆਪਦੇ ਹਿਰਦਿਆਂ ਨੂੰ ਸਾਡੀ ਬੈਠਾ ਹੈ, ਕਿਸੇ ਦੀਆਂ ਖੂਬਸੂਰਤ ਅੱਖਾਂ ਕਿਵੇਂ ਵਿਛੋੜੇ ਵਿਚ ਰੋ ਰੋ ਕੇ ਕਾਲੀਆਂ ਸਿਆਹ ਬਣ ਜਾਂਦੀਆਂ ਹਨ, ਕਿਵੇਂ ਚਮਕਦੀਆਂ ਕਾਲੀਆਂ ਸਿਆਹ ਜ਼ੁਲਫਾਂ ਵਿਚੋਂ ਚਿੱਟੇ ਵਾਲਾਂ ਦੀਆਂ ਧਾਰੀਆਂ ਨਜ਼ਰ ਆਉਣ ਲੱਗ ਜਾਂਦੀਆਂ ਨੇ, ਇਹ ਮੈਨੂੰ ਮੰਗਲ ਦੀ ਬੀਵੀ ਨੂੰ ਮਿਲ ਕੇ ਹੀ ਪਤਾ ਲੱਗਿਆ। ਮਦਨ ਨੇ ਮੈਨੂੰ ਦੱਸਿਆ ਕਿ, "ਮੰਗਲ ਬਾਂਦਰਾ ਦੇ ਕਿਸੇ ਫਲੈਟ ਵਿਚ ਦੋ ਭੈਣਾਂ ਨੂੰ ਮਿਊਜ਼ਿਕ ਸਿਖਾਉਣ ਜਾਂਦਾ ਹੈ, ਸਾਰਾ ਦਿਨ ਉੱਥੇ ਹੀ ਰਹਿੰਦਾ ਹੈ ਤੇ ਕਈ ਵਾਰੀ ਰਾਤ ਨੂੰ ਵੀ ਉੱਥੇ ਹੀ ਸੌਂ ਜਾਂਦਾ ਹੈ। ਬੀਵੀ ਨੂੰ ਉਹ ਕਦੇ ਟੈਲੀਫੂਨ ਨਹੀਂ ਕਰਦਾ ਜਦਕਿ ਉਹ ਵਿਚਾਰੀ ਪਰੇਸ਼ਾਨ ਹੋਈ ਦਿਨ ਰ

ਦਾਰਾ ਸਿੰਘ : ਇਕ ਮਿੱਥ ਦਾ ਵਿਕਾਸ

ਜਦੋਂ ਦੇਸ਼ ਬਰਤਾਨਵੀ ਸਾਮਰਾਜੀ ਗੁਲਾਮੀ ਤੋਂ ਮੁਕਤ ਹੁੰਦਾ ਹੈ, ਉਦੋਂ ਦਾਰਾ ਸਿੰਘ ਉਨੱਤੀ ਵਰ੍ਹਿਆਂ ਦਾ ਭਰ ਜਵਾਨ ਗੱਭਰੂ ਸੀ ਤੇ ਇਕ ਪੇਸ਼ਾਵਰ ਭਲਵਾਨ ਵਜੋਂ ਉਭਰ ਰਿਹਾ ਸੀ। ਛੇਤੀ ਹੀ ਉਹ ਚਰਚਾ 'ਚ ਆ ਗਿਆ। ਦੱਖਣ-ਏਸ਼ੀਆਈ ਮੁਲਕਾਂ ਵਿਚ ਉਸ ਦੀ ਕੁਸ਼ਤੀ ਦੀ ਧੂੰਮ ਪੈ ਗਈ। ਦਰਅਸਲ, ਰਿਸ਼ਟ-ਪੁਸ਼ਟ ਭਾਰਤ ਦਾ ਸੁਪਨਾ ਦੇਸ਼ ਦੇ ਕੌਮੀ ਮੁਕਤੀ ਅੰਦੋਲਨ ਦਾ ਕੇਂਦਰੀ ਸੁਪਨਾ ਸੀ। ਮਾਝੇ ਦੇ ਪਿੰਡ ਧਰਮੂ ਚੱਕ ਦਾ 1928 ਨੂੰ ਜਨਮਿਆ ਇਹ ਭਲਵਾਨ ਇਸੇ ਸੁਪਨੇ ਦਾ ਪ੍ਰਤੀਕ ਬਣ ਗਿਆ। ਦੇਸ਼ ਦੀ ਰਾਜਸੀ ਆਜ਼ਾਦੀ ਦਾ ਲਾਭ ਲੈਣ ਵਾਲੇ ਵਰਗ ਸਭ ਤੋਂ ਪਹਿਲਾਂ ਸਰੀਰਕ-ਸਿਹਤ ਦੇ ਮਾਮਲੇ ਵਿਚ ਹੀ ਸਜੱਗ ਹੋਏ। ਉਨ੍ਹਾਂ ਦੇ ਸਾਹਮਣੇ ਛੇ ਫੁੱਟ ਕੱਦ ਦਾ ਇਕ ਦਰਸ਼ਨੀ ਗੱਭਰੂ ਭਲਵਾਨੀ ਦੇ ਖੇਤਰ ਵਿਚ ਮੱਲਾਂ ਮਾਰ ਰਿਹਾ ਸੀ। ਅਜਿਹੇ ਹੀ ਨੌਜਵਾਨ ਪੈਦਾ ਕਰਨੇ ਉਪਰੋਕਤ ਵਰਗ ਦਾ ਨਿਸ਼ਾਨਾ ਬਣ ਗਿਆ। ਦਾਰਾ ਸਿੰਘ ਰੋਲ-ਮਾਡਲ ਵਜੋਂ ਉਭਰਿਆ ਜਾਣ ਲੱਗਾ। ਜਦੋਂ ਦਾਰਾ ਸਿੰਘ ਦੇ ਦਿਹਾਂਤ ਉਪਰ ਸ਼ੋਕ ਪ੍ਰਤੀਕਰਮ ਆਉਣੇ ਆਰੰਭ ਹੋਏ ਤਾਂ ਫਿਲਮ ਅਭਿਨੇਤਾ ਓਮ ਪੁਰੀ ਸਮੇਤ ਬਹੁਤਿਆਂ ਨੇ ਕਿਹਾ ਕਿ ਬਚਪਨ ਵਿਚ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਦਾਰਾ ਸਿੰਘ ਦਾ ਹਵਾਲਾ ਦੇ ਕੇ ਚੰਗੀ ਖੁਰਾਕ (ਦੁੱਧ ਪੀਣ) ਲਈ ਪ੍ਰੇਰਿਤ ਕਰਦੇ ਸਨ। ਦਾਰਾ ਸਿੰਘ ਸਰੀਰਕ ਬਲ ਦਾ ਇਕ ਬੇਮਿਸਾਲ ਪ੍ਰਤੀਕ ਬਣ ਗਿਆ ਸੀ। ਉਸ ਦੇ ਨਾਂ 'ਤੇ 'ਤੂੰ ਆ ਗਿਆ ਵੱਡਾ ਦਾਰਾ ਸਿੰਘ' ਜਾਂ 'ਤੂੰ ਆਪਣੇ ਆਪ ਨੂੰ ਦਾਰਾ ਸਿੰਘ ਸਮਝਦੈਂ' ਵਰਗੀਆਂ ਲੋਕੋਕਤੀਆਂ ਪ੍ਰਚੱਲਤ ਹੋ ਗਈਆਂ ਸਨ।

ਸਥਾਨਕ ਅਖਾੜਿਆਂ, ਮੇਲਿਆਂ, ਛਿੰਝਾਂ ਵਿਚ ਆਪਣੀ ਕੁਸ਼ਤੀ ਦੇ ਜ਼ੌਹਰ ਦਿਖਾਉਣ ਮਗਰੋਂ 1947 ਵਿਚ ਦਾਰਾ ਸਿੰਘ ਸਿੰਗਾਪੁਰ ਚਲਾ ਗਿਆ। ਉਸ ਦਾ ਅਜਿਹਾ ਕਰਨਾ ਇਕ ਤਰ੍ਹਾਂ ਨਾਲ ਅਸਿੱਧੇ ਤੌਰ 'ਤੇ ਮਨੋਰੰਜਨ-ਸਨਅਤ ਵਿਚ ਪ੍ਰਵੇਸ਼ ਕਰਨਾ ਸੀ। ਕੁਆਲਾਲੰਪੁਰ ਵਿਚ ਉਸ ਨੇ ਨਾਮੀ ਭਲਵਾਨ ਤਰਲੋਕ ਸਿੰਘ ਨੂੰ ਹਰਾ ਕੇ ਮਲੇਸ਼ੀਅਨ ਚੈਂਪੀਅਨਸ਼ਿਪ ਦਾ ਖ਼ਿਤਾਬ ਜਿੱਤਿਆ। 1952 ਵਿਚ ਉਹ ਆਪਣੇ ਨਾਮ ਦਾ ਡੰਕਾ ਵਜਾ ਕੇ ਵਾਪਸ ਦੇਸ਼ ਪਰਤਿਆ ਤੇ 1954 ਵਿਚ ਭਾਰਤ ਦਾ ਚੈਂਪੀਅਨ ਵੀ ਬਣ ਗਿਆ। ਇਸ ਤੋਂ ਮਗਰੋਂ ਉਸ ਨੂੰ ਰੁਸਤਮ-ਏ-ਹਿੰਦ ਸਮੇਤ ਇਕ ਤੋਂ ਮਗਰੋਂ ਇਕ ਖ਼ਿਤਾਬ ਮਿਲਦੇ ਗਏ। ਫਰੀ ਸਟਾਈਲ ਕੁਸ਼ਤੀ ਵਿਚ ਉਸ ਨੇ ਕਾਮਨਵੈੱਲਥ ਦੇਸ਼ਾਂ ਦੇ ਟੂਰ ਦੌਰਾਨ ਕਿੰਗ ਕੌਂਗ, ਜੌਰਜ ਗੌਰਡਿਕੋ, ਜੌਹਨ ਡਿਸਿਲਵਾ ਨੂੰ ਵੀ ਸ਼ਿਕਸਤ ਦਿੱਤੀ ਤੇ 1959 ਵਿਚ ਉਹ ਕਾਮਨਵੈੱਲਥ ਦੇਸ਼ਾਂ ਦਾ ਵੀ ਅਜੇਤੂ ਪਹਿਲਵਾਨ ਬਣ ਗਿਆ। 1968 ਵਿਚ ਉਹ ਅਮਰੀਕਾ ਦੇ ਲੋ ਥੇਜਿਜ਼ ਨੂੰ ਹਰਾ ਕੇ ਵਿਸ਼ਵ ਚੈਂਪੀਅਨ ਬਣਿਆ। ਇਹ ਪ੍ਰਾਪਤੀ ਭਲਵਾਨ ਵਜੋਂ ਉਸ ਦੀ ਪ੍ਰਸਿੱਧੀ ਦਾ ਸ਼ਿਖਰ ਸੀ। ਵੱਡੇ-ਵੱਡੇ ਪੇਸ਼ਾਵਰ ਪਹਿਲਵਾਨ ਉਸ ਦਾ ਸਿੱਕਾ ਮੰਨਦੇ ਸਨ। ਪਰ ਦਾਰਾ ਸਿੰਘ ਓਲੰਪਿਕ ਵਰਗੇ ਕੌਮਾਂਤਰੀ ਖੇਡ ਮੁਕਾਬਲਿਆਂ ਤੋਂ ਦੂਰ ਆਪਣੇ ਫਰੀ-ਸਟਾਈਲ ਘੋਲ਼ ਹੀ ਘੁਲਦਾ ਰਿਹਾ, ਉਸ ਨੂੰ ਰੋਲ ਮਾਡਲ ਮੰਨਣ ਵਾਲਾ ਵਰਗ ਆਪਣੀ ਆਰਥਿਕ ਖੁਸ਼ਹਾਲੀ ਲਈ ਯਤਨਾਂ ਤੱਕ ਸੀਮਿਤ ਰਿਹਾ ਤੇ ਬਾਕੀ ਦਾ ਗਰੀਬ ਭਾਰਤ ਕੁਪੋਸ਼ਣ, ਭੁੱਖਮਰੀ ਤੇ ਦਲਿੱਦਰੀ ਨਾਲ ਘੁਲਣ ਲਈ ਛੱਡ ਦਿੱਤਾ ਗਿਆ। ਇੰਝ ਦਾਰਾ ਸਿੰਘ ਦੀ ਮਿੱਥ ਭਾਰਤ ਦੀ ਤੰਦਰੁਸਤੀ ਦਾ ਪ੍ਰਤੀਕ ਨਾ ਬਣ ਸਕੀ। ਦਾਰਾ ਸਿੰਘ ਦੀ ਪਛਾਣ ਸਮੁੱਚੇ ਭਾਰਤ ਦੀ ਪਛਾਣ ਨਾ ਬਣ ਸਕੀ। ਜਦੋਂ ਦਾਰਾ ਸਿੰਘ ਕੌਮਾਂਤਰੀ ਪੱਧਰ 'ਤੇ ਸਿਹਤਮੰਦ ਭਾਰਤ ਦਾ ਪ੍ਰਤੀਕ ਨਾ ਬਣ ਸਕਿਆ ਤਾਂ ਉਸ ਦੀ ਮਿੱਥ ਦਾ ਰੂਪਾਂਤਰਨ ਜ਼ਰੂਰੀ ਹੋ ਗਿਆ। ਦਾਰਾ ਸਿੰਘ ਦਾ ਨਵਾਂ ਅਵਤਾਰ 60ਵਿਆਂ ਵਿਚ ਫਿਲਮ ਸਟਾਰ ਦੇ ਰੂਪ ਵਿਚ ਸਾਹਮਣੇ ਆਇਆ। ਸਰੀਰਕ ਬਲ ਉਪਰ ਗਲੈਮਰ ਹਾਵੀ ਹੋਣ ਲੱਗਾ। ਭਾਰਤ ਵੀ ਆਪਣੀਆਂ ਨਕਾਮੀਆਂ ਗਲੈਮਰ ਦੇ ਪਰਦੇ ਪਿੱਛੇ ਛੁਪਾਉਣ ਲੱਗ ਪਿਆ ਅਤੇ ਆਜ਼ਾਦੀ ਦਾ ਲਾਭ ਉਠਾ ਕੇ ਰੱਜੀ-ਪੁੱਜੀ ਸ਼੍ਰੇਣੀ ਨੂੰ ਚਮਕ-ਦਮਕ ਆਕ੍ਰਸ਼ਿਤ ਕਰਨ ਲੱਗੀ। ਸਿਹਤ-ਸਰੋਕਾਰਾਂ ਵੱਲ ਭਾਰਤ ਦੇ ਉਪਰਲੇ ਸਮਾਜੀ ਤੇ ਰਾਜਸੀ ਵਰਗਾਂ ਦੇ ਪਿੱਠ ਭੁਆ ਲਈ। ਹੁਣ ਦਾਰਾ ਸਿੰਘ ਦਾ ਨਵਾਂ ਫਿਲਮੀ ਰੂਪ ਅਤੇ ਭਾਰਤ ਦਾ ਨਵਾਂ ਸਮਾਜਿਕ-ਰਾਜਸੀ ਏਜੰਡਾ ਇਕ ਦੂਜੇ ਦੇ ਪੂਰਕ ਬਣ ਗਏ।

ਦਾਰਾ ਸਿੰਘ ਨੇ 1962 ਵਿਚ 'ਸੰਗਦਿਲ' ਫਿਲਮ ਨਾਲ ਸਿਨੇਮਾ ਜਗਤ ਵਿਚ ਕਦਮ ਰੱਖਿਆ। ਇਸ ਉਪਰੰਤ ਉਸ ਨੇ 'ਜਬ ਵਈ ਮੈੱਟ' ਤੱਕ ਦਰਜਨਾਂ ਹਿੰਦੀ ਤੇ ਪੰਜਾਬੀ ਫਿਲਮਾਂ ਵਿਚ ਨਾਇਕ ਅਤੇ ਸਹਾਇਕ ਕਲਾਕਾਰ ਦੀਆਂ ਭੂਮਿਕਾਵਾਂ ਨਿਭਾਈਆਂ ਤੇ ਖੁਦ ਵੀ ਫਿਲਮਾਂ ਦਾ ਨਿਰਮਾਣ ਕੀਤਾ। ਗਲੈਮਰ ਨਾਇਕਾ ਮੁਮਤਾਜ਼ ਨਾਲ ਉਸ ਦੀ ਜੋੜੀ ਵੀ ਮਕਬੂਲ ਰਹੀ। ਪ੍ਰੰਤੂ ਕੁੱਲ ਮਿਲਾ ਕੇ ਦਾਰਾ ਸਿੰਘ ਦਾ ਫਿਲਮੀ ਕੈਰੀਅਰ ਔਸਤ ਦਰਜੇ ਦਾ ਹੀ ਰਿਹਾ। ਫਿਲਮਾਂ ਵਿਚ ਉਭਰ ਰਹੇ ਨਵੇਂ ਧੱਕਾ-ਮੁੱਕੀ ਤੇ ਚਮਕ-ਦਮਕ ਕਲਚਰ ਵਿਚ ਉਸ ਦੇ ਗੁਆਚ ਜਾਣ ਦੀਆਂ ਪੂਰੀਆਂ ਸੰਭਾਵਨਾਵਾਂ ਮੌਜੂਦ ਸਨ ਤੇ ਇਵੇਂ ਹੀ ਵਾਪਰਿਆ। ਫਿਲਮ ਇੰਡਸਟਰੀ ਵਿਚ ਦਾਰਾ ਸਿੰਘ ਕਿਸੇ ਸ਼ਿਖਰ ਨੂੰ ਤਾਂ ਨਾ ਛੂਹ ਸਕਿਆ ਪਰ ਬੀਤੇ ਦਾ ਭਲਵਾਨ ਲੋਕਾਂ ਦੀਆਂ ਨਜ਼ਰਾਂ ਵਿਚ ਇਕ ਨਵਾਂ ਬਿੰਬ ਲੈ ਕੇ ਸਨਮਾਨ ਜ਼ਰੂਰ ਹਾਸਲ ਕਰਦਾ ਰਿਹਾ। ਭਲਵਾਨ ਦਾਰਾ ਸਿੰਘ ਨੇ ਜੋ ਚੁਣੌਤੀਆਂ ਆਪਣੇ ਸਮਕਾਲੀ ਭਲਵਾਨਾਂ ਅੱਗੇ ਪੇਸ਼ ਕੀਤੀਆਂ ਸਨ, ਉਹ ਚੁਣੌਤੀਆਂ ਅਭਿਨੇਤਾ ਦਾਰਾ ਸਿੰਘ ਆਪਣੇ ਸਮਕਾਲੀ ਫਿਲਮੀ 'ਸਿਤਾਰਿਆਂ' ਨੂੰ ਪੇਸ਼ ਨਹੀਂ ਕਰ ਸਕਿਆ। 80ਵਿਆਂ ਵਿਚ ਦੇਸ਼ ਦੇ ਰਾਜਸੀ ਅਤੇ ਸਭਿਆਚਾਰਕ ਮੰਚ ਉਪਰ ਦੋ ਵਿਸ਼ੇਸ਼ ਘਟਨਾਵਾਂ ਵਾਪਰਦੀਆਂ ਹਨ। ਰਾਜਸੀ ਮੰਚ ਉਪਰ ਹਿੰਦੂਤਵ ਦੀਆਂ ਤਾਕਤਾਂ ਜ਼ੋਰ ਫੜਨ ਲਗਦੀਆਂ ਹਨ ਅਤੇ ਸਭਿਆਚਾਰਕ ਮੰਚ 'ਤੇ ਟੀ.ਵੀ ਉਪਰ 'ਰਮਾਇਣ' ਦਾ ਪ੍ਰਸਾਰਣ ਸ਼ੁਰੂ ਹੁੰਦਾ ਹੈ। ਇਨ੍ਹਾਂ ਨਵੀਆਂ ਪ੍ਰਸਥਿਤੀਆਂ ਵਿਚ ਦਾਰਾ ਸਿੰਘ ਇਕ ਵਾਰ ਫਿਰ ਇਕ ਨਵੇਂ ਰੂਪ ਵਿਚ ਉਭਰਦਾ ਹੈ। ਇਹ ਨਵਾਂ ਰੂਪ ਬੇਹੱਦ ਮਹੱਤਵਪੂਰਨ ਹੈ ਕਿਉਂਕਿ ਇਹੋ ਦਾਰਾ ਸਿੰਘ ਦੇ ਸਮੁੱਚੇ ਜੀਵਨ ਤੇ ਕੁੱਲ ਪ੍ਰਾਪਤੀਆਂ ਦਾ ਸਾਰ ਹੋ ਨਿਬੜਦਾ ਹੈ। ਉਹ ਰਾਮਾਨੰਦ ਸਾਗਰ ਦੇ ਲੋਕਪ੍ਰਿਯ ਲੜੀਵਾਰ 'ਰਮਾਇਣ' ਵਿਚ ਅਨਿੰਨ ਰਾਮ ਭਗਤ ਹਨੂੰਮਾਨ ਦੀ ਭੂਮਿਕਾ ਨਿਭਾਉਂਦਾ ਹੈ। ਹਾਲਾਂਕਿ ਉਹ ਅਜੇ ਵੀ ਇਕ ਅਦਾਕਾਰ ਹੀ ਹੈ ਤੇ ਬੀਤੇ ਸਮਿਆਂ ਦਾ ਭਲਵਾਨ ਹੈ, ਪਰ ਲੋਕ ਉਸ ਦੇ ਜੀਵਨ ਦੇ ਇਨ੍ਹਾਂ ਦੋਵਾਂ ਪੱਖਾਂ ਨੂੰ ਜਿਵੇਂ ਭੁੱਲ ਹੀ ਗਏ ਹੋਣ। ਲੋਕ ਉਸ ਨੂੰ ਸਾਖਿਆਤ ਹਨੂੰਮਾਨ ਹੀ ਸਮਝਦੇ ਹਨ। ਜ਼ਿਕਰਯੋਗ ਹੈ ਕਿ ਜਦੋਂ ਦਾਰਾ ਸਿੰਘ ਦੀ ਮੌਤ ਹੋਈ ਤੇ ਟੀ.ਵੀ ਚੈਨਲਾਂ ਨੇ ਉਸ ਦੀ ਚਰਚਾ ਕਰਨੀ ਸ਼ੁਰੂ ਕੀਤੀ ਤਾਂ ਇਉਂ ਜਾਪਦਾ ਸੀ ਜਿਵੇਂ ਚਰਚਾ ਦਾਰਾ ਸਿੰਘ ਦੀ ਨਾ ਹੋ ਕੇ ਰਮਾਇਣ ਦੇ ਮਿੱਥਕ ਚਰਿੱਤਰ ਹਨੂੰਮਾਨ ਦੀ ਹੀ ਹੋ ਰਹੀ ਹੋਵੇ। ਉਂਝ ਵੀ ਦੇਸ਼ ਦੇ ਬਹੁਕੌਮੀ ਕੰਪਨੀਆਂ ਦੀ ਵਿਸ਼ਵੀਕਰਨ ਨੂੰ ਪ੍ਰਣਾਈਆਂ ਉਦਾਰਵਾਦੀ ਨੀਤੀਆਂ ਦੀ ਗ੍ਰਿਫਤ ਵਿਚ ਆ ਰਹੇ ਸਮਾਜਿਕ ਤੇ ਰਾਜਸੀ ਯਥਾਰਥ ਨੂੰ ਦਾਰਾ ਸਿੰਘ ਨਾਲੋਂ ਹਨੂੰਮਾਨ ਦੀ ਹੀ ਵਧੇਰੇ ਲੋੜ ਸੀ, ਜੋ ਬਿਨਾਂ ਕਿਸੇ ਹੀਲ-ਹੁੱਜਤ ਤੋਂ ਆਪਣੇ ਮਾਲਕਾਂ ਦੀ ਸੇਵਾ ਵਿਚ ਜੁਟਿਆ ਰਹਿੰਦਾ ਹੈ ਤੇ ਭਾਰਤ ਦੇ ਨਵੇਂ ਮਾਲਕ ਭਾਰਤੀ ਅਵਾਮ ਤੋਂ ਵੀ ਤਵੱਕੇ ਰੱਖਦੇ ਸਨ ਕਿ ਉਹ ਉਨ੍ਹਾਂ ਦੀ ਸੇਵਾ ਲਈ ਭਗਤ ਹਨੂੰਮਾਨ ਵਾਂਗ ਸਦਾ ਤਤਪਰ ਰਹਿਣ। ਇਸ ਸਬੰਧ ਵਿਚ ਹਿੰਦੂਤਵ ਉਦਾਰਵਾਦੀ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਦਾ ਇਕ ਰਾਜਸੀ ਮੰਚ ਹੈ ਤੇ ਇਸੇ ਹਿੰਦੂਤਵ ਦਾ ਪ੍ਰਤੀਨਿੱਧਤਵ ਕਰਦੀ ਪ੍ਰਮੁੱਖ ਰਾਜਸੀ ਪਾਰਟੀ, ਭਾਰਤੀ ਜਨਤਾ ਪਾਰਟੀ ਵੱਲੋਂ ਦਾਰਾ ਸਿੰਘ ਨੂੰ 2003 ਵਿਚ ਰਾਜ ਸਭਾ ਦਾ ਮੈਂਬਰ ਚੁਣ ਕੇ ਵੀ ਭੇਜਿਆ ਗਿਆ। ਇਉਂ ਇਕ ਮਹਾਂਬਲੀ ਦਾ ਪੂਰਾ ਜੀਵਨ ਇਕ ਵਿਸ਼ੇਸ਼ ਸਮਾਜੀ-ਰਾਜਸੀ ਪ੍ਰਬੰਧ ਦੀ ਸੇਵਾ ਦੇ ਸ਼ਿਖਰ 'ਤੇ ਪਹੁੰਚ ਕੇ ਸਮਾਪਤ ਹੋ ਗਿਆ।

ਦਿਹਾਂਤ ਸਮੇਂ ਦਾ ਦਾਰਾ ਸਿੰਘ ਤੇ ਤਤਕਾਲੀ ਭਾਰਤ ਇਕ ਵਾਰ ਫਿਰ ਇਕ ਦੂਜੇ ਨਾਲ ਸਮਾਨਤਾ ਦਾ ਪ੍ਰਭਾਵ ਦੇਣ ਲਗਦੇ ਹਨ। ਇਕ ਪਾਸੇ ਪ੍ਰਿੰਟ ਤੇ ਇਲੈਕਟ੍ਰੌਨਿਕ ਮੀਡੀਆ ਵਿਚ ਇਕ 'ਨਾਂ' ਦੀ ਚਰਚਾ ਅਤੇ ਦੂਜੇ ਪਾਸੇ ਇਕ ਜ਼ਰਜ਼ਰ ਸਰੀਰ। ਇਕ ਪਾਸੇ 'ਸ਼ਾਈਨਿੰਗ ਇੰਡੀਆ' ਅਥਵਾ ਚਮਕਦਾ ਤੇ ਉਭਰਦਾ ਹੋਇਆ ਮੀਡੀਆ ਮੁਖੀ ਭਾਰਤ ਤੇ ਦੂਜੇ ਪਾਸੇ ਭਾਰਤ ਦੀ ਗਰੀਬੀ, ਮਹਿੰਗਾਈ, ਭੁੱਖਮਰੀ, ਕੁਪੋਸ਼ਣ ਤੇ ਹੋਰ ਹਰ ਤਰ੍ਹਾਂ ਦੇ ਸ਼ੋਸ਼ਨ ਦੀ ਚੱਕੀ 'ਚ ਪਿਸ ਰਹੀ ਭਾਰਤ ਦੀ ਆਮ ਜਨਤਾ। ਦਰਅਸਲ, ਆਜ਼ਾਦੀ ਮਗਰੋਂ ਦਾ ਭਾਰਤ ਤੇ ਦਾਰਾ ਸਿੰਘ ਦੀ ਮਿੱਥ ਇਕ ਦਜੇ ਦੇ ਸਮਵਿੱਥ ਹੀ ਚੱਲਦੇ ਰਹੇ ਹਨ।

ਪ੍ਰੋ. ਨਵੀਨ ਰਮਨ

ਮਨੁੱਖਤਾ ਉਤੇ ਜਾਤੀਵਾਦ ਕਿਉਂ ਭਾਰੂ?

ਸੱਤਿਆ ਮੇਵ ਜਯਤੇ ਦੀ 8 ਜੁਲਾਈ ਦੀ ਤਾਜਾ ਕੜੀ ਵਿਚ ਜਾਤੀਵਾਦ ਤੇ ਛੂਆਛਾਤ ਦੇ ਗੰਭੀਰ ਮੁੱਦੇ ਨੂੰ ਬੜੇ ਵੱਧੀਆ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਗਿਆ। ਪ੍ਰੋਗਰਾਮ ਨੂੰ ਦੇਖਦੇ ਹੋਏ ਰੌਂਗਟੇ ਖੜ੍ਹੇ ਹੁੰਦੇ ਸਨ ਕਿ ਸਾਡੇ ਸਮਾਜ ਦਾ ਕੀ ਹਾਲ ਹੈ। ਇਨਸਾਨ ਨੂੰ ਉਸਦੀ ਇਨਸਾਨੀਅਤ ਨਾਲ ਨਹੀਂ ਬਲਕਿ ਉਸਨੂੰ ਉਸਦੀ ਜਾਤ ਨਾਲ ਪਹਿਚਾਣਿਆ ਜਾਂਦਾ ਹੈ। ਪ੍ਰੋਗਰਾਮ ਵਿਚ ਮੁਢੇਰ ਦੀ ਇਕ ਦਲਿਤ ਔਰਤ ਦੀ ਜ਼ੁਬਾਨੀ ਦੇਖਿਆ ਗਿਆ ਕਿ ਉਨ੍ਹਾਂ ਲੋਕਾਂ ਨੂੰ ਨਦੀ ਦੇ ਹੇਠਲੇ ਹਿੱਸੇ ਦਾ ਪਾਣੀ ਪੀਣ ਲਈ ਦਿੱਤਾ ਜਾਂਦਾ ਹੈ, ਤਾਂ ਜੋ ਪਾਣੀ ਉਨ੍ਹਾਂ ਦੇ ਪੀਣ ਨਾਲ ਜੂਠਾ ਨਾ ਹੋ ਜਾਵੇ। ਕਈ ਵਾਰ ਤਾਂ ਉਚ ਜਾਤੀ ਦੀਆਂ ਔਰਤਾਂ ਉਸ ਜਗ੍ਹਾ ਉਤੇ ਕੱਚ ਦੇ ਟੁਕੜੇ ਵੀ ਪਾ ਦਿੰਦੀਆਂ ਹਨ। ਹਰਿਆਣਾ ਦੀ ਇਕ ਸਫਲ ਦਲਿਤ ਔਰਤ ਦੀ ਕਹਾਣੀ ਸੁਣ ਕੇ ਬੜਾ ਅਜੀਬ ਲੱਗਾ ਕਿ ਅਸੀਂ ਕਿਸ ਸਮਾਜ ਨਾਲ ਸਬੰਧਤ ਹਾਂ। ਡਾ. ਕੌਸ਼ਲ ਪੋਵਾਰ ਜਿਸ ਨੇ ਸੰਸਕ੍ਰਿਤ ਵਿਚ ਪੀ ਐਚ ਡੀ ਕੀਤੀ ਹੈ, ਦੀ ਸਫਲਤਾ ਦੀ ਕਹਾਣੀ ਸੁਣਦੇ ਹੀ ਬਣਦੀ ਹੈ ਕਿ ਇਕ ਮਨੁੱਖ ਦੂਜੇ ਮਨੁੱਖ ਦਾ ਜਾਤਪਾਤ ਦੇ ਆਧਾਰ 'ਤੇ ਹੀ ਕਿਉਂ ਵੈਰੀ ਹੈ। ਸਕੂਲ ਵਿਚ ਉਹ ਉਚ ਜਾਤੀਆਂ ਦੇ ਬੱਚਿਆਂ ਤੋਂ ਮਜਾਕ ਦੀ ਪਾਤਰ ਬਣਦੀ ਸੀ ਕਿ ਉਹ ਲੋਕ ਨੀਵੀਂ ਜਾਤੀ ਦੇ ਹਨ ਤੇ ਉਹਨਾਂ ਦਾ ਕੰਮ ਕੇਵਲ ਲੋਕਾਂ ਦਾ ਗੰਦ ਚੁੱਕਣਾ ਹੀ ਹੈ। ਹਰਿਆਣੇ ਦੇ ਉਸ ਸਕੂਲ ਵਿਚ ਪੱਛੜੀ ਸ਼੍ਰੇਣੀ ਵਾਸਤੇ ਵੱਖਰੀ ਨੀਲੀ ਵਰਦੀ ਸੀ ਅਤੇ ਉਚ ਜਾਤੀ ਦੇ ਲਈ ਵੱਖਰੀ ਗੁਲਾਬੀ ਤੇ ਚਿੱਟੀ, ਤਾਂ ਜੋ ਦਲਿਤ ਜਾਤੀ ਦੇ ਬੱਚੇ ਦਾ ਦੂਰੋਂ ਹੀ ਪਤਾ ਲੱਗ ਸਕੇ। ਡਾਕਟਰ ਕੌਸ਼ਲ ਦੀ ਇਸ ਗੱਲ ਤੋਂ ਬੜੀ ਹੈਰਾਨੀ ਹੁੰਦੀ ਹੈ ਕਿ ਸਾਡੇ ਦੇਸ਼ ਦੀ ਉਚ ਸ਼੍ਰੇਣੀਆਂ ਵਿਚ ਗਿਣੀ ਜਾਂਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਵਿਚ ਵੀ ਜਾਤਪਾਤ ਹਾਵੀ ਹੈ। ਡਾ. ਕੌਸ਼ਲ ਤੋਂ ਇਹ ਜਾਣ ਕੇ ਹੈਰਾਨੀ ਹੋਈ ਕਿ ਇਹ ਜਾਤਪਾਤ ਨਹੀਂ ਹੱਟਦੀ ਚਾਹੇ ਤੁਸੀਂ ਜਿੰਨੀ ਮਰਜ਼ੀ ਪੜ੍ਹਾਈ ਕਰ ਲਵੋ। ਇਸ ਦਲਿਤ ਔਰਤ ਨੇ ਦੱਸਿਆ ਕਿ ਜਦੋਂ ਉਸਨੂੰ ਇਸ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ ਤਾਂ ਉਸ ਨੇ ਯੂਨੀਵਰਸਿਟੀ ਦੇ ਨੇੜੇ ਘਰ ਲਿਆ। ਇਕ ਦਿਨ ਜਦੋਂ ਉਹ ਸ਼ਾਮ ਨੂੰ ਘਰ ਆਈ ਤਾਂ ਉਸ ਦੀ ਮਕਾਨ ਮਾਲਕਣ ਉਸਦੀ ਮਾਂ ਤੋਂ ਆਪਣੇ ਘਰ ਦਾ ਵਿਹੜਾ ਸਾਫ ਕਰਵਾ ਰਹੀ ਸੀ। ਜਦੋਂ ਡਾਕਟਰ ਕੌਸ਼ਲ ਨੇ ਇਸ ਬਾਰੇ ਮਕਾਨ ਮਾਲਕਣ ਨਾਲ ਗੱਲ ਕੀਤੀ ਤਾਂ ਉਸ ਨੂੰ ਜਵਾਬ ਮਿਲਿਆ ਕਿ ਤੁਹਾਨੂੰ ਤੁਹਾਡੀ ਜਾਤ ਦੇ ਆਧਾਰ 'ਤੇ ਕੰਮ ਕਰਨਾ ਹੀ ਪਵੇਗਾ। ਇਹ ਇਸ ਘਰ ਦੀ ਗੱਲ ਨਹੀਂ। ਡਾ. ਕੌਸ਼ਲ ਨੇ ਇਸ ਸਮੱਸਿਆ ਕਾਰਨ ਕਈ ਘਰ ਬਦਲੇ। ਦੇਸ਼ ਦੀ ਰਾਜਧਾਨੀ ਦੇ ਵੱਡੇ ਲੋਕਾਂ ਦਾ ਜੇ ਇਹ ਹਾਲ ਹੈ ਤਾਂ ਬਾਕੀ ਦੇਸ਼ ਦਾ ਹਾਲ ਤੁਸੀ ਸੋਚ ਸਕਦੇ ਹੋ।

ਇਸ ਪ੍ਰੋਗਰਾਮ ਦੀ ਅਗਲੀ ਗਾਥਾ ਤਾਂ ਹੋਰ ਵੀ ਹੈਰਾਨ ਕਰ ਦੇਣ ਵਾਲੀ ਹੈ ਜਿਸ ਬਾਰੇ ਮੈਂ ਤਾਂ ਸੋਚ ਵੀ ਨਹੀਂ ਸਕਦਾ। ਆਜ਼ਾਦੀ ਤੋਂ ਬਾਅਦ ਬਲਵੰਤ ਸਿੰਘ ਜੋ ਦਲਿਤ ਨੌਜਵਾਨ ਸੀ ਤੇ ਜੋ ਉਤਰ ਪ੍ਰਦੇਸ਼ ਨਾਲ ਸਬੰਧਤ ਸੀ ਅਤੇ ਆਈ.ਏ.ਐਸ. ਕਰਕੇ ਦੇਸ਼ ਦੀ ਸੇਵਾ ਵਿਚ ਗਿਆ। ਉਸ ਦਾ ਨੌਕਰ ਬ੍ਰਾਹਮਣ ਸੀ। ਜਿਸਨੇ ਬਲਵੰਤ ਸਿੰਘ ਲਈ ਪਾਣੀ ਤੇ ਚਾਹ ਪੀਣ ਲਈ ਵੱਖਰਾ ਗਲਾਸ ਰੱਖਿਆ ਹੋਇਆ ਸੀ। ਬਲਵੰਤ ਸਿੰਘ ਦੇ ਪੁੱਛਣ 'ਤੇ ਉਸਨੇ ਦੱਸਿਆ ਕਿ ਚਾਹੇ ਉਹ ਉਸਦਾ ਅਫਸਰ ਹੈ ਪਰ ਹੈ ਤਾਂ ਚਮਾਰ। ਇਸੇ ਲਈ ਉਸਨੇ ਉਸ ਦਾ ਗਿਲਾਸ ਵੱਖਰਾ ਰੱਖਿਆ ਹੋਇਆ ਹੈ। ਬਲਵੰਤ ਸਿੰਘ ਨੇ ਦੱਸਿਆ ਕਿ ਉਸਨੂੰ ਐਡੇ ਵੱਡੇ ਅਹੁਦੇ ਉਤੇ ਹੋਣ ਦੇ ਬਾਵਜੂਦ ਹਮੇਸ਼ਾ ਇਹ ਤਾਹਨਾ ਵੀ ਸਹਿਣਾ ਪੈਂਦਾ ਸੀ ਕਿ ਉਹ ਚਮਾਰ ਹੈ। ਉਸ ਮੁਤਾਬਕ ਉਹ ਆਈ.ਏ.ਐਸ. ਬਾਅਦ ਵਿਚ ਸੀ ਚਮਾਰ ਪਹਿਲਾਂ। ਇਸ ਲਈ ਬਲਵੰਤ ਸਿੰਘ ਨੇ 1962 ਵਿਚ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

ਭਾਵੇਂ ਇਸ ਗੱਲ ਨੂੰ 50 ਸਾਲ ਹੋ ਗਏ ਹੋਣ ਪਰ ਹਾਲੇ ਵੀ ਹਾਲਤ ਇੰਨੀ ਚੰਗੀ ਨਹੀਂ ਹੈ। ਉੜੀਸਾ ਦੇ ਰਾਣ

Royal Executive Homes

Town Houses in Wildwood

Available from **1232 sq** ft. to **1589 sq** ft. with attached Single and Double Garage. Starting price: **$ 309,900**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud
- Anthony Henday



SHOW HOME OPEN NOW

For Show Home Hours:
Contact 780-965-7390

Wild Wood
TOWN HOUSES
1820, 34th Ave
Edmonton.

780-965-7390
780-906-4497
royalexecutivehomes@hotmail.com

Jessy Parihar Ranjit Deol

Sales Contact :
Kul Bhatia @ 780-266-5500

Alberta Government Summer Updates

Great news for our agriculture sector
New wheat and oat commissions will advocate for producers, and fund research and marketing projects. For information, visit www.agriculture.alberta.ca.

Get involved in your province's future This summer we're asking Albertans to share their thoughts on three key areas of public policy:

- Enhancing primary health care
- Making sure we have our finances in order; and
- Developing a new social policy framework

http://alberta.ca/conversationwithalbertans.cfm

Better food for long-term care residents
Alberta Health Services have been directed to discontinue preparing meals offsite and reheating them, and bring back on-site food preparation services in the long-term care facilities it operates. Facilities will also use local produce as much as possible and offer more personal food choices. These changes aim to provide a nutritious and satisfying menu, with meals that residents look forward to eating each day.

Home rehab for stroke patients cuts hospital stays in half
Survivors of mild to moderate strokes can now leave hospital sooner and return to the comforts of home knowing a comprehensive Alberta Health Services (AHS) team will come to them with all the tools needed to work towards restoring their abilities, confidence and independence.

Repair work underway on Southwest Anthony Henday Drive
Concrete repair and asphalt pavement work is underway on Southwest Anthony Henday Drive and will continue until Aug. 31, weather permitting. There may be periods of time when lane closures are in effect and no workers are present, as the concrete panels require seven days to cure before they are safe for motorists to use. Project updates are available on Twitter @AMARoadReports and using the hashtags #YEGTraffic and #SWHenday

Expanded immunization program means better protection against chickenpox
The second dose of a varicella-containing vaccine is available free of charge at any Alberta Health Services public health clinic to all children between the ages of 4-6 starting Aug. 1. While most people recover from the disease with no lasting effects, varicella can be very serious and even life-threatening to newborn babies, adults, and those who have weak immune systems. This vaccine program has an estimated budget of $1.7 million. For more information, visit www.albertahealthservices.ca or call HEALTHLink Alberta at 1-866-408-5465.

Alberta team focuses on investment goals in London
Alberta Premier Alison Redford will lead a five-day mission during the Olympics to increase investment and open new markets and opportunities for the province's energy, tourism and cultural industries. The agenda will be dominated by individual meetings and business receptions promoting Alberta's commitment to clean energy, the potential for investment in our tourism industry and opportunities in the arts and culture.

Sohail Quadri, MLA

Edmonton-Mill Woods

101 9807 – 34 Ave
Edmonton AB
T6E 5X9

(780)414-1000
(780)850-4080

I am accessible anytime at
edmonton.millwoods@assembly.ab.ca
http://quadri.mypcmla.ca

We also provide Notary and Commissioner of Oaths Services (Appointments Only)

Our office is also accepting Food Bank Donations. Please drop by and support the Edmonton Food Bank.

BRIDGEPORT HOMES LTD.

BEST PRICES IN TOWN
WE ASSURE BEATING MARKET PRICE

Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

780-935-7718

Lots available for bi-Level homes in Silverberry Area

For more information call: Dolly Chauhan @ 780-935-7718